ਥਾਲ ਵਿਚਿ ਤਿੰਨਿ ਵਸਤੂ ਪਈਓ





ਗਿਆਨੀ ਅਮਰੀਕ ਸਿੰਘ
ਚੰਡੀਗੜ੍ਹ ਵਾਲੇ

ਥਾਲ ਵਿਚਿ ਤਿੰਨਿ ਵਸਤੂ ਪਈਓ

ਗਿ: ਅਮਰੀਕ ਸਿੰਘ
(ਚੰਡੀਗੜ੍ਹ ਵਾਲੇ)

ESTD.
1940
ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਇ ਮਾਰਕਿਟ, ਲੁਧਿਆਣਾ

3

Thal Vich Tin Vastu Paiyo

by

Giani Amrik Singh, Chandigarh

ਪਹਿਲੀ ਵਾਰ : 2010

ਮੁੱਲ : 150/- ਰੁਪਏ

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ, ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ।

Ph. : 2740738, 6540738

E-Mail:-lahorebookshop40@Rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

ਤਰਤੀਬ

ਕੁਝ ਕੁ ਆਪਣੇ ਵੱਲੋਂ

ਵੀਹਵੀਂ ਸਦੀ ਦਾ ਅਖ਼ੀਰ ਅਤੇ ਇਕੀਵੀਂ ਸਦੀ ਦੀ ਅਰੰਭਤਾ ਦੀਆਂ ਖ਼ੁਸ਼ੀਆਂ ਸਾਰੇ ਸੰਸਾਰ ਨੇ ਉੱਚੇ ਪੱਧਰ ਦੇ ਪ੍ਰੋਗਰਾਮ ਉਲੀਕ ਕੇ ਮਨਾਈਆਂ। ਸਾਰਾ ਹੀ ਸੰਸਾਰ ਇਕ ਸਾਂਝੀ ਖ਼ੁਸ਼ੀ ਦੀ ਰੰਗਣ ਵਿਚ ਰੰਗਿਆ ਗਿਆ। ਸਿੱਖਾਂ ਲਈ ਇਹ ਦਹਾਕੇ ਬਹੁਤ ਹੀ ਮਹਾਨਤਾ ਵਾਲੇ ਸਨ। ਇਨ੍ਹਾਂ ਦਹਾਕਿਆਂ ਅੰਦਰ ਖ਼ਾਲਸੇ ਦੇ ਪ੍ਰਗਟ ਦਿਵਸ ਦੀ ਸ਼ਤਾਬਦੀ, ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਸ਼ਤਾਬਦੀ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸ਼ਤਾਬਦੀ, ਬਹੁਤ ਹੀ ਮਹਾਨਤਾ ਭਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੰਪੂਰਨਤਾ ਅਤੇ ਗੁਰਗੱਦੀ ਦੀ ਸ਼ਤਾਬਦੀ ਸੀ। ਹੋਰ ਵੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸ਼ਤਾਬਦੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਦੀ ਸ਼ਤਾਬਦੀ ਭਾਵ ਕਈ ਸ਼ਤਾਬਦੀਆਂ ਆਈਆਂ ਜਿਨ੍ਹਾਂ ਨਾਲ ਅਸੀਂ ਆਪਣੇ ਆਪੇ ਦੀ ਪੜਚੋਲ ਕਰਨੀ ਸੀ ਕਿ ਗੁਰੂਆਂ ਵੱਲੋਂ ਬਖ਼ਸ਼ੀ ਵਿਰਾਸਤ ਵਿਚੋਂ ਅਸੀਂ ਕੀ ਕੁਝ ਕੌਮੀ ਪੱਧਰ ਉੱਤੇ ਖੱਟਿਆ ਹੈ। ਕੀ ਗਵਾਇਆ ਅਤੇ ਸੰਸਾਰ ਦੇ ਮੀਡੀਏ ਦੀਆਂ ਵੀ ਅੱਖਾਂ ਸਿੱਖਾਂ ਦੇ ਵਿਹੜੇ ਵੱਲ ਲੱਗੀਆਂ ਹੋਈਆਂ ਸਨ ਕਿ ਜਿਸ ਕੌਮ ਵਿਚ ਦੋ ਸਾਲ ਦੇ ਬੱਚੇ ਦਾ ਦਿਲ ਕੱਢ ਕੇ ਉਸ ਦੇ ਪਿਤਾ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾਇਆ ਗਿਆ ਪਰ ਉਹ ਸਿੱਖੀ ਸਿਦਕ ਵਿਚ ਅਡੋਲ ਰਹੇ, ਦੂਜੇ ਪਾਸੇ ਕੋਈ ਬੁੱਢਾ ਜਰਨੈਲ ਕੌਮੀ ਦਰਦ ਹਿਰਦੇ ਅੰਦਰ ਲੈ ਕੇ ਖੰਡਾ ਚੁੱਕ ਜ਼ਾਲਮਾਂ ਨੂੰ ਖੰਡ ਖੰਡ ਕਰਨ ਤੁਰ ਪੈਂਦਾ ਹੈ ਅਤੇ 'ਸਿਰ ਧਰਿ ਤਲੀ ਗਲੀ ਮੇਰੀ ਆਉ' ਦੇ ਬਚਨਾਂ ਦੀ ਕਥਾ ਆਪਣੀ ਜ਼ਿੰਦਗੀ ਦੇ ਕਰਮ ਨਾਲ ਕਰਦਾ ਹੈ, ਜਿਸ ਕੌਮ ਕੋਲ ਸ਼ਬਦ-ਗੁਰੂ ਦਾ ਖ਼ਜ਼ਾਨਾ ਸਮੁੱਚੇ ਸੰਸਾਰ ਦੇ ਭੁੱਖਿਆਂ ਪਿਆਸਿਆਂ ਨੂੰ ਤ੍ਰਿਪਤ ਕਰਨ ਲਈ ਹੈ, ਉਹ ਕੌਮ ਆਪਣੇ ਗੁਰੂਆਂ, ਸ਼ਹੀਦਾਂ ਅਤੇ ਹੋਰ ਕੌਮੀ ਦਿਨਾਂ ਨੂੰ ਕਿਵੇਂ ਮਨਾ ਰਹੀ ਹੈ।

ਬਹੁਤ ਹੀ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਹਰ ਸ਼ਤਾਬਦੀ ਅੰਦਰ ਧਰਮ ਨਾਲੋਂ ਧੜਾ ਪਿਆਰਾ ਕਰਕੇ ਕਰੀਬ ਹਰ ਸ਼ਤਾਬਦੀ ਧਰਮ ਦੀ ਭੇਟਾ ਕਰਨ ਦੀ ਥਾਂ ਸਾਡੀ ਕੌਮ ਦੇ ਬਹੁਤ ਗ਼ੱਦਾਰ ਲੀਡਰਾਂ, ਖ਼ੁਦ ਪ੍ਰਸਤੀ ਦੇ ਭੁੱਖਿਆਂ ਅਤੇ ਸਵਾਰਥੀ ਲੋਕਾਂ ਨੇ ਧੜਿਆਂ ਦੀ ਲੜਾਈ ਦੀ ਭੇਟਾ ਕਰ ਦਿੱਤੀ। ਜਿਥੇ ਧਰਮ ਦੀ ਪੜਚੋਲ ਨੇ ਕੌਮ ਅੰਦਰ ਨਵੀਂ ਨੁਹਾਰ ਪੈਦਾ ਕਰਨੀ ਸੀ, ਉਥੇ ਪਤਿਤਪੁਣੇ ਨੇ ਘਰ ਘਰ ਡੇਰਾ ਲਾ ਲਿਆ। ਹੱਥਾਂ ਅੰਦਰ ਗੁਟਕੇ ਅਤੇ ਰੱਬੀ ਬਾਣੀ ਦੀਆਂ ਪੋਥੀਆਂ ਦੀ ਥਾਂ

ਨਸ਼ੀਲੇ ਪਦਾਰਥ ਆ ਗਏ। ਅੰਮ੍ਰਿਤ ਦੇ ਵਪਾਰੀ ਸ਼ਰਾਬ ਦੀਆਂ ਝੂਠੀਆਂ ਲੋਰੀਆਂ ਅੰਦਰ ਗ਼ਰਕ ਗਏ। ਇਸ ਰੌਲੇ ਗੌਲੇ ਅੰਦਰ ਹੀ ਨਵੇਂ ਗੁਰਦੁਆਰੇ ਬਣਾਉਣ ਲਈ ਕੁਝ ਕਾਰ ਸੇਵਾ ਦੇ ਨਾਮ ਹੇਠ ਮਹਾਨ ਇਤਿਹਾਸਕ ਵਿਰਸਾ ਕਰੀਬ ਸਾਰੇ ਦਾ ਸਾਰਾ ਉਜਾੜ ਲਿਆ। ਗੁਰਬਾਣੀ ਦੀ ਕਮਾਈ ਕਰਕੇ ਚੰਗੀ ਗੁਰਸਿੱਖੀ ਦੀ ਰਹਿਣੀ ਬਹਿਣੀ ਦੀ ਥਾਂ ਅਜੋਕੇ ਸਿੱਖ ਸਮਾਜ ਦਾ ਬਹੁਤ ਹਿੱਸਾ ਡੇਰੇਦਾਰੀ ਦੀ ਗੁਲਾਮੀ ਕਰ ਰਿਹਾ ਹੈ। ਸਮੇਂ-ਸਮੇਂ 'ਤੇ ਕੁਝ ਇਕ ਮਰਜੀਵੜੇ ਆਪਣੇ ਖ਼ੂਨ ਨਾਲ ਇਨ੍ਹਾਂ ਇਤਿਹਾਸਕ ਕਮਜ਼ੋਰੀਆਂ ਦੇ ਦਾਗ਼ਾਂ ਨੂੰ ਧੋਣ ਦੀ ਕੋਸ਼ਿਸ਼ ਤਾਂ ਕਰ ਰਹੇ ਹਨ ਪਰ ਪਾਖੰਡ ਦਾ ਗ਼ਲਬਾ ਵਧੇਰੇ ਹੈ।

ਪੁਰਾਤਨ ਸਮੇਂ ਦੇ ਮੁਕਾਬਲੇ ਅਜੋਕੇ ਸਮੇਂ ਅੰਦਰ ਬਹੁਤ ਹੀ ਪਾਖੰਡ ਦਾ ਬੋਲਬਾਲਾ ਹੈ। ਕੁਝ ਇਕ ਚੰਗੇ ਪ੍ਰਚਾਰਕਾਂ ਨੂੰ ਛੱਡ ਕੇ ਮੇਰੇ ਵਰਗੇ ਸੁਆਰਥੀ, ਦੁਨੀਆਂ ਦੇ ਕੀੜੇ ਆਪੋ-ਆਪਣੇ ਸੁਆਰਥ ਦੀਆਂ ਰੋਟੀਆਂ ਸੇਕ ਰਹੇ ਹਨ। ਉਨ੍ਹਾਂ ਨੇ ਬਾਲਣ ਗੁਰਮਤਿ ਦੇ ਸੱਚੇ ਸੁੱਚੇ ਅਸੂਲਾਂ ਦਾ ਹੀ ਬਣਾਇਆ ਹੋਇਆ ਹੈ। ਗੁਰਬਾਣੀ ਦੀ ਥਾਂ 'ਤੇ ਕੱਚੀਆਂ ਧਾਰਨਾਂ ਨੇ ਲੈ ਲਈ ਹੈ। ਗੁਰਬਾਣੀ ਦੇ ਆਸ਼ਕ ਅੱਜ ਇਕ ਸ਼ਬਦ ਲੈ ਕੇ ਦੇਹਧਾਰੀਆਂ ਕੋਲੋਂ ਉਸੇ ਦਾ ਜਾਪ ਕਰਨ ਨੂੰ ਹੀ ਸਿੱਖੀ ਕਮਾਉਣਾ ਸਮਝ ਰਹੇ ਹਨ। ਚੰਗੀ ਜੀਵਨ-ਜਾਚ ਸਿਖ ਕੇ ਨਿਰੰਕਾਰ ਦੀ ਗੋਦ ਹਾਸਿਲ ਕਰਨ ਦੀ ਥਾਂ ਸੰਸਾਰੀ ਲੋੜਾਂ ਦੀ ਪੂਰਤੀ ਹੀ ਧਰਮ ਕਮਾਉਣ ਦਾ ਉਦੇਸ਼ ਬਣ ਗਿਆ ਹੈ।

ਕੌਮੀ ਬਰਬਾਦੀ ਵਿਚ ਖ਼ਾਸ ਹਿੱਸੇਦਾਰ ਪ੍ਰਬੰਧਕੀ ਸ਼੍ਰੇਣੀ ਵੀ ਹੈ ਜਿਹੜੀ ਕੇਵਲ ਆਪਣੀ ਖ਼ੁਸ਼ਾਮਦ ਕਰਨ ਵਾਲੇ ਕੀਰਤਨੀਆਂ, ਪ੍ਰਚਾਰਕਾਂ ਜਾਂ ਸੇਵਾਦਾਰਾਂ ਨੂੰ ਹੀ ਤਰਜੀਹ ਦਿੰਦੀ ਹੈ। ਉਨ੍ਹਾਂ ਦੀਆਂ ਨਜ਼ਰਾਂ ਅੰਦਰ ਚੰਗੀ ਵਿੱਦਿਆ ਦੇ ਧਾਰਨੀ ਹੋ ਕੇ ਤੇ ਗੁਰਮਤਿ ਕਮਾ ਕੇ ਪ੍ਰਚਾਰ ਕਰਨ ਵਾਲੇ ਪ੍ਰਵਾਨ ਨਹੀਂ ਹੁੰਦੇ। ਦੇਸ਼ਾਂ ਜਾਂ ਵਿਦੇਸ਼ਾਂ ਵਿਚ ਬਹੁਤੇ ਗੁਰਦੁਆਰੇ ਪ੍ਰਬੰਧਕੀ ਲੜਾਈਆਂ ਜਾਂ ਚੌਧਰਾਂ ਵਿਚੋਂ ਹੀ ਪਨਪੇ ਹਨ। ਸੰਗਤ ਵੀ ਕਦੇ ਸੱਚ ਝੂਠ ਦਾ ਨਿਤਾਰਾ ਨਹੀਂ ਕਰਦੀ ਸਗੋਂ ਵੀਕਲੀ (ਹਫ਼ਤੇ ਮਗਰੋਂ) ਗੁਰਦੁਆਰਿਆਂ ਸਾਹਿਬ ਨੂੰ ਨਵੇਂ ਕੱਪੜਿਆਂ ਦੀ ਨੁਮਾਇਸ਼ ਜਾਂ ਫਿਰ ਪਿਕਨਿਕ ਵਾਂਗ ਇਕ ਦਿਲਪ੍ਰਚਾਵੇ ਦਾ ਹੀ ਸਾਧਨ ਮੰਨਦੀ ਹੈ। ਮੱਥਾ ਟੇਕਣਾ, ਕਥਾ ਕੀਰਤਨ ਲਈ ਡਾਲਰ ਦੇਣਾ ਅਤੇ ਲੰਗਰ ਛਕਣਾ ਹੀ ਧਰਮ ਕਮਾਉਣਾ ਬਣ ਗਿਆ ਹੈ। ਢਾਡੀ, ਕਵੀਸ਼ਰ, ਗੁਰੂ ਜਸ ਕਰਨ ਦੀ ਥਾਂ ਪੈਸੇ ਦੇਣ ਵਾਲਿਆਂ ਦੇ ਨਾਮ ਗਿਣਨ ਅਤੇ ਉਨ੍ਹਾਂ ਦੀ ਤਾਰੀਫ਼ ਕਰਨ 'ਤੇ ਹੀ ਜ਼ਿਆਦਾ ਸਮਾਂ ਖ਼ਰਚ ਕਰਦੇ ਹਨ। ਇਨ੍ਹਾਂ ਦੁੱਖਾਂ ਦੇ ਦਰਦ ਨੇ ਖ਼ਿਆਲ ਪੈਦਾ ਕੀਤਾ ਕਿ ਚਲੋ ਭਾਵੇਂ ਮੈਂ ਇਨ੍ਹਾਂ ਉਪਰੋਕਤ ਦੋਸ਼ੀਆਂ ਦੀ ਲਾਈਨ ਵਿਚੋਂ ਸਭ ਤੋਂ ਪਹਿਲੇ ਨੰਬਰ ਦਾ ਦੋਸ਼ੀ ਹਾਂ ਪਰ ਫਿਰ ਵੀ ਨਿਰਾਸ਼ ਨਾ ਹੋ ਕੇ ਗੁਰੂ ਬਚਨਾਂ ਦਾ ਹੋਕਾ ਦੇਈਏ। ਹੋ ਸਕਦਾ ਹੈ ਕਿ ਸ਼ਾਇਦ ਇਹ ਦਰਦ ਭਰੀ ਦਸਤਕ ਕਿਸੇ ਦੇ ਬੂਹੇ 'ਤੇ ਦਿੱਤੀ ਜਾਵੇ

ਅਤੇ ਉਹ ਜਾ ਕੇ ਫਿਰ ਗੁਰੂ ਪਾਤਿਸ਼ਾਹ ਜੀ ਵੱਲੋਂ ਦਿੱਤੀ ਅੰਮ੍ਰਿਤ ਦੀ ਦਾਤ ਲੈ ਕੇ, ਗੁਰਬਾਣੀ ਦੇ ਲੜ ਲੱਗ ਕੇ ਚੰਗੇ ਸਿੱਖ ਵਰਗਾ ਜੀਵਨ ਬਤੀਤ ਕਰਕੇ ਜ਼ਿੰਦਗੀ ਦਾ ਲਾਹਾ ਪ੍ਰਾਪਤ ਕਰ ਸਕੇ।

ਪਹਿਲੀਆਂ ਆਈਆਂ ਕਿਤਾਬਾਂ ਵੀ ਕਿਸੇ ਨਾ ਕਿਸੇ ਲੜੀ ਵਿੱਚ ਹਨ, ਕੇਵਲ 'ਖ਼ਾਲਸੇ ਦੀ ਵਿਰਾਸਤ' ਖੁੱਲ੍ਹੇ ਲੇਖ ਹਨ। ਇਹ ਹੱਥਲੀ ਕਿਤਾਬ ਵੀ ਇਕੋ ਸ਼ਬਦ ਦੀ ਵਿਚਾਰ ਹੋਣ ਕਰਕੇ ਮਾਨੋ ਥਾਲ ਤੋਂ ਲੈ ਕੇ ਤਿੰਨ ਵਸਤੂਆਂ ਦਾ ਜ਼ਿਕਰ ਅਤੇ ਤਮ ਸੰਸਾਰ ਤੋਂ ਬ੍ਰਹਮ ਪਸਾਰੇ ਦੀ ਇਕ ਲੜੀ ਹੈ। ਸੋ ਆਸ ਹੈ ਕਿ ਸੰਗਤਾਂ ਪਹਿਲਾਂ ਵਾਂਗ ਹੀ ਪਿਆਰ ਬਖ਼ਸ਼ਣਗੀਆਂ। ਇਸ ਕਿਤਾਬ ਅੰਦਰ ਕੋਈ ਵਿਰਲੀ ਵਾਂਝੀ ਹੀ ਆਮ ਕਹਾਣੀ ਹੋਵੇਗੀ ਨਹੀਂ ਤਾਂ ਬਹੁਤਾ ਕੁਝ ਇਤਿਹਾਸ, ਭਾਈ ਗੁਰਦਾਸ ਜੀ ਜਾਂ ਕੁਝ ਉੱਘੇ ਲਿਖਾਰੀਆਂ ਦੀਆਂ ਲਿਖਤਾਂ ਵਿਚੋਂ ਜਾਂ ਫਿਰ ਸਭ ਤੋਂ ਉੱਤਮ ਗੁਰਬਾਣੀ ਦੇ ਹੀ ਹਵਾਲੇ ਹਨ। ਦਾਸ ਹਰ ਵਾਰੀ ਇਹ ਬੇਨਤੀ ਕਰਦਾ ਹੈ ਕਿ ਇਹ ਕਿਤਾਬਾਂ ਕਿਸੇ ਪੜ੍ਹੇ-ਲਿਖੇ ਵਰਗ ਲਈ ਨਹੀਂ ਅਤੇ ਨਾ ਹੀ ਚੰਗੀ ਸੋਝੀ ਵਾਲੇ ਪ੍ਰਚਾਰਕਾਂ ਲਈ ਹਨ, ਇਹ ਤਾਂ ਸਗੋਂ ਕਥਾ ਦੇ ਮਾਰਗ 'ਤੇ ਤੁਰਨ ਵਾਲਿਆਂ ਲਈ ਇਕ ਵਾਕਰ ਵਾਂਗ ਹੈ ਜਿਸ ਰਾਹੀਂ ਬੱਚਾ ਤੁਰਨਾ ਸਿੱਖਦਾ ਹੈ।

ਨਿਰੰਕਾਰ ਪਿਤਾ ਜੀ ਦਾ ਜਿਨਾ ਸ਼ੁਕਰ ਕਰ ਸਕਾਂ, ਓਨਾ ਹੀ ਥੋੜ੍ਹਾ ਹੈ ਜਿਨ੍ਹਾਂ ਨੇ ਕਿਰਪਾ ਕਰਕੇ—

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥
ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥

(ਪੰਨਾ ੬੧੯)

ਪਰਮੇਸ਼ਰ ਪਿਤਾ ਦਾ ਰੋਮ ਰੋਮ ਸ਼ੁਕਰਗੁਜ਼ਾਰ ਹਾਂ। ਗੁਰੂ ਸਾਹਿਬ ਜੀ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ ਸਿੱਖੀ ਦੀ ਦਾਤ ਬਖ਼ਸ਼ ਕੇ ਫਿਰ ਸਿੱਖਾਂ ਦੀ ਹੀ ਸੇਵਾ ਬਖ਼ਸ਼ਿਸ਼ ਕਰ ਦਿੱਤੀ। ਉਸਤਾਦਾਂ ਦਾ ਵੀ ਧੰਨਵਾਦੀ ਹਾਂ, ਸਤਿਕਾਰਯੋਗ ਪ੍ਰਿੰਸੀਪਲ ਜਸਬੀਰ ਸਿੰਘ ਜੀ ਕੰਧਾਰੀ, ਸਤਿਕਾਰਯੋਗ ਪ੍ਰਿੰਸੀਪਲ ਗਿਆਨੀ ਬਲਜੀਤ ਸਿੰਘ ਜੀ ਅਤੇ ਹੋਰ ਆਪਣੇ ਨਾਲ ਦੇ ਪ੍ਰਚਾਰਕ ਵੀਰਾਂ ਦਾ, ਜਿਹੜੇ ਅਕਸਰ ਸੁਝਾਅ ਬਖ਼ਸ਼ਦੇ ਹਨ। ਸਮੁੱਚੀ ਸੰਗਤ ਦਾ, ਜਿਹੜੀ ਦੇਸਾਂ ਵਿਦੇਸ਼ਾਂ ਵਿਚੋਂ ਅਥਾਹ ਪਿਆਰ ਅਤੇ ਸਨੇਹ ਬਖ਼ਸ਼ਦੀ ਹੈ। ਪਰਿਵਾਰਕ ਧੰਨਵਾਦ ਵੀ ਜ਼ਰੂਰੀ ਹੈ ਜਿਹੜੇ ਰੁਝੇਵਿਆਂ ਦਾ ਭਾਰ ਆਪ ਚੁੱਕ ਕੇ ਮੈਨੂੰ ਥੋੜ੍ਹਾ ਸਮਾਂ ਦੇ ਦਿੰਦੇ ਹਨ। ਵੀਰ ਕੰਵਲਜੀਤ ਸਿੰਘ ਜੀ ਜਲੰਧਰ ਵਾਲਿਆਂ ਦਾ ਵੀ ਧੰਨਵਾਦ ਹੈ ਜਿਹੜੇ ਪਰੂਫ਼ ਪੜ੍ਹਨ ਦੀ ਸੇਵਾ ਕਰਦੇ ਹਨ। ਬਹੁਤ ਬਹੁਤ ਧੰਨਵਾਦ ਹੈ ਸ: ਰੂਪ ਸਿੰਘ ਜੀ (ਐਡੀ: ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ) ਦਾ ਜਿਨ੍ਹਾਂ ਨੇ ਇਸ ਪੁਸਤਕ ਬਾਰੇ 'ਦੋ ਸ਼ਬਦ' ਲਿਖ ਕੇ ਦਾਸ ਨੂੰ ਮਾਣ ਦਿੱਤਾ ਹੈ। ਬਹੁਤ ਹੀ

ਧੰਨਵਾਦੀ ਹਾਂ ਲਾਹੌਰ ਬੁੱਕ ਸ਼ਾਪ ਦਾ ਜਿਹੜੇ ਪਾਠਕਾਂ ਦੀ ਮੰਗ ਬਾਰੇ ਜਾਣੂ ਕਰਵਾ ਕੇ ਜਲਦੀ ਲਿਖਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ। ਅਖ਼ੀਰ ਵਿਚ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੀਆਂ ਭੁਲਾਂ ਵੱਲ ਧਿਆਨ ਨਾ ਕਰਿਉ, ਇਹ ਤਾਂ ਤੁਹਾਡੀ ਬਖ਼ਸ਼ਿਸ਼ ਦੇ ਕੱਪੜੇ ਨਾਲ ਹੀ ਢੱਕੀਆਂ ਜਾ ਸਕਦੀਆਂ ਹਨ। ਇਨ੍ਹਾਂ ਅੰਦਰ ਮੇਰੇ ਅਨੇਕਾਂ ਔਗੁਣ ਛੁਪੇ ਹੋਏ ਹਨ। ਸੋ ਮੈਨੂੰ ਬਖ਼ਸ਼ ਕੇ ਸਤਿਗੁਰੂ ਜੀ ਅੱਗੇ ਚੜ੍ਹਦੀ ਕਲਾ ਲਈ ਅਰਦਾਸ ਕਰਨਾ ਜੀ।

ਆਪ ਜੀ ਵੱਲੋਂ ਮਿਲੇ ਸੁਝਾਵਾਂ ਦੀ ਸਦੀਵ ਕਦਰ ਕਰਾਂਗਾ ਜੀ।

—ਅਮਰੀਕ ਸਿੰਘ ਚੰਡੀਗੜ੍ਹ

ਕੋਠੀ ਨੰਬਰ 370, ਫੇਜ਼ 9, ਮੁਹਾਲੀ।

ਫ਼ੋਨ : 9815663344

ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਗੁਰਬਾਣੀ ਕਰਤਾ-ਪੁਰਖ ਵਾਹਿਗੁਰੂ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਪ੍ਰਤੱਖ ਪ੍ਰਗਟਾਅ ਹੈ। ਕਰਤੇ ਬਾਰੇ ਹੀ ਵਿਚਾਰ ਹੋਣ ਕਰਕੇ ਇਹ ਅੰਮ੍ਰਿਤ ਭਰਪੂਰ ਤੇ ਗੁਰੂ-ਰੂਪ ਹੈ। ਸਾਡੇ ਦੇਸ਼ ਅੰਦਰ ਪਰਮ ਸ਼ਕਤੀ ਪ੍ਰਮਾਤਮਾ ਦੀ ਪੂਜਾ-ਉਪਾਸਨਾ ਵੱਖ-ਵੱਖ ਰੂਪਾਂ ਤੇ ਢੰਗਾਂ ਦੁਆਰਾ ਕੀਤੀ ਜਾਂਦੀ ਸੀ ਤੇ ਕੀਤੀ ਜਾ ਰਹੀ ਹੈ। ਜਿੰਦ ਤੇ ਨਰਜਿੰਦ ਵਸਤੂਆਂ ਦੀ ਪੂਜਾ ਦਾ ਵਿਧਾਨ ਪ੍ਰਚਲਿਤ ਹੈ। ਗਿਆਨ ਦੀ ਅਣਹੋਂਦ ਕਾਰਨ ਅਗਿਆਨ ਵਸ ਧਰਮ ਦੇ ਨਾਂ 'ਤੇ ਹੋ ਰਹੇ ਫੋਕਟ ਕਰਮਾਂ ਨੂੰ ਰੋਕਣ ਵਾਸਤੇ ਗੁਰੂ ਬਾਬੇ ਨਾਨਕ ਨੇ 'ਨਾਨਕ ਨਿਰਮਲ ਪੰਥ' ਦੀ ਅਧਾਰਸ਼ਿਲਾ ਰੱਖੀ। ਸਿੱਖ ਗੁਰੂ ਸਾਹਿਬਾਨ ਨੇ ਮਾਨਵਤਾ ਦੇ ਕਲਿਆਣ ਵਾਸਤੇ ਕੇਵਲ ਤੇ ਕੇਵਲ ਇਕ ਪਰਮ-ਸ਼ਕਤੀ ਨਾਲ ਜੁੜਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਧਾਰਮਿਕ ਪੱਧਰ 'ਤੇ ਗੁਰਮਤਿ ਵਿਚਾਰਧਾਰਾ, ਧਰਮ ਦੀ ਦੁਨੀਆ 'ਤੇ ਚਰਮ ਸੀਮਾ ਹੈ, ਜਿਸ ਨੇ ਹਰ ਤਰ੍ਹਾਂ ਦੇ ਅਕਾਰ ਦੀ ਪੂਜਾ-ਉਪਾਸਨਾ ਛੱਡ ਕੇ 'ਵਿਚਾਰ' ਨਾਲ ਜੁੜਨ ਦੀ ਜੁਗਤ ਪ੍ਰਕਾਸ਼ਮਾਨ ਕੀਤੀ। ਵਿਚਾਰ ਅਧਾਰਿਤ ਗੁਰਮਤਿ ਵਿਚਾਰਧਾਰਾ ਮਨੁੱਖ, ਵਿਅਕਤੀ ਵਿਸ਼ੇਸ਼, ਜਿੰਦ-ਨਰਜਿੰਦ, ਹਰ ਤਰ੍ਹਾਂ ਦੀਆਂ ਨਾਸ਼ਵਾਨ ਵਸਤੂਆਂ ਦੀ ਪੂਜਾ ਤਿਆਗ ਕੇ 'ਸ਼ਬਦ-ਗੁਰੂ' ਦੇ ਨਾਲ 'ਜੋਤਿ' ਰੂਪ 'ਚ ਜੋੜਨਾ, ਸਚਮੁੱਚ ਇਕ ਅਨੋਖਾ ਇਨਕਲਾਬ ਸੀ। 'ਸ਼ਬਦ-ਗੁਰੂ' ਦੇ ਸਿਧਾਂਤ, ਵਿਚਾਰਧਾਰਾ ਤੇ ਵਿਵਹਾਰ ਨਾਲ ਜੁੜਨ-ਮੰਨਣ ਵਾਸਤੇ ਗੁਰਬਾਣੀ ਦੀ ਸਮਝ-ਸੋਝੀ ਬੇਹੱਦ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਨੂੰ ਵਾਰ-ਵਾਰ ਪੜ੍ਹਨ, ਸਮਝਣ ਤੇ ਅਮਲ 'ਚ ਲਿਆਉਣ ਲਈ ਤਾਕੀਦ ਕੀਤੀ ਜਾਂਦੀ ਹੈ।

ਗੁਰਮਤਿ ਵਿਚਾਰਧਾਰਾ ਅਨੁਸਾਰ ਗੁਰਬਾਣੀ ਨੂੰ ਅੰਤਿਮ ਸਚ ਮੰਨਣ ਵਾਲਿਆਂ ਪਾਸੋਂ ਵਿਚਾਰ, ਅਚਾਰ, ਵਿਵਹਾਰ ਦੀ ਇਕਸਾਰਤਾ-ਇਕਸੁਰਤਾ ਦੀ ਆਸ ਕੀਤੀ ਜਾਂਦੀ ਹੈ। ਜੇਕਰ ਅਸੀਂ ਗੁਰਬਾਣੀ ਨਾਲ ਇਕਸੁਰ ਨਹੀਂ ਤਾਂ ਫਿਰ ਅਸੀਂ ਗੁਰਬਾਣੀ ਨੂੰ ਕੇਵਲ ਪੜ੍ਹਿਆ, ਸਮਝਿਆ, ਵਿਚਾਰਿਆ ਹੈ ਤੇ ਅਮਲ 'ਚ ਨਹੀਂ ਲਿਆਂਦਾ, ਜੋ ਕਿ ਹਰ ਗੁਰਸਿੱਖ ਸਦਵਾਉਣ ਵਾਲੇ ਵਾਸਤੇ ਜ਼ਰੂਰੀ ਹੈ। ਗੁਰਬਾਣੀ ਖੋਜ ਗਿਆਨੀ ਬਿਰਤੀ ਨੂੰ ਮਾਨਤਾ ਦਿੰਦੀ ਤੇ ਸਵੀਕਾਰਦੀ ਹੈ। ਗੁਰਮਤਿ ਦੀ ਅਕਥ ਕਰਣੀ ਨੂੰ ਸਮਝਾਉਣ ਵਾਸਤੇ ਹੀ ਸਾਡੇ ਵਿਆਖਿਆਕਾਰ, ਸਾਦੀ ਸਰਲ ਸਪੱਸ਼ਟ ਭਾਸ਼ਾ ਸ਼ੈਲੀ 'ਚ ਯਤਨਸ਼ੀਲ ਹਨ ਪਰ ਇਸ ਗੌਝ ਕਥਾ ਨੂੰ ਸਮਝਣ ਲਈ ਮਨ ਦੇ ਤਾਕ ਖੋਲ੍ਹਣੇ ਪੈਣਗੇ।

ਪ੍ਰਸਿੱਧ ਵਿਦਵਾਨ, ਕਥਾਵਾਚਕ ਭਾਈ ਅਮਰੀਕ ਸਿੰਘ ਜੀ (ਚੰਡੀਗੜ੍ਹ

ਵਾਲੇ) ਗੁਰਬਾਣੀ ਨੂੰ ਸਮਝਣ-ਸਮਝਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਦੀ ਹੁਭ ਹੈ ਕਿ ਗੁਰਬਾਣੀ ਦੇ ਤੱਤਸਰ ਅਨੁਸਾਰ ਜੀਵਨ ਜੀਵਿਆ ਜਾਵੇ। ਹੱਥਲੀ ਪੁਸਤਕ ਵੀ ਇਸ ਪਾਸੇ ਇਕ ਯਤਨ ਹੈ।

ਗੁਰਬਾਣੀ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਇਕ ਤਰਤੀਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਕੀਤੀ ਹੈ। ਤਰਤੀਬ ਐਸੀ ਹੈ ਕਿ ਅੱਜ ਵੀ ਤਰਤੀਬ ਨੂੰ ਵਿਗਾੜਿਆ ਨਹੀਂ ਜਾ ਸਕਦਾ। ਗੁਰਬਾਣੀ ਦੀ ਤਰਤੀਬ ਅਨੁਸਾਰ 'ਮੁੰਦਾਵਣੀ ਪਾ: ੫' ਸਿਰਲੇਖ ਅਧੀਨ ਗੁਰੂ ਅਰਜਨ ਦੇਵ ਜੀ ਦੀ ਸੰਖੇਪ ਪਰ ਬਹੁਤ ਮਹੱਤਵਪੂਰਨ ਰਚਨਾ ਅੰਕਿਤ ਹੈ। ਇਹ ਪਾਵਨ ਰਚਨਾ ਗੁਰਬਾਣੀ ਦੇ ਤਤਸਾਰ ਵਜੋਂ ਮੋਹਰ ਛਾਪ ਹੈ। 'ਮੁੰਦਾਵਣੀ' ਸ਼ਬਦ ਗੁਰਬਾਣੀ 'ਚ ਟਿੱਪੀ (ੰ) ਮਾਤਰਿਕ ਜੋੜ ਅੰਤਰ ਨਾਲ ਤਿੰਨ ਵਾਰ ਆਇਆ ਹੈ। ਅਰਥ ਤਿੰਨ ਥਾਵਾਂ 'ਤੇ ਹੀ ਇਕ ਸਮਾਨ ਹੀ ਹਨ।

ਮੁੰਦਾਵਣੀ ਸਿਰਲੇਖ ਵੀ ਹੈ ਤੇ ਗੁਰਬਾਣੀ ਵੀ। ਮੁੰਦਾਵਣੀ ਦਾ ਅਰਥ ਮੋਹਰ ਛਾਪ, ਮੋਹਲ, ਰਹੱਸ, ਭੇਦ, ਤੱਤਸਾਰ ਆਦਿ ਕੀਤੇ ਮਿਲਦੇ ਹਨ। ਮੁੰਦਾਵਣੀ ਦਾ ਅਰਥ To Please, ਪ੍ਰਸੰਨ ਕਰਨਾ, ਆਤਮਿਕ ਪ੍ਰਸੰਨਤਾ ਦੇਣ ਵਾਲੀ ਵਸਤ, ਬੁਝਾਰਤ, ਰਹੱਸ, ਮੋਹਰ ਵੀ ਹਨ। ਪੁਰਾਤਨ ਰਵਾਇਤ ਅਨੁਸਾਰ ਬਾਦਸ਼ਾਹ ਦੇ ਖਾਣੇ ਦੀ ਸ਼ੁੱਧਤਾ ਨੂੰ ਪ੍ਰਗਟ ਕਰਨ ਤੇ ਮਿਲਾਵਟ ਤੋਂ ਬਚਾਉਣ ਲਈ ਸ਼ਾਹੀ ਪਕਵਾਨ 'ਤੇ ਮੋਹਰ ਲਾਈ ਜਾਂਦੀ ਸੀ। ਸ਼ਾਹੀ ਸੰਦੇਸ਼ਾਂ, ਫੁਰਮਾਨਾਂ 'ਚ ਵੀ ਸ਼ਬਦ ਵਧਾਏ-ਘਟਾਏ ਨਾ ਜਾਣ, ਮਿਲਾਵਟ ਨਾ ਹੋ ਸਕੇ, ਅਖੀਰ 'ਚ ਮੋਹਰ ਲਾ ਕੇ ਸੀਲ ਕਰ ਦਿੱਤਾ ਜਾਂਦਾ ਸੀ। ਇਹ ਪਿਰਤ ਅੱਜ ਵੀ ਕਾਇਮ ਹੈ। ਮੋਹਰ ਦਾ ਅਧਿਕਾਰੀ ਮੋਹਰ ਲਾ ਕੇ ਦਸਤਖ਼ਤ ਕਰ ਦਿੰਦਾ ਹੈ।

ਮੁੰਦਾਵਣੀ ਸੰਸਕ੍ਰਿਤ ਮੁਦ੍ਰਣ੍ ਸ਼ਬਦ ਦਾ ਪੰਜਾਬੀ ਰੂਪ ਹੈ, ਜਿਸ ਦਾ ਅਰਥ ਮੁੰਦਣ (ਬੰਦ ਕਰਨਾ) ਮੋਹਰ ਛਾਪ ਲਾਉਣੀ ਹੈ। ਪੰਚਮ ਗੁਰਦੇਵ, ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਸਮੇਂ ਸਮੂਹ ਬਾਣੀਕਾਰਾਂ ਦੀ ਬਾਣੀ ਨੂੰ ਅੰਕਿਤ ਕਰਕੇ 'ਮੁੰਦਾਵਣੀ' ਲਗਾ ਦਿੱਤੀ ਕਿ ਵਾਧ-ਘਾਟ ਨਾ ਕਰ ਸਕੇ। ਸੰਦੇਸ਼ ਇਹ ਹੈ ਕਿ ਪਰਮਾਰਥਕ ਪਾਵਨ ਪਵਿੱਤਰ ਗੁਰਬਾਣੀ ਵਿਚ ਪਾਖੰਡੀ, ਭੇਖੀ, ਧੋਖੇਬਾਜ਼ ਚਤਰ ਲੋਕ ਮਿਲਾਵਟ ਨਾ ਕਰ ਸਕਣ। ਇਸ ਦਾ ਅਰਥ ਇਹ ਵੀ ਹੈ ਕਿ ਇਸ ਮੋਹਰ ਅਧੀਨ ਅੰਕਿਤ ਗੁਰਬਾਣੀ ਪ੍ਰਮਾਣਿਕ ਹੈ।

ਭਾਈ ਅਮਰੀਕ ਸਿੰਘ ਜੀ ਨੇ 'ਮੁੰਦਾਵਣੀ ਮ: ੫' ਅਧੀਨ ਅੰਕਿਤ ਗੁਰਬਾਣੀ ਦੀ ਵਿਆਖਿਆ, ਵਿਆਖਿਆਮਈ ਸ਼ੈਲੀ 'ਚ ਕੀਤੀ ਹੈ। ਸ਼ਬਦ ਦੀ ਵੀਚਾਰ ਕਰਦਿਆਂ, ਸਮੇਂ ਅਨੁਸਾਰ ਢੁਕਵੀਆਂ ਉਦਾਹਰਣਾਂ-ਸਾਖੀਆਂ ਸ਼ਾਮਿਲ ਕਰਨੀਆਂ ਜ਼ਰੂਰੀ ਹੁੰਦੀਆਂ ਹਨ, ਜਿਨ੍ਹਾਂ ਨੂੰ ਭਾਈ ਸਾਹਿਬ ਨੇ ਬਾਖ਼ੂਬੀ ਸ਼ਾਮਿਲ ਕੀਤਾ ਹੈ।

ਉਪਦੇਸ਼ਕ ਸ਼ਬਦਾਵਲੀ ਤੇ ਸ਼ੈਲੀ 'ਤੇ ਸਾਧਾਰਨ ਬੋਲ-ਚਾਲ ਦੀ ਭਾਸ਼ਾ ਵਿਚ ਗੁਰਬਾਣੀ ਦੇ ਰਹੱਸ ਨੂੰ ਸਮਝਣ ਦਾ ਸਾਰਥਕ ਯਤਨ ਹੈ, ਥਾਲ ਵਿਚਿ ਤਿੰਨਿ ਵਸਤੂ ਪਾਈਓ ਪੁਸਤਕ। ਗੁਰਬਾਣੀ ਅਨੁਸਾਰ ਹਰ ਸਿੱਖ ਦਾ ਪਰਮ, ਧਰਮ, ਕਰਤਵ ਹੈ ਕਿ ਸਮੇਂ ਸਿਰ ਸੱਚ ਬੋਲੇ, 'ਸਚੁ ਸੁਣਾਇਸੀ ਸਚ ਕੀ ਬੇਲਾ' ਖਾਸ ਕਰਕੇ ਗੁਰਬਾਣੀ ਦੇ ਵਿਆਖਿਆਕਾਰਾਂ ਦਾ ਪ੍ਰਮੁੱਖ ਫਰਜ਼ ਬਣਦਾ ਹੈ। ਭਾਈ ਅਮਰੀਕ ਸਿੰਘ ਨੇ ਇਸ 'ਤੇ ਅਮਲ ਕਰਨ ਦਾ ਲਿਖਤੀ ਰੂਪ 'ਚ ਵੀ ਯਤਨ ਕੀਤਾ ਹੈ।

ਮੁੰਦਾਵਣੀ ਦੇ ਸੰਦੇਸ਼ ਨੂੰ ਸਮਝਣ/ਸਮਝਾਉਣ 'ਚ ਇਹ ਪੁਸਤਕ ਬਹੁਤ ਸਾਰਥਕ ਤੇ ਸਹਾਇਕ ਹੋਵੇਗੀ। ਭਾਈ ਸਾਹਿਬ ਦੇ ਇਸ ਯਤਨ ਨੂੰ ਜ਼ਰੂਰ ਪਾਠਕ ਸੰਸਾਰ, ਗੁਰਬਾਣੀ ਦੇ ਨੇਮੀ-ਪ੍ਰੇਮੀ ਸਲਾਹੁਣਗੇ।

ਰੂਪ ਸਿੰਘ
ਐਡੀ. ਸਕੱਤਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ।

ਥਾਲ ਵਿਚਿ ਤਿੰਨਿ ਵਸਤੂ ਪਈਓ





ਗਿਆਨੀ ਅਮਰੀਕ ਸਿੰਘ
ਚੰਡੀਗੜ੍ਹ ਵਾਲੇ

ੴ ਸਤਿਗੁਰ ਪ੍ਰਸਾਦਿ॥

ਪ੍ਰਵੇਸ਼

ਅਗਿਆਨਤਾ ਦੇ ਹਨੇਰੇ ਅੰਦਰ ਜੀਵਨ ਦੇ ਉਧਾਰ ਦੀ ਭੁੱਖ ਲੈ ਕੇ ਭਟਕਦੀ ਹੋਈ ਲੋਕਾਈ ਉੱਤੇ ਰੱਬੀ ਰਹਿਮਤ ਵਰਸੀ। ਧੰਨ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ 1469 ਈਸਵੀ ਨੂੰ ਰਾਏ ਭੋਇ ਦੀ ਤਲਵੰਡੀ ਵਿਖੇ ਪਿਤਾ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਭਾਵੇਂ 1469 ਨੂੰ ਹੋਇਆ ਪਰ 135 ਸਾਲ ਮਗਰੋਂ ਗੁਰਬਾਣੀ ਦਾ ਪ੍ਰਕਾਸ਼ ਸ੍ਰੀ ਹਰਿਮੰਦਿਰ ਸਾਹਿਬ 'ਚ ਹੋਇਆ। ਉਸ ਦੇ ਮਗਰੋਂ ਗੁਰਬਾਣੀ ਦੇ ਸ਼ਬਦਾਂ ਦਾ ਇਕੱਠ ਇਕ ਪਵਿੱਤਰ ਪੋਥੀ (ਪਰ ਭਾਈ ਗੁਰਦਾਸ ਜੀ ਨੇ ਪਵਿੱਤਰ ਕਿਤਾਬ ਹੀ ਲਿਖਿਆ ਹੈ। 'ਪੁਛਨਿ ਫੋਲਿ ਕਿਤਾਬ ਨੋ' ਜਾਂ ਫਿਰ 'ਆਸਾ ਹਥਿ ਕਿਤਾਬ ਕਛ') ਦੇ ਰੂਪ ਵਿਚ ਪ੍ਰਗਟ ਹੋਇਆ। ਸਾਰੀ ਪੋਥੀ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਪ੍ਰਾਪਤ ਹੋਈ। ਆਖ਼ਿਰ ਇਹੀ ਸਿਲਸਿਲਾ ਗੁਰੂ ਅਮਰਦਾਸ ਜੀ, ਧੰਨ ਗੁਰੂ ਰਾਮਦਾਸ ਜੀ ਅਤੇ ਧੰਨ ਗੁਰੂ ਅਰਜੁਨ ਪਾਤਿਸ਼ਾਹ ਜੀ ਤੱਕ ਪਿਉ ਦਾਦੇ ਦੇ ਖ਼ਜ਼ਾਨੇ ਦੇ ਰੂਪ ਵਿੱਚ ਪਹੁੰਚਿਆ। ਖ਼ਜ਼ਾਨਾ ਤਿਆਰ ਕਰਨਾ ਹੀ ਔਖਾ ਹੁੰਦਾ ਹੈ ਪਰੰਤੂ ਬਣੇ ਖ਼ਜ਼ਾਨੇ ਦੇ ਅਨੇਕਾਂ ਹੀ ਦਾਅਵੇਦਾਰ ਬਣ ਜਾਂਦੇ ਹਨ। ਸਤਿਗੁਰੂ ਜੀ ਨੇ ਤਾਂ ਇਹ ਖ਼ਜ਼ਾਨਾ 'ਖਾਵਹੁ ਖਰਚਹੁ ਰਲਿ ਮਿਲਿ ਭਾਈ' ਲਈ ਤਿਆਰ ਕੀਤਾ ਸੀ ਨਾ ਕਿ ਇਸ ਦੀਆਂ ਵੰਡੀਆਂ ਪਾਉਣ ਲਈ। ਸੋ ਪੰਚਮ ਪਿਤਾ ਸ੍ਰੀ ਗੁਰੂ ਅਰਜੁਨ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਸਮੁੱਚੀ ਬਾਣੀ ਇਕ ਗ੍ਰੰਥ ਦੇ ਰੂਪ ਵਿੱਚ ਸੰਪਾਦਿਤ ਕਰਵਾ ਦਿੱਤੀ, ਜਿਸ ਦੇ ਅੰਦਰ ਪਹਿਲੇ ਪੰਜ ਗੁਰੂਆਂ ਦੀ ਬਾਣੀ, ਗਿਆਰਾਂ ਭੱਟਾਂ ਦੀ ਬਾਣੀ, 15 ਭਗਤਾਂ, ਸਿੱਖ ਰੂਪ ਵਿੱਚ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਦੀ ਵਾਰ ਆਦਿਕ ਸਾਰੀ ਬਾਣੀ ਲਿਖਵਾ ਲਈ। ਫਿਰ ਇਸ ਪਵਿੱਤਰ ਗ੍ਰੰਥ ਦਾ ਪ੍ਰਕਾਸ਼ ਬਾਬਾ ਬੁੱਢਾ ਜੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਅੰਦਰ 1604 ਈ: ਨੂੰ ਕਰਵਾ ਦਿੱਤਾ। ਸ਼ਬਦ ਤੋਂ ਗ੍ਰੰਥ ਰੂਪ ਦਾ ਸਫ਼ਰ ਤਹਿ ਹੋ ਗਿਆ। ਗ੍ਰੰਥ ਹੋਣ ਕਰਕੇ ਸੇਵਾ ਸੰਭਾਲ ਲਈ ਬਾਬਾ ਬੁੱਢਾ ਜੀ ਪਹਿਲੇ ਪ੍ਰਮੁੱਖ ਗ੍ਰੰਥੀ ਬਣੇ।

ਭਾਈ ਗੁਰਦਾਸ ਜੀ ਨੇ ਬਾਣੀ ਲਿਖੀ ਜ਼ਰੂਰ ਸੀ ਪਰ ਪ੍ਰਕਾਸ਼ ਬਾਬਾ ਬੁੱਢਾ ਜੀ ਨੇ ਕੀਤਾ। ਹੈਰਾਨ ਹੋ ਜਾਈਦਾ ਹੈ ਕਿ ਬਾਬਾ ਬੁੱਢਾ ਜੀ ਨੇ ਇਕ ਵੀ ਬਚਨ ਨਹੀਂ ਲਿਖਿਆ ਤੇ ਭਾਈ ਗੁਰਦਾਸ ਜੀ ਨੇ ਇਕ ਵੀ ਦਿਨ ਪ੍ਰਕਾਸ਼ ਨਹੀਂ ਕੀਤਾ। ਭਾਈ ਗੁਰਦਾਸ ਜੀ ਅਸਲ ਵਿਚ ਗਿਆਨ ਦਾ ਸੂਚਕ ਹਨ ਅਤੇ ਬਾਬਾ ਬੁੱਢਾ ਜੀ

ਸ਼ਰਧਾ ਦੇ ਸੂਚਕ ਹਨ। ਗੁਰਬਾਣੀ ਦੀ ਖੋਜ-ਵੀਚਾਰ ਬਿਨਾਂ ਗਿਆਨ ਤੋਂ ਨਹੀਂ ਹੋ ਸਕਦੀ, ਪਰ ਕੋਰੀ ਸ਼ਰਧਾ ਤੋਂ ਸੱਖਣਾ ਗਿਆਨ ਵੀ ਕੁਰਾਹੇ ਪਾ ਦਿੰਦਾ ਹੈ। ਗੁਰਬਾਣੀ ਦੀ ਸੇਵਾ ਸੰਭਾਲ ਲਈ ਬਾਬਾ ਬੁੱਢਾ ਜੀ ਵਰਗੀ ਸ਼ਰਧਾ ਭਾਵਨਾ ਹੋਣੀ ਚਾਹੀਦੀ ਹੈ। ਗੁਰਬਾਣੀ ਦੀ ਪੜਤਾਲ ਕਰਨੀ ਹੋਵੇ ਤਾਂ ਭਾਈ ਗੁਰਦਾਸ ਜੀ ਵਰਗੀ ਅੱਖ ਹੋਣੀ ਚਾਹੀਦੀ ਹੈ ਜਿਹੜੀ ਕੱਚ ਅਤੇ ਸੱਚ ਦਾ ਨਿਬੇੜਾ ਕਰ ਸਕਦੀ ਹੋਵੇ।

ਹਰ ਜੀਵ ਦੇ ਸਾਹਮਣੇ ਆਪੋ ਆਪਣੇ ਜੀਵਨ ਮੁਤਾਬਿਕ ਕੁਝ ਮਜਬੂਰੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਉਸ ਜੀਵ ਨੂੰ ਹੱਲ ਲੱਭਣਾ ਹੀ ਪੈਂਦਾ ਹੈ। ਧਰਤੀ ਦਾ ਸਿਕਦਾਰ ਹੋਣ ਕਰਕੇ ਮਨੁੱਖ ਦੀਆਂ ਮਜਬੂਰੀਆਂ ਵੀ ਜ਼ਿਆਦਾ ਸਨ। ਇਹ ਮਜਬੂਰੀਆਂ ਸਨ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾ, ਈਰਖਾ, ਵੈਰ-ਵਿਰੋਧਤਾ, ਸੰਸਾਰਿਕ ਗੁਜ਼ਰਾਨ ਦਾ ਸੰਘਰਸ਼, ਵੈਰੀ-ਮਿੱਤਰ, ਰਾਜਾ, ਅਖੌਤੀ ਧਰਮੀਆਂ ਦੇ ਕਰਮ-ਕਾਂਡਾਂ ਦਾ ਜਾਲ; ਮਾਤਾ, ਪਿਤਾ, ਭੈਣ, ਭਰਾ, ਘਰਵਾਲੀ, ਧੀਆਂ-ਪੁੱਤਰ ਅਤੇ ਹੋਰ ਸਮਾਜਿਕ ਬੰਧਨ। ਇਨ੍ਹਾਂ ਸਾਰਿਆਂ ਵੱਲ ਦੇਖ ਕੇ ਬਹੁਤਾਤ ਵਿਚ ਉਹ ਲੋਕ ਸਨ ਜਿਹੜੇ ਹਾਰ ਖਾ ਕੇ ਜਾਂ ਤਾਂ ਪਰਿਵਾਰਕ ਜੀਵਨ ਤੋਂ ਹੀ ਕਿਨਾਰਾ ਕਰ ਗਏ ਜਾਂ ਫਿਰ ਕਈਆਂ ਨੇ ਇਨ੍ਹਾਂ ਦੇ ਮੁਕਾਬਲੇ ਡੱਟਣ ਦੀ ਥਾਂ ਹਾਰ ਮੰਨ ਕੇ ਪਾਪਾਂ ਦਾ ਰਾਹ ਅਪਣਾ ਲਿਆ। ਸਤਿਗੁਰੂ ਜੀ ਨੇ ਗੁਰਮਤਿ ਦਾ ਇਕ ਨਿਵੇਕਲਾ ਰਸਤਾ ਪ੍ਰਦਾਨ ਕੀਤਾ ਹੈ ਕਿ ਇਨ੍ਹਾਂ ਮਜਬੂਰੀਆਂ ਤੋਂ ਕਿਨਾਰਾ ਵੀ ਨਹੀਂ ਕਰਨਾ ਅਤੇ ਇਨ੍ਹਾਂ ਦੀ ਖ਼ਾਤਰ ਪਾਪ ਵੀ ਨਹੀਂ ਕਰਨੇ, ਸਗੋਂ ਸਤ ਸੰਤੋਖ ਦਾ ਪੱਲਾ ਪਕੜ ਕੇ ਅਡੋਲਤਾ ਦੇ ਲਈ ਨਾਮ ਨੂੰ ਜ਼ਿੰਦਗੀ ਦਾ ਆਸਰਾ ਬਣਾ ਕੇ ਇਨ੍ਹਾਂ ਨਾਲ ਜੰਗ ਵੀ ਕਰਨਾ ਹੈ ਅਤੇ ਜਿੱਤਣਾ ਵੀ ਹੈ।

ਇਕ ਮਿਸਾਲ ਦੇਣੀ ਚਾਹੁੰਦਾ ਹਾਂ। 'ਵਿਸ਼ਾ' ਸ਼ਬਦ ਦਾ ਅਰਥ ਸਬਜੈਕਟ ਵੀ ਕੀਤਾ ਜਾਂਦਾ ਹੈ। ਅਕਸਰ ਸ਼ਬਦ ਵਰਤਦੇ ਹਾਂ ਕਿ ਫਲਾਣੀ ਕਲਾਸ ਵਿਚ ਕਿੰਨੇ ਸਬਜੈਕਟ (ਵਿਸ਼ੇ) ਹਨ ਜਾਂ ਇਸ ਨੇ ਕਿਸ ਵਿਸ਼ੇ ਵਿਚ ਪੀ. ਐਚ. ਡੀ. ਜਾਂ ਹੋਰ ਡਿਗਰੀ ਕੀਤੀ ਹੋਈ ਹੈ। ਇਸ ਤਰ੍ਹਾਂ ਹੀ ਸਮਝ ਲਈਏ ਕਿ ਇਹ ਪੰਜ ਵਿਸ਼ੇ ਹਨ ਜਿਨ੍ਹਾਂ ਵਿਚੋਂ ਪਾਸ ਹੋਣਾ ਹੈ। ਪੜ੍ਹਾਈ ਕਰਦਿਆਂ ਦੋ ਗੱਲਾਂ ਹੀ ਹੁੰਦੀਆਂ ਹਨ। ਪਹਿਲੀ ਪ੍ਰਸ਼ਨ ਹੁੰਦਾ ਹੈ, ਦੂਜੀ ਵਿਦਿਆਰਥੀ ਨੇ ਪੁਸਤਕਾਂ ਪੜ੍ਹ ਕੇ ਉਸ ਦਾ ਜਵਾਬ ਲੱਭਣਾ ਹੁੰਦਾ ਹੈ। ਸਾਰੀ ਪੜ੍ਹਾਈ ਦਾ ਇਹੋ ਹੀ ਤਰੀਕਾ ਹੈ। ਅਨਜਾਣ ਜਾਂ ਨਾ ਮਿਹਨਤ ਕਰਨ ਵਾਲੇ ਵਿਦਿਆਰਥੀ ਅਕਸਰ ਪ੍ਰਸ਼ਨਾਂ ਦਾ ਹੱਲ ਲੱਭਣ ਦੀ ਥਾਂ ਜਾਂ ਤਾਂ ਪੜ੍ਹਾਈ ਹੀ ਇਹ ਕਹਿ ਕੇ ਛੱਡ ਜਾਂਦੇ ਹਨ ਕਿ ਬਹੁਤ ਔਖਾ ਕੰਮ ਹੈ ਜਾਂ ਦੂਜੀ ਕਿਸਮ ਦੇ ਵਿਦਿਆਰਥੀ ਨਕਲ (ਪਾਪ, ਬੁਰੇ ਕਰਮ) ਮਾਰਨ ਲੱਗ ਪੈਂਦੇ ਹਨ। ਤੀਸਰਾ ਯੋਗ ਵਿਦਿਆਰਥੀ ਉਹ ਹੈ ਜਿਹੜਾ ਨਾ ਹੀ ਕਿਨਾਰਾ ਕਰਦਾ

ਹੈ ਅਤੇ ਨਾ ਹੀ ਨਕਲ ਦਾ ਸਹਾਰਾ ਲੈਂਦਾ ਹੈ। ਉਹ ਤਾਂ ਸਖ਼ਤ ਮਿਹਨਤ ਕਰਕੇ ਆਪਣੇ ਸਬਜੈਕਟ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਕੇ ਉਨ੍ਹਾਂ ਸਵਾਲਾਂ ਦੇ ਜਵਾਬ ਲੱਭਦਾ ਹੈ ਅਤੇ ਇਕ ਦਿਨ ਕਾਮਯਾਬੀ ਨਾਲ ਪਾਸ ਹੋ ਜਾਂਦਾ ਹੈ। ਧਾਰਮਿਕ ਦੁਨੀਆਂ ਅੰਦਰ ਵੀ ਅਜਿਹਾ ਹੀ ਹੈ। ਕੁਝ ਲੋਕ ਜ਼ਿੰਦਗੀ ਦੇ ਸਵਾਲਾਂ ਤੋਂ ਹੀ ਡਰ ਗਏ। ਉਹ ਪ੍ਰਸ਼ਨ-ਪੱਤਰ ਹੀ ਨਹੀਂ ਦੇਖਣਾ ਚਾਹੁੰਦੇ ਭਾਵ ਮੈਂ ਕਾਮ ਨੂੰ ਦੇਖਣਾ ਹੀ ਨਹੀਂ ਚਾਹੁੰਦਾ, ਮੈਂ ਕਰੋਧ, ਲੋਭ, ਮੋਹ ਆਦਿਕ ਦਾ ਪ੍ਰਸ਼ਨ-ਪੱਤਰ ਹੀ ਨਹੀਂ ਦੇਖਣਾ ਚਾਹੁੰਦਾ। ਉਹ ਭੱਜ ਗਏ ਪਰ ਨਾਲ ਹੀ ਇਥੇ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਸਗੋਂ ਸੰਸਾਰ ਅੰਦਰ ਅਜਿਹੇ ਲੋਕਾਂ ਦੀ ਪੂਜਾ ਪ੍ਰਤਿਸ਼ਠਾ ਜ਼ਿਆਦਾ ਹੈ। ਦੂਜੇ ਉਹ ਲੋਕ ਸਨ ਜਿਹੜੇ ਨਕਲ ਭਾਵ ਚੋਰੀ ਛੁਪੇ ਅਨੇਕਾਂ ਪਰਦੇ ਪਾ ਕੇ ਪਾਪ ਕਰਨ ਲੱਗ ਪਏ ਪਰ ਅਸਲੀ ਧਰਮੀ ਉਹੋ ਹੀ ਹੈ ਜਿਹੜਾ ਕਾਮ, ਕਰੋਧ, ਤ੍ਰਿਸ਼ਨਾ ਆਦਿਕ ਦੇ ਸਵਾਲਾਂ ਤੋਂ ਵੀ ਨਾ ਡਰਿਆ ਅਤੇ ਨਾ ਹੀ ਪਾਪਾਂ ਦੇ ਰਾਹ ਪਿਆ, ਸਗੋਂ ਉਸ ਨੇ ਤਾਂ ਧਾਰਮਿਕ ਗ੍ਰੰਥਾਂ ਵਿਚੋਂ ਇਨ੍ਹਾਂ ਵਿਸ਼ਿਆਂ ਵਿਕਾਰਾਂ ਨੂੰ ਜਿੱਤਣ ਦਾ ਹੱਲ ਲੱਭਿਆ। ਸਿੱਖੀ ਅੰਦਰ ਇਹੋ ਹੀ ਵਿਚਾਰਧਾਰਾ ਹੈ। ਇਥੇ ਪੂਰਨ ਤੌਰ 'ਤੇ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਹਰ ਸੁਆਲ ਦਾ ਹੱਲ ਲੱਭ ਕੇ ਪਾਸ ਕੀਤਾ ਜਾਂਦਾ ਹੈ।

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥

(ਪੰਨਾ ੭੪)

ਨਿਤ ਦਿਹਾੜੇ ਜ਼ਿੰਦਗੀ ਦੀਆਂ ਅਜਿਹੀਆਂ ਮਜਬੂਰੀਆਂ ਨਾਲ ਲੜਨ ਵਾਲੇ ਨੂੰ ਬਹੁਤ ਹੀ ਬਲਵਾਨ ਬਣਨਾ ਪੈਂਦਾ ਹੈ। ਸੋ ਬਲਵਾਨਤਾ ਲਈ ਚੰਗੀ ਸਾਫ਼-ਸੁਥਰੀ ਅਤੇ ਤਾਕਤਵਰ ਖ਼ੁਰਾਕ ਦੀ ਜ਼ਰੂਰਤ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਕ ਰਿਸ਼ਟ-ਪੁਸ਼ਟ ਆਤਮਿਕ ਬਲਵਾਨਤਾ ਦਾ ਪਵਿੱਤਰ ਭੋਜਨ ਹੈ, ਜਿਸ ਨੂੰ ਹਜ਼ੂਰ ਜੀ ਥਾਲ ਵਿਚਿ ਤਿੰਨਿ ਵਸਤੂ ਪਈਓ ਰਾਹੀਂ ਦਰਸਾ ਰਹੇ ਹਨ। ਇਹ ਇਕ ਅਜਿਹਾ ਭੋਜਨ ਹੈ ਜਿਹੜਾ ਦੁਨੀਆ ਦੇ ਅੰਜਨ ਵਿੱਚ ਨਿਰੰਜਨ ਰੱਖਦਾ ਹੈ। ਚਿੱਕੜ ਵਿਚੋਂ ਕਮਲ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਸੰਸਾਰ ਦੀਆਂ ਬੁਰਿਆਈਆਂ ਦਾ ਟਾਕਰਾ ਕਰਕੇ ਸਮੁੱਚੇ ਸਮਾਜ ਲਈ ਚੰਗਿਆਈਆਂ ਪੈਦਾ ਕਰਦਾ ਹੈ।

ਸੰਸਾਰ ਅੰਦਰ ਧਾਰਮਿਕ ਗ੍ਰੰਥਾਂ ਦੀ ਕਮੀ ਨਹੀਂ ਸੀ, ਬਲਕਿ ਸਤਿਗੁਰੂ ਜੀ ਦੇ ਬਾਰੇ ਵਿੱਚ ਵਕਤੀ ਹਾਕਮਾਂ ਕੋਲ ਸ਼ਿਕਾਇਤਾਂ ਜਾਂਦੀਆਂ ਸਨ ਕਿ ਜਦੋਂ ਪਹਿਲਾਂ ਹੀ ਵੇਦ, ਪੁਰਾਣ ਅਤੇ ਸਿੰਮ੍ਰਤੀਆਂ ਆਦਿਕ ਹਨ ਤਾਂ ਹੋਰ ਨਵੇਂ ਧਾਰਮਿਕ ਗ੍ਰੰਥ ਦੀ ਕੀ ਜ਼ਰੂਰਤ ਹੈ ? ਪਰ ਫਿਰ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੰਪਾਦਨਾ ਹੀ ਨਹੀਂ ਕਰਵਾਈ ਬਲਕਿ ਦਸਮ ਗੁਰਦੇਵ ਜੀ ਨੇ ਤਾਂ ਆਪਣੇ

ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਦੀ ਬਾਣੀ ਵੀ ਅੰਕਿਤ ਕਰਕੇ ਸਰੀਰਕ ਲੀਲਾ ਸਮਾਪਤ ਕਰਨ ਵੇਲੇ ਹੁਕਮ ਕਰ ਦਿੱਤਾ ਕਿ ਅੱਜ ਤੋਂ ਬਾਅਦ ਗੁਰੂ ਜੀ ਦੇ ਪਵਿੱਤਰ ਤਖ਼ਤ ਉੱਤੇ ਹੁਣ ਦੇਹ ਰੂਪ ਵਿਚ ਨਹੀਂ ਬਲਕਿ ਗ੍ਰੰਥ ਰੂਪ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਹੋਣਗੇ ਅਤੇ ਸਮੁੱਚੀ ਅਧਿਆਤਮਿਕ ਅਗਵਾਈ ਉਨ੍ਹਾਂ ਪਾਸੋਂ ਪ੍ਰਾਪਤ ਕੀਤੀ ਜਾਵੇਗੀ।

ਇਕ ਵਿਚਾਰ ਵੱਲ ਇਥੇ ਧਿਆਨ ਮੰਗਦਾ ਹਾਂ ਕਿ ਭਗਤੀ ਲਹਿਰ ਵੇਲੇ ਦੇ ਕੁਝ ਭਗਤਾਂ ਨੇ ਵੀ ਰੱਬ ਨਾਲ ਜੁੜ ਕੇ ਗੁਰੂ ਪਾਤਿਸ਼ਾਹ ਜੀ ਵਰਗੇ ਹੀ ਅੰਮ੍ਰਿਤ-ਬੋਲ ਸੰਸਾਰ ਦੀ ਸ਼੍ਰੇਣੀ ਵਿਚ ਪਾਏ ਸਨ ਪਰ ਉਨ੍ਹਾਂ ਦਾ ਕੋਈ ਕੇਂਦਰੀ ਅਸਥਾਨ ਨਾ ਹੋਣ ਕਰਕੇ ਇਨ੍ਹਾਂ ਬਚਨਾਂ ਤੋਂ ਸੰਸਾਰ ਨੇ ਬਹੁਤਾ ਲਾਭ ਨਹੀਂ ਉਠਾਇਆ ਸੀ। ਸ਼ੇਖ਼ ਫ਼ਰੀਦ ਜੀ, ਭਗਤ ਕਬੀਰ ਜੀ, ਭਗਤ ਰਵੀਦਾਸ ਜੀ, ਭਗਤ ਪੀਪਾ ਜੀ, ਭਗਤ ਸਧਨਾ ਜੀ ਆਦਿਕ ਇਨ੍ਹਾਂ ਨੇ ਬਹੁਤ ਹੀ ਸੁਧਾਰਿਕਵਾਦੀ ਅੰਮ੍ਰਿਤ ਵਿਚਾਰਧਾਰਾ ਦਿੱਤੀ ਸੀ ਪਰ ਇਹ ਵਿਚਾਰਧਾਰਾ ਕੇਵਲ ਉਸ ਜਾਤ ਦੇ ਲੋਕਾਂ ਅਤੇ ਕੁਝ ਕੁ ਆਸ ਪਾਸ ਦੇ ਇਲਾਕੇ ਵਿੱਚ ਹੀ ਫੈਲੀ ਸੀ। ਸਤਿਗੁਰੂ ਜੀ ਨੇ ਸੰਸਾਰ ਵਿਚ ਆ ਕੇ ਪਰਉਪਕਾਰ ਕੀਤਾ ਅਤੇ ਉਦਾਸੀਆਂ ਵੇਲੇ ਉਨ੍ਹਾਂ ਉਨ੍ਹਾਂ ਥਾਵਾਂ 'ਤੇ ਜਾ ਕੇ ਆਪ ਉਸ ਅੰਮ੍ਰਿਤ ਬਾਣੀ ਦੇ ਬੋਲਾਂ ਨੂੰ ਲੈ ਕੇ ਆਏ। ਇਥੇ ਵੀ ਖ਼ਿਆਲ ਦਿਉ, ਮੰਗਣਾ ਮਾੜਾ ਨਹੀਂ ਹੁੰਦਾ ਜੇਕਰ ਆਪਣੇ ਕੋਲ ਕੋਈ ਚੀਜ਼ ਨਾ ਹੋਵੇ, ਪਰ ਜਦੋਂ ਆਪਣੇ ਕੋਲ ਵੀ ਹੋਵੇ ਅਤੇ ਫਿਰ ਵੀ ਕੋਈ ਲੈ ਕੇ ਆਵੇ ਤਾਂ ਦੋਨਾਂ ਦੀ ਮਹਾਨਤਾ ਵੱਧ ਜਾਂਦੀ ਹੈ ਕਿ ਜੋ ਚੀਜ਼ ਲਿਆਂਦੀ, ਉਹ ਵੀ ਮਹਾਨ ਹੈ, ਜਿਸ ਨੇ ਆਪਣੇ ਕੋਲ ਹੋਣ ਦੇ ਬਾਵਜੂਦ ਵੀ ਲਿਆਂਦੀ, ਉਹ ਵੀ ਮਹਾਨ ਹੈ। ਲਿਖਣ ਤੋਂ ਭਾਵ ਹੈ ਕਿ ਜਦੋਂ ਸਤਿਗੁਰੂ ਜੀ ਖ਼ੁਦ ਬਾਣੀ ਉਚਾਰਦੇ ਸਨ ਤਾਂ ਉਨ੍ਹਾਂ ਕੋਲ ਆਪਣੇ ਆਪ ਹੀ ਰੱਬੀ ਸੁਨੇਹਾ ਜ਼ੁਬਾਨ 'ਤੇ ਆਉਂਦਾ ਸੀ ਤਾਂ ਫਿਰ ਕਿਉਂ ਭਗਤ-ਬਾਣੀ ਇਕੱਤਰ ਕੀਤੀ ? ਉਸ ਦਾ ਜਵਾਬ ਹੈ ਕਿ ਸਮੁੱਚੀ ਮਨੁੱਖਤਾ ਲਈ ਆਏ ਇਹ ਬੋਲ ਕਿਧਰੇ ਕੁਝ ਕੁ ਜਾਤੀਵਾਦ ਅਤੇ ਇਲਾਕਾਵਾਦ ਦਾ ਹੀ ਸ਼ਿਕਾਰ ਹੋ ਕੇ ਸਮੁੱਚੀ ਮਨੁੱਖਤਾ ਨੂੰ ਖ਼ੁਸ਼ਬੋ ਦੇਣ ਤੋਂ ਵਾਂਝੇ ਨਾ ਰਹਿ ਜਾਣ। ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰਕੇ ਇਹਨਾਂ ਸਮੁੱਚੇ ਅੰਮ੍ਰਿਤ ਬਚਨਾਂ ਦੀ ਇਕੱਤਰਤਾ ਕੀਤੀ ਸੀ।

ਹਰ ਇਕ ਧਾਰਮਿਕ ਗ੍ਰੰਥ ਆਪਣੀ ਹੀ ਕੌਮ ਜਾਂ ਆਪਣੇ ਹੀ ਲੋਕਾਂ ਦੇ ਕਲਿਆਣ ਦਾ ਉਪਦੇਸ਼ ਦਿੰਦਾ ਸੀ, ਜਿਸ ਕਰਕੇ ਹਰ ਧਰਮ ਦਾ ਆਪੋ ਆਪਣਾ ਧਾਰਮਿਕ ਗ੍ਰੰਥ ਬਣ ਗਿਆ। ਮੁਤਾਬਿਕ ਸੀ ਕਿ ਉਸ ਦੀ ਕਿਰਿਆ ਕਰਮ ਸਭ ਕੁਝ ਹੀ ਵੱਖੋ-ਵੱਖਰਾ ਹੋ ਗਿਆ। ਹੁਣ ਇਕ ਧਰਮ ਦੇ ਕੁਝ ਨਿਯਮ ਸਨ, ਦੂਜੇ ਦੇ ਦੂਜੇ, ਇਸ ਖਿਚੋਤਾਣ ਵਿਚ ਇਕ ਧਾਰਮਿਕ ਗ੍ਰੰਥ ਦਾ ਸਤਿਕਾਰ ਤੇ ਦੂਜੇ ਦਾ ਨਿਰਾਦਰ ਹੋਣਾ ਸ਼ੁਰੂ ਹੋ ਗਿਆ ਹਾਲਾਂਕਿ ਦੋਵੇਂ ਹੀ ਉਸੇ ਰੱਬ ਦੀ ਗੱਲ ਕਰਦੇ ਸਨ।

ਇਸੇ ਖਿਚੋਤਾਣ ਵਿਚ ਧਰਮ ਹੀ ਧਰਮ ਦੀ ਵਿਰੋਧਤਾ ਉੱਤੇ ਖਲੋ ਗਿਆ। ਸਤਿਗੁਰੂ ਜੀ ਨੇ ਮਹਾਨ ਕਿਰਪਾ ਕਰਕੇ ਸਮਝਾਇਆ ਕਿ ਭਾਈ, ਇਹ ਤਾਂ ਬਾਹਰੀ ਅੱਖਰਾਂ ਦੀ ਬਣਤਰ ਅਤੇ ਗ੍ਰੰਥ ਦੀ ਬਣਤਰ ਹੀ ਵੱਖਰੀ ਹੈ ਪਰ ਇਨ੍ਹਾਂ ਅੰਦਰ ਗੱਲ ਤਾਂ ਇਕੋ ਰੱਬ ਦੀ ਕੀਤੀ ਹੋਈ ਹੈ। ਸਾਹਿਬ ਜੀ ਦੇ ਬਚਨ ਹਨ-

ਗੁਰੁ ਗੁਰੁ ਏਕੋ ਵੇਸ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥

(ਸੋਹਿਲਾ ਸਾਹਿਬ)

ਸਤਿਗੁਰੂ ਜੀ ਨੇ ਸਾਰਿਆਂ ਨੂੰ ਪ੍ਰੇਮ ਦਾ ਸੱਦਾ ਦਿੱਤਾ ਕਿ ਆਵਹੁ ਆਪਾਂ ਇਕ ਸਹੇਲੀਆਂ ਦੇ ਇਕੱਠ ਵਾਂਗ ਇਕੱਠੇ ਹੋ ਕੇ ਆਪਣੇ ਕੰਤ ਸੁਆਮੀ ਦੀਆਂ ਵਿਚਾਰਾਂ ਕਰੀਏ—

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥

(ਪੰਨਾ ੧੭)

ਸਹੇਲੀਆਂ ਸ਼ਬਦ ਬਹੁਤ ਵਿਚਾਰਣਯੋਗ ਹੈ। ਇਕ ਪਾਸੇ ਭੈਣ, ਦੂਜੇ ਪਾਸੇ ਸਹੇਲੀ। ਭੈਣ ਇਕ ਰਿਸ਼ਤੇ ਦਾ ਨਾਮ ਹੈ ਅਤੇ ਸਹੇਲੀ ਨਾਲ ਵਿਚਾਰਾਂ ਦੀ ਸਾਂਝ ਹੈ ਕਿਉਂਕਿ ਸਹੇਲੀ ਕੋਈ ਬਣਿਆ ਬਣਾਇਆ ਭੈਣ ਵਾਂਗ ਰਿਸ਼ਤਾ ਨਹੀਂ, ਇਹ ਤਾਂ ਸਗੋਂ ਆਪ ਬਣਾਉਣਾ ਪੈਂਦਾ ਹੈ। ਸਹੇਲੀ ਜਿਥੇ ਇਕੋ ਜਹੀਆਂ ਵਿਚਾਰਾਂ ਹਨ। ਸਹੇਲੀ ਕੋਈ ਗ਼ਰੀਬ ਘਰ ਦੀ ਲੜਕੀ ਵੀ ਹੋ ਸਕਦੀ ਹੈ, ਕੋਈ ਹੋਰ ਜਾਤ ਦੀ ਵੀ ਹੋ ਸਕਦੀ ਹੈ, ਕਿਸੇ ਹੋਰ ਇਲਾਕੇ ਦੀ ਵੀ ਹੋ ਸਕਦੀ ਹੈ। ਇਸ ਤਰ੍ਹਾਂ ਦੀਆਂ ਹੀ ਸਹੇਲੀਆਂ ਇਕੱਠੀਆਂ ਹੋ ਕੇ ਸਮਰੱਥ ਕੰਤ ਦੀਆਂ ਗੱਲਾਂ ਕਰਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੰਦਰ ਵੇਖੀਆਂ ਜਾ ਸਕਦੀਆਂ ਹਨ। ਭੈਣਾਂ ਇਸ ਲਈ ਹਨ ਕਿ ਇਕ ਪਿਤਾ ਦੀ ਔਲਾਦ ਭਾਵ ਰੱਬ ਦੇ ਬੱਚੇ ਹਾਂ ਪਰ ਸਹੇਲੀ ਇਸ ਲਈ ਕਿ ਵਿਚਾਰਾਂ ਦੀ ਸਾਂਝ ਹੈ। ਕੋਈ ਸਹੇਲੀ ਭਗਤ ਫ਼ਰੀਦ ਜੀ ਦੇ ਰੂਪ ਵਿਚ ਹੈ, ਕੋਈ ਸਹੇਲੀ ਭਗਤ ਧੰਨਾ ਜੀ ਦੇ ਰੂਪ ਵਿਚ ਹੈ, ਕੋਈ ਸਹੇਲੀ ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਧੰਨਾ ਜੀ ਆਦਿਕ ਦੇ ਰੂਪ ਵਿਚ ਹੈ। ਹਰ ਕੋਈ ਸਹੇਲੀ ਬਾਹਰੋਂ ਵੇਖਣ ਨੂੰ ਵੱਖ-ਵੱਖਰੇ ਘਰਾਂ ਤੋਂ, ਵੱਖ-ਵੱਖਰੇ ਪਹਿਰਾਵੇ, ਵੱਖ-ਵੱਖਰੀ ਬੋਲੀ, ਵੱਖ-ਵੱਖਰੇ ਇਲਾਕੇ ਤੋਂ ਹੈ, ਪਰ ਅੰਦਰੋਂ ਵਿਚਾਰਾਂ ਦੀ ਸਾਂਝ ਇਕ ਹੋਣ ਕਰਕੇ ਸਖੀਆਂ ਸਹੇਲੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਕੋਈ ਵਿਤਕਰਾ ਨਹੀਂ ਪਰ ਸ਼ਰਤ ਸਿਰਫ਼ ਇਤਨੀ ਹੈ ਕਿ ਸਹੇਲੀਆਂ

ਇਕੱਠੀਆਂ ਹੋ ਕੇ ਹੋਰ ਗੱਲਾਂ ਕਰਨ ਦੀ ਥਾਂ ਸਮਰੱਥ ਕੰਤ ਦੀਆਂ ਕਹਾਣੀਆਂ ਕਰਨ ਵਾਲੀਆਂ ਹੋਣ। ਜਿਨ੍ਹਾਂ ਭਗਤਾਂ ਨੇ ਸਮਰਥ ਕੰਤ ਦੀ ਥਾਂ ਆਪੋ-ਆਪਣੀਆਂ ਗੱਲਾਂ ਦੱਸੀਆਂ, ਉਹ ਇਸ ਸੱਥ (ਇਕੱਠ) ਵਿਚੋਂ ਪ੍ਰਵਾਨ ਨਹੀਂ ਹੋਏ। ਕਾਨਾ, ਪੀਲੂ, ਛੱਜੂ, ਸ਼ਾਹ ਹੁਸੈਨ ਇਨ੍ਹਾਂ ਨੇ ਸਮਰੱਥ ਕੰਤ ਦੀ ਥਾਂ ਆਪਣੀਆਂ ਹੀ ਗੱਲਾਂ ਕੀਤੀਆਂ ਸਨ। ਇਥੇ ਇਹ ਉਪਦੇਸ਼ ਇਕ ਕੌਮ ਜਾਂ ਇਕ ਇਲਾਕੇ ਵਾਸਤੇ ਨਹੀਂ ਸਗੋਂ ਇਥੇ ਤਾਂ-

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥

(ਪੰਨਾ ੩੩੫)

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥

(ਪੰਨਾ ੧੪੨੯)

ਧਾਰਮਿਕ ਦੁਨੀਆਂ ਅੰਦਰ ਵੀ ਅਜੀਬੋ ਗ਼ਰੀਬ ਕਿਸਮ ਦੀਆਂ ਵੰਡੀਆਂ ਪੈ ਗਈਆਂ ਸਨ। ਕੋਈ ਆਖਦਾ ਸੀ, ਰੱਬ ਨੂੰ ਇਸ ਨਾਮ ਨਾਲ ਪੁਕਾਰੋ, ਕੋਈ ਆਖਦਾ, ਸੀ ਮੈਂ ਇਹ ਨਾਮ ਨਹੀਂ ਲੈ ਸਕਦਾ ਕਿਉਂਕਿ ਇਹ ਨਾਮ ਦੂਜੇ ਧਰਮ ਦੇ ਬੰਦਿਆਂ ਨੇ ਲਿਆ ਹੋਇਆ ਹੈ। ਜਿਹੜੇ ਨਾਮ ਜੋਗੀਆਂ ਦੇ ਸਨ, ਉਨ੍ਹਾਂ ਨੂੰ ਆਮ ਸੰਸਾਰ ਨਹੀਂ ਸੀ ਜਪਦਾ ਤੇ ਜਿਹੜੇ ਨਾਮ ਇਸਲਾਮੀ ਲੋਕਾਂ ਕੋਲ ਸਨ, ਉਹ ਹਿੰਦੂ ਵੀਰਾਂ ਕੋਲ ਨਹੀਂ ਸਨ। ਹਿੰਦੂਆਂ ਵਾਲੇ ਨਾਮ ਮੁਸਲਮਾਨ ਧਰਮ ਅੰਦਰ ਕਾਫ਼ਰ ਦੀ ਬੋਲੀ ਦਾ ਦਰਜਾ ਰੱਖਦੇ ਸਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਪੱਸ਼ਟ ਕੀਤਾ ਕਿ ਰੱਬ ਦੀ ਸਾਡੇ ਵਰਗੀ ਕੋਈ ਬੋਲੀ ਨਹੀਂ। ਉਹ ਤਾਂ ਪ੍ਰੇਮ ਦੀ ਬੋਲੀ ਬੋਲਦਾ ਹੈ, ਪ੍ਰੇਮ ਦੀ ਬੋਲੀ ਸੁਣਦਾ ਹੈ। ਜਿਹੜਾ ਵੀ ਪ੍ਰੇਮ ਨਾਲ ਬੁਲਾਵੇ, ਭਾਵੇਂ ਉਹ ਕੋਈ ਵੀ ਨਾਮ ਲਵੇ ਤਾਂ ਰੱਬ ਸਭ ਨੂੰ ਪਿਆਰ ਕਰਦਾ ਹੈ, ਇਸੇ ਲਈ ਮਾਲਿਕ ਨੇ ਕਿਰਪਾ ਕਰ ਦਿੱਤੀ ਕਿ—

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥

(ਪੰਨਾ ੩੫੮)

ਰੱਬ ਦੇ ਗੁਣਾਂ ਦਾ ਕੋਈ ਅੰਤ ਨਹੀਂ ਪਾ ਸਕਦਾ। ਰੱਬ ਦੇ ਜਿੰਨੇ ਵੀ ਨਾਮ ਹਨ, ਉਹ ਗੁਣਾਂ ਕਰਕੇ ਹੀ ਹਨ। ਸੰਸਾਰ ਅੰਦਰ ਨਾਮ ਜਿੰਨੇ ਵੀ ਹਨ, ਇਹ ਮਨੁੱਖ ਨੇ ਹੀ ਪਛਾਣ ਲਈ ਰੱਖੇ ਹਨ। ਜੇਕਰ ਅੱਜ ਕੋਈ ਕੁੱਤੇ ਨੂੰ ਬਿੱਲਾ ਤੇ ਬਿੱਲੇ ਨੂੰ ਕੁੱਤਾ ਕਹਿਣ ਲੱਗ ਜਾਵੇ ਤਾਂ ਇਸ ਨਾਲ ਕੁੱਤੇ ਜਾਂ ਬਿੱਲੇ ਨੂੰ ਕੋਈ ਫ਼ਰਕ ਨਹੀਂ, ਕਿਉਂਕਿ ਇਹ ਨਾਮ ਮਨੁੱਖ ਨੇ ਰੱਖੇ ਹੋਏ ਹਨ। ਮਨੁੱਖ ਨੇ ਆਪਣੇ ਨਾਮ ਵੀ

ਮਾਤਾ ਪਿਤਾ ਕੋਲੋਂ ਲਏ ਹਨ। ਸਾਡਾ ਨਾਮ ਅਸੀਂ ਆਪ ਨਹੀਂ ਰੱਖਿਆ, ਇਹ ਸਗੋਂ ਮਾਤਾ ਪਿਤਾ ਨੇ ਰੱਖਿਆ ਹੈ। ਸੋ ਇਕ ਵਾਰੀ ਫਿਰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਰੱਬ ਦੀ ਪਹਿਚਾਣ ਦਾ ਨਾਮ ਨਹੀਂ ਹੋ ਸਕਦਾ ਕਿਉਂਕਿ ਉਸ ਦੇ ਰੂਪ ਅਨੇਕਾਂ ਹਨ। ਅਨੇਕਾਂ ਰੂਪ ਰੱਖਣ ਵਾਲੇ ਦੀ ਕੋਈ ਇਕ ਪਛਾਣ ਨਹੀਂ ਹੁੰਦੀ—

ਜੋਗੀ ਅੰਦਰਿ ਜੋਗੀਆ॥ ਤੂੰ ਭੋਗੀ ਅੰਦਰਿ ਭੋਗੀਆ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ॥

(ਪੰਨਾ ੭੧)

ਦੂਜਾ, ਰੱਬ ਦੇ ਮਾਤਾ ਪਿਤਾ ਵੀ ਕੋਈ ਨਹੀਂ—'**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥**' (ਪੰਨਾ ੩੩੯) ਫਿਰ ਉਸ ਦੇ ਜਿੰਨੇ ਵੀ ਨਾਮ ਹਨ, ਉਹ ਰੱਬੀ ਗੁਣਾਂ 'ਤੇ ਅਧਾਰਿਤ ਹਨ। ਉਹ ਪਾਲਦਾ ਹੈ ਤਾਂ ਪ੍ਰਤਿਪਾਲਕ ਹੋ ਗਿਆ। ਉਹ ਬਖ਼ਸ਼ਦਾ ਹੈ ਤਾਂ ਬਖ਼ਸ਼ਿੰਦ ਹੋ ਗਿਆ। ਉਹ ਰਮਿਆ ਹੋਇਆ ਹੈ ਤਾਂ ਰਾਮ ਹੋ ਗਿਆ। ਉਹ ਰੋਜ਼ੀ ਬਖ਼ਸ਼ਦਾ ਹੈ ਤਾਂ ਰਾਜ਼ਿਕ ਹੋ ਗਿਆ। ਉਹ ਰਹਿਮ ਕਰਦਾ ਹੈ ਤਾਂ ਰਹੀਮ ਹੋ ਗਿਆ। ਜਿਹੜਾ ਵੀ ਰੱਬੀ ਗੁਣਾਂ ਨੂੰ ਚੇਤੇ ਕਰਕੇ ਉਸ ਦੀ ਇਬਾਦਤ ਵਿਚ ਜੁੜਦਾ ਹੈ, ਫਿਰ ਉਸ ਦਾ ਸੁਭਾਅ ਹੈ ਕਿ ('**ਇਕ ਤਿਲ ਨਹੀ ਭੰਨੈ ਘਾਲੇ**') ਉਹ ਕਿਸੇ ਦੀ ਬੰਦਗੀ ਅਤੇ ਕਮਾਈ ਨੂੰ ਅਜਾਈਂ ਨਹੀਂ ਜਾਣ ਦਿੰਦਾ। ਸਤਿਗੁਰੂ ਜੀ ਨੇ ਕਿਸੇ ਇਕ ਨਾਮ ਨਾਲ ਹੀ ਨਹੀਂ, ਸਗੋਂ ਸੱਮੁਚੇ ਰੱਬੀ ਗੁਣਾਂ ਵਾਲੇ ਉਸ ਦੇ ਸਾਰੇ ਨਾਮਾਂ ਨੂੰ ਪਿਆਰ ਕੀਤਾ ਹੈ। ਇਹ ਗੱਲ ਵੱਖਰੀ ਹੈ ਕਿ ਜਪਣ ਲਈ ਕੋਈ ਨਾ ਕੋਈ ਇਕ ਨਾਮ ਹੋਣਾ ਚਾਹੀਦਾ ਹੈ ਜਿਵੇਂ ਸਿੱਖੀ ਅੰਦਰ ਵਾਹਿਗੁਰੂ ਸ਼ਬਦ ਹੈ ਪਰ ਇਥੇ ਇਹ ਜ਼ਰੂਰੀ ਨਹੀਂ ਕਿ ਕੋਈ ਹੋਰ ਨਾਮ ਨਾਲ ਪੁਕਾਰਨ 'ਤੇ ਰੱਬ ਖ਼ੁਸ਼ ਨਹੀਂ ਹੁੰਦਾ। ਇਥੇ ਤਾਂ ਸ਼ੇਖ਼ ਫ਼ਰੀਦ ਜੀ ਆਪਣੇ ਅਕੀਦੇ ਅਨੁਸਾਰ, ਭਗਤ ਸੈਣ ਜੀ ਆਪਣੇ ਅਕੀਦੇ ਨਾਲ ਪੁਕਾਰਦੇ ਹਨ। ਇਥੇ ਰਾਮ ਨੂੰ ਵੀ, ਅਲਾਹ ਨੂੰ ਵੀ ਇਕੋ ਜਿਹਾ ਪਿਆਰ ਸਤਿਕਾਰ ਹੈ।

ਬਾਕੀ ਧਾਰਮਿਕ ਗ੍ਰੰਥਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਗੱਲੋਂ ਵੀ ਇਕ ਨਿਵੇਕਲੀ ਵਿਲੱਖਣਤਾ ਹੈ ਕਿ ਇਥੇਂ ਜਿੰਨੀ ਵੀ ਪੂਜਾ ਹੈ, ਉਹ ਕਰਤੇ ਦੀ ਪੂਜਾ ਹੈ। ਕਿਰਤ ਕਰਤੇ ਦੇ ਅਧੀਨ ਹੈ। ਉਹ ਜਦੋਂ ਚਾਹੇ ਢਾਹ ਸਕਦਾ ਹੈ, ਜਦੋਂ ਚਾਹੇ ਬਣਾ ਸਕਦਾ ਹੈ। ਮਨੁੱਖ ਵੀ ਇਕ ਰੱਬੀ ਕਿਰਤ ਹੈ। ਇਸ ਨੇ ਹੁਣ ਕਿਰਤ ਦਾ ਰੂਪ ਛੱਡ ਕੇ ਕਰਤੇ ਦਾ ਰੂਪ ਬਣਨਾ ਹੈ। ਸੋ ਸਤਿਗੁਰੂ ਜੀ ਨੇ ਮਹਾਨ ਕਿਰਪਾ ਕੀਤੀ ਕਿ ਕਿਰਤ ਦੀ ਪੂਜਾ ਵਿਚੋਂ ਕੱਢ ਕੇ ਕਰਤੇ ਦੀ ਇਬਾਦਤ ਨਾਲ ਜੋੜਿਆ ਹੈ। ਕਿਰਤ ਦੀ ਪੂਜਾ ਵਿਚ ਭੁਲੇ ਲੋਕਾਂ ਨੇ ਪੱਥਰ ਨੂੰ ਰੱਬ ਬਣਾ ਦਿੱਤਾ। ਡੱਡੂ, ਕੱਛੂ, ਹਵਾ, ਅੱਗ, ਦਰੱਖ਼ਤ ਆਦਿਕ ਦੀ ਪੂਜਾ ਪ੍ਰਮੇਸ਼ਰ ਦੀ ਪੂਜਾ ਸਮਝ ਕੇ ਕਰਨ ਲੱਗ ਪਏ। ਇਥੋਂ ਤੱਕ ਵੀ ਵਰਤ ਗਿਆ ਕਿ ਭੁੱਲੜ ਲੋਕ ਸ਼ਿਵਲਿੰਗ ਦੀ

ਵੀ ਪੂਜਾ ਕਰਨ ਲੱਗ ਪਏ। ਕਬਰਾਂ ਮੜੀਆਂ ਆਦਿਕ ਦੀ ਪੂਜਾ ਸਾਰੀ ਦੀ ਸਾਰੀ ਕਿਰਤ ਦੀ ਪੂਜਾ ਵਿਚੋਂ ਨਿਕਲੇ ਹੋਏ ਹੀ ਭਰਮ ਹਨ। ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਕਿਰਤ ਦੀ ਪੂਜਾ ਵਿਚੋਂ ਕੱਢ ਕੇ ਕਰਤੇ ਪੁਰਖ ਨਾਲ ਅਟੁੱਟ ਸਾਂਝ ਬਣਾਈ।

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥

(ਰਹਰਾਸਿ ਸਾਹਿਬ)

ਸੰਸਾਰ ਅੰਦਰ ਪ੍ਰਭੂ-ਮਿਲਾਪ ਦੀ ਭੁੱਖ ਤਾਂ ਸੀ ਪਰ ਮਿਲਾਪ ਦਾ ਸਾਧਨ ਨਹੀਂ ਸੀ। ਮਨੁੱਖ ਨੇ ਸੰਸਾਰਕ ਜੀਵਨ ਦੇ ਗੁਜ਼ਰਾਨ ਲਈ ਜੋ ਕੁਝ ਵੀ ਪੈਦਾ ਕੀਤਾ ਹੈ, ਇਹ ਸਭ ਕੁਝ ਬਾਹਰੋਂ ਹੀ ਲਿਆ ਹੈ। ਘਰ ਬਣਾਇਆ, ਇਸਤਰੀ, ਧੀਆਂ, ਪੁੱਤਰ, ਮਾਣ-ਵਡਿਆਈ, ਧਨ-ਦੌਲਤ, ਰਿਸ਼ਤੇਦਾਰੀਆਂ, ਸਰੀਰਕ ਸੁੱਖ ਇਹ ਸਭ ਕੁਝ ਬਾਹਰੋਂ ਸੰਸਾਰ ਵਿਚੋਂ ਹੀ ਲਿਆ ਹੈ ਜਿਸ ਕਰਕੇ ਇਕ ਬਹੁਤ ਵੱਡਾ ਭੁਲੇਖਾ ਲੱਗ ਗਿਆ ਕਿ ਰੱਬ ਕਿਧਰੇ ਬਾਹਰ ਹੀ ਹੈ। ਕੋਈ ਭਾਲਣ ਲਈ ਜੰਗਲਾਂ ਨੂੰ ਤੁਰ ਪਿਆ, ਕੋਈ ਮੱਠਾਂ ਵਿਚ ਬੈਠ ਗਿਆ ਅਤੇ ਕੋਈ ਕਿਧਰੇ ਗੁਫਾਵਾਂ ਵਿੱਚ ਸਮਾਧੀਆਂ ਲਾ ਕੇ ਬੈਠ ਗਿਆ ਭਾਵ ਬਾਹਰ ਹੀ ਭਾਲਣ ਦੀ ਕੋਸ਼ਿਸ਼ ਕੀਤੀ। ਪਰ ਮੇਰੇ ਸਤਿਗੁਰੂ ਪਾਤਿਸ਼ਾਹ ਜੀ ਨੇ ਮਹਾਨ ਕਿਰਪਾ ਕਰਕੇ ਦੱਸਿਆ ਕਿ ਰੱਬ ਦਾ ਨਿਵਾਸ ਤੇਰੇ ਅੰਦਰ ਹੀ ਹੈ। ਬਾਹਰ ਭਾਲਣ ਦੀ ਥਾਂ ਉਸ ਨੂੰ ਅੰਦਰ ਭਾਲ, ਸੌਖਾ ਮਿਲਾਪ ਹੋ ਜਾਵੇਗਾ-

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥

(ਪੰਨਾ ੭੨੭)

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥

(ਪੰਨਾ ੬੮੪)

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

(ਪੰਨਾ ੧੩੮੨)

ਗੁਰੂ-ਉਪਦੇਸ਼ ਰਾਹੀਂ ਅੰਦਰੋਂ ਹੀ ਰੱਬ ਦੀ ਪ੍ਰਾਪਤੀ ਦਾ ਰਾਹ ਬਹੁਤ ਸੌਖਾ ਕਰ ਦਿੱਤਾ। ਪ੍ਰਭੂ-ਮਿਲਾਪ ਮਗਰੋਂ ਦੀ ਅਵਸਥਾ ਦਾ ਵੀ ਧਰਮ ਦੇ ਠੇਕੇਦਾਰਾਂ ਨੇ ਬਹੁਤ ਲਾਭ ਉਠਾਇਆ ਹੈ। ਪਰਜਾ ਦੀ ਅਗਿਆਨਤਾ, ਧਰਮ ਦੇ ਠੇਕੇਦਾਰਾਂ ਦੀ ਮੌਜ ਬਣੀ ਹੋਈ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜ ਪਕੜ ਕੇ ਰੱਬੀ ਰਾਹ 'ਤੇ ਤੁਰਨ ਵਾਲੇ ਪੁਰਖ ਨੂੰ ਸੁਭਾਵਿਕ ਹੀ ਸੋਝੀ ਪ੍ਰਾਪਤ ਹੋ ਜਾਂਦੀ ਹੈ ਕਿ ਅਸਲ ਵਿਚ ਮੈਂ ਕਿਸੇ ਅਖੌਤੀ ਨਰਕਾਂ ਸਵਰਗਾਂ ਦੀ ਪ੍ਰਵਾਹ ਕੀਤੇ ਬਿਨਾਂ ਇਕ ਚੰਗੇ ਸਚਿਆਰ ਪੁਰਖ ਵਰਗਾ ਜੀਵਨ ਬਤੀਤ ਕਰਨਾ ਹੈ। ਇਸ ਨਾਲ ਰੱਬੀ ਰਹਿਮਤ ਦਾ ਪਾਤਰ ਬਣ ਕੇ ਪ੍ਰਮੇਸ਼ਰ ਵਿਚ ਹੀ ਅਭੇਦ ਹੋਣਾ ਹੈ। ਨਰਕ ਦਾ ਡਰ ਅਤੇ ਸਵਰਗ ਦੇ ਸੁਖਾਂ ਦੀ ਲਾਲਸਾ ਨੇ ਵੀ ਸੰਸਾਰ ਨੂੰ ਕੁਰਾਹੇ ਪਾਈ ਰੱਖਿਆ ਹੈ। ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਸਮਝਾਇਆ ਕਿ ਸਵਰਗ ਉਹ ਹੈ ਜਿਥੇ ਰੱਬ ਦਾ ਨਿਵਾਸ ਹੈ ਪਰ ਉਹ ਨਿਵਾਸ ਕਿਸੇ ਸੱਤਵੇਂ ਅਸਮਾਨ 'ਤੇ ਜਾਂ ਕਿਸੇ ਵੱਖਰੀ ਇਮਾਰਤ ਵਿਚ ਨਹੀਂ ਬਲਕਿ ਉਸ ਦਾ ਨਿਵਾਸ ਹਰ ਜ਼ੱਰੇ-ਜ਼ੱਰੇ ਵਿਚ ਹੈ। ਜੇਕਰ ਜੀਵ ਨੇ ਰੱਬੀ ਦੀਦਾਰ ਕਰਨੇ ਹੋਵਣ ਤਾਂ ਪ੍ਰਤੱਖ ਰੂਪ ਵਿਚ ਰੱਬ ਦਾ ਨਿਵਾਸ ਉਸੇ ਸਮੇਂ ਹੀ ਦਿਸ ਜਾਂਦਾ ਹੈ ਜਦੋਂ ਮਨੁੱਖ ਗੁਰੂ-ਸ਼ਬਦ ਦੀ ਕਮਾਈ ਸੰਗਤ ਰੂਪ ਵਿਚ ਜੁੜ ਕੇ ਕਰਦਾ ਹੈ।

ਘਟਿ ਘਟਿ ਰਵਿ ਰਹਿਆ ਬਨਵਾਰੀ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ॥

(ਪੰਨਾ ੫੯੭)

ਗੁਰੂ ਅਤੇ ਗੁਰਸੰਗਤ ਦੀ ਰਹਿਮਤ ਲੈ ਕੇ ਰੱਬ ਦੇ ਦੀਦਾਰ ਪਾ ਕੇ ਸੇਵਕ ਆਪ ਹੀ ਕਹਿ ਉਠਦਾ ਹੈ—

ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ॥
ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥

(ਪੰਨਾ ੯੪)

ਇਸ ਕਰਕੇ ਹੀ ਸਤਿਗੁਰੂ ਜੀ ਨੇ ਨਰਕ ਤੇ ਸਵਰਗ ਦੀ ਪ੍ਰਵਾਹ ਕੀਤੇ ਬਿਨਾਂ ਮਨੁੱਖ ਨੂੰ ਸੰਗਤ ਨਾਲ ਜੋੜਿਆ।

ਜਬ ਲਗੁ ਮਨਿ ਬੈਕੁੰਠ ਕੀ ਆਸ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ॥
ਕਹੁ ਕਬੀਰ ਇਹ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥

(ਪੰਨਾ ੩੨੫)

ਸਾਧ ਸੰਗਤਿ ਵਿਚ ਸਚਿਆਰ ਹੋਇਆ ਜੀਵਨ ਮਰਨ ਮਗਰੋਂ ਬੈਕੁੰਠ ਨਹੀਂ ਜਾਂਦਾ ਬਲਕਿ ਉਹ ਤਾਂ ਜਿਉਂਦੇ ਜੀਅ ਹੀ ਆਪਣਾ ਜੀਵਨ ਸਵਰਗ ਬਣਾ ਲੈਂਦਾ ਹੈ। ਕੁਝ ਝਲਕਾਂ ਇਤਿਹਾਸ ਵਿਚੋਂ ਵੀ ਪੇਸ਼ ਕਰਨੀਆਂ ਹਨ।

ਗੁਰੂ ਨਾਨਕ ਸਾਹਿਬ ਜੀ ਨਾ ਤਾਂ ਆਪ ਕਿਧਰੇ ਸੰਸਾਰ ਤੋਂ ਵੱਖਰੇ ਕਿਨਾਰਾ ਕਰਕੇ ਬੰਦਗੀ ਕਰਨ ਲਈ ਜੰਗਲਾਂ ਵਿਚ ਗਏ ਅਤੇ ਨਾ ਹੀ ਜੰਗਲਾਂ ਵਿਚ ਭਟਕਣ ਦਾ ਉਪਦੇਸ਼ ਹੀ ਦਿੱਤਾ। ਘਰ ਗੁਰੂ ਨਾਨਕ ਸਾਹਿਬ ਜੀ ਨੇ ਵੀ ਤਿਆਗਿਆ ਸੀ, ਪਰ ਸੰਸਾਰ ਦੇ ਭਲੇ ਲਈ ਪ੍ਰਚਾਰਕ-ਦੌਰੇ ਕੀਤੇ ਸਨ ਤਾਂ ਕਿ ਭੁੱਲਿਆਂ ਨੂੰ ਮਾਰਗ ਮਿਲ ਸਕੇ। ਇਨ੍ਹਾਂ ਪ੍ਰਚਾਰਕ-ਦੌਰਿਆਂ ਦੇ ਅਧੀਨ ਹੀ ਸਤਿਗੁਰੂ ਜੀ ਜਗਨਨਾਥਪੁਰੀ ਦੀ ਧਰਤੀ ਉੱਤੇ ਗਏ। ਇਥੇ ਸਭ ਤੋਂ ਵੱਧ ਰੱਬ ਦੇ ਨਾਂ 'ਤੇ ਹੀ ਇਸ ਨਗਰੀ ਦਾ ਨਾਂ ਰੱਖ ਕੇ ਰੱਬ ਦੀ ਲੁਕਾਈ ਨੂੰ ਠੱਗਿਆ ਜਾ ਰਿਹਾ ਸੀ। ਇਨ੍ਹਾਂ ਕਈ ਠੱਗਾਂ ਵਿਚੋਂ ਕੇਵਲ ਇਕ ਠੱਗ ਦਾ ਦ੍ਰਿਸ਼ਟਾਂਤ ਹੈ ਕਿ ਇਕ ਬੰਦਾ ਥੋੜੇ ਜਿਹੇ ਉੱਚੇ ਥੜੇ ਉੱਤੇ ਬੈਠਾ ਕਦੇ ਨੱਕ ਪਕੜਦਾ ਹੈ, ਕਦੇ ਅੱਖਾਂ ਬੰਦ ਕਰਦਾ ਹੈ, ਕਦੇ ਅੱਖਾਂ ਬੰਦ ਕਰਨ ਲਈ ਕਹਿੰਦਾ ਹੈ। ਨਾਲ ਹੀ ਨਾਲ ਇਹ ਬਚਨ ਵੀ ਕਰਦਾ ਹੈ ਕਿ ਜੇ ਕਿਸੇ ਨੇ ਬ੍ਰਹਮਾਪੁਰੀ ਦੀ, ਵਿਸ਼ਨੂੰਪੁਰੀ ਦੀ ਜਾਂ ਇੰਦਰਪੁਰੀ ਦੀ ਕੋਈ ਗੱਲ ਪੁੱਛਣੀ ਹੈ ਤਾਂ ਉਹ ਨਿਸ਼ੰਕ ਹੋ ਕੇ ਪੁੱਛ ਸਕਦਾ ਹੈ ਕਿਉਂਕਿ ਮੈਂ ਉਸ ਦੇ ਪ੍ਰਤੱਖ ਦਰਸ਼ਨ ਕਰ ਰਿਹਾ ਹਾਂ। ਜੇਕਰ ਕਿਸੇ ਨੇ ਉਥੇ ਆਪਣੀ ਥਾਂ ਬਣਾਉਣੀ ਹੋਵੇ ਤਾਂ ਉਹ ਵੀ ਮੇਰੇ ਨਾਲ ਸਾਂਝ ਪਾ ਸਕਦਾ ਹੈ। ਮਨੁੱਖ ਵਿਚਾਰਾ ਸੱਚਾ ਸੁੱਖ ਗਵਾ ਕੇ ਝੂਠੇ ਸੁੱਖਾਂ ਨੂੰ ਹੀ ਸੱਚਾ ਸਮਝ ਕੇ ਅਕਸਰ ਐਸੇ ਲਾਰਿਆਂ ਮਗਰ ਲੱਗ ਤੁਰਦਾ ਹੈ। ਇਹ ਠੱਗ ਸੰਤ ਦੇ ਪਵਿੱਤਰ ਸਰੂਪ ਨੂੰ ਧਾਰਨ ਕਰਕੇ ਬਹੁਤ ਲੋਕਾਂ ਨੂੰ ਮਗਰ ਲਾ ਕੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਿਹਾ ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਵੇਖ ਲਿਆ ਕਿ ਭਾਵੇਂ ਇਸ ਦਾ ਬਾਣਾ ਧਰਮੀਆਂ ਵਾਲਾ ਹੈ, ਗੱਲਾਂ ਵੀ ਧਰਮੀਆਂ ਵਾਲੀਆਂ ਹਨ, ਪਰ ਇਸ ਦੀ ਬਿਰਤੀ ਪਾਪੀਆਂ ਪਾਖੰਡੀਆਂ ਵਾਲੀ ਹੈ। ਇਹ ਕਿਸੇ ਸ਼ਿਵਪੁਰੀ, ਬ੍ਰਹਮਪੁਰੀ ਜਾਂ ਇੰਦਰਪੁਰੀ ਵਿਚ ਨਹੀਂ ਘੁੰਮਦਾ ਸਗੋਂ ਇਹ ਤਾਂ ਸਾਹਮਣੇ ਪਏ ਲੋਟੇ ਵਿਚਲੀ ਮਾਇਆ ਮਗਰ ਘੁੰਮਦਾ ਹੈ। ਸਤਿਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਕਹਿ ਕੇ ਲੋਟਾ ਉਸ ਪਾਖੰਡੀ ਦੇ ਪਿੱਛੇ ਹੀ ਰਖਵਾ ਦਿੱਤਾ। ਕੁਝ ਸਮੇਂ ਮਗਰੋਂ ਜਦੋਂ ਇਸ

ਪਾਖੰਡੀ ਨੇ ਅੱਖ ਖੋਹਲੀ ਤਾਂ ਲੋਟਾ ਸਾਹਮਣੇ ਨਾ ਵੇਖ ਕੇ ਸਭ ਕੁਝ ਭੁੱਲ ਗਿਆ ਅਤੇ ਆਪਣੇ ਅਸਲੀ ਰੂਪ ਵਿਚ ਆ ਕੇ ਭਾਵ ਕ੍ਰੋਧ ਵਿਚ ਆ ਕੇ ਕਹਿਣ ਲੱਗਾ ਕਿ ਸੰਤਾਂ ਨਾਲ ਮਸ਼ਕਰੀਆਂ ਕਰਨੀਆਂ ਪਾਪ ਹੁੰਦਾ ਹੈ, ਸੋ ਸਾਡਾ ਬਾਟਾ (ਲੋਟਾ) ਆਪ ਹੀ ਦੇ ਦਿਉ। ਸਾਰੇ ਪਾਸੇ ਇਸ ਗੱਲ ਨੇ ਖਿੱਚ ਪਾ ਕੇ ਸਾਰਿਆਂ ਦਾ ਧਿਆਨ ਬਾਟੇ ਵਿਚ ਜੋੜ ਦਿੱਤਾ ਕਿ ਬਾਟਾ ਕਿਧਰ ਗਿਆ। ਉਸ ਵਕਤ ਸਤਿਗੁਰੂ ਜੀ ਨੇ ਬਚਨ ਕੀਤੇ ਕਿ ਬਾਬਾ ਜੀ! ਤੁਹਾਡੇ ਬਾਟੇ ਦਾ ਕਿਸ ਨੂੰ ਪਤਾ ਹੈ, ਇਹ ਮੈਂ ਦਸਦਾ ਹਾਂ ਪਰ ਮੈਂ ਬਹੁਤ ਦੂਰ ਤੋਂ ਇਹ ਆਪ ਜੀ ਦੀ ਮਹਿਮਾ ਸੁਣ ਕੇ ਆਇਆ ਹਾਂ ਕਿ ਤੁਹਾਨੂੰ ਤਿੰਨੇ ਪੁਰੀਆਂ ਦਾ ਗਿਆਨ ਹੈ। ਪਾਖੰਡੀ ਹੋਰ ਹੰਕਾਰੀ ਹੋ ਕੇ ਬੋਲਿਆ, ਕਿਉਂਕਿ ਉਸ ਨੇ ਦੇਖਿਆ ਕਿ ਇਹ ਤਾਂ ਖ਼ੁਦ ਧਰਮੀ ਕੱਪੜੇ ਪਾ ਕੇ ਵਿਚਰ ਰਹੇ ਹਨ, ਇਨ੍ਹਾਂ ਭੋਲੇ-ਭਾਲੇ ਲੋਕਾਂ 'ਤੇ ਇਸ ਗੱਲ ਦਾ ਬਹੁਤ ਅਸਰ ਹੋਵੇਗਾ ਕਿ ਮੇਰੇ ਕੋਲ ਤਾਂ ਬਹੁਤ ਵੱਡੇ-ਵੱਡੇ ਧਰਮੀ ਪੁਰਖ ਵੀ ਆਉਂਦੇ ਹਨ। ਪਾਖੰਡੀ ਨੇ ਕਿਹਾ ਕਿ ਹਾਂ ਮੈਨੂੰ ਤਿੰਨੇ ਪੁਰੀਆਂ ਦਾ ਪੂਰਾ-ਪੂਰਾ ਗਿਆਨ ਵੀ ਹੈ ਅਤੇ ਮੈਂ ਦਰਸ਼ਨ ਵੀ ਕਰ ਲੈਂਦਾ ਹਾਂ। ਸਤਿਗੁਰੂ ਜੀ ਨੇ ਬਹੁਤ ਹੀ ਪਿਆਰੀ ਅਤੇ ਬਹੁਤ ਹੀ ਸੌਖੀ ਦਲੀਲ ਦੇ ਕੇ ਪੁੱਛਿਆ ਕਿ ਭਲਿਆ ਪੁਰਖਾ, ਜੇ ਤੈਨੂੰ ਤਿੰਨੇ ਪੁਰੀਆਂ ਦੇ ਦਰਸ਼ਨ ਹੁੰਦੇ ਹਨ ਤਾਂ ਸਾਡਾ ਕੰਮ ਤਾਂ ਭਾਵੇਂ ਮਗਰੋਂ ਕਰਿਉ ਪਰ ਤੁਸੀਂ ਆਪਣਾ ਕੰਮ ਪਹਿਲਾਂ ਕਰ ਲਵੋ ਕਿ ਜਿਥੇ ਬਾਟਾ ਪਿਆ ਹੈ, ਦਰਸ਼ਨ ਕਰਕੇ ਚੁੱਕ ਲਵੋ। ਜੇ ਬਾਟਾ ਨਹੀਂ ਲੱਭਦਾ ਤਾਂ ਦੂਜੀ ਵਿਚਾਰ ਇਹ ਹੈ ਕਿ ਇਥੇ ਸਾਰਿਆਂ ਦੇ ਸਾਹਮਣੇ ਇਹ ਪ੍ਰਗਟ ਕਰੋ ਕਿ ਮੈਨੂੰ ਕਿਸੇ ਪੁਰੀ ਦਾ ਗਿਆਨ ਨਹੀਂ, ਇਹ ਸਭ ਕੁਝ ਮੈਂ ਪਾਖੰਡ ਕਰਦਾ ਹਾਂ। ਹੁਣ ਦੋ ਹੀ ਰਸਤੇ ਹਨ, ਜਾਂ ਤਾਂ ਬਾਟਾ ਕੱਢ ਕੇ ਪ੍ਰਗਟ ਕਰੋ ਜਾਂ ਆਪਣੇ ਅੰਦਰਲਾ ਪਾਖੰਡ ਕੱਢ ਕੇ ਪ੍ਰਗਟ ਕਰੋ। ਦਲੀਲ ਸਾਰਿਆਂ ਦੇ ਸਮਝ ਵਿਚ ਆ ਗਈ। ਉਸ ਦੇ ਨਜ਼ਦੀਕੀ ਸ਼ਰਧਾਲੂ ਵੀ ਕਹਿਣ ਲੱਗ ਪਏ ਕਿ ਗੱਲ ਬਿਲਕੁਲ ਠੀਕ ਹੈ, ਤੁਸੀਂ ਬਾਟਾ ਪ੍ਰਗਟ ਕਰ ਦਿਉ। ਪਰ ਪਾਖੰਡੀ ਕੋਲ ਤਾਂ ਅਜਿਹਾ ਕੋਈ ਸੱਚ ਨਹੀਂ ਸੀ ਜਿਸ ਕਰਕੇ ਉਸ ਨੂੰ ਦੂਜਾ ਰਸਤਾ ਹੀ ਅਖ਼ਤਿਆਰ ਕਰਨਾ ਪਿਆ। ਉਸ ਨੇ ਸਾਰਿਆਂ ਦੇ ਸਾਹਮਣੇ ਮੰਨਿਆ ਕਿ ਮੈਂ ਤਾਂ ਪਾਖੰਡ ਹੀ ਕਰਦਾ ਹਾਂ, ਮੇਰੇ ਕੋਲ ਕੋਈ ਪੁਰੀਆਂ ਦੇ ਦਰਸ਼ਨ ਕਰਨ ਦੀ ਤਾਕਤ ਨਹੀਂ। ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਨੇ ਸਾਰਿਆਂ ਦੇ ਸਾਹਮਣੇ ਹੀ ਉਸ ਦੀ ਪਿੱਠ ਪਿਛੇ ਰੱਖਿਆ ਉਸ ਦਾ ਬਾਟਾ ਪ੍ਰਗਟ ਕਰ ਦਿੱਤਾ। ਥੜੇ ਤੋਂ ਉੱਤਰ ਕੇ ਪਾਖੰਡੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿਚ ਬੈਠ ਗਿਆ। ਇਥੇ ਜੁੜੀ ਹੋਈ ਸੰਗਤ ਨੂੰ ਸਤਿਗੁਰੂ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ। ਭਾਈ ਮਰਦਾਨਾ ਜੀ ਦੀ ਰਬਾਬ ਦੀ ਅਵਾਜ਼ ਨਾਲ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਪਵਿੱਤਰ ਬਚਨ ਉਚਾਰਿਆ :

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥

(ਪੰਨਾ ੬੬੨)

ਅਜਿਹਾ ਕਾਰਜ ਕੇਵਲ ਸਤਿਗੁਰੂ ਜੀ ਨੇ ਹੀ ਨਹੀਂ ਕੀਤਾ ਬਲਕਿ ਗੁਰੂ ਦੇ ਸਿੱਖਾਂ ਅੰਦਰ ਵੀ ਅਜਿਹੀ ਤਾਕਤ ਪੈਦਾ ਹੋ ਗਈ ਸੀ। ਛੇਵੇਂ ਪਾਤਿਸ਼ਾਹ ਜੀ ਦੇ ਵੇਲੇ ਦਾ ਇਕ ਸਿਦਕੀ ਸਿੱਖ ਭਾਈ ਤਿਲੋਕਾ ਜੀ ਬਾਰੇ ਪੜ੍ਹਦੇ ਹਾਂ ਕਿ ਗੜ੍ਹਸ਼ੰਕਰ ਦੇ ਇਲਾਕੇ ਦਾ ਇਹ ਸਿੱਖ ਬਹੁਤ ਹੀ ਸਿਦਕੀ ਸਿੱਖ ਸੀ। ਇਕ ਵਾਰੀ ਕਿਸੇ ਪਾਖੰਡੀ ਨੇ ਸਵਰਗ ਦਾ ਲਾਰਾ ਲਾ ਕੇ ਇਲਾਕੇ ਦੇ ਲੋਕਾਂ ਨੂੰ ਮਗਰ ਲਾਇਆ ਹੋਇਆ ਸੀ ਪਰ ਇਸ ਨੂੰ ਇਕ ਗੱਲ ਚੁਭਦੀ ਰਹਿੰਦੀ ਸੀ ਕਿ ਭਾਈ ਤਿਲੋਕਾ ਜੀ ਮੇਰੇ ਕੋਲ ਕਿਉਂ ਨਹੀਂ ਆਉਂਦੇ। ਇਹ ਦੁੱਖ ਉਹ ਕਿਸੇ ਨੂੰ ਦੱਸ ਵੀ ਨਹੀਂ ਸੀ ਸਕਦਾ। ਇਸ ਕਰਕੇ ਉਸ ਨੇ ਇਕ ਵਿਉਂਤ ਬਣਾਈ ਕਿ ਜਿਹੜਾ ਵੀ ਸੇਵਕ ਮੇਰੇ ਅੱਜ ਦਰਸ਼ਨ ਕਰੇਗਾ, ਮੈਂ ਉਸ ਨੂੰ ਇਕ ਮਹੀਨੇ ਦਾ ਸਵਰਗ ਦਿਆਂਗਾ। ਭਾਈ ਜੀ ਅਡੋਲ ਰਹੇ। ਕੁਝ ਦਿਨ ਉਡੀਕ ਕੇ ਉਸ ਨੇ ਫਿਰ ਐਲਾਨ ਕਰਵਾਇਆ ਕਿ ਜਿਹੜਾ ਅੱਜ ਦਰਸ਼ਨ ਕਰੇਗਾ, ਉਸ ਨੂੰ ਇਕ ਸਾਲ ਲਈ ਸਵਰਗ ਵਿਚ ਥਾਂ ਮਿਲ ਸਕਦੀ ਹੈ। ਭੀੜ ਤਾਂ ਬਹੁਤ ਆਈ ਪਰ ਜਿਸ ਦੀ ਉਡੀਕ ਸੀ, ਉਹ ਭਾਈ ਸਾਹਿਬ ਜੀ ਨਾ ਆਏ। ਅਖ਼ੀਰ ਕਲਪ ਕੇ ਜੋਗੀ ਨੇ ਐਲਾਨ ਕਰ ਦਿੱਤਾ ਕਿ ਜਿਹੜਾ ਅੱਜ ਦਰਸ਼ਨ ਕਰੇਗਾ, ਉਹ ਜੀਵਨ ਭਰ ਸਵਰਗੀ ਮੌਜ ਮਾਣੇਗਾ ਪਰ ਜਿਹੜਾ ਅੱਜ ਵੀ ਰਹਿ ਗਿਆ ਫਿਰ ਉਹ ਕਦੇ ਵੀ ਸਵਰਗ ਨਹੀਂ ਜਾ ਸਕਦਾ। ਪਰ ਜੋਗੀ ਫਿਰ ਹੈਰਾਨ ਹੋ ਗਿਆ ਕਿ ਭਾਈ ਤਿਲੋਕਾ ਜੀ ਫਿਰ ਵੀ ਨਹੀਂ ਆਏ। ਆਖ਼ਿਰ ਜੋਗੀ ਨੇ ਆਖਿਆ ਕਿ ਸਾਡਾ ਸੁਭਾਅ ਪਰਉਪਕਾਰੀ ਹੈ। ਜੇ ਭਾਈ ਸਾਹਿਬ ਨਹੀਂ ਆ ਰਹੇ ਤਾਂ ਮੈਂ ਹੀ ਜਾ ਕੇ ਦਰਸ਼ਨ ਦੇ ਆਉਂਦਾ ਹਾਂ ਤਾਂ ਕਿ ਸਾਡੀ ਨਗਰੀ ਦਾ ਕੋਈ ਬੰਦਾ ਸਵਰਗ ਤੋਂ ਵਾਂਝਾ ਨਾ ਰਹਿ ਜਾਵੇ। ਹੈਰਾਨੀ ਦੀ ਹੱਦ ਨਾ ਰਹੀ ਜਦੋਂ ਭਾਈ ਤਿਲੋਕਾ ਜੀ ਨੇ ਘਰ ਆਏ ਪਾਖੰਡੀ ਜੋਗੀ ਤੇ ਉਸ ਦੇ ਸ਼ਰਧਾਲੂਆਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਘਰ ਦਾ ਬੂਹਾ ਬੰਦ ਕਰ ਲਿਆ। ਕਈ ਵਾਰੀ ਨਿੱਤ ਦਾ ਸ਼ਿਕਾਰੀ ਆਪ ਹੀ ਸ਼ਿਕਾਰ ਹੋ ਜਾਂਦਾ ਹੈ। ਨਿੱਤ ਦਾ ਪਾਣੀਆਂ

'ਤੇ ਤੈਰਨ ਵਾਲਾ, ਹੋਰਾਂ ਨੂੰ ਡੁੱਬਦਿਆਂ ਨੂੰ ਕੱਢਣ ਵਾਲਾ ਆਪ ਹੀ ਡੁੱਬ ਜਾਂਦਾ ਹੈ। ਇਸ ਤਰ੍ਹਾਂ ਹੀ ਹੋਰਾਂ ਨੂੰ ਠੱਗਣ ਵਾਲਾ ਆਪ ਹੀ ਠੱਗਿਆ ਜਾਂਦਾ ਹੈ। ਇਸ ਪਾਖੰਡੀ ਨਾਲ ਵੀ ਅਜਿਹਾ ਹੀ ਹੋਇਆ। ਆਪਣੇ ਪੈਰਾਂ 'ਤੇ ਮੱਥੇ ਟਿਕਾਉਣ ਵਾਲਾ ਅੱਜ ਆਪ ਹੀ ਕਿਸੇ ਦੇ ਦਰ 'ਤੇ ਮੱਥਾ ਟੇਕਣ ਲਈ ਖਲੋਤਾ ਹੈ ਤੇ ਮਿੰਨਤਾਂ ਕਰਦਾ ਹੈ ਕਿ ਕੀ ਤੈਨੂੰ ਸਵਰਗਾਂ ਦੀ ਵੀ ਪ੍ਰਵਾਹ ਨਹੀਂ ? ਤਾਂ ਅੰਦਰੋਂ ਭਾਈ ਜੀ ਦੀ ਪਿਆਰ ਭਰੀ ਅਵਾਜ਼ ਆਈ ਕਿ ਭਲਿਆ ਪੁਰਖਾ, ਸਤਿਗੁਰੂ ਜੀ ਦੀ ਕਿਰਪਾ ਸਦਕਾ ਮੈਂ ਨਰਕ ਸਵਰਗ ਦੀ ਮੁਥਾਜਗੀ ਵਿਚੋਂ ਨਿਕਲ ਗਿਆ ਹਾਂ।

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥

(ਪੰਨਾ ੧੩੭੦)

ਗੱਲ ਅਤੇ ਹੱਲ ਦੋ ਪਿਆਰੇ ਸ਼ਬਦ ਹਨ। ਪਾਖੰਡੀ ਕੋਲ ਗੱਲ ਹੁੰਦੀ ਹੈ ਤੇ ਸਤਿਗੁਰੂ ਕੋਲ ਹੱਲ ਹੁੰਦਾ ਹੈ। ਆਮ ਲੋਕਾਂ ਕੋਲ ਰੱਬ ਦੇ ਮਿਲਾਪ ਦੀ ਕੇਵਲ ਗੱਲ ਹੀ ਹੈ ਪਰ ਗ਼ਰੀਬ ਨਿਵਾਜ ਸਤਿਗੁਰੂ ਜੀ ਕੋਲ ਰੱਬ ਦੇ ਮਿਲਾਪ ਦਾ ਹੱਲ ਵੀ ਹੈ। ਇਸ ਲਈ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਮਨੁੱਖ ਨੂੰ ਸਚਿਆਰ ਬਣਾ ਕੇ ਉਸ ਨੂੰ ਸਾਈਂ ਦਾ ਰੂਪ ਬਣਾ ਦਿੰਦੇ ਹਨ, ਜਿਸ ਨਾਲ ਸਦਾ ਦੀ ਭਟਕਣਾ ਤੋਂ ਖਲਾਸੀ ਹੋ ਜਾਂਦੀ ਹੈ।

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਇਕ ਵਾਰੀ ਸੰਗਤ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਮਹਿਮਾ ਬਾਰੇ ਦੱਸਦਿਆਂ ਬਚਨ ਆਖੇ ਸਨ ਕਿ ਜਿਵੇਂ ਸਾਰੀ ਬਨਸਪਤੀ ਵਿਚ ਅੱਗ ਤਾਂ ਹੈ ਪਰ ਬਿਨਾਂ ਪ੍ਰਗਟ ਕਰਨ ਤੋਂ ਨਾ ਹੀ ਇਹ ਅੱਗ ਸੇਕ ਦੇ ਸਕਦੀ ਹੈ ਅਤੇ ਨਾ ਹੀ ਕੋਈ ਕਾਰਜ ਰਾਸ ਕਰ ਸਕਦੀ ਹੈ। ਦੁਧ ਅੰਦਰ ਮੱਖਣ ਹੈ ਪਰ ਬਿਨਾਂ ਪ੍ਰਗਟ ਕੀਤੇ ਤੋਂ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਇਸ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਪਵਿੱਤਰ ਬਚਨ ਅੰਦਰ ਆਤਮਿਕ ਗਿਆਨ ਪਰੋਸਿਆ ਪਿਆ ਹੈ ਪਰ ਬਿਨਾਂ ਗੁਰੂ-ਸ਼ਬਦ ਨੂੰ ਵਿਚਾਰਨ ਤੋਂ ਇਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਵੇਂ ਕੋਈ ਲੱਕੜ ਵਿਚੋਂ ਅੱਗ ਪ੍ਰਗਟ ਕਰਕੇ ਅਨੇਕਾਂ ਕਾਰਜ ਰਾਸ ਕਰ ਲੈਂਦਾ ਹੈ, ਦੁੱਧ ਵਿਚੋਂ ਮੱਖਣ ਦੀ ਪ੍ਰਾਪਤੀ ਨਾਲ ਹੋਰ ਕਈ ਕੰਮ ਸੁਹੇਲੇ ਹੋ ਜਾਂਦੇ ਹਨ, ਇਸੇ ਤਰ੍ਹਾਂ ਹੀ ਜੋ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਦੀ ਕਮਾਈ ਭਾਵ ਵਿਚਾਰ ਕੇ, ਹਿਰਦੇ ਅੰਦਰ ਵਸਾ ਕੇ ਅਤੇ ਆਪਣੇ ਵਿਹਾਰ ਵਿਚ ਗੁਰੂ ਬਚਨਾਂ ਦਾ ਭੈਅ ਪੈਦਾ ਕਰਕੇ ਜ਼ਿੰਦਗੀ ਗੁਜ਼ਾਰੇਗਾ, ਉਹ ਪੁਰਖ ਕੇਵਲ ਦੁਨਿਆਵੀ ਤੌਰ 'ਤੇ ਹੀ ਆਨੰਦ ਵਿਚ ਨਹੀਂ ਰਹੇਗਾ ਸਗੋਂ ਹਰ ਇਕ ਤਰ੍ਹਾਂ ਦੇ ਬੰਧਨਾਂ ਤੋਂ ਖ਼ਲਾਸੀ ਪ੍ਰਾਪਤ ਕਰ ਲਵੇਗਾ। ਕਵੀ ਸੰਤੋਖ ਸਿੰਘ ਜੀ ਦੇ ਸੂਰਜ ਪ੍ਰਕਾਸ਼ ਅੰਦਰ ਬੋਲ ਹਨ :—

ਸੁਨਿ ਕਰ ਸ੍ਰੀ ਹਰਿਗੋਬਿੰਦ ਕਹੈ ॥
ਸਭ ਕਾਸਟ ਮਹਿ ਅਗਨੀ ਰਹੈ ॥
ਬਿਨਾ ਮਥੇ ਨਹਿ ਨਿਕਸ ਪ੍ਰਕਾਸੈ ॥
ਕਾਰਜ ਕਰੈ ਕਹਿ ਸੀਤ ਬਿਨਾਸੈ ॥
ਯਥਾ ਦੁਗਧ ਮਹਿ ਘ੍ਰਿਤ ਮਿਲਿ ਰਹਯੋ ॥
ਮਥਨ ਕਰੇ ਬਿਨਾਂ ਕਿੰਨਰ ਨ ਲਹਯੋ ॥
ਤਿਸ ਸਤਿਗੁਰੂ ਕੇ ਸਬਦ ਮਝਾਰਾ ॥
ਆਤਮ ਗਯਾਨ ਬਸੈਹਿ ਸੁਖ ਸਾਰਾ ॥
ਪਾਠ ਕਰੇ ਹੁਇ ਪੁੰਨ ਮਹਾਨਾ ॥
ਨਾਹਿਨ ਪ੍ਰਾਪਤ ਆਤਮ ਗਯਾਨਾ ॥
ਜਬ ਵਿਚਾਰ ਕਰਿ ਹਿਰਦੇ ਵਸਾਵੈ ॥
ਜਬ ਬਿਵਹਾਰਨ ਬਿਖੈ ਕਮਾਵੈ ॥
ਗਯਾਨ ਪ੍ਰਕਾਸੈ ਆਨੰਦ ਪਾਵੈ ॥
ਜਨਮ ਮਰਨ ਕੇ ਕਸ਼ਟ ਮਿਟਾਵੈ ॥

(ਸੂਰਜ ਪ੍ਰਕਾਸ਼, ਰਾਸ-5, ਪੰਨਾ-41)

ਧਰਮ ਦੀ ਦੁਨੀਆ ਵਿਚ ਇਕ ਬੁਹਤ ਵੱਡੀ ਕ੍ਰਾਂਤੀ ਆਈ ਜਦੋਂ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਸਦੀਆਂ ਤੋਂ ਮਨੁੱਖੀ ਸਰੀਰ ਨਾਲ ਜੁੜਿਆ ਸ਼ਬਦ, ਗੁਰੂ ਕੱਟ ਕੇ ਸ਼ਬਦ ਦੇ ਨਾਲ ਗੁਰੂ-ਸ਼ਬਦ ਲਗਾ ਦਿੱਤਾ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਦੇਹੀ ਦੀ ਕਦਰ ਕੀਮਤ ਘੱਟ ਹੈ ਪਰ ਦੇਹੀ ਬਾਰੇ ਵੀ ਗੁਰਬਾਣੀ ਅੰਦਰ ਬਹੁਤ ਪਿਆਰੇ ਬਚਨ ਹਨ ਕਿ ਇਹ ਵੀ ਪਵਿੱਤਰ ਹੈ ਜਦੋਂ ਇਸ ਅੰਦਰ ਗੁਰੂ ਕਿਰਪਾ ਦਾ ਸਦਕਾ ਨਾਮ ਪ੍ਰਕਾਸ਼ ਹੋ ਜਾਂਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਇਥੇ ਹੀ ਪ੍ਰਗਟ ਹੋ ਜਾਂਦੀ ਹੈ ਕਿ ਜਦੋਂ ਸਾਧ ਸੰਗਤ ਦੀ ਵੀਚਾਰ ਹੁੰਦੀ ਹੈ ਕਿ ਸਤਸੰਗਤ ਤਾਂ ਦੇਹੀ ਰੂਪ ਵਿਚ ਚੰਗੇ ਇਨਸਾਨਾਂ ਦੇ ਇਕੱਠ ਦਾ ਨਾਮ ਹੈ। ਬੰਦਗੀ ਕਰਨ ਵਾਲੇ ਪੁਰਖਾਂ ਦੇ ਇਕੱਠ ਵਿਚ ਦੇਹੀ ਨਾਲ ਹੀ ਜਾ ਕੇ ਨਾਮ-ਰਸ ਮਾਣਿਆ ਜਾ ਸਕਦਾ ਹੈ। ਸਤਸੰਗਤ ਵਿਚ ਸਾਰੇ ਅਰੋਗ ਦੇਹੀ ਨਾਲ ਹੀ ਜੁੜ ਬੈਠਦੇ ਹਨ, ਕਿਉਂਕਿ ਪਰਮੇਸ਼ਰ ਦਾ ਨਾਮ ਵੀ ਦੇਹੀ ਅੰਦਰ ਵਸਦਾ ਹੈ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥

(ਪੰਨਾ ੨੯੩)

ਜਿਹੜੇ ਲੋਕ ਕਾਇਆ ਦੀ ਨਗਰੀ ਦੀ ਖੋਜ ਨਹੀਂ ਕਰਦੇ ਸਗੋਂ ਬਾਹਰ ਜੰਗਲਾਂ ਵਿਚ ਭਟਕਦੇ ਹਨ, ਗੁਰਬਾਣੀ ਅੰਦਰ ਉਨ੍ਹਾਂ ਲੋਕਾਂ ਨੂੰ ਮੂਰਖ ਅਤੇ

ਬੇਤਾਲੇ ਬਿਆਨਿਆ ਗਿਆ ਹੈ—

ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ।

(ਪੰਨਾ ੩੦੯)

ਭਗਤ ਪੀਪਾ ਜੀ ਦੀ ਵਿਚਾਰ ਕਿੰਨੀ ਸਪੱਸ਼ਟ ਹੈ ਕਿ ਜੋ ਕੁਝ ਬ੍ਰਹਿਮੰਡ ਵਿਚ ਆਪਾਂ ਬਾਹਰਲੀਆਂ ਅੱਖਾਂ ਨਾਲ ਤੱਕਦੇ ਹਾਂ, ਉਹ ਸਭ ਕੁਝ ਗੁਰੂ ਜੀ ਕੋਲੋਂ ਮਿਲੀ ਬਿਅੰਨ ਅਖੜੀ ਸਰੀਰ ਅੰਦਰ ਹੀ ਸਭ ਕੁਝ ਲੱਭ ਲੈਂਦੀ ਹੈ—

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥

(ਪੰਨਾ ੬੯੫)

ਗੁਰੂ ਅਮਰਦਾਸ ਜੀ ਦੇ ਮੁਬਾਰਿਕ ਬਚਨ ਹਨ ਕਿ ਹੇ ਭੁਲੜੇ ਜਗਤ, ਬਾਹਰ ਖੋਜਣ ਦੀ ਥਾਂ ਕਦੇ ਆਪਣੇ ਆਪੇ ਨੂੰ ਖੋਜ ਕੇ ਦੇਖ, ਫਿਰ ਇਸ ਕਾਇਆ ਦੀ ਨਗਰੀ ਵਿਚੋਂ ਹੀ ਰੱਬ ਲੱਭ ਜਾਵੇਗਾ—

ਤਿਨਿ ਕਰਤੈ ਇਕੁ ਖੇਲੁ ਰਚਾਇਆ॥
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥

(ਪੰਨਾ ੧੧੭)

ਕਾਇਆ ਦੀ ਬਹੁਤ ਵੱਡੀ ਅਹਿਮੀਅਤ ਹੈ। ਇਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਪਰ ਪਾਤਿਸ਼ਾਹ ਜੀ ਨੇ ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਦੇਹੀ ਅੰਦਰ ਖੋਜ ਕੇ ਰੱਬ ਮਿਲ ਸਕਦਾ ਹੈ ਪਰ ਦੇਹੀ ਕਦੇ ਗੁਰੂ ਦਾ ਰੂਪ ਨਹੀਂ ਲੈ ਸਕਦੀ, ਕਿਉਂਕਿ ਉਸ ਹਰ ਚੀਜ਼ ਨਾਲ ਦੋਸਤੀ ਕਰਨੀ ਬੇਸਮਝੀ ਹੀ ਹੈ ਜਿਹੜੀ ਜਗਤ ਵਿਚ ਚਲਾਇਮਾਨ ਹੈ—

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥

(ਪੰਨਾ ੪੬੮)

ਇਹ ਕਾਇਆ ਪ੍ਰਭੂ-ਮਿਲਾਪ ਦੀ ਵਾਰੀ ਹੈ ਪਰ ਇਹ ਖੁਦ ਰੱਬ ਜਾਂ ਗੁਰੂ ਨਹੀਂ ਬਲਕਿ ਇਸ ਦੇ ਦੁਆਰਾ ਤਾਂ ਰੱਬ ਨੂੰ ਮਿਲਣਾ ਹੈ। ਜੇਕਰ ਕਾਇਆ ਨੂੰ ਹੀ ਗੁਰੂ ਮੰਨ ਕੇ ਪੂਜਾ ਕਰਨ ਲੱਗ ਪਏ ਤਾਂ ਫਿਰ ਕਾਇਆ ਦੀ ਅਸਲੀਅਤ ਵੀ ਗੁਰੂ ਪਾਤਿਸ਼ਾਹ ਜੀ ਨੇ ਪ੍ਰਗਟ ਕੀਤੀ ਹੈ—

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥

(ਪੰਨਾ ੬੫੯)

ਇਹ ਕਾਇਆ ਇਕ ਪਾਣੀ ਦੀ ਕੰਧ ਹੈ। ਇਹ ਸਵਾਸਾਂ ਦੇ ਸਹਾਰੇ ਖਲੋਤੀ ਹੈ। ਹੱਡ ਮਾਸ ਨਾੜੀ ਦੇ ਪਿੰਜਰੇ ਵਿਚ ਰੱਬੀ ਜੋਤਿ ਇਕ ਪੰਖੀ ਵਾਂਗ ਰਹਿੰਦੀ ਹੈ। ਕੰਧ ਅਤੇ ਵਿਚ ਵਸਦੇ ਪੰਖੀ ਦੀ ਅਸਲੀਅਤ ਹਰ ਕੋਈ ਜਾਣ ਸਕਦਾ ਹੈ। ਕੰਧ ਪੰਛੀ ਨਹੀਂ, ਕੰਧ ਤਾਂ ਪੰਛੀ ਦੇ ਰਹਿਣ ਦਾ ਇਕ ਟਿਕਾਣਾ ਹੀ ਹੈ।

ਕਬੀਰ ਸਾਹਿਬ ਜਿਨ੍ਹਾਂ ਨੇ 'ਰਾਮ ਕਬੀਰਾ ਏਕ ਭਏ ਹੈ' ਦੀ ਅਵਸਥਾ ਹਾਸਿਲ ਕੀਤੀ ਹੋਈ ਹੈ, ਦਾ ਪਵਿੱਤਰ ਬਚਨ ਹੈ ਕਿ ਛੋਟੀ ਜਿਹੀ ਚੁਟਕੀ ਮਿਟੀ ਦੀ ਲੈ ਕੇ ਰੱਬ ਨੇ ਇਕ ਪੁੜੀ ਬੰਨ੍ਹ ਦਿੱਤੀ। ਇਸ ਪੁੜੀ ਦਾ ਨਾਮ ਹੀ ਦੇਹੀ ਹੈ। ਜਦੋਂ ਇਹ ਪੁੜੀ ਖੁੱਲ੍ਹ ਜਾਂਦੀ ਹੈ ਤਾਂ ਮੁੜ ਖੇਹ ਦੀ ਖੇਹ ਹੀ ਬਣ ਜਾਂਦੀ ਹੈ। ਜੀਵ ਮਿੱਟੀ ਦੇ ਉਪਦੇਸ਼ ਨਾਲ ਜੁੜ ਕੇ ਰੱਬ ਦੇ ਘਰ ਨਹੀਂ ਜਾ ਸਕਦਾ। ਸੋ ਸਤਿਗੁਰੂ ਜੀ ਨੇ ਦੇਹੀ-ਗੁਰੂ ਦੀ ਥਾਂ ਸ਼ਬਦ-ਗੁਰੂ ਨੂੰ ਸਥਾਪਿਤ ਕੀਤਾ ਸੀ।

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥

(ਪੰਨਾ ੧੩੭੪)

ਭਗਤ ਰਵਿਦਾਸ ਜੀ ਵੀ ਇਸ ਕਾਇਆ ਨੂੰ ਕੇਵਲ ਇਕ ਘਾਸ ਦੀ ਟੱਟੀ (ਛਪਰੀ) ਨਾਲ ਹੀ ਤਸ਼ਬੀਹ (ਤੁਲਨਾ) ਦਿੰਦੇ ਹਨ। ਘਾਹ ਫੂਸ ਤਾਂ ਇਕ ਪਲ ਵਿਚ ਹੀ ਸਾੜ ਫੂਕ ਹੋ ਕੇ ਸੁਆਹ ਬਣ ਜਾਂਦਾ ਹੈ। ਘਾਹ ਦੀ ਛਪਰੀ ਦਾ ਆਸਰਾ ਲੰਮੇ ਜੀਵਨ-ਸਫ਼ਰ ਵਿਚ ਸਹਾਇਕ ਨਹੀਂ ਹੁੰਦਾ।

ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ॥

(ਪੰਨਾ ੭੯੪)

ਗੁਰੂ ਅਮਰਦਾਸ ਜੀ ਨੇ ਖੁਦ ਨੇ ਇਸ ਕਾਇਆ ਨੂੰ ਇਕ ਕਾਗ਼ਜ਼ ਵਾਂਗੂੰ ਕੱਚੀ ਆਖਿਆ ਹੈ। ਜਦੋਂ ਮੌਤ ਰੂਪੀ ਪਾਣੀ ਦੀਆਂ ਬੂੰਦਾਂ ਇਸ ਉੱਤੇ ਪੈਂਦੀਆਂ ਹਨ ਤਾਂ ਇਸ ਦੇ ਬਿਨਸਨ ਵਿਚ ਇਕ ਪਲ ਵੀ ਨਹੀਂ ਲੱਗਦਾ।

ਦੇਹੀ ਕਾਚੀ ਕਾਗਦ ਮਿਕਦਾਰਾ॥
ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ॥

(ਪੰਨਾ ੧੦੪੮)

ਗੁਰੂ ਅਰਜਨ ਪਾਤਿਸ਼ਾਹ ਜੀ ਨੇ ਮਨੁੱਖ ਨੂੰ ਕੂੜੇ ਮਾਣ ਵਿਚੋਂ ਕੱਢਣ ਲਈ ਦੇਹੀ ਦੀ ਅਸਲੀਅਤ ਨੂੰ ਪਛਾਣਨ 'ਤੇ ਜ਼ੋਰ ਦਿੱਤਾ ਹੈ। ਦੇਹੀ ਨੂੰ ਤਾਂ ਕੇਵਲ ਇਕ

ਰਕਤ (ਖ਼ੂਨ), ਅਸਤ (ਹੱਡੀਆਂ), ਵਿਸਟਾ (ਗੰਦਗੀ) ਨੂੰ ਇਕ ਚੰਮ ਦੀ ਚਾਦਰ ਵਿਚ ਲਪੇਟਿਆ ਹੋਇਆ ਹੈ। ਇਸ ਨੂੰ ਗੁਰੂ ਨਹੀਂ ਬਲਕਿ ਇਸ ਦੁਆਰਾ ਪ੍ਰਗਟ ਹੋਇਆ ਸ਼ਬਦ ਹੀ ਸੱਚਾ ਪ੍ਰਕਾਸ਼ ਹੈ।

ਬਿਸਟਾ ਅਸਤ ਰਕਤੁ ਪਰੇਟੇ ਚਾਮ॥
ਇਸੁ ਊਪਰਿ ਲੇ ਰਾਖਿਓ ਗੁਮਾਨ॥

(ਪੰਨਾ ੩੭੪)

ਭਗਤ ਰਵਿਦਾਸ ਜੀ ਦਾ ਅਮੋਲਕ ਬਚਨ ਪੜ੍ਹ ਕੇ ਕਾਇਆ ਦੀ ਅਸਲੀਅਤ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਣਾ ਚਾਹੀਦਾ ਕਿ ਕਾਇਆ ਤਾਂ ਇਕ ਸਾਧਨ ਹੈ ਅਤੇ ਇਹ ਸ਼ਬਦ ਦੀ ਥਾਂ ਨਹੀਂ ਲੈ ਸਕਦੀ—

ਤੁਝਹਿ ਸੁਝੰਤਾ ਕਛੂ ਨਾਹਿ॥
ਪਹਿਰਾਵਾ ਦੇਖੇ ਊਭਿ ਜਾਹਿ॥
ਗਰਬਵਤੀ ਕਾ ਨਾਹੀ ਠਾਉ॥
ਤੇਰੀ ਗਰਦਨਿ ਊਪਰਿ ਲਵੈ ਕਾਉ॥੧॥
ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬਰਾਜੁ ਤੂ
ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥
ਜੈਸੇ ਕੁਰੰਕ ਨਹੀ ਪਾਇਓ ਭੇਦੁ॥
ਤਨਿ ਸੁਗੰਧ ਢੂਢੈ ਪ੍ਰਦੇਸੁ॥
ਅਪ ਤਨ ਕਾ ਜੋ ਕਰੇ ਬੀਚਾਰੁ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ॥੨॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥
ਠਾਕੁਰੁ ਲੇਖਾ ਮਗਨਹਾਰੁ॥
ਫੇੜੇ ਕਾ ਦੁਖੁ ਸਹੈ ਜੀਉ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥੩॥
ਸਾਧੂ ਕੀ ਜਉ ਲੇਹਿ ਓਟ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥
ਕਹਿ ਰਵਿਦਾਸ ਜੁ ਜਪੈ ਨਾਮੁ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥੪॥੧॥

(ਪੰਨਾ ੧੧੯੬)

ਕੁਝ ਕੁ ਵਿਚਾਰਾਂ ਦੀ ਸਾਂਝ ਇਸ ਗੱਲ ਨੂੰ ਹੋਰ ਵੀ ਸਪੱਸ਼ਟ ਕਰ ਸਕਦੀ ਹੈ। ਸਤਿਗੁਰੂ ਜੀ ਨੇ ਪਹਿਲਾਂ ਭਾਈ ਗੁਰਦਾਸ ਜੀ ਕੋਲੋਂ ਰੱਬੀ ਬਾਣੀ ਨੂੰ ਸੰਪਾਦਿਤ (ਇਕੱਤਰ) ਕਰਕੇ ਪ੍ਰਕਾਸ਼ ਬਾਬਾ ਬੁੱਢਾ ਜੀ ਰਾਹੀਂ ਕਰਵਾਇਆ। ਫਿਰ ਦਸਮੇਸ਼ ਪਿਤਾ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਅੰਕਿਤ ਕਰਵਾ ਕੇ ਪ੍ਰਕਾਸ਼ ਆਪ ਨਹੀਂ ਕੀਤਾ ਬਲਕਿ ਸਿੱਖ ਨੇ ਹੀ ਕੀਤਾ। ਗੁਰਗੱਦੀ ਬਖ਼ਸ਼ਣ ਵੇਲੇ ਵੀ ਸਾਹਿਬ ਜੀ ਆਪ ਤਾਬਿਆ ਨਹੀਂ ਬੈਠੇ ਸਗੋਂ ਅੱਗੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਸੀ। ਇਹ ਇਸ ਲਈ ਸਪੱਸ਼ਟ ਕੀਤਾ ਸੀ ਤਾਂ ਕਿ ਕੱਲ੍ਹ ਕੋਈ ਤਾਬਿਆ ਬੈਠਣ ਵਾਲੇ ਨੂੰ ਹੀ ਗੁਰੂ ਸਮਝ ਕੇ ਪੂਜਣ ਨਾ ਲੱਗ ਜਾਵੇ। ਤਾਬਿਆ ਹਰ ਵਾਰੀ ਸਿੱਖ ਹੀ ਬਿਠਾਇਆ ਅਤੇ ਉਸ ਸਿੱਖ ਨੂੰ ਕਿਸੇ ਨੇ ਕਦੇ ਗੁਰੂ ਨਹੀਂ ਕਿਹਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਦਰਸ਼ਨ ਕਰਕੇ ਸਪੱਸ਼ਟ ਹੋ ਜਾਂਦਾ ਹੈ ਕਿ ਆਖ਼ਰੀ ਸਰੀਰਕ ਜਾਮੇ ਦੇ ਪਾਵਨ ਬੋਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਹਨ, ਤਦ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਹੀ ਪਾਵਨ ਬੀੜ ਸੰਪੂਰਨ ਕਰਕੇ ਆਪ ਹੀ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਉਂ ਨਹੀਂ ਸੌਂਪੀ ਸੀ? ਜਾਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਮਦਮਾ ਸਾਹਿਬ ਵਿਖੇ ਅੰਕਿਤ ਕੀਤੀ ਸੀ, ਉਦੋਂ ਹੀ ਗੁਰਗੱਦੀ ਕਿਉਂ ਨਹੀਂ ਸੌਂਪੀ ਸਗੋਂ ਉਦੋਂ ਹੀ ਸੌਂਪੀ ਜਦੋਂ ਸਰੀਰਕ ਵਰਤਾਰਾ ਖ਼ਤਮ ਹੀ ਕਰਨਾ ਸੀ। ਕਾਰਨ ਬਿਲਕੁਲ ਸਪੱਸ਼ਟ ਹੈ ਕਿ ਦੁਬਿਧਾ ਨ ਬਣ ਜਾਵੇ ਕਿਉਂਕਿ ਗੁਰੂ ਸ਼ਬਦ ਹੀ ਦੇਹੀ ਰੂਪ ਵਿਚ ਗੁਰੂ ਨਾਲ ਲੱਗਦਾ ਸੀ ਅਤੇ ਜੇ ਉਦੋਂ ਗੁਰੂ ਸ਼ਬਦ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਲੱਗਦਾ ਹੁੰਦਾ ਤਾਂ ਦੁਬਿਧਾ ਬਣ ਜਾਣੀ ਸੀ। ਗੁਰੂ ਸ਼ਬਦ ਇਕ ਨਾਲ ਹੀ ਵਰਤਿਆ ਜਾਂਦਾ ਸੀ। ਜਿਵੇਂ ਜਦੋਂ ਗੁਰੂ ਨਾਨਕ ਸਾਹਿਬ ਜੀ ਗੁਰੂ ਸਨ ਤਾਂ ਬਾਕੀ ਕਿਸੇ ਹੋਰ ਨਾਲ ਗੁਰੂ ਸ਼ਬਦ ਨਹੀਂ ਲੱਗਦਾ ਸੀ। ਫਿਰ ਗੁਰੂ ਸ਼ਬਦ ਅੱਗੇ ਚਲਾ ਗਿਆ ਭਾਵ ਅੰਗਦ ਸਾਹਿਬ ਜੀ ਗੁਰੂ ਅੰਗਦ ਸਾਹਿਬ ਜੀ ਬਣ ਗਏ। ਇਸ ਤਰ੍ਹਾਂ ਹੀ ਇਹ ਸਿਲਸਿਲਾ ਚਲਦਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਆਇਆ। ਦਸਮੇਸ਼ ਪਿਤਾ ਜੀ ਨੇ ਫਿਰ ਇਹ ਸ਼ਬਦ ਆਪਣੇ ਨਾਲੋਂ ਵੀ ਚੁੱਕ ਕੇ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਲਾ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ। ਜੇਕਰ ਹਜ਼ੂਰ ਨੇ ਇਹੋ ਸਰੀਰਕ ਗੁਰੂ ਦਾ ਵਿਚਾਰ ਚਲਦਾ ਰੱਖਣਾ ਸੀ ਤਾਂ ਜਿਵੇਂ ਪਹਿਲਾਂ ਗੁਰੂ ਆਪਣੀ ਹਯਾਤੀ (ਜ਼ਿੰਦਗੀ) ਵੇਲੇ ਦੂਜੇ ਸਰੀਰਕ ਜਾਮੇ ਵਿਚ ਗੁਰੂ ਸਪੱਸ਼ਟ ਕਰ ਜਾਂਦੇ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਜਿਹਾ ਹੀ ਕਰਨਾ ਸੀ ਪਰ ਉਨ੍ਹਾਂ ਨੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸੌਂਪੀ ਸੀ। ਇਸ ਪ੍ਰਥਾਇ ਕੇਸਰ ਸਿੰਘ ਛਿੱਬਰ ਦੇ ਬਚਨ ਹਨ :—

ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੋ ਗਇਆ॥
ਅੱਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋਈ ਗਇਆ ਜੋ ਗ੍ਰੰਥੋਂ ਗਇਆ॥

ਇਕ ਗੱਲ ਕਿਧਰੇ ਸ਼ੰਕਾ ਨਾ ਪ੍ਰਗਟ ਕਰ ਦੇਵੇ ਕਿ ਸਤਿਗੁਰੂ ਜੀ ਨੇ ਆਪ ਆਪਣੇ ਸਮੇਂ ਅੰਦਰ ਦਸ ਵਾਰੀ ਸਰੀਰਕ ਜਾਮੇ ਧਾਰਨ ਕਿਉਂ ਕੀਤੇ ਸਨ ? ਇਸ ਦਾ ਸਿੱਧਾ ਸਾਦਾ ਜਿਹਾ ਜਵਾਬ ਹੈ ਕਿ ਜਦੋਂ ਕਦੇ ਇਹ ਪ੍ਰਗਟ ਕਰਨਾ ਹੋਵੇ ਕਿ ਇਥੇ ਲਿਖਣਾ ਸਖ਼ਤ ਮਨ੍ਹਾ ਹੈ ਤਾਂ ਪਹਿਲਾਂ ਖ਼ੁਦ ਆਪ ਨੂੰ ਹੀ ਇਹ ਲਿਖਣਾ ਪਵੇਗਾ। ਕੋਈ ਸ਼ੰਕਾ ਕਰੇ ਕਿ ਦੂਜਿਆਂ ਨੂੰ ਰੋਕਣ ਵਾਲਾ ਆਪ ਹੀ ਕਿਉਂ ਲਿਖ ਰਿਹਾ ਹੈ ? ਤਾਂ ਇਹ ਜ਼ਰੂਰੀ ਹੈ ਕਿ ਲਿਖਣਾ ਹੀ ਪਵੇਗਾ, ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਸ ਕਰਕੇ ਸਤਿਗੁਰੂ ਜੀ ਸਾਨੂੰ ਸਰੀਰਕ ਤਲ 'ਤੇ ਹੀ ਜੀਵਨ ਗੁਜ਼ਾਰਨ ਵਾਲਿਆਂ ਨੂੰ ਇਸ ਦੇਹੀ ਦੇ ਮੋਹ ਚਿੱਕੜ ਵਿਚੋਂ ਕੱਢਣ ਲਈ ਆਪ ਚਿੱਕੜ ਵਿਚ ਖੜੇ ਸਨ। ਬੱਸ ਇਨਾ ਹੀ ਫ਼ਰਕ ਹੈ ਕਿ ਇਕ ਚਿੱਕੜ ਵਿੱਚ ਡਿੱਗਿਆ ਹੋਇਆ ਸੀ, ਦੂਜਾ ਚਿੱਕੜ ਵਿਚੋਂ ਕੱਢਣ ਲਈ ਚਿੱਕੜ ਵਿੱਚ ਵੜਿਆ ਸੀ। ਦੋਨਾਂ ਨੂੰ ਚਿੱਕੜ ਵਿੱਚ ਖਲੋਤੇ ਵੇਖ ਕੇ ਇਕੋ ਜਿਹੀ ਹਾਲਤ ਸਮਝਣ ਵਾਲਾ ਭੁਲੇਖੇ ਵਿੱਚ ਹੈ, ਕਿਉਂਕਿ ਡਿੱਗਣ ਵਾਲੇ ਦੀ ਮਜਬੂਰੀ ਹੈ ਪਰ ਚਿੱਕੜ ਵਿਚੋਂ ਕੱਢਣ ਵਾਲੇ ਦਾ ਪਰਉਪਕਾਰ ਹੈ। ਸਾਡਾ ਦੇਹੀ ਧਾਰਨ ਕਰਨਾ ਮਜਬੂਰੀ ਹੈ ਪਰ ਗੁਰੂ ਜੀ ਦਾ ਦੇਹੀ ਧਾਰਨ ਕਰਨਾ ਸੰਸਾਰ ਉੱਤੇ ਪਰਉਪਕਾਰ ਹੈ।

ਜਦੋਂ ਗੁਰੂ ਪਾਤਿਸ਼ਾਹ ਜੀ ਨੇ ਭਗਤਾਂ ਦੀ ਬਾਣੀ ਇਕੱਤਰ ਕੀਤੀ ਸੀ ਤਾਂ ਉਦੋਂ ਕੇਵਲ ਉਨ੍ਹਾਂ ਦੇ ਪਵਿੱਤਰ ਬਚਨ ਹੀ ਇਕੱਤਰ ਕੀਤੇ ਸਨ, ਕਿਸੇ ਵੀ ਭਗਤ ਦੀ ਹਜ਼ੂਰ ਜੀ ਨੇ ਨਾਲ ਫੋਟੋ ਨਹੀਂ ਲਿਆਂਦੀ ਸੀ ਹਾਲਾਂਕਿ ਉਦੋਂ ਮੂਰਤੀ ਦਾ ਰਿਵਾਜ ਵੀ ਸੀ, ਇਸੇ ਕਰਕੇ ਹੀ ਗੁਰਬਾਣੀ ਵਿਚ ਬਚਨ ਵੀ ਆਏ ਹਨ—

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥

(ਪੰਨਾ ੮੬੪)

ਇਸ ਦਾ ਭਾਵ ਸਪੱਸ਼ਟ ਹੈ ਕਿ ਤਸਵੀਰ ਦਾ ਸੰਕਲਪ ਉਦੋਂ ਵੀ ਸੀ ਪਰ ਜਿਹੜੇ ਆਪ ਹੀ ਮੰਨਦੇ ਸਨ ਕਿ "ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥"(ਪੰਨਾ ੧੧੯੫) ਉਨ੍ਹਾਂ ਦੀਆਂ ਤਸਵੀਰਾਂ ਨਾਲ ਉਹ ਅਗਵਾਈ ਨਹੀਂ ਸੀ ਮਿਲ ਸਕਦੀ ਜਿਹੜੀ ਅਗਵਾਈ ਅੱਜ ਇਨ੍ਹਾਂ ਅੰਮ੍ਰਿਤ-ਬਚਨਾਂ ਵਿਚੋਂ ਮਿਲਦੀ ਹੈ। ਸੋ ਬਿਲਕੁਲ ਸਪੱਸ਼ਟ ਹੈ ਕਿ ਦੇਹੀ ਦੀ ਨਿਖੇਧੀ ਨਹੀਂ, ਬਹੁਤ ਹੀ ਅਦਬ ਸਤਿਕਾਰ ਹੈ, ਪਰ ਇਸ ਦੇਹੀ ਨੂੰ ਗੁਰੂ-ਪਦਵੀ ਹਾਸਿਲ ਨਹੀਂ ਹੋ ਸਕਦੀ। ਸਰੀਰਕ ਜਾਮੇ ਅੰਦਰ ਗੁਰੂ ਹਰ ਪਾਸੇ ਅਤੇ ਹਰੇਕ ਵਕਤ ਨਹੀਂ ਹੋ ਸਕਦਾ। ਸਰੀਰਕ ਜਾਮੇ ਅੰਦਰ ਗੁਰੂ ਸਰਬ ਪ੍ਰਵਾਨਿਤ ਵੀ ਨਹੀਂ ਹੋ ਸਕਦਾ। ਗੁਰੂ

ਪਾਤਿਸ਼ਾਹ ਜੀ ਦੇ ਵੇਲੇ ਵੀ ਗੁਰੂ ਨੂੰ ਸਰੀਰਕ ਜਾਮੇ ਵਿਚ ਪ੍ਰਵਾਨ ਨਾ ਕਰਨ ਵਾਲੇ "ਸ਼ਬਦ-ਗੁਰੂ" ਨੂੰ ਪ੍ਰਵਾਨ ਕਰਦੇ ਸਨ। ਲਿਖਣ ਤੋਂ ਭਾਵ ਹੈ ਕਿ ਬਾਬਾ ਧੀਰਮਲ ਸਰੀਰਕ ਜਾਮੇ ਅੰਦਰ ਬਿਰਾਜ ਰਹੇ ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਉੱਤੇ ਤਾਂ ਗੋਲੀ ਚਲਵਾਉਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸਰੂਪ ਅੱਜ ਤੱਕ ਵੀ ਧੀਰਮੱਲੀਆਂ ਕੋਲ ਹੀ ਹੈ। ਉਹ ਉਦੋਂ ਤੋਂ ਹੀ ਸੇਵਾ ਸੰਭਾਲ ਕਰਦੇ ਆ ਰਹੇ ਹਨ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜ਼ਿਕਰ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਅੰਦਰ ਕੀਤਾ ਹੈ—

ਸ੍ਰੀ ਗੁਰ ਕੇਰ ਸਰੀਰ ਜੋਊ ਸਭਿ ਥਾਨ ਸਰੈ ਸਭ ਨ ਦਰਸੈ ਹੈ॥
ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਉਤਮ ਹੈ ਸਭ ਕਾਲ ਰਹੈ ਹੈ॥

(ਰਾਸਿ-੩, ਅੰਸੂ ੫੦, ਪੰਨਾ ੨੧੯੦)

ਸੋ ਬਿਲਕੁਲ ਸਪੱਸ਼ਟ ਹੈ ਕਿ ਧਰਮ ਦੀ ਦੁਨੀਆ ਦਾ ਇਕ ਵੱਖਰਾ ਨਿਵੇਕਲਾ ਪੈਗ਼ਾਮ ਸੀ ਕਿ ਗੁਰੂ ਕੇਵਲ ਸ਼ਬਦ ਜਾਂ ਸ਼ਬਦਾਂ ਦੇ ਇਕੱਠ ਰੂਪ ਗ੍ਰੰਥ ਦੇ ਰੂਪ ਵਿਚ ਹੀ ਹੋ ਸਕਦਾ ਹੈ ਜਿਸ ਵਿਚੋਂ ਮਾਨਵਤਾ ਨਿਰੰਕਾਰ ਦੇ ਘਰ ਦਾ ਰਾਹ ਪਛਾਣ ਕੇ ਆਪਣੀ ਮੰਜ਼ਿਲ ਨੂੰ ਹਾਸਿਲ ਕਰ ਸਕਦੀ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਪੰਨਾ ੯੮੨)

ਧਰਮ ਦੀ ਦੁਨੀਆ ਵਿਚ ਬਾਕੀ ਧਾਰਮਿਕ ਗ੍ਰੰਥਾਂ ਅੰਦਰ ਵਿਗਿਆਨਕ ਸੋਚ ਨਾਲ ਬਹੁਤ ਵਾਰੀ ਟਕਰਾਅ ਹੀ ਮਿਲੇਗਾ। ਧਰਮ ਦੀ ਸੱਚੀ ਸੁੱਚੀ ਵਿਚਾਰ ਦੀ ਥਾਂ ਭਰਮ ਦਾ ਬਹੁਤ ਬੋਲਬਾਲਾ ਹੈ ਜਿਸ ਕਰਕੇ ਆਮ ਮਨੁੱਖ ਆਪਣੀ ਜ਼ਿੰਦਗੀ ਪਾਪ ਪੁੰਨ ਦੇ ਦੋ ਸ਼ਬਦਾਂ ਦੁਆਲੇ ਘੁੰਮਦਾ ਹੀ ਗੁਜ਼ਾਰ ਜਾਂਦਾ ਸੀ। ਸਤਿਗੁਰੂ ਜੀ ਨੇ ਸੱਚੇ ਤੱਤ ਦੀ ਦਾਤ ਸਮਝਾ ਕੇ ਝੂਠ ਵਿਚੋਂ ਕੱਢ ਕੇ ਸੱਚੇ ਇਨਸਾਨ ਦੀ ਜ਼ਿੰਦਗੀ ਬਖ਼ਸ਼ਿਸ਼ ਕੀਤੀ।

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥
ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥
ਗੁਰ ਕਿਰਪਾ ਤੇ ਸੇ ਜਨ ਜਾਗੇ॥
ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥
ਕਹੈ ਨਾਨਕੁ ਸੋ ਤਤੁ ਪਾਏ॥
ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥

(ਪੰਨਾ ੯੨੦)

ਗੁਰਬਾਣੀ ਨੂੰ ਕਰਤਾ ਪੁਰਖ ਨਾਲ ਜੋੜਨ ਦਾ ਇਕ ਹੋਰ ਵੀ ਕਾਰਨ ਹੈ ਕਿਉਂਕਿ ਗੁਰੂ ਪਾਤਿਸ਼ਾਹ ਜੀ ਆਖਦੇ ਹਨ ਕਿ ਗੁਰਬਾਣੀ ਨਿਰੰਕਾਰ ਦਾ ਹੁਕਮ ਹੈ, ਇਸ ਵਿਚ ਮੇਰੀ ਸੋਚ-ਉਡਾਰੀ ਨਹੀਂ—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

(ਪੰਨਾ ੭੨੨)

ਧੰਨ ਗੁਰੂ ਅੰਗਦ ਸਾਹਿਬ ਜੀ ਨੇ ਬਿਲਕੁਲ ਪ੍ਰਤੱਖ ਪ੍ਰਗਟ ਕੀਤਾ ਹੈ ਕਿ ਜੋ ਗਿਆਨ ਵੇਦਾਂ ਆਦਿਕ ਧਾਰਮਿਕ ਗ੍ਰੰਥਾਂ ਨੇ ਵੰਡਿਆ ਹੈ, ਉਸ ਅੰਦਰ ਬੱਸ ਇੰਨਾ ਹੀ ਵਿਚਾਰ ਸੀ ਕਿ ਪਾਪ ਕੀ ਹੈ ? ਪੁੰਨ ਕੀ ਹੈ ? ਜੋ ਕੁਝ ਦਿੰਦੇ ਹਾਂ, ਉਹ ਅਗਲੇ ਜਨਮ ਵਿਚ ਮਿਲਦਾ ਹੈ ਅਤੇ ਜੋ ਕੁਝ ਲੈ ਰਹੇ ਹਾਂ, ਉਹ ਇਕ ਦਿਨ ਦੇਣਾ ਵੀ ਪਵੇਗਾ। ਇਸ ਤਰ੍ਹਾਂ ਇਹ ਲੈਣ-ਦੇਣ ਦਾ ਚੱਕਰ ਜਨਮ ਮਰਨ ਦੇ ਗੇੜ ਵਿਚ ਪਾ ਕੇ ਨਰਕਾਂ ਸੁਰਗਾਂ ਦੀਆਂ ਕੁਆਂਟਣੀਆਂ ਹੀ ਦਿੰਦਾ ਹੈ ਪਰ ਇਨ੍ਹਾਂ ਵਿਚੋਂ ਮੁਕਤੀ ਦਾ ਰਸਤਾ ਨਹੀਂ ਦਿੱਸਦਾ ਸੀ। ਇਸ ਕਰਕੇ ਸੰਸਾਰ ਉੱਚੀਆਂ ਨੀਵੀਆਂ ਜਾਤਾਂ ਬਰਾਦਰੀਆਂ ਅਤੇ ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਕੇ ਰਹਿ ਗਿਆ ਸੀ।

ਬਾਹਰੋਂ ਦੇਖਣ ਨੂੰ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਉਨ੍ਹਾਂ ਗ੍ਰੰਥਾਂ ਵਰਗਾ ਹੀ ਲੱਗਦਾ ਹੈ। ਅੱਖਰਾਂ ਵਿੱਚ ਵੀ ਬਹੁਤਾ ਅੰਤਰ ਨਹੀਂ ਹੋਵੇਗਾ ਪਰ ਵਿਚਲਾ ਗਿਆਨ ਬਿਲਕੁਲ ਹੀ ਵੱਖਰਾ ਹੈ। ਜੇ ਵੇਦ, ਪੁਰਾਨ, ਸਿਮ੍ਰਿਤੀਆਂ ਆਦਿਕ ਭਰਮ ਦੀ ਗੱਲ ਕਰਦੀਆਂ ਹਨ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰੋਲ ਧਰਮ ਦੀ ਗੱਲ ਕਰਦੇ ਹਨ। ਜੇ ਇਹ ਮਨੁੱਖਤਾ ਵਿੱਚ ਜਾਤਾਂ-ਪਾਤਾਂ ਦੇ ਨਾਮ 'ਤੇ ਵੰਡੀਆਂ ਦੀ ਗੱਲ ਕਰਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਨੁੱਖਤਾ ਨੂੰ ਇਕ ਅੱਲਾਹ ਦਾ ਨੂਰ ਦੇਖਣ ਵਾਲੀ ਅੱਖ ਬਖ਼ਸ਼ਿਸ਼ ਕਰਦੇ ਹਨ। ਜੇ ਬਾਕੀ ਗ੍ਰੰਥ ਪਾਪ ਪੁੰਨ ਦੀ ਵਿਚਾਰ ਕਰਦੇ ਹਨ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਤ ਦੀ ਭਾਵ ਆਤਮਾ ਅਤੇ ਪ੍ਰਮਾਤਮਾ ਦੀ ਗੱਲ ਕਰਦੇ ਹਨ। ਜੇ ਵੇਦ ਪੁਰਾਣ ਨਰਕਾਂ ਸੁਰਗਾਂ ਦਾ ਲੇਖਾ ਲੈਣ-ਦੇਣ ਦੀ ਗੱਲ ਕਰਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਰਕਾਂ ਸੁਰਗਾਂ ਦੀ ਗ਼ੁਲਾਮੀ ਵਿੱਚੋਂ ਕੱਢ ਕੇ "**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ**" (ਅੰਗ ੧੦੯੬) ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਸਾਰ ਤੱਤ ਇਹ ਹੈ ਕਿ ਇਹ ਕਥਾ ਕਹਾਣੀਆਂ ਵੇਦਾਂ ਆਦਿਕ ਦੀਆਂ ਹਨ ਪਰ ਗੁਰਬਾਣੀ ਤਾਂ ਸੱਚੇ ਦਾ ਹੁਕਮ ਹੈ।

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥

(ਪੰਨਾ ੭੬੩)

ਇਸ ਕਰਕੇ ਇਹ ਕਰਤੇ ਦੇ ਮਿਲਾਪ ਦੇ ਤੱਤ ਦੀ ਗੱਲ ਕਰਦੇ ਹਨ। ਗੁਰੂ ਅੰਗਦ ਸਾਹਿਬ ਜੀ ਦੇ ਪਵਿੱਤਰ ਬਚਨ ਹਨ :—

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥
ਦੇ ਦੇ ਲੈਣਾ ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥

(ਪੰਨਾ ੧੨੪੩)

ਸੋ ਧੰਨ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਰਾਜੇ ਰਾਣੀਆਂ ਦੀਆਂ ਕਹਾਣੀਆਂ ਜਾਂ ਗੁਰੂ ਪਾਤਸ਼ਾਹ ਜੀ ਦੇ ਆਪਣੇ ਜੀਵਨ ਨਾਲ ਸੰਬੰਧਿਤ ਕਹਾਣੀਆਂ ਜਾਂ ਫਿਰ ਹੋਰ ਕੋਈ ਮਿਥਿਹਾਸਕ ਕਹਾਣੀਆਂ ਦੀ ਥਾਂ ਰੱਬ ਦੀ ਕਹਾਣੀ ਹੈ।

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥
ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਪੰਨਾ ੯੧੮)

ਹਾਂ, ਕਿਧਰੇ ਅਕੱਥ ਦੀ ਹੀ ਕਹਾਣੀ ਕਰਦਿਆਂ ਕੋਈ ਨਿੱਕੀ ਜਿੰਨੀ ਟੂਕ ਮਾਤਰ ਕਿਧਰੇ ਜੀਵਨ ਕਾਲ ਦਾ ਕੋਈ ਜ਼ਿਕਰ ਹੈ ਤਾਂ ਉਹ ਆਪਣੀ ਕਹਾਣੀ ਦੀ ਪ੍ਰੱਪਕਤਾ ਲਈ ਨਹੀਂ ਆਇਆ ਸਗੋਂ ਉਸ ਅਕੱਥ ਦੀ ਕਹਾਣੀ ਲਈ ਹੀ ਆਇਆ ਹੈ। ਇਥੇ ਖ਼ੁਦ ਪ੍ਰਸਤੀ ਦੀ ਥਾਂ ਖ਼ੁਦਾ ਪ੍ਰਸਤੀ ਦੀ ਵਿਚਾਰ ਪ੍ਰਧਾਨ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਕੇਵਲ ਬਾਹਰੀ ਧਾਰਮਿਕ ਚਿੰਨ੍ਹਾਂ ਦਾ ਨਾਮ ਜਾਂ ਪਾਖੰਡ ਦੇ ਕਰਮ-ਕਾਂਡਾਂ ਦਾ ਨਾਮ ਹੀ ਧਰਮ ਨਹੀਂ ਬਲਕਿ ਇਥੇ ਤਾਂ ਬੰਦਗੀ ਦਾ ਸਹਾਰਾ ਲੈ ਕੇ ਚੰਗੀ ਵਿਚਾਰ ਦੇ ਧਾਰਨੀ ਹੋ ਕੇ ਆਪਣੇ ਆਪ ਵਿਚੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ, ਈਰਖਾ, ਤ੍ਰਿਸ਼ਨਾ, ਹਉਮੈ, ਨਿੰਦਾ, ਚੋਰੀ, ਯਾਰੀ, ਝੂਠ, ਬੇਈਮਾਨੀ, ਨਸ਼ੇ ਅਤੇ ਹੋਰ ਬੁਰੇ ਕਰਮਾਂ ਨੂੰ ਖ਼ਤਮ ਕਰਕੇ ਚੰਗੇ ਗੁਣ ਧਾਰਨ ਕਰਨੇ ਹਨ। ਸਤ, ਸੰਤੋਖ, ਗਿਆਨ, ਦਇਆ, ਧੀਰਜ, ਸ਼ਾਂਤੀ, ਨਿਮਰਤਾ, ਸਹਿਜ, ਸੇਵਾ, ਸਿਮਰਨ, ਸੰਸਾਰ ਦਾ ਭਲਾ ਆਦਿਕ ਸਭ ਗੁਣਾਂ ਦਾ ਧਾਰਨੀ ਹੋਣਾ ਹੈ ਜਿਸ ਨਾਲ ਮਨੁੱਖ ਹੀ ਨਹੀਂ ਸਗੋਂ ਮਨੁੱਖ ਦੀ ਅੰਦਰਲੀ ਮਨੁੱਖਤਾ ਵੀ ਜਿਊਂਦੀ ਰਹਿੰਦੀ ਹੈ। ਇਹੋ ਹੀ ਅਸਲ ਵਿਚ ਇਸ ਲੋਕ ਦਾ ਸੁੱਖ ਤੇ ਰੱਬੀ ਦਰਬਾਰ ਅੰਦਰ ਮੁੱਖ ਉਜਲਾ ਕਰ ਸਕਦੀ ਹੈ।

ਧਾਰਮਿਕ ਗ੍ਰੰਥਾਂ ਦੀ ਵਿਚਾਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਕਾਮ ਸਭ ਤੋਂ ਉਚੇਰਾ ਹੋ ਜਾਂਦਾ ਹੈ ਜਦੋਂ ਸਾਨੂੰ ਇਹ ਵਿਚਾਰ ਮਿਲਦੀ ਹੈ ਕਿ ਹਰ ਇਕ ਧਾਰਮਿਕ ਗਰੰਥ ਜਿਹੜੇ ਵੀ ਪੀਰ ਪੈਗੰਬਰ ਜਾਂ ਗੁਰੂ ਅਵਤਾਰ ਦੇ ਵੇਲੇ ਉਚਾਰਿਆ ਭਾਵੇਂ ਗਿਆ ਪਰ ਉਸ ਦੇ ਬਚਨਾਂ ਦੀ ਇਕੱਤਰਤਾ ਬਹੁਤ ਸਮਾਂ ਮਗਰੋਂ ਜਾ ਕੇ ਹੋਈ। ਕੁਝ ਕੁ ਇਸ਼ਾਰਾ ਹੀ ਕਰਨਾ ਚਾਹੁੰਦਾ ਹਾਂ। ਜਿਵੇਂ ਵੇਦਾਂ ਬਾਰੇ ਪ੍ਰਚਲਿਤ ਹੈ ਕਿ ਮਨੁੱਖ ਨੇ ਜਿੰਨਾ ਕੁਦਰਤ ਨੂੰ ਦੇਖਿਆ ਹੈ, ਓਨਾ ਕਾਦਰ ਨੂੰ ਨਹੀਂ ਦੇਖਿਆ। ਇਸ ਕਰਕੇ ਇਹ ਕੁਦਰਤ ਤੋਂ ਹੀ ਪ੍ਰਭਾਵਿਤ ਹੋ ਕੇ ਕੁਦਰਤੀ ਤਾਕਤਾਂ ਨੂੰ ਗਾਉਣ ਲੱਗ ਪਿਆ। ਸਮਾਂ ਪਾ ਕੇ ਇਹੋ ਹੀ ਗੀਤ ਫਿਰ ਮੰਤਰਾਂ ਦਾ ਰੂਪ ਧਾਰਨ ਕਰ ਗਈ। ਇਹ ਬਹੁਤ ਹੀ ਲੰਮਾ ਸਮਾਂ ਮੂੰਹ ਤੋਂ ਮੂੰਹ ਤੱਕ ਹੀ ਸਫ਼ਰ ਕਰਦੇ ਰਹੇ। ਇਹੋ ਹੀ ਮੰਤਰ ਵੇਦਾਂ ਦਾ ਰੂਪ ਧਾਰਨ ਕਰ ਗਏ। ਇਹ ਵੇਦਾਂ ਦਾ ਰੂਪ ਕਰੀਬ ਈਸਾ ਮਸੀਹ ਜੀ ਤੋਂ ਪਹਿਲਾਂ 2 ਹਜ਼ਾਰ ਸਾਲ ਤੋਂ ਲੈ ਕੇ 10 ਹਜ਼ਾਰ ਸਾਲ ਪਹਿਲਾਂ ਤੱਕ ਦੇ ਮੰਨੇ ਜਾਂਦੇ ਹਨ। ਸਮਾਂ ਪਾ ਕੇ ਇਨ੍ਹਾਂ ਵੇਦਾਂ ਦਾ ਸੰਪਾਦਨ ਵੇਦ ਵਿਆਸ ਜੀ ਨੇ ਕੀਤਾ। ਸੋ ਸਪੱਸ਼ਟ ਹੈ ਕਿ ਮੂੰਹ ਤੋਂ ਮੂੰਹ ਤੱਕ ਸਫ਼ਰ ਕਰਦਿਆਂ ਹੀ ਇਨ੍ਹਾਂ ਵਿਚ ਬਹੁਤ ਕੁਝ ਵਾਧ ਘਾਟ ਹੋ ਗਈ ਹੋਵੇਗੀ।

ਇਸਲਾਮ ਦੀ ਦੁਨੀਆ ਵਿਚ ਕੁਰਾਨ ਮਜੀਦ ਦਾ ਬਹੁਤ ਉੱਤਮ ਅਸਥਾਨ ਹੈ। ਰੱਬ ਦਾ ਪੈਗ਼ਾਮ ਹਜ਼ਰਤ ਮੁਹੰਮਦ ਸਾਹਿਬ ਜੀ ਨੂੰ 23 ਵਰ੍ਹਿਆਂ ਦੇ ਸਮੇਂ ਵਿਚ ਨਾਜ਼ਲ ਹੁੰਦਾ ਰਿਹਾ ਹੈ। ਇਨ੍ਹਾਂ ਦੇ ਪ੍ਰਗਟ ਹੋਣ ਦੇ ਤਿੰਨ ਸਾਧਨ ਮੰਨੇ ਜਾਂਦੇ ਹਨ। ਪਹਿਲਾ ਸਾਧਨ ਸੀ ਕਿ ਰੱਬ ਜਬਰਾਇਲ ਫ਼ਰਿਸ਼ਤੇ ਰਾਹੀਂ ਇਕ ਪੈਗ਼ਾਮ ਭੇਜਿਆ ਕਰਦਾ ਸੀ। ਦੂਜਾ ਸਾਧਨ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਸੁਪਨਿਆਂ ਅੰਦਰ ਆਏ ਹੋਏ ਰੱਬੀ ਬੋਲ ਹਨ। ਤੀਜਾ ਸਾਧਨ ਸੀ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਨੂੰ ਖ਼ੁਦਾ ਨੂੰ ਹੀ ਅਕਾਸ਼ਬਾਣੀ ਰਾਹੀਂ ਇਹ ਪਾਵਨ ਸੁਨੇਹਾ ਪਹੁੰਚਦਾ ਸੀ। ਹਜ਼ਰਤ ਮੁਹੰਮਦ ਸਾਹਿਬ ਜੀ ਦੀ ਹਯਾਤੀ (ਜ਼ਿੰਦਗੀ) ਵੇਲੇ ਹੀ ਕਈ ਸ਼ਰਧਾਲੂ ਕਾਜ਼ੀਆਂ ਨੇ ਜ਼ੁਬਾਨੀ ਯਾਦ ਕਰ ਲਿਆ ਸੀ। ਹਜ਼ਰਤ ਮੁਹੰਮਦ ਸਾਹਿਬ ਜੀ ਸਰੀਰਕ ਚੋਲਾ ਤਿਆਗ ਗਏ ਅਤੇ ਉਨ੍ਹਾਂ ਤੋਂ ਮਗਰੋਂ ਇਕ ਇਮਾਮੀ ਲੜਾਈ ਲੱਗ ਗਈ ਜਿਸ ਅੰਦਰ ਹੋਰ ਕਾਜ਼ੀਆਂ ਸਮੇਤ ਉਹ ਕਾਜ਼ੀ ਵੀ ਮਾਰੇ ਗਏ ਜਿਨ੍ਹਾਂ ਨੂੰ ਇਹ ਕੁਰਾਨ ਦੀਆਂ 114 ਸੂਰਤਾਂ ਯਾਦ ਸਨ। ਉਸ ਵਕਤ ਇਹ ਵਿਚਾਰ ਬਣੀ ਕਿ ਇਨ੍ਹਾਂ 114 ਸੂਰਤਾਂ ਨੂੰ ਲਿਖਤੀ ਰੂਪ ਦਿੱਤਾ ਜਾਵੇ। ਉਸ ਵਕਤ ਪਹਿਲੇ ਖ਼ਲੀਫ਼ੇ ਅਬੂ ਬਕਰ ਦੀ ਪ੍ਰੇਰਨਾ ਦੇ ਨਾਲ ਜ਼ੈਦ ਨੇ ਕੁਰਾਨ ਦਾ ਪਹਿਲਾ ਲਿਖਤੀ ਗ੍ਰੰਥ ਤਿਆਰ ਕੀਤਾ। ਸੋ ਇਥੇ ਵੀ ਸਪੱਸ਼ਟ ਹੈ ਕਿ ਜਦੋਂ ਇਹ ਸੂਰਤਾਂ ਪ੍ਰਗਟ ਹੋਈਆਂ, ਉਦੋਂ ਹੀ ਇਨ੍ਹਾਂ ਦਾ ਲਿਖਤੀ ਰੂਪ ਤਿਆਰ ਨਹੀਂ ਹੋਇਆ ਬਲਕਿ ਬਹੁਤ ਸਮਾਂ ਪਾ ਕੇ ਇਹ ਲਿਖਤੀ ਰੂਪ ਵਿਚ ਆਈਆਂ ਸਨ।

ਤੀਜਾ ਜ਼ਿਕਰ ਆਪਾਂ ਭਾਗਵਤ ਗੀਤਾ ਦਾ ਕਰਦੇ ਹਾਂ। ਗੀਤਾ ਅੰਦਰ ਅਰਜਨ ਜੀ ਵੱਲੋਂ ਜੰਗ ਦੇ ਮੈਦਾਨ ਵਿੱਚ ਲੜਾਈ ਤੋਂ ਮੂੰਹ ਮੋੜਨ ਵੇਲੇ ਸ੍ਰੀ ਕ੍ਰਿਸ਼ਨ ਜੀ ਵੱਲੋਂ ਅਰਜਨ ਨੂੰ ਮੁੜ ਜੰਗ ਲਈ ਪ੍ਰੇਰਨਾ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਅੰਦਰ ਵੀ 18 ਅਧਿਆਇ ਅਤੇ 700 ਸਲੋਕ ਦਰਜ ਹਨ। ਗੀਤਾ ਦਾ ਉਚਾਰਨ ਭਾਵੇਂ ਜੰਗ ਦੇ ਮੈਦਾਨ ਵਿਚ ਕੁਰਕਸ਼ੇਤਰ ਦੀ ਧਰਤੀ ਉੱਤੇ ਹੋਇਆ ਸੀ ਪਰ ਇਸ ਦਾ ਵੀ ਲਿਖਤੀ ਰੂਪ ਕਿਸੇ ਵੱਖਰੇ ਕਾਲ ਦਾ ਵਿਦਵਾਨ ਪੁਰਸ਼ ਮੰਨਦੇ ਹਨ। ਪਰੰਪਰਾ ਅਨੁਸਾਰ ਇਸ ਦਾ ਉਚਾਰਨ ਭਾਵੇਂ ਮਹਾਂਭਾਰਤ ਵੇਲੇ ਹੋਇਆ ਪਰ ਲਿਖਤੀ ਰੂਪ ਹਜ਼ਰਤ ਈਸਾ ਦੇ ਨਾਮ ਨਾਲ ਸੰਬੰਧਿਤ ਈਸਵੀ ਸੰਨ ਦੇ ਸ਼ੁਰੂ ਵੇਲੇ ਹੋਇਆ ਮੰਨਿਆ ਜਾਂਦਾ ਹੈ। ਇਥੇ ਵੀ ਸੁਭਾਵਿਕ ਹੀ ਪ੍ਰਗਟ ਹੋ ਜਾਂਦਾ ਹੈ ਕਿ ਉਚਾਰਨ ਕਾਲ ਅਤੇ ਲਿਖਤੀ ਕਾਲ ਦਾ ਕਾਫ਼ੀ ਅੰਤਰ ਹੈ, ਜਿਸ ਕਰਕੇ ਇਹ ਵੀ ਕਹਿ ਸਕਦੇ ਹਾਂ ਕਿ ਕਦੇ ਨਾ ਕਦੇ ਕੋਈ ਵਾਧ ਘਾਟ ਦੀ ਗੁੰਜਾਇਸ਼ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਬਾਈਬਲ ਬਾਰੇ ਵੀ ਸਪੱਸ਼ਟ ਹੈ ਕਿ ਇਹ ਦੂਜੀ ਈਸਵੀ ਸਦੀ ਦੇ ਅੰਤ ਅਤੇ ਤੀਜੀ ਦੇ ਅਰੰਭ ਵੇਲੇ ਲਿਖਿਆ ਗਿਆ ਸੀ। ਈਸਵੀ ਸੰਨ ਹਜ਼ਰਤ ਈਸਾ ਮਸੀਹ ਜੀ ਦੇ ਜਨਮ ਤੋਂ ਆਰੰਭ ਹੋਇਆ ਸਾਲ ਹੁੰਦਾ ਹੈ। ਸੋ ਸਪੱਸ਼ਟ ਹੈ ਕਿ ਬਾਈਬਲ ਵੀ ਦੋ ਸੌ ਸਾਲ ਮਗਰੋਂ ਕਰੀਬ ਹੋਂਦ ਵਿਚ ਆਈ ਸੀ, ਜਿਸ ਅੰਦਰ ਤੌਰੇਤ, ਅੰਜੀਲ ਆਦਿਕ ਗ੍ਰੰਥ ਇਕੱਤਰ ਕੀਤੇ ਗਏ ਸਨ। ਇਹ ਆਰੰਭਕ ਬੋਲੀ ਯੂਨਾਨੀ ਵਿਚ ਲਿਖਿਆ ਗਿਆ ਸੀ। ਬਾਈਬਲ ਵਿਚ ਭਾਵੇਂ ਪਵਿੱਤਰ ਬਚਨ ਹਨ ਪਰ ਈਸਾ ਜੀ ਦੇ ਮੁਖਾਰਬਿੰਦ ਤੋਂ ਨਿਕਲਣ ਤੋਂ ਦੋ ਸੌ ਸਾਲ ਮਗਰੋਂ ਲਿਖਤੀ ਰੂਪ ਵਿਚ ਆਏ ਸਨ। ਆਖ਼ਿਰ ਵਿਚ ਆਪਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਵਿਚਾਰ ਕਰਦੇ ਹਾਂ ਤਾਂ ਸਪੱਸ਼ਟ ਹੈ ਕਿ ਜਿਹੜੀ ਬਾਣੀ ਗੁਰੂ ਨਾਨਕ ਸਾਹਿਬ ਜੀ ਨੇ ਉਚਾਰੀ, ਉਹ ਉਨ੍ਹਾਂ ਨੇ ਆਪਣੇ ਕੋਲ ਪੋਥੀ ਰੂਪ ਵਿਚ ਨਾਲ ਦੀ ਨਾਲ ਸੰਭਾਲ ਲਈ ਅਤੇ ਇਹੋ ਪੋਥੀ ਰੂਪ ਬਾਣੀ ਦਾ ਖ਼ਜ਼ਾਨਾ ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਵੱਲੋਂ ਉਚਾਰੀ ਬਾਣੀ ਦੇ ਸਮੇਤ ਪੋਥੀ ਰੂਪ ਵਿਚ ਹੀ ਧੰਨ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ। ਗੁਰੂ ਅਮਰਦਾਸ ਜੀ ਵੱਲੋਂ ਉਚਾਰੀ ਅੰਮ੍ਰਿਤ ਬਾਣੀ ਵੀ ਨਾਲ ਦੀ ਨਾਲ ਲਿਖਤੀ ਰੂਪ ਧਾਰਨ ਕਰਦੀ ਗਈ। ਇਹ ਸਾਰਾ ਭੰਡਾਰਾ ਗੁਰੂ ਰਾਮਦਾਸ ਜੀ ਕੋਲ ਪਹੁੰਚ ਗਿਆ। ਗੁਰੂ ਰਾਮਦਾਸ ਜੀ ਨੇ ਵੀ ਇਹ ਸਾਰੀ ਬਾਣੀ ਪਿਉ ਦਾਦੇ ਦੇ ਖ਼ਜ਼ਾਨੇ ਦੇ ਰੂਪ ਵਿਚ ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਸੌਂਪ ਦਿੱਤੀ। ਹਾਲਾਂਕਿ ਹਰੇਕ ਗੁਰੂ ਪਾਤਿਸ਼ਾਹ ਜੀ ਨੇ ਆਪਣੇ ਹੀ ਸਰੀਰਕ ਜਾਮੇ ਸਮੇਂ ਬਾਣੀ ਸੰਭਾਲ ਲਈ ਸੀ ਪਰ ਉਦੋਂ ਬਾਬਾ ਪ੍ਰਿਥੀ ਚੰਦ ਜੀ ਦੇ ਪੁੱਤਰ ਬਾਬਾ ਮਿਹਰਵਾਨ ਜੀ ਇਕ ਵੱਖਰੀ ਕੱਚੀ ਬਾਣੀ ਦਾ ਗ੍ਰੰਥ ਤਿਆਰ ਕਰਨ ਦੀ ਤਾਂਘ ਵਿਚ ਸਨ।

ਤਦ ਉਦੋਂ ਹੀ ਗੁਰੂ ਅਰਜੁਨ ਪਾਤਿਸ਼ਾਹ ਜੀ ਨੇ ਇਨ੍ਹਾਂ ਪੋਥੀਆਂ ਦਾ ਵੀ ਇਕ ਹੀ ਗ੍ਰੰਥ ਆਪ ਤਿਆਰ ਕਰਵਾ ਕੇ ਇਨ੍ਹਾਂ ਨੂੰ ਮੋਹਰਬੰਦ ਕਰ ਦਿੱਤਾ ਸੀ।

ਭਗਤ-ਬਾਣੀ ਵੀ ਕਿਸੇ ਸਿੱਖ ਸ਼ਰਧਾਲੂ ਦੀ ਇਕੱਤਰ ਨਹੀਂ ਸੀ ਕੀਤੀ ਹੋਈ ਸਗੋਂ ਗੁਰੂ ਪਾਤਿਸ਼ਾਹ ਜੀ ਆਪ ਹੀ ਖ਼ੁਦ ਪਰਖ ਪੜਚੋਲ ਕਰਕੇ ਲੈ ਕੇ ਆਏ ਸਨ। ਕਰੀਬ ਸਾਰੀ ਭਗਤ-ਬਾਣੀ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਖ਼ੁਦ ਹੀ ਇਕੱਤਰ ਕੀਤੀ ਸੀ। ਇਨ੍ਹਾਂ ਪੋਥੀਆਂ ਦਾ ਇਕ ਗੁਰੂ ਜੀ ਦੇ ਸਰੀਰਕ ਜਾਮੇ ਸਮੇਂ, ਦੂਜੇ ਗੁਰੂ ਕੋਲ ਜਾਣ ਦਾ ਬਾਕਾਇਦਾ ਉਨ੍ਹਾਂ ਵਕਤਾਂ ਦੇ ਲਿਖਾਰੀਆਂ ਨੇ ਜ਼ਿਕਰ ਕੀਤਾ ਹੋਇਆ ਹੈ। ਉਹ ਭਾਵੇਂ ਗੁਰੂ ਘਰ ਦੇ ਤਾਂ ਦੋਖੀ ਹੀ ਸਨ ਪਰ ਇਤਿਹਾਸਕ ਵਰਤਾਰਾ ਤਾਂ ਉਨ੍ਹਾਂ ਨੂੰ ਵੀ ਹੂ-ਬ-ਹੂ ਹੀ ਲਿਖਣਾ ਪੈਂਦਾ ਹੈ। ਬਾਬਾ ਪ੍ਰਿਥੀ ਚੰਦ ਜੀ ਦੇ ਪੋਤਰੇ ਬਾਬਾ ਮਿਹਰਵਾਨ ਜੀ ਦੇ ਪੁੱਤਰ ਬਾਬਾ ਹਰਿ ਜੀ ਨੇ ਇਕ ਗ੍ਰੰਥ ਲਿਖਿਆ ਸੀ ਜਿਸ ਦਾ ਨਾਮ ਬਾਬਾ ਮਿਹਰਵਾਨ ਜੀ ਦੀਆਂ ਗੋਸ਼ਟਾਂ ਹੈ। ਇਸ ਵਿਚ ਇਕ ਗੁਰੂ ਜੀ ਦਾ ਜੋਤੀ ਜੋਤਿ ਸਮਾਉਣ ਵੇਲੇ ਪੋਥੀ ਭਾਵ ਗੁਰਬਾਣੀ ਦਾ ਖ਼ਜ਼ਾਨਾ ਅਤੇ ਦੂਜਾ ਗੁਰੂ ਜੀ ਦੇ ਹਵਾਲੇ ਕਰਨ ਦਾ ਜ਼ਿਕਰ ਬਿਲਕੁਲ ਸਪੱਸ਼ਟ ਮਿਲਦਾ ਹੈ-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ ਪੁਰਖਾ ਅੰਗਦਾ ਇਹ ਪਰਮੇਸ਼ਰ ਦੀ ਬਾਣੀ ਹੈ ਅਰ ਜਹਾਂ ਜਹਾਂ ਮੈਂ ਉਦਾਸੀ ਕੇ ਬਿਖੇ ਫਿਰਿਆ ਹੋਂ ਅਰ ਮੇਰੇ ਜੋ ਮੁਖ ਤੇ ਬਾਣੀ ਨਿਕਲੀ ਹੈ ਜੁ ਜਗਤ ਉਸ ਕੋ ਜਾਣਤਾ ਨਹੀਂ ਅਰੁ ਉਹ ਬਾਣੀ ਬਿਰਥੀ ਜਾਵੇਗੀ ਤਾਂ ਹੀ ਅਰੁ ਅਬ ਮੈ ਤੁਝ ਕਉ ਥਾਪਿਆ ਹੈ ਸੁ ਉਹ ਬਾਣੀ ਕਿਛੁ ਏਕ ਤੇਰੇ ਮੁਖ ਤੋਂ ਵੀ ਉਪਜੇਗੀ ਅਰੁ ਤੁਝ ਤੋਂ ਪੀਛੇ ਜਿਨਾਂ ਪੁਰਖਾਂ ਸ਼ਬਦ ਦੀ ਥਾਪਨਾ ਹੋਏਗੀ ਉਹ ਬਾਣੀ ਉਸ ਦੇ ਮੁੱਖ ਤੋਂ ਪ੍ਰਗਟ ਹੋਤੀ ਜਾਏਗੀ। (ਪੱਤਰਾ-5)

1. ਤਬ ਗੁਰੂ ਬਾਬਾ ਨਾਨਕ ਜੀ ਗੁਰੂ ਅੰਗਦ ਕਉ ਸ਼ਬਦ ਕੀ ਥਾਪਨਾ ਦੇ ਕਰ ਸੰਮਤ 1595 ਅੱਸੂ ਵਦੀ 10 ਦਸਵੀ ਕਉ, ਆਪ ਸੱਚਖੰਡ ਸਿਧਾਰੇ। (ਪੱਤਰਾ 4)
2. ਤਬ ਗੁਰੂ ਅੰਗਦ ਜੀ ਕੇ 22 ਬਰਸ 5 ਮਹੀਨੇ (11) ਯਾਰਾਂ ਦਿਨ ਗੁਰੂ ਅਮਰਦਾਸ ਸੰਸਾਰ ਕੇ ਬਿਖੇ ਭਗਤਿ ਕਮਾਈ, ਅਰ ਸ਼ਬਦ ਕੀ ਥਾਪਨਾ ਗੁਰੂ ਰਾਮਦਾਸ ਜੀ ਕਉ ਦੇ ਕਰਿ ਆਪ ਸਚ ਖੰਡ ਕਉ ਸਿਧਾਰੇ। (ਪੱਤਰਾ 6)
3. ਤਬ ਗੁਰੂ ਰਾਮਦਾਸ ਸੰਮਤ 1636 ਭਾਦਰਉ ਸੁਦੀ ਤਿੰਨ ਕਉ ਸ਼ਬਦ ਕੀ ਥਾਪਨਾ ਗੁਰੂ ਅਰਜਣ ਕਉ ਦੇ ਕਰਿ ਸਚਖੰਡ ਕਉ ਸਿਧਾਰੇ। (ਪੱਤਰਾ 7)
4. ਤਬ ਗੁਰੂ ਅਰਜਨ ਜੀ ਕੇ ਦਿਨ ਭਗਤਿ ਕਰਤੇ ਬੀਤੇ ਚਉਬੀਸ ਬਰਸ ਨੌ ਮਹੀਨੇ ਇਕ ਦਿਨ ਭਗਤਿ ਕਮਾਈ, ਤਬੁ ਅਪਨੀ ਪੋਥੀ ਸ਼ਬਦ ਗੁਰੂ ਸਾਹਿਬ ਜੀ ਕਉ ਦੀਆ-

ਉਪਰੋਕਤ ਬਾਬਾ ਹਰਿ ਜੀ ਦੇ ਲਿਖੇ ਗ੍ਰੰਥ ਬਾਬਾ ਮਿਹਰਵਾਨ ਜੀ ਦੀਆਂ ਗੋਸਟਾਂ ਵਿੱਚ ਮਿਲਦੇ ਹਵਾਲੇ ਬਿਲਕੁਲ ਸਪੱਸ਼ਟ ਕਰਦੇ ਹਨ ਕਿ ਗੁਰਬਾਣੀ ਰੱਬੀ ਹੁਕਮ ਵਿਚ ਆਈ ਅਤੇ ਇਸ ਨੂੰ ਉਸ ਤਰ੍ਹਾਂ ਹੀ ਨਾਲ ਦੀ ਨਾਲ ਰੱਬੀ ਹੁਕਮ ਸਮਝ ਕੇ ਹੀ ਸੰਭਾਲਿਆ ਗਿਆ ਸੀ ਜੋ ਅੱਜ ਸਾਡੇ ਕੋਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਤੱਖ ਸਤਿਗੁਰੂ ਜੀ ਹਨ। ਮੇਰਾ ਮਕਸਦ ਕੋਈ ਦੂਜੇ ਧਰਾਮਿਕ ਗ੍ਰੰਥਾਂ ਦੀ ਤੌਹੀਨ ਕਰਨਾ ਨਹੀਂ। ਉਹ ਵੀ ਆਪੋ-ਆਪਣੀ ਥਾਂ ਠੀਕ ਹਨ ਪਰ ਭਾਵ ਸਿਰਫ਼ ਇਤਨਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਥਾਨ ਦੁਨੀਆ ਦੇ ਧਾਰਮਿਕ ਗ੍ਰੰਥਾਂ ਵਿਚੋਂ ਬਿਲਕੁਲ ਨਿਵੇਕਲਾ ਹੈ।

ਜਿਨ੍ਹਾਂ ਦੇ ਅੰਦਰ ਵੀ ਤਮ ਸੰਸਾਰ ਵਿਚੋਂ ਨਿਕਲ ਕੇ ਜੀਵਨ ਦਾ ਉਧਾਰ ਕਰਨ ਦੀ ਭੁੱਖ ਹੈ ਤਾਂ ਉਨ੍ਹਾਂ ਦੀ ਇਹ ਭੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਉਪਦੇਸ਼ ਨੂੰ ਕਮਾ ਕੇ ਯਕੀਨਨ ਪੂਰੀ ਹੋ ਸਕਦੀ ਹੈ।

ਕੁਝ ਇਕ ਕੌਮੀ ਦਰਦੀ ਅੱਜ ਵੀ ਸਿੱਖੀ ਅਤੇ ਮਨੁੱਖਤਾ ਦਾ ਦਰਦ ਲੈ ਕੇ, ਭਾਵੇਂ ਉਹ ਪ੍ਰਬੰਧਕੀ ਢਾਂਚੇ ਵਿਚ ਹਨ, ਭਾਵੇਂ ਪ੍ਰਚਾਰਕ, ਕੀਰਤਨੀਏ ਜਾਂ ਢਾਡੀ ਕਵੀਸ਼ਰ, ਸੰਤ ਮਹਾਂਪੁਰਖ ਜਾਂ ਸੰਗਤਾਂ ਵਿਚੋਂ ਹਨ, ਉਪਰਾਲੇ ਕਰ ਰਹੇ ਹਨ। ਮਾਲਿਕ ਕਿਰਪਾ ਕਰੇ, ਉਨ੍ਹਾਂ ਦੇ ਉਪਰਾਲੇ ਸਾਕਾਰ ਹੋਵਣ ਅਤੇ ਕੌਮ ਅੰਦਰ ਮੁੜ ਖ਼ੁਸ਼ੀਆਂ ਦੀ ਲਹਿਰ ਪੈਦਾ ਹੋਵੇ। ਇਹ ਪਾਵਨ ਪਵਿੱਤਰ ਗੁਰਬਾਣੀ ਉਹੋ ਹੀ ਹੈ ਅਤੇ ਅੰਮ੍ਰਿਤ ਵੀ ਉਸੇ ਤਰ੍ਹਾਂ ਹੀ ਬਖ਼ਸ਼ਿਸ਼ ਕੀਤਾ ਜਾਂਦਾ ਹੈ। ਆਓ ਹੁਣ ਫਿਰ ਦੁਬਾਰਾ ਆਸ ਦਾ ਪੱਲਾ ਫੜ ਕੇ ਅਤੇ ਅਰਦਾਸ ਦਾ ਸਹਾਰਾ ਲੈ ਕੇ ਆਪਾਂ ਇਸ ਮਹਾਨ ਵਿਰਸੇ ਤੋਂ ਜਾਣੂ ਹੋਈਏ ਅਤੇ ਹੋਰਾਂ ਨੂੰ ਜਾਣੂ ਕਰਵਾਈਏ। ਉਹ ਦਿਨ ਦੂਰ ਨਹੀਂ ਜਦੋਂ ਕੋਈ ਨਵਾਬ ਕਪੂਰ ਸਿੰਘ ਜੀ ਤੋਂ ਪ੍ਰੇਰਨਾ ਲੈ ਕੇ ਮੁੜ ਨਵਾਬੀਆਂ ਹਾਸਿਲ ਕਰਨ ਵਾਲਾ ਪ੍ਰਬੰਧਕ ਬਣੇਗਾ। ਬਾਬਾ ਦੀਪ ਸਿੰਘ ਜੀ ਤੋਂ ਪ੍ਰੇਰਨਾ ਲੈ ਕੇ ਕੋਈ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਲਈ ਅੱਗੇ ਆਏਗਾ। ਪੁਰਾਤਨ ਪ੍ਰਚਾਰਕਾਂ ਵਰਗਾ ਜੀਵਨ ਅੱਜ ਵੀ ਮਿਲ ਸਕਦਾ ਹੈ। ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਪ੍ਰੇਰਨਾ ਸਾਨੂੰ ਸਿਦਕ ਵਿਚ ਅਡੋਲ ਬਣਾ ਸਕਦੀ ਹੈ। ਭਾਈ ਤਾਰੂ ਸਿੰਘ ਜੀ ਦੀ ਕੁਰਬਾਨੀ ਦੀ ਵਿਚਾਰ ਸਾਨੂੰ ਕੇਸਾਂ ਪ੍ਰਤੀ ਮੋਹ ਪੈਦਾ ਕਰ ਸਕਦੀ ਹੈ। ਇਤਿਹਾਸ ਦਾ ਅੱਖਰ-ਅੱਖਰ ਅਤੇ ਗੁਰਬਾਣੀ ਦੇ ਪਵਿੱਤਰ ਬਚਨ ਅੱਜ ਵੀ ਸਾਡੇ ਅੰਦਰ ਉਹੋ ਚੇਤਨਾ ਪੈਦਾ ਕਰ ਸਕਦੇ ਹਨ, ਸਾਨੂੰ ਭੁੱਲਿਆਂ ਨੂੰ ਮਾਰਗ 'ਤੇ ਪਾ ਸਕਦੇ ਹਨ। ਗੁਰੂ ਜੀ ਅੱਗੇ ਇਹੋ ਹੀ ਅਰਦਾਸ ਹੈ ਕਿ—

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥

(ਪੰਨਾ ੬੬੭)

ਭੋਜਨ

ਜੀਵ ਪ੍ਰਭੂ-ਵਿਛੋੜੇ ਦਾ ਲੰਮਾ ਦੁਖੜਾ ਸਹਾਰ ਕੇ ਮੁੜ ਪ੍ਰਭੂ-ਮਿਲਾਪ ਲਈ ਧਰਤੀ ਧਰਮਸ਼ਾਲਾ 'ਤੇ ਆਇਆ। ਇਸ ਵਾਰੀ ਰੱਬੀ ਮਿਹਰ ਦਾ ਸਦਕਾ ਇਸ ਨੂੰ ਸਰੀਰ ਰੂਪ ਕੱਪੜਾ ਵੀ ਸੋਹਣਾ ਮਿਲਿਆ ਹੈ ਕਿਉਂਕਿ ਪ੍ਰਭੂ ਮਿਲਾਪ ਦੀ ਵਾਰੀ ਹੈ।

ਜੀਵ ਹੁਣ ਇਸ ਮੁਕਾਮ 'ਤੇ ਪਹੁੰਚਿਆ ਸੀ ਜਿਥੇ ਬਾਕੀ ਜੂਨੀਆਂ ਇਸ ਦੀਆਂ ਪਨਹਾਰੀਆਂ ਬਣ ਗਈਆਂ ਸਨ ਭਾਵ ਇਹ ਸਭ ਤੋਂ ਉੱਤਮ ਪਦਵੀ 'ਤੇ ਬੈਠਾ ਸੀ। ਇਸ ਲਈ ਜੀਵ ਹੁਣ ਕਿਸੇ ਖੁੱਲ੍ਹੇ ਮਾਹੌਲ ਵਿਚ ਖ਼ੂਬਸੂਰਤ ਵਾਤਾਵਰਣ ਵਿੱਚ ਸਾਹ ਲੈਣਾ ਚਾਹੁੰਦਾ ਸੀ। ਇਸ ਵਿਚਾਰੇ ਦਾ ਸਾਹ ਘੁੱਟ ਦਿੱਤਾ ਗਿਆ ਸੀ। ਕਹਿਣ ਲਈ ਤਾਂ ਇਹ ਧਰਤੀ ਦਾ ਸਿਕਦਾਰ ਹੈ ਪਰ ਸੁੱਖਾਂ ਭਰੇ ਜੀਵਨ ਪੱਖੋਂ ਅਤਿ ਦਾ ਦੁਖੀ ਅਤੇ ਪ੍ਰੇਸ਼ਾਨ ਹੈ। ਇਸ ਦੀ ਪ੍ਰੇਸ਼ਾਨੀ ਨੇ ਬਾਕੀ ਜੀਵਾਂ ਦੇ ਦੁੱਖਾਂ ਵਿੱਚ ਵੀ ਵਾਧਾ ਕਰ ਦਿੱਤਾ। ਸਾਹ ਘੁੱਟਣ ਦਾ ਕਾਰਨ ਕਿਧਰੇ ਧਰਮ ਦੇ ਨਾਂ 'ਤੇ ਫੋਕਟ ਕਰਮ-ਕਾਂਡਾਂ ਦਾ ਭਾਰ, ਕਿਧਰੇ ਨਰਕਾਂ ਸੁਰਗਾਂ ਦਾ ਡਰ, ਕਿਧਰੇ ਪਾਪ ਪੁੰਨ ਦੀ ਵੀਚਾਰ ਨੇ ਜਿਊਣਾ ਮੁਹਾਲ ਕਰ ਦਿੱਤਾ ਸੀ। ਰਾਜਨੀਤਕ ਵੀ ਆਪਣੀ ਤਾਕਤ ਦੇ ਨਹੁੰਆਂ ਨਾਲ ਮਨੁੱਖਤਾ ਨੂੰ ਲਹੂ ਲੁਹਾਣ ਕਰ ਰਿਹਾ ਸੀ। ਜਾਤਾਂ ਪਾਤਾਂ ਦੇ ਨਾਂ 'ਤੇ ਅਜਿਹੇ ਪਾਪ ਕੀਤੇ ਜਾਂਦੇ ਸਨ ਜਿਨ੍ਹਾਂ ਨੂੰ ਮਨੁੱਖਤਾ ਦੇ ਮੱਥੇ ਦਾ ਕਲੰਕ ਕਿਹਾ ਜਾ ਸਕਦਾ ਹੈ। ਅਮੀਰ ਹੱਕ ਦੀ ਖਾਣ ਦੀ ਬਜਾਇ ਹਰ ਰੋਜ਼ ਗਰੀਬਾਂ ਦੇ ਖ਼ੂਨ ਵਿੱਚ ਗੁੰਧੀ ਰੋਟੀ ਖਾ ਕੇ ਹੰਕਾਰੀ ਬਣਿਆ ਬੈਠਾ ਸੀ। ਮੁਕਤੀ ਪ੍ਰਾਪਤੀ ਲਈ ਜੰਗਲਾਂ ਵਿਚ ਜਾ ਕੇ ਕਠਨ ਤਪ-ਸਾਧਨਾ ਕਰਨੀ, ਖਾਣਾ ਤਿਆਗ ਦੇਣਾ, ਪਹਿਨਣਾ ਛੱਡ ਦੇਣਾ, ਨੀਂਦ ਦਾ ਤਿਆਗ ਕਰਕੇ ਅਤਿ ਦੇ ਦੁਖੜੇ ਝੱਲਣ ਦਾ ਨਾਮ ਧਰਮ ਦੀ ਕ੍ਰਿਆ ਰੱਖਿਆ ਹੋਇਆ ਸੀ। ਇਸ ਸਭ ਕੁਝ ਨੇ ਮਿਲ ਬੈਠਣ ਦੀ ਥਾਂ ਮਨੁੱਖ ਨੂੰ ਮਨੁੱਖ ਦਾ ਵੈਰੀ ਬਣਾ ਦਿੱਤਾ।

ਇਸ ਵਿਲਕਦੀ ਲੁਕਾਈ ਦਾ ਇਕ ਦੁੱਖ ਹੋਰ ਸੀ ਕਿ ਇਸ ਨੂੰ ਬਾਹਰ ਨਿਕਲਣ ਦਾ ਕੋਈ ਰਸਤਾ ਵੀ ਨਹੀਂ ਮਿਲਦਾ ਸੀ। ਸੰਸਾਰ ਤਮ ਰੂਪ ਭਾਵ ਹਨੇਰੇ ਰੂਪ ਵਿੱਚ ਹੈ।

ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

(ਪੰਨਾ ੧੫੫)

ਅੰਧਕਾਰ ਵਿੱਚ ਹਰ ਸੁੱਖ ਵੀ ਦੁੱਖ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਤਰ੍ਹਾਂ ਜੀਵ ਟੁੱਟੇ ਲੱਕ ਨਾਲ, ਘੁੱਟੇ ਸਾਹ ਨਾਲ ਆਪਣੀ ਹੀ ਜ਼ਿੰਦਗੀ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕੀ ਫਿਰਦਾ ਸੀ। ਇਨ੍ਹਾਂ ਦੁੱਖਾਂ ਤੋਂ ਛੁਟਕਾਰੇ ਲਈ ਮਨੁੱਖਤਾ ਦੇ ਦਰ ਤੋਂ ਨਿਕਲੀ ਹੋਈ ਪੁਕਾਰ ਸਾਈਂ ਜੀ ਦੇ ਦਰ 'ਤੇ ਕਬੂਲ ਹੋਈ। ਧਰਮ ਦੀ ਦੁਨੀਆਂ ਵਿੱਚ ਇਕ ਅਜੀਬ ਧਮਾਕਾ ਹੋਇਆ ਜਿਸ ਨਾਲ ਧੁੰਦ ਮਿਟ ਗਈ ਅਤੇ ਜਗਤ ਅੰਦਰ ਚਾਨਣ ਹੀ ਚਾਨਣ ਬਿਖਰ ਗਿਆ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।

(ਵਾਰ ੧, ਪਉੜੀ ੨੭)

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥

(ਵਾਰ ੧, ਪਉੜੀ ੨੩)

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥

(ਪੰਨਾ ੧੩੮੭)

ਸਤਿਗੁਰੂ ਜੀ ਨੇ ਆ ਕੇ ਇਸ ਜੀਵ ਦਾ ਘੁੱਟਦਾ ਸਾਹ ਸੌਖਾ ਕੀਤਾ। ਇਸ ਨੂੰ ਅਜਿਹੀ ਜੀਵਨ-ਜਾਚ ਬਖ਼ਸ਼ੀ ਜਿਸ ਨਾਲ ਇਹ—

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਪੰਨਾ ੫੨੨)

ਦੀ ਦਾਤ ਹਾਸਿਲ ਕਰ ਸਕੇ। ਜੀਵ ਨੂੰ ਰੱਬੀ ਮਿਲਾਪ ਲਈ ਫੋਕਟ ਕਰਮ-ਕਾਂਡਾਂ ਦਾ ਭਾਰ ਉਤਾਰ ਕੇ ਨਾਮ ਸਿਮਰਨ ਦਾ ਸੌਖਾ ਰਾਹ ਦਰਸਾਇਆ। ਜਾਤਾਂ ਪਾਤਾਂ ਦੀਆਂ ਵੰਡੀਆਂ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਕਹਿ ਕੇ ਇਕ ਸਾਂਝੀਵਾਲਤਾ ਦਾ ਸਮਾਜ ਸਿਰਜਿਆ। ਪਾਪ ਪੁੰਨ ਤੋਂ ਡਰਨ ਦੀ ਬਜਾਇ ਇਕ ਅਜਿਹਾ ਹੀ ਅੰਮ੍ਰਿਤ ਭਰਿਆ ਭੋਜਨ ਤਿਆਰ ਕਰਕੇ ਥਾਲ ਵਿਚ ਪਰੋਸ ਦਿੱਤਾ। ਸਾਰੀ ਮਨੁੱਖਤਾ ਨੂੰ ਹੀ ਇਕ ਸੱਦਾ ਦਿੱਤਾ ਕਿ ਜਿਹੜਾ ਵੀ ਇਸ ਭੋਜਨ ਨੂੰ ਛੱਕ ਕੇ ਪਚਾ ਲਵੇਗਾ, ਉਸ ਦਾ ਉਧਾਰ ਹੋ ਜਾਏਗਾ। ਇਸ ਅੰਮ੍ਰਿਤ ਭਰੇ ਭੋਜਨ ਨਾਲ ਅਜਿਹੀ ਤਾਕਤ ਆ ਜਾਵੇਗੀ ਕਿ ਪਾਪ ਪੁੰਨ ਤੋਂ ਡਰਨ ਦੀ ਥਾਂ ਉਨ੍ਹਾਂ ਨਾਲ ਟਾਕਰਾ ਕਰਕੇ ਜੀਵਨ ਦੀ ਬਾਜ਼ੀ ਜਿੱਤੀ ਜਾ ਸਕੇਗੀ। ਮੁਰਦਾ ਰੂਹਾਂ ਕੇਵਲ ਜੀਅ ਹੀ ਨਹੀਂ ਪੈਣਗੀਆਂ ਬਲਕਿ ਤਮ ਸੰਸਾਰ ਵਿਚੋਂ ਪ੍ਰਭੂ-ਮਿਲਾਪ ਦਾ ਗੁਰਮੁੱਖ ਗਾਡੀ-ਰਾਹ ਵੀ ਸੌਖਾ ਹੀ ਲੱਭ ਲੈਣਗੀਆਂ।

ਸਿਆਣੀ ਮਾਂ ਨਿਕੜੇ ਬੱਚੇ ਨੂੰ ਹਰ ਤਰ੍ਹਾਂ ਨਾਲ ਸਹਾਰਾ ਦੇ ਕੇ ਪਾਲਦੀ ਹੈ। ਇਸ ਦੇ ਨਾਲ ਹੀ ਮਾਂ ਦੇ ਹਿਰਦੇ ਵਿਚ ਇਕ ਵੀਚਾਰ ਹੁੰਦੀ ਹੈ ਕਿ ਮੈਂ ਆਪਣੇ ਬੱਚੇ ਨੂੰ ਇਸ ਤਰ੍ਹਾਂ ਦਾ ਸਹਾਰਾ ਦੇ ਕੇ ਅਪਾਹਜ ਨਹੀਂ ਬਣਾਉਣਾ ਬਲਕਿ ਉਸ ਨੂੰ ਚੰਗੀ ਖ਼ੁਰਾਕ ਦੇ ਕੇ ਬਚਪਨ ਦੇ ਪੰਘੂੜੇ ਵਿੱਚੋਂ ਕੱਢ ਕੇ ਚੰਗਾ ਬਲਵਾਨ ਬਣਾਉਣਾ ਹੈ ਜਿਸ ਨਾਲ ਇਹ ਕੇਵਲ ਆਪ ਹੀ ਆਪਣਾ ਭਾਰ ਨਹੀਂ ਚੁੱਕੇਗਾ ਬਲਕਿ ਹੋਰਾਂ ਦਾ ਵੀ ਸਹਾਰਾ ਬਣੇਗਾ। ਹਰ ਮਾਂ ਇਸੇ ਕਰਕੇ ਹੀ ਆਪਣੇ ਬੱਚੇ ਦੀ ਖ਼ੁਰਾਕ ਦਾ ਆਪ ਖ਼ਿਆਲ ਕਰਦੀ ਹੈ। ਕੋਈ ਮਾਂ ਵੀ ਅਜਿਹੀ ਨਹੀਂ ਹੋਵੇਗੀ ਜਿਹੜੀ ਇਹ ਸੋਚੇ ਕਿ ਮੈਂ ਖ਼ੁਰਾਕ ਦਾ ਸਹਾਰਾ ਦੇ ਕੇ ਬਲਵਾਨ ਕਰਨ ਦੀ ਥਾਂ ਖ਼ੁਦ ਹੀ ਸਹਾਰਾ ਬਣ ਜਾਵਾਂ। ਕਿਸੇ ਮਾਂ ਦਾ ਪੁੱਤਰ ਸਹਾਰੇ ਲਈ ਅਪਾਹਜ ਹੋਵੇ ਤਾਂ ਮਾਂ ਅਰਦਾਸਾਂ ਕਰਦੀ ਹੈ ਕਿ ਇਸ ਨੂੰ ਬਲਵਾਨ ਹੋਣ ਦੀ ਤਾਕਤ ਮਿਲ ਜਾਵੇ। ਬਿਲਕੁਲ ਇਸੇ ਤਰ੍ਹਾਂ ਹੀ ਸਤਿਗੁਰੂ ਜੀ ਨੇ ਇਸ ਜੀਵ ਨੂੰ ਸਦੀਵੀ ਸਰੀਰਕ ਸਹਾਰਾ ਦੇ ਕੇ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਦੇਹੀ ਆਸਰਾ ਨਹੀਂ ਬਣਾਈ, ਬਲਕਿ ਗੁਰਬਾਣੀ ਦੀ ਦਾਤ ਬਖ਼ਸ਼ ਕੇ ਭਾਵ ਉਹ ਭੋਜਨ ਬਖ਼ਸ਼ ਕੇ ਇਸ ਨੂੰ ਖ਼ੁਦ ਹੀ ਇਤਨਾ ਬਲਵਾਨ ਕਰ ਦਿੱਤਾ ਜਿਸ ਨਾਲ ਇਹ ਆਪਣਾ ਹੀ ਨਹੀਂ ਸਗੋਂ ਹੋਰਾਂ ਦਾ ਵੀ ਭਾਰ ਚੁੱਕਣ ਦੇ ਸਮਰੱਥ ਹੋ ਗਿਆ।

> ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
> ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥

(ਪੰਨਾ ੪੯੬)

> ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
> ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

(ਜਪੁ ਜੀ ਸਾਹਿਬ)

ਥਾਲ ਵਿਚ ਪਰੋਸੀਆਂ ਤਿੰਨ ਵਸਤੂਆਂ ਦਾ ਭੋਜਨ ਛਕ ਕੇ ਪਚਾ ਲੈਣ ਵਾਲਾ ਜਦੋਂ ਕਦੇ ਕਿਸੇ ਨੂੰ ਆਰਥਿਕ ਭਾਰ ਥੱਲੇ ਦੱਬਿਆ ਦੇਖਦਾ ਹੈ ਤਾਂ ਗੁਰ-ਬਚਨ ਮੁਤਾਬਿਕ ਉਸ ਦਾ ਭਾਰ "ਘਾਲਿ ਖਾਇ ਕਿਛੁ ਹਥਹੁ ਦੇਇ॥" ਨਾਲ ਵੰਡਾ ਲੈਂਦਾ ਹੈ। ਜਦੋਂ ਕਿਸੇ ਨੂੰ ਇੱਜ਼ਤ ਪੱਖੋਂ ਲੁੱਟਿਆ ਜਾਂਦਾ ਦੇਖਦਾ ਹੈ ਤਾਂ ਆਪ "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ" ਅਨੁਸਾਰ ਅੱਗੇ ਹੋ ਕੇ ਮਦਦ ਕਰਦਾ ਹੈ। ਸਰੀਰਕ ਲੋੜਾਂ ਦੀ ਪੂਰਤੀ ਲਈ ਲੰਗਰ ਜਾਂ ਹੋਰ ਲੁੜੀਂਦੀਆਂ ਚੀਜ਼ਾਂ ਦਾ ਭਾਰ ਵੰਡਾ ਕੇ ਇਕ ਜਿਉਂਦਾ ਜਾਗਦਾ ਦੇਵਤਾ ਬਣ ਜਾਂਦਾ ਹੈ। ਇਹ ਉਹ ਦੇਵਤਾ ਨਹੀਂ ਜਿਹੜਾ ਕਿਸੇ ਸਵਰਗਾਂ ਵਿੱਚ ਬੈਠਾ ਹੋਵੇ, ਸਗੋਂ ਇਹ ਤਾਂ ਉਹ ਦੇਵਤਾ ਹੈ ਜਿਹੜਾ ਇਸ ਧਰਤੀ ਨੂੰ ਹੀ ਸਵਰਗ ਬਣਾ ਦਿੰਦਾ ਹੈ। ਸਿਆਣੀ ਮਾਂ

ਵਾਂਗੂ ਹੀ ਸਤਿਗੁਰੂ ਜੀ ਨੇ ਇਸ ਨੂੰ ਉਤਨਾ ਚਿਰ ਸਰੀਰਕ ਸਹਾਰਾ ਦਿੱਤਾ ਜਦੋਂ ਤੱਕ ਇਸ ਨੂੰ ਪੂਰਨ ਜੀਵਨ-ਜੁਗਤਿ ਸਿਖਾਉਣੀ ਸੀ, ਫਿਰ ਗੁਰਬਾਣੀ ਰੂਪ ਸੱਚਾ ਭੋਜਨ ਦੇ ਕੇ ਉਸ ਨੂੰ ਬਲਵਾਨ ਕਰ ਦਿੱਤਾ।

ਰੱਬੀ ਸਿਫ਼ਤ-ਸਾਲਾਹ ਤੋਂ ਟੁੱਟ ਕੇ ਕੁਰੰਗੀ ਲੱਗੇ ਹੰਸ ਨੂੰ ਸਤਿਗੁਰ ਜੀ ਨੇ ਇਸ ਦਾ ਅਸਲ ਭੋਜਨ ਬਖ਼ਸ਼ਿਸ਼ ਕੀਤਾ। ਹੰਸਾਂ ਦਾ ਅਸਲ ਵਿਚ ਖਾਣਾ ਤਾਂ ਹੀਰੇ ਮੋਤੀ ਹੈ। ਇਸ ਲਈ ਹੀ ਹਜ਼ੂਰ ਨੇ "ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ" (ਅੰਗ ੪੪੨) ਬਣਾ ਕੇ ਮਨੁੱਖਤਾ ਦੇ ਹਵਾਲੇ ਕਰ ਦਿੱਤਾ। ਹੰਸ ਹੀਰੇ ਮੋਤੀ ਖਾ ਕੇ ਕੇਵਲ ਤ੍ਰਿਪਤ ਹੀ ਨਹੀਂ ਹੋਇਆ ਬਲਕਿ ਜੀਵਨ ਦਾ ਵੀ ਉਧਾਰ ਕਰ ਗਿਆ। ਤ੍ਰਿਪਤੀ ਤੋਂ ਬਿਨਾਂ ਕਦੇ ਭਟਕਣਾ ਖ਼ਤਮ ਨਹੀਂ ਹੁੰਦੀ।

ਸੰਸਾਰ ਅੰਦਰ ਜੀਵ ਦਾ ਸਾਹ ਘੁੱਟਣ ਦਾ ਇਕ ਕਾਰਨ ਤਪਸ਼ ਵੀ ਸੀ। ਕਿਧਰੇ ਵਿਕਾਰਾਂ ਦੀ ਤਪਸ਼, ਕਿਧਰੇ ਤ੍ਰਿਸ਼ਨਾ ਦੀ ਤਪਸ਼, ਕਿਧਰੇ ਈਰਖਾ ਦੀ ਤਪਸ਼, ਕਿਧਰੇ ਹੰਕਾਰ ਵਿੱਚ ਡੁੱਬ ਕੇ 'ਮੈਂ ਮੇਰੀ' ਦੀ ਤਪਸ਼, ਕਿਧਰੇ ਹੰਸ ਹੇਤ ਲੋਭ ਕ੍ਰੋਧ ਦੀਆਂ ਨਦੀਆਂ ਦੀ ਅੱਗ, ਕਿਧਰੇ ਨਰਕ ਸਵਰਗ ਦੀ ਅੱਗ, ਭਾਵ ਹਰ ਪਾਸੇ ਤਪਸ਼ ਹੀ ਤਪਸ਼ ਸੀ। ਇਸ ਕਰਕੇ ਹੀ ਤਾਂ ਸਤਿਗੁਰੂ ਜੀ ਨੂੰ ਜਲਤੀ ਸਭ ਪ੍ਰਿਥਵੀ ਦਿਸ ਆਈ ਸੀ। ਅੰਮ੍ਰਿਤ ਬਚਨਾਂ ਦਾ ਅਜਿਹਾ ਅੰਮ੍ਰਿਤ ਛਿੜਕਿਆ ਜਿਸ ਨਾਲ ਜੀਵ ਦੀ ਹਰ ਤਰ੍ਹਾਂ ਦੀ ਤਪਸ਼ ਬੁਝ ਗਈ ਅਤੇ ਸਮੁੱਚੀ ਸ੍ਰਿਸ਼ਟਿ ਵੀ ਠਰ ਗਈ 'ਹੋਈ ਸਿਸਟਿ ਠਰ॥'

ਅਜੋਕੀ ਦੁਨੀਆਂ ਦਾ ਮਨੁੱਖ ਬਹੁਤ ਪੜ੍ਹ ਲਿਖ ਗਿਆ ਹੈ। ਬਹੁਤ ਸਿਆਣਾ ਬਣ ਗਿਆ ਹੈ। ਹਰ ਖ਼ੁਰਾਕ ਖਾਣ ਤੋਂ ਪਹਿਲਾਂ ਤਿੰਨ ਚੀਜ਼ਾਂ ਜ਼ਰੂਰ ਦੇਖ ਲੈਂਦਾ ਹੈ ਕਿ ਮੇਰੇ ਸਰੀਰ ਨੂੰ ਕਿਸ ਚੀਜ਼ ਦੀ ਜ਼ਰੂਰਤ ਹੈ ? ਜੇਕਰ ਕੈਲਸ਼ੀਅਮ ਦੀ ਕਮੀ ਹੈ ਤਾਂ ਉਹੋ ਜਿਹੀ ਖੁਰਾਕ ਖਾਂਦਾ ਹੈ। ਜੇਕਰ ਕਿਸੇ ਵਿਟਾਮਿਨ ਦੀ ਕਮੀ ਹੈ ਤਾਂ ਉਸ ਦੀ ਪੂਰਤੀ ਕਰਨ ਵਾਲਾ ਭੋਜਨ ਖਾਂਦਾ ਹੈ। ਦੂਜੀ ਗੱਲ, ਇਹ ਜ਼ਰੂਰ ਦੇਖਦਾ ਹੈ ਕਿ ਭੋਜਨ ਅਜਿਹਾ ਨਾ ਹੋਵੇ ਜਿਹੜਾ ਮੇਰੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਕੇ ਦੁੱਖਾਂ ਦਾ ਪਹਾੜ ਖੜਾ ਕਰ ਦੇਵੇ। ਭੋਜਨ ਖਾਣ ਲੱਗਿਆਂ ਤੀਜਾ ਇਹ ਖ਼ਿਆਲ ਕਰਦਾ ਹੈ ਕਿ ਭੋਜਨ ਮੇਰੀ ਲੋੜ ਪੂਰੀ ਕਰਦਾ ਹੈ ਜਾਂ ਭੋਜਨ ਦੁੱਖ ਤਾਂ ਨਹੀਂ ਦੇਵੇਗਾ। ਹੈਰਾਨ ਹੋ ਜਾਈਦਾ ਹੈ ਕਿ ਅੱਜ ਦੇ ਮਨੁੱਖ ਨੇ ਦਹੀਂ ਸਾਂਭਣਾ ਤਾਂ ਸਿਖ ਲਿਆ, ਸਬਜ਼ੀਆਂ, ਦੁੱਧ, ਫਰੂਟ ਆਦਿਕ ਸਾਂਭਣਾ ਤਾਂ ਸਿਖ ਲਿਆ ਪਰ ਆਤਮਿਕ ਭੋਜਨ ਸਾਂਭਣਾ ਨਹੀਂ ਸਿੱਖਿਆ। ਹਰ ਇਕ ਚੀਜ਼ ਦੀ ਐਕਸਪਾਇਰੀ ਡੇਟ ਦੇਖ ਕੇ ਵਰਤਦਾ ਹੈ। ਜਿਸ ਦੀ ਮੁਨਿਆਦ ਟੱਪ ਜਾਵੇ ਫਿਰ ਉਸਨੂੰ ਨਹੀਂ ਵਰਤਦਾ। ਸਤਿਗੁਰੂ ਜੀ ਨੇ ਮਨੁੱਖ ਨੂੰ ਵੀ ਸੁਚੇਤ ਕੀਤਾ ਸੀ ਕਿ ਇਸ ਭੋਜਨ ਦੀ ਡੇਟ ਤਾਂ ਨਹੀਂ ਲੰਘਣੀ ਪਰ ਤੇਰੀ ਡੇਟ ਲੰਘ ਜਾਣੀ ਹੈ।

ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥

(ਪੰਨਾ ੨੩)

ਪਰ ਜਦੋਂ ਜੀਭ ਰਸ ਲੈਣ ਜੋਗੀ ਨਾ ਰਹੀ, ਕੰਨ ਸੁਣ ਕੇ ਰਸ ਲੈਣ ਜੋਗੇ ਨਾ ਰਹੇ ਅਤੇ ਹਾਲਾਤ ਇਹ ਬਣ ਗਏ ਕਿ

ਨੈਨਹੁ ਨੀਰ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥

(ਪੰਨਾ ੫੯)

ਮਨੁੱਖ ਅਜਿਹੇ ਹਾਲਾਤ ਵਿਚ ਰੱਥੀ ਭੋਜਨ ਖਾਣ ਦੀ ਕੋਸ਼ਿਸ਼ ਕਰਦਾ ਹੈ ਜਿਹੜੀ ਕਿ ਬਹੁਤ ਵਾਰੀ ਨਾਕਾਮ ਹੋ ਜਾਂਦੀ ਹੈ। ਸੋ ਜਿਥੇ ਸਰੀਰਕ ਜੀਵਨ ਦਾ ਇਨਾ ਖ਼ਿਆਲ ਰੱਖਦੇ ਹਾਂ, ਉਥੇ ਆਤਮਿਕ ਜੀਵਨ ਦੇਣ ਵਾਲੇ ਭੋਜਨ ਦਾ ਖ਼ਿਆਲ ਵੀ ਰੱਖੀਏ। ਜਿਹੜਾ ਮਾਂ ਨੇ ਭੋਜਨ ਤਿਆਰ ਕਰਕੇ ਥਾਲ ਵਿੱਚ ਸਜਾ ਕੇ ਰੱਖ ਦਿਤਾ ਹੈ ਉਸ ਨੂੰ ਛੱਕ ਕੇ ਜੀਵਨ ਦਾ ਆਨੰਦ ਮਾਣੀਏ। ਸਰੀਰ ਨੂੰ ਚੰਗਾ ਭੋਜਨ ਬਲਵਾਨ ਬਣਾ ਦਿੰਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਥਾਲ ਵਿੱਚ ਰੱਖਿਆ ਭੋਜਨ ਖਾਣ ਵਾਲੇ ਨੂੰ ਭਗਵਾਨ ਬਣਾ ਦਿੰਦਾ ਹੈ।

ਥਾਲ ਵਿਚਿ

ਥਾਲ ਸ਼ਬਦ ਕਈ ਤਰ੍ਹਾਂ ਦੇ ਗੁੱਝੇ ਭੇਦ ਆਪਣੇ ਆਪ ਵਿਚ ਛੁਪਾਈ ਬੈਠਾ ਹੈ। ਸਭ ਤੋਂ ਪਹਿਲੀ ਗੱਲ ਹੈ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਰੱਬੀ ਬਾਣੀ ਨੂੰ ਸੰਭਾਲ ਕੇ ਰੱਖਣ ਦਾ ਕਾਰਜ ਆਰੰਭ ਹੋ ਗਿਆ ਸੀ ਜਿਸ ਦਾ ਸਬੂਤ ਸਾਨੂੰ ਪੁਰਾਤਨ ਜਨਮ ਸਾਖੀ ਵਿਚੋਂ ਮਿਲਦਾ ਹੈ ਕਿ ਸਤਿਗੁਰੂ ਜੀ ਵੱਲੋਂ ਉਚਾਰੀ ਹੋਈ ਬਾਣੀ ਭਾਈ ਭਗੀਰਥ, ਮਨਸੁਖ, ਸੈਦੋ, ਘੀਹੋ ਸੀਹੇ, ਉਪਲ, ਹੰਸੂ ਲੁਹਾਰ ਆਦਿ ਸਿੱਖ ਉਤਾਰਾ ਕਰਕੇ ਸੰਭਾਲਦੇ ਸਨ।

ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।

(ਵਾਰ ੧, ਪਉੜੀ ੩੨)

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?

(ਵਾਰ ੧, ਪਉੜੀ ੩੩)

ਆਦਿ ਬਚਨਾਂ ਤੋਂ ਰੱਬੀ ਬਾਣੀ ਦੀ ਸੰਭਾਲ ਅਤੇ ਹਰ ਵਕਤ ਪੋਥੀ ਦਾ ਕੋਲ ਰਹਿਣਾ ਪ੍ਰਗਟ ਕਰਦਾ ਹੈ।

ਇਹ ਪੋਥੀ ਹਜ਼ੂਰ ਆਪ ਵੀ ਖ਼ੁਦ ਆਪਣੇ ਕੋਲ ਆਪਣੀ ਨਿਗਰਾਨੀ ਵਿੱਚ ਰੱਖਦੇ ਸਨ। ਫਿਰ ਇਹੋ ਹੀ ਪੋਥੀ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਗੱਦੀ ਦੇਣ ਸਮੇਂ ਨਾਲ ਹੀ ਬਖ਼ਸ਼ ਦਿੱਤੀ ਗਈ। ਪੁਰਾਤਨ ਜਨਮ ਸਾਖੀ ਨੇ ਹੀ ਹਾਮੀ ਭਰੀ ਹੈ ਕਿ "ਪੋਥੀ ਜ਼ੁਬਾਨ ਗੁਰੂ ਅੰਗਦ ਜੋਗ ਮਿਲੀ।" 19 ਰਾਗਾਂ ਵਿਚ ਉਚਾਰਿਆ ਸੱਚੇ ਦਾ ਸੱਚ-ਸੁਨੇਹਾ ਅਤੇ ਗੁਰੂ ਅੰਗਦ ਸਾਹਿਬ ਜੀ ਦੇ ਉਚਾਰੇ 63 ਸਲੋਕਾਂ ਸਮੇਤ ਇਹ ਪਵਿੱਤਰ ਦਾਤ ਗੁਰੂ ਅਮਰਦਾਸ ਜੀ ਨੂੰ ਮਿਲੀ। 17 ਰਾਗਾਂ ਵਿੱਚ ਉਨ੍ਹਾਂ ਵੱਲੋਂ ਉਚਾਰੇ ਬਚਨ ਗੁਰੂ ਰਾਮਦਾਸ ਜੀ ਕੋਲ ਆਏ। ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ ਪਾਵਨ ਬਚਨ ਉਚਾਰ ਕੇ ਇਹ ਪਵਿੱਤਰ ਦਾਤ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬਖ਼ਸ਼ਿਸ਼ ਕੀਤੀ। ਗੁਰੂ ਅਰਜਨ ਸਾਹਿਬ ਜੀ ਨੇ ਇਸ ਪਿਉ ਦਾਦੇ ਦੇ ਖ਼ਜ਼ਾਨੇ ਵਿਚ 30 ਰਾਗਾਂ ਵਿਚ ਹੀ ਬਾਣੀ ਉਚਾਰ ਕੇ ਸੰਭਾਲ ਲਈ।

ਜਿਹੜੀ ਵਿਚਾਰ ਆਰੰਭ ਕੀਤੀ ਸੀ ਕਿ ਥਾਲ ਦਾ ਗੁੱਝਾ ਭੇਦ ਕੀ ਹੈ ? ਉਸ ਲਈ ਪਹਿਲੀ ਵਿਚਾਰ ਹੈ ਕਿ ਕਦੇ ਵੀ ਦੇਖਣਾ, ਭੋਜਨ ਲਈ ਥਾਲ ਇਕ ਹੀ ਹੁੰਦਾ ਹੈ, ਪਰ ਵਸਤੂਆਂ ਕਈ ਹੋ ਸਕਦੀਆਂ ਹਨ। ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਅਰਜਨ ਪਾਤਿਸ਼ਾਹ ਜੀ ਤੱਕ ਕਈ ਪੋਥੀਆਂ ਬਣ ਗਈਆਂ ਸਨ, ਇਸ

ਲਈ ਸਾਰੀਆਂ ਪੋਥੀਆਂ ਨੂੰ ਇਕੱਤਰ ਕਰਕੇ ਇਕ ਥਾਲ ਪੋਥੀ ਪਰਮੇਸ਼ਰ ਦਾ ਥਾਨ ਬਣਾ ਦਿੱਤਾ। ਪਹਿਲੀ ਵਾਰੀ ਸਾਰੀਆਂ ਪੋਥੀਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸਿੱਖਾਂ ਦੀ ਬਾਣੀ ਦਾ ਇਕ ਆਦਿ ਗ੍ਰੰਥ ਸਾਹਿਬ ਜੀ ਤਿਆਰ ਕਰਕੇ ਇਕ ਥਾਲ ਤਿਆਰ ਕਰ ਦਿੱਤਾ। ਵਸਤੂਆਂ ਕਈ ਹਨ ਪਰ ਥਾਲ ਇਕ ਹੀ ਹੈ।

ਦੂਜਾ ਥਾਲ ਦਾ ਭਾਵ ਇਹ ਸੀ ਕਿ ਥਾਲ ਗ੍ਰਿਹਸਥੀ ਨਾਲ ਵੀ ਸੰਬੰਧਿਤ ਬਰਤਨ ਹੈ। ਜੋਗੀਆਂ ਫ਼ਕੀਰਾਂ ਆਦਿ ਕੋਲ ਇਕ ਬਾਟਾ ਜਾਂ ਕਾਸਾ ਤਾਂ ਹੁੰਦਾ ਹੈ ਪਰ ਥਾਲ ਨਹੀਂ। ਦੂਜੇ ਪਾਸੇ ਜਦੋਂ ਵੀ ਕਿਸੇ ਗ੍ਰਿਹਸਥੀ ਦੇ ਘਰ ਜਾ ਕੇ ਪ੍ਰਸ਼ਾਦਾ ਛੱਕਦੇ ਹਾਂ ਤਾਂ ਉਥੇ ਥਾਲ ਜ਼ਰੂਰ ਪ੍ਰਾਪਤ ਹੋਵੇਗਾ। ਥਾਲ ਦਾ ਆਕਾਰ ਵੱਖਰੋ ਵੱਖਰਾ ਹੋ ਸਕਦਾ ਹੈ ਪਰ ਥਾਲ ਜ਼ਰੂਰ ਮਿਲੇਗਾ। ਇਸ ਲਈ ਥਾਲ ਸ਼ਬਦ ਇਹ ਵੀ ਪ੍ਰਗਟ ਕਰਦਾ ਹੈ ਕਿ ਜੰਗਲਾਂ ਵਿੱਚ ਅਰਸ਼ੀ ਨੂਰ ਦੀ ਭਾਲ ਲਈ ਜਾਣ ਦੀ ਲੋੜ ਨਹੀਂ ਬਲਕਿ ਇਥੇ ਪੁੱਤਰ ਕਲਤ੍ਰ ਵਿੱਚ ਗਤਿ ਪਾਉਣ ਦਾ ਰਾਹ ਹੈ।

ਤੀਜਾ, ਥਾਲ ਇਕ ਅਦਬ ਦੀ ਨਿਸ਼ਾਨੀ ਹੈ। ਥਾਲ ਵਿੱਚ ਪਰੋਸ ਕੇ ਭੋਜਨ ਦੇਣਾ ਇਕ ਪਵਿੱਤਰ ਸਤਿਕਾਰ ਦਾ ਚਿੰਨ੍ਹ ਹੈ। ਥਾਲ ਨੇ ਵਸਤੂਆਂ ਨੂੰ ਸੰਭਾਲਣਾ ਹੈ। ਬਰਤਨ ਕਦੇ ਭੁੱਖ ਨਹੀਂ ਮਿਟਾਉਂਦਾ। ਭੁੱਖ ਤਾਂ ਵਿੱਚ ਪਈਆਂ ਵਸਤੂਆਂ ਨੇ ਮਿਟਾਉਣੀ ਹੈ ਪਰ ਥਾਲ ਸਪੱਸ਼ਟ ਕਰਦਾ ਹੈ ਕਿ ਭੋਜਨ ਛੱਕਣ ਅਤੇ ਛਕਾਉਣ ਵਾਲੇ ਅੰਦਰ ਕਿੰਨਾ ਕੁ ਪਿਆਰ ਦਾ ਨਿੱਘ ਹੈ। ਅੱਜ ਵੀ ਦੇਖਦੇ ਹਾਂ ਕਿ ਬੰਦਾ ਆਪ ਭਾਵੇਂ ਹਰ ਰੋਜ਼ ਸਾਦੇ ਬਰਤਨਾਂ ਵਿੱਚ ਪ੍ਰਸ਼ਾਦਾ ਛੱਕਦਾ ਰਹਿੰਦਾ ਹੈ ਪਰ ਜਦੋਂ ਕਦੇ ਕੋਈ ਘਰ ਮਹਿਮਾਨ ਆਉਂਦਾ ਹੈ ਤਾਂ ਉਸ ਦਿਨ ਆਪਣੀ ਹੈਸੀਅਤ ਮੁਤਾਬਿਕ ਵੱਖਰਾ ਥਾਲ ਜ਼ਰੂਰ ਵਰਤੇਗਾ। ਅਜੋਕੀ ਭਾਸ਼ਾ ਵਿੱਚ ਭਾਵੇਂ ਇਸ ਦਾ ਨਾਂ ਡਾਇਨਿੰਗ ਸੈੱਟ ਰੱਖ ਲਿਆ ਪਰ ਥਾਲ ਦਾ ਹੀ ਬਦਲਿਆ ਰੂਪ ਹੈ। ਬੰਦਗੀ ਕਰਨ ਵਾਲੇ ਦਾ ਗੁਰੂ ਘਰ ਵਿਚ ਬਹੁਤ ਹੀ ਜ਼ਿਆਦਾ ਸਤਿਕਾਰ ਹੈ।

ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥

(ਪੰਨਾ ੩੨੮)

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥

(ਪੰਨਾ ੧੨੨)

ਇਥੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਬੰਦਗੀ ਦਾ ਭੋਜਨ ਛੱਕਣ ਵਾਲਿਆ! ਮੈਂ ਤੈਨੂੰ ਥਾਲ, ਇਕ ਸਤਿਕਾਰ ਦੀ ਨਿਸ਼ਾਨੀ ਭੇਟ ਕੀਤੀ ਹੈ। ਬੰਦਗੀ ਕਰਨ ਵਾਲਿਆਂ ਦਾ ਸਤਿਕਾਰ ਕੀਤਾ ਹੈ। ਥਾਲ ਇਕ ਚੰਗੇ ਗੁਜ਼ਰਾਨ ਦੀ ਵੀ ਨਿਸ਼ਾਨੀ ਹੈ। ਜਿਥੇ ਆਮ ਗ਼ਰੀਬ ਲੋਕ ਕਈ ਵਾਰੀ ਪ੍ਰਸ਼ਾਦਾ ਹੱਥਾਂ ਉੱਤੇ ਰੱਖ ਕੇ

ਹੀ ਖਾਂਦੇ ਹਨ, ਉਨ੍ਹਾਂ ਕੋਲ ਥਾਲ ਖ਼ਰੀਦਣ ਜੋਗੀ ਸਮਰੱਥਾ ਨਹੀਂ ਹੁੰਦੀ। ਹਰ ਰੋਜ਼ ਮੰਗ ਕੇ ਖਾਣਾ, ਜਿਹੋ ਜਿਹਾ ਮਿਲ ਗਿਆ, ਗੁਜ਼ਾਰਾ ਕਰ ਲਿਆ। ਭਾਵ ਉਨ੍ਹਾਂ ਕੋਲ ਆਪਣਾ ਕੋਈ ਪਰਮਾਰਥੀ ਗ੍ਰੰਥ ਨਹੀਂ। ਉਹ ਕਦੇ ਕਿਸੇ ਦੇ ਮਗਰ, ਕਦੇ ਕਿਸੇ ਦੇ ਮਗਰ ਭਟਕਦੇ ਰਹਿੰਦੇ ਹਨ। ਭਟਕਣ ਵਾਲੇ ਲੋਕ ਵੀ ਧਾਰਮਿਕ ਦੁਨੀਆਂ ਵਿਚ ਗ਼ਰੀਬ ਹੀ ਹਨ। ਸਤਿਗੁਰੂ ਜੀ ਨੇ ਮਹਾਨ ਕ੍ਰਿਪਾ ਕੀਤੀ ਅਤੇ ਇਸ ਪਿਉ ਦਾਦੇ ਦੇ ਖ਼ਜ਼ਾਨੇ ਦਾ ਜ਼ਿਕਰ ਕੀਤਾ ਹੈ ਭਾਵ ਉਸ ਅਮੀਰ ਭੋਜਨ ਦਾ ਜ਼ਿਕਰ ਹੈ। ਥਾਲ ਵਿਚ ਪਰੋਸਣ ਦਾ ਭਾਵ ਹੈ ਕਿ ਥਾਲ ਉਹੋ ਖ਼ਰੀਦ ਸਕਦਾ ਹੈ ਜਿਸ ਦਾ ਗੁਜ਼ਰਾਨ ਸੌਖਾ ਹੋਵੇ। ਆਪਣੀ ਕੌਮ ਲਈ ਆਪਣਾ ਗ੍ਰੰਥ ਬਣਾ ਕੇ ਸਮੁੱਚੀ ਮਨੁੱਖਤਾ ਲਈ ਪਰੋਸ ਕੇ ਰੱਖਣਾ ਇਕ ਅਮੀਰ ਵਿਰਸੇ ਦੀ ਹੀ ਨਿਸ਼ਾਨੀ ਸੀ।

ਸਭ ਤੋਂ ਜ਼ਰੂਰੀ ਸੰਕੇਤ ਸੀ ਕਿ ਇਹ ਭੋਜਨ ਤਿਆਰ ਕਰਕੇ ਕਿਥੇ ਰੱਖਿਆ ਹੋਇਆ ਹੈ। ਜਦੋਂ ਵੀ ਜਗਿਆਸੂ ਨੂੰ ਭੁੱਖ ਲੱਗੇ, ਉਸ ਨੂੰ ਪਤਾ ਹੋਵੇ ਕਿ ਮੇਰੀ ਗੁਰੂ-ਮਾਂ ਨੇ ਭੋਜਨ ਤਿਆਰ ਕਰਕੇ ਥਾਲ ਵਿਚ ਰੱਖ ਦਿੱਤਾ ਹੈ। ਇਹ ਗੱਲਾਂ ਹਮੇਸ਼ਾਂ ਹੀ ਦੇਖਦੇ ਹਾਂ ਕਿ ਮਾਪੇ ਬਹੁਤ ਹੀ ਮਿਹਨਤ ਨਾਲ ਪਹਿਲਾਂ ਕਮਾਈ ਕਰਦੇ ਹਨ, ਫਿਰ ਵਸਤੂਆਂ ਲਿਆ ਕੇ ਮਾਂ ਬਹੁਤ ਹੀ ਮਿਹਨਤ ਨਾਲ ਪ੍ਰਸ਼ਾਦਾ ਬਣਾਉਂਦੀ ਹੈ। ਬੱਚੇ ਤਾਂ ਕੇਵਲ ਆਨੰਦ ਨਾਲ ਛੱਕਦੇ ਹਨ, ਘਾਲਣਾ ਤਾਂ ਮਾਪੇ ਹੀ ਘਾਲਦੇ ਹਨ। ਇਸ ਤਰ੍ਹਾਂ ਹੀ ਬਹੁਤ ਮਿਹਨਤ ਤੇ ਕਠਨ ਘਾਲਣਾ ਤਾਂ ਗੁਰੂ ਪਾਤਿਸ਼ਾਹ ਜੀ ਨੇ ਆਪ ਹੀ ਘਾਲੀ ਹੈ। ਸਾਨੂੰ ਤਾਂ ਸਿਰਫ਼ ਦੱਸ ਦਿੱਤਾ ਹੈ ਕਿ ਜਦੋਂ ਵੀ ਕਦੇ ਭੁੱਖ ਲੱਗੇ ਤਾਂ ਇਹ ਵਸਤੂਆਂ ਥਾਲ ਵਿਚ ਪਈਆਂ ਹਨ, ਉਥੋਂ ਛੱਕ ਕੇ ਤ੍ਰਿਪਤੀ ਪ੍ਰਾਪਤ ਕਰ ਸਕਦੇ ਹਾਂ। 'ਥਾਲ ਵਿਚਿ' ਸ਼ਬਦ ਬਿਲਕੁਲ ਸਪੱਸ਼ਟ ਹਨ ਪਰ ਫਿਰ ਵੀ ਅੱਜ ਦੁੱਖ ਦੀ ਗੱਲ ਹੈ ਕਿ ਆਪਾਂ ਭੋਜਨ ਬਾਹਰ ਭਾਲਦੇ ਫਿਰਦੇ ਹਾਂ। ਇਕ ਵਿਚਾਰ ਵੱਲ ਇਥੇ ਧਿਆਨ ਦੇਣਾ। ਭੋਜਨ ਬਾਹਰ ਢਾਬਿਆਂ ਜਾਂ ਹੋਟਲਾਂ 'ਤੇ ਵੀ ਮਿਲਦਾ ਹੈ। ਕਈ ਵਾਰੀ ਉਸ ਭੋਜਨ ਦਾ ਸੁਆਦ ਵੀ ਘਰ ਤੋਂ ਵਧੀਕ ਹੁੰਦਾ ਹੈ ਪਰ ਆਪਾਂ ਅਕਸਰ ਦੇਖਦੇ ਹਾਂ ਕਿ ਬੰਦਾ ਦੋ ਚਾਰ ਦਿਨ ਮਜਬੂਰੀ ਵਿਚ ਹੀ ਛੱਕਦਾ ਹੈ। ਘਰ ਦਾ ਪ੍ਰਸ਼ਾਦਾ ਹਰ ਰੋਜ਼ ਖ਼ੁਸ਼ ਹੋ ਕੇ ਛੱਕਦਾ ਹੈ। ਬਾਹਰ ਦਾ ਪ੍ਰਸ਼ਾਦਾ ਬਹੁਤ ਵਾਰੀ ਪੇਟ ਖ਼ਰਾਬ ਕਰਕੇ ਕਈ ਤਰ੍ਹਾਂ ਦੇ ਦੁੱਖ ਰੋਗ ਪੈਦਾ ਕਰ ਦਿੰਦਾ ਹੈ ਜਿਸ ਨਾਲ ਤਨ ਅਤੇ ਧਨ ਦੀ ਬਰਬਾਦੀ ਹੁੰਦੀ ਹੈ। ਦੁਨਿਆਵੀ ਬਾਹਰ ਦਾ ਪ੍ਰਸ਼ਾਦਾ ਤਾਂ ਤਨ ਅਤੇ ਧਨ ਦੀ ਹੀ ਬਰਬਾਦੀ ਕਰਦਾ ਹੈ ਪਰ ਇਥੇ ਤਾਂ ਥਾਲ ਵਿਚ ਪਈਆਂ ਵਸਤੂਆਂ ਦਾ ਤਿਆਗ ਕਰਕੇ ਬਾਹਰੋਂ ਨਕਲੀ ਦੇਹਧਾਰੀਆਂ ਦੇ ਡੇਰਿਆਂ ਤੋਂ ਖਾਧਾ ਭੋਜਨ ਸਾਰੀ ਜ਼ਿੰਦਗੀ ਹੀ ਬਰਬਾਦ ਕਰ ਦੇਵੇਗਾ। ਢਾਬਿਆਂ ਦੇ ਭੋਜਨ ਵਾਂਗੂ, ਬਾਹਰ ਦੀਆਂ ਵਸਤੂਆਂ ਭਾਵ ਪਾਖੰਡੀਆਂ ਦੇ ਦਿੱਤੇ ਭੋਜਨ ਰੂਪ ਉਪਦੇਸ਼ ਸੁਆਦ ਬਹੁਤ ਲੱਗਦੇ ਹਨ ਪਰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ

ਸੁਆਦ ਹੀ ਬਰਬਾਦ ਕਰਦਾ ਹੈ। ਗੁਰੂ ਜੀ ਵੱਲੋਂ ਤਿਆਰ ਕੀਤਾ ਭੋਜਨ ਰੋਗ ਲਾਉਂਦਾ ਨਹੀਂ ਬਲਕਿ **'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ'**। (ਰਹਰਾਸਿ ਸਾਹਿਬ) ਇਥੇ ਤਾਂ ਦੁਖਾਂ ਰੋਗਾਂ ਦਾ ਖ਼ਾਤਮਾ ਹੀ ਹੋ ਜਾਂਦਾ ਹੈ।

ਇਕ ਉਦਾਹਰਨ ਹੋਰ ਵਿਚਾਰਨੀ ਕੁਥਾਂ ਨਹੀਂ ਹੋਵੇਗੀ। ਢਾਬਿਆਂ ਵਾਲੇ ਹਮੇਸ਼ਾ ਬਾਹਰ ਨੁਮਾਇਸ਼ ਲਗਾ ਕੇ ਭਾਵ ਵੱਡੇ-ਵੱਡੇ ਪਤੀਲੇ ਰੱਖ ਕੇ ਜਗਿਆਸੂ ਨੂੰ ਖਿਚਦੇ ਹਨ ਪਰ ਘਰ ਵਿੱਚ ਕਦੇ ਭੋਜਨ ਦੀ ਨੁਮਾਇਸ਼ ਨਹੀਂ ਲਾਈ ਜਾਂਦੀ ਬਲਕਿ ਘਰ ਤਾਂ ਬਹੁਤ ਹੀ ਅਦਬ ਸਤਿਕਾਰ ਨਾਲ ਪ੍ਰਸ਼ਾਦਾ ਛਕਾਇਆ ਜਾਂਦਾ ਹੈ। ਇਸ ਤਰ੍ਹਾਂ ਹੀ ਪਖੰਡੀ ਖਿੱਚ ਪੈਦਾ ਕਰਨ ਲਈ ਕਈ ਤਰ੍ਹਾਂ ਦੇ ਕੌਤਕ ਆਦਿਕ ਪ੍ਰਗਟ ਕਰਕੇ ਲੋਕਾਂ ਨੂੰ ਖਿੱਚਦੇ ਹਨ ਕਿ ਸਾਡੇ ਭੋਜਨ ਵਿਚ ਤਾਕਤ ਹੈ, ਜਿਸ ਨਾਲ ਤੁਹਾਡਾ ਹਰ ਕਾਰਜ ਰਾਸ ਹੋ ਜਾਵੇਗਾ ਪਰ ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਭੋਜਨ ਜਿਹੜਾ ਥਾਲ ਵਿੱਚ ਪਰੋਸਿਆ ਹੈ, ਉਸ ਨੂੰ ਪਰੋਸਣ ਵਾਲੇ ਕੋਈ ਆਮ ਨਹੀਂ ਬਲਕਿ ਪ੍ਰਤੱਖ ਹਰਿ ਗੁਰੂ ਅਰਜਨ ਪਾਤਿਸ਼ਾਹ ਜੀ ਹਨ। ਕੀ ਕੋਈ ਗੁਰੂ ਨਾਨਕ ਸਾਹਿਬ ਜੀ, ਗੁਰੂ ਅੰਗਦ ਸਾਹਿਬ ਜੀ, ਗੁਰੂ ਅਮਰਦਾਸ ਜੀ, ਗੁਰ ਰਾਮਦਾਸ ਸਾਹਿਬ ਜੀ ਅਤੇ ਗੁਰੂ ਅਰਜਨ ਪਾਤਿਸ਼ਾਹ ਜੀ ਵਰਗਾ ਕੋਈ ਹੋਰ ਹੋ ਸਕਦਾ ਹੈ ? ਇਸ ਲਈ ਭੋਜਨ ਥਾਲ ਵਿੱਚ ਪਿਆ ਹੈ। ਉਹ ਥਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਥੇ ਰੱਖਿਆ ਭੋਜਨ ਪਵਿੱਤਰ ਤਾਂ ਹੈ ਪਰ ਨਾਲ ਹੀ ਹਰ ਉਹ ਤਾਕਤ ਬਖ਼ਸ਼ਣ ਵਾਲਾ ਹੈ ਜਿਸ ਨਾਲ ਜਗਿਆਸੂ ਹਰ ਤਰ੍ਹਾਂ ਦੀ ਮੁਸੀਬਤ ਨਾਲ ਲੜ ਕੇ ਜਿੱਤ ਹਾਸਿਲ ਕਰਨ ਦੇ ਕਾਬਿਲ ਹੋ ਜਾਂਦਾ ਹੈ।

ਚੇਤੇ ਰੱਖਣ ਵਾਲੀ ਵਿਚਾਰ ਹੈ ਕਿ ਭੋਜਨ ਲਈ ਵਸਤੂਆਂ ਕਈ ਮਹਾਂਪੁਰਖਾਂ ਨੇ ਤਿਆਰ ਕੀਤੀਆਂ ਸਨ। ਭਗਤ ਫ਼ਰੀਦ ਜੀ, ਭਗਤ ਕਬੀਰ ਸਾਹਿਬ ਜੀ ਜਾਂ ਹੋਰਾਂ ਭਗਤਾਂ ਨੇ ਪਰ ਥਾਲ ਭਾਵ ਪੂਰਨ ਗ੍ਰੰਥ ਕਿਸੇ ਨੇ ਵੀ ਅਜਿਹਾ ਤਿਆਰ ਨਹੀਂ ਕੀਤਾ ਸੀ। ਸੋ ਥਾਲ ਦਾ ਭਾਵ ਹੈ ਕਿ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ। ਥਾਲ ਗ੍ਰਹਿਸਥੀ ਜੀਵਨ ਦਾ ਸੰਕੇਤ ਹੈ, ਥਾਲ ਅਦਬ ਦਾ ਸੰਕੇਤ ਹੈ। ਥਾਲ, ਪਈਆਂ ਹੋਈਆਂ ਪਵਿੱਤਰ ਵਸਤੂਆਂ ਦਾ ਟਿਕਾਣਾ ਹੈ। ਜਿਹੜਾ ਇਥੇ ਰੱਖੇ ਭੋਜਨ ਨੂੰ **"ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥"** ਭਾਵ ਜੀਵਨ ਦਾ ਉਧਾਰ ਕਰ ਲਵੇਗਾ।

ਕੁਝ ਇਕ ਵਿਚਾਰਵਾਨਾਂ ਨੇ ਮਨੁੱਖੀ ਹਿਰਦੇ ਨੂੰ ਵੀ ਥਾਲ ਕਿਹਾ ਹੈ। ਜਿਵੇਂ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਨਾਂ ਦੇ ਗ੍ਰੰਥ ਅੰਦਰ ਮਨੁੱਖੀ ਹਿਰਦਾ ਅਰਥ ਕੀਤੇ ਹਨ-(ਪੰਨਾ 541) ਅਤੇ ਪ੍ਰੋ. ਸਾਹਿਬ ਸਿੰਘ ਜੀ ਨੇ ਦਰਪਣ ਅੰਦਰ ਮਨੁੱਖੀ ਹਿਰਦਾ ਅਰਥ ਕੀਤੇ ਹਨ-(ਪੋਥੀ ਦਸਵੀਂ), (ਪੰਨਾ 691) ਪਰ

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਥਾਲ ਸ਼ਬਦ ਦੇ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀਤੇ ਹਨ (ਪੰਨਾ 812)। ਡਾਕਟਰ ਗੁਰਚਰਨ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਕੋਸ਼ ਅੰਦਰ ਥਾਲ ਦਾ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕੀਤਾ ਹੈ। ਸੰਪਰਦਾਈ ਟੀਕਾ ਫ਼ਰੀਦਕੋਟ ਵਾਲੇ ਅੰਦਰ ਵੀ ਥਾਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕਿਹਾ ਗਿਆ ਹੈ।

ਮਹਾਨ ਵਿਦਵਾਨ ਸ: ਮਨਮੋਹਣ ਸਿੰਘ ਜੀ ਨੇ ਵੀ ਥਾਲ ਸ਼ਬਦ ਦਾ ਅਰਥ ਕਰਦਿਆਂ ਕੇਵਲ ਪਲੇਟ ਸ਼ਬਦ ਵਰਤਿਆ ਹੈ ਪਰ ਉਨ੍ਹਾਂ ਨੇ ਪਲੇਟ ਸ਼ਬਦ ਦੇ ਅਰਥ ਸਪੱਸ਼ਟ ਨਹੀਂ ਕੀਤੇ ਕਿ ਮਨੁੱਖੀ ਹਿਰਦਾ ਹੈ ਜਾਂ ਸ੍ਰੀ ਗੁਰੂ ਗ੍ਰੰਥ ਜੀ ਹਨ। ਅਜੋਕੇ ਸਮੇਂ ਦੇ ਵਿਦਵਾਨ ਗਿਆਨੀ ਹਰਬੰਸ ਸਿੰਘ ਜੀ ਪਟਿਆਲੇ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਅੰਦਰ ਥਾਲ ਦੇ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਦੇ ਹਨ—(ਪੋਥੀ ਚੌਦਵੀਂ ਪੰਨਾ 581)। ਡਾਕਟਰ ਰਤਨ ਸਿੰਘ ਜੱਗੀ ਦੀ ਮਹਾਨ ਕ੍ਰਿਤ ਗੁਰੂ ਗ੍ਰੰਥ ਵਿਸ਼ਵਕੋਸ਼ ਦੇ ਪੰਨਾ 390, ਭਾਗ ਦੂਜਾ ਦੇ ਮੁੰਦਾਵਣੀ ਸ਼ਬਦ ਅਧੀਨ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕੀਤੇ ਹਨ। ਸੋ ਆਪਾਂ ਵੀ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਅਰਥ ਮੰਨ ਕੇ ਚਲਦੇ ਹਾਂ। ਥਾਲ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਤਿੰਨ ਵਸਤੂਆਂ ਹਨ।

ਤਿੰਨਿ ਵਸਤੂ ਪਈਓ

ਇਕ ਪੁਰਾਤਨ ਰਵਾਇਤ ਹੈ ਕਿ ਜਦੋਂ ਵੀ ਕੋਈ ਬਹੁਤ ਹੀ ਖ਼ਾਸ ਚੀਜ਼ ਇਕ ਰਾਜਾ ਜਾਂ ਕੋਈ ਅਹਿਲਕਾਰ ਕਿਸੇ ਦੂਜੇ ਜ਼ਿੰਮੇਵਾਰ ਬੰਦੇ ਕੋਲ ਭੇਜਦਾ ਸੀ ਤਾਂ ਬਾਹਰੀ ਤੌਰ 'ਤੇ ਸੀਲ ਕਰਕੇ ਭਾਵ ਮੋਹਰ ਲਾ ਕੇ ਭੇਜਦਾ ਸੀ। ਦੂਜੀ ਗੱਲ, ਇਹ ਵੀ ਇਸ਼ਾਰਾ ਕਰ ਦਿੱਤਾ ਜਾਂਦਾ ਸੀ ਕਿ ਇਸ ਦੇ ਅੰਦਰ ਕੀ ਕੁਝ ਹੈ। ਇਸ ਨਾਲ ਰਸਤੇ ਵਿਚ ਜਾਂ ਹੋਰ ਕਿਸੇ ਬਦਨੀਤ ਬੰਦੇ ਨੂੰ ਇਸ ਵਿੱਚ ਵਾਧ ਘਾਟ ਕਰਨੀ ਔਖੀ ਹੋ ਜਾਂਦੀ ਸੀ। ਇਸ ਦਾ ਇਕ ਪ੍ਰਤੱਖ ਸਬੂਤ ਸਾਡੇ ਕੋਲ ਅੱਜ ਵੀ ਹੈ। ਸਤਿਗੁਰੂ ਜੀ ਨੇ ਆਪਣੀ ਸਰੀਰਕ ਹਯਾਤੀ ਵੇਲੇ ਜਿਹੜੇ ਹੁਕਮਨਾਮੇ ਲਿਖੇ ਸਨ ਤਾਂ ਬਹੁਤੀ ਵਾਰੀ ਉਨ੍ਹਾਂ ਹੁਕਮਨਾਮਿਆਂ ਦੀਆਂ ਪੰਗਤੀਆਂ ਥੱਲੇ ਇਸ਼ਾਰੇ ਮਾਤਰ ਲਿਖ ਕੇ ਫਿਰ ਦਸਤਖ਼ਤ ਕਰ ਦਿੱਤੇ ਜਾਂਦੇ ਸਨ, ਜਿਸ ਨਾਲ ਕੋਈ ਇਸ ਹੁਕਮ ਵਿੱਚ ਵਾਧ ਘਾਟ ਨਹੀਂ ਕਰ ਸਕਦਾ ਸੀ। (ਇਹ ਵਿਚਾਰ ਹੁਕਮਨਾਮੇ ਸੰਪਾਦਕ ਗੰਡਾ ਸਿੰਘ ਪੰਨਾ 13 'ਤੇ ਅੰਕਿਤ ਹੈ)।

ਮੁੰਦਾਵਣੀ ਸ਼ਬਦ ਦਾ ਅਰਥ ਮੋਹਰ ਵੀ ਹੋਣ ਕਰਕੇ ਸਤਿਗੁਰੂ ਜੀ ਨੇ ਇਹ ਸੱਚੇ ਦਾ ਸੱਚ-ਸੁਨੇਹਾ ਮਨੁੱਖਤਾ ਤੱਕ ਪਹੁੰਚਾਉਣ ਲਈ ਇਸ ਨੂੰ ਪੱਕੇ ਤੌਰ 'ਤੇ ਮੋਹਰਬੰਦ ਕਰ ਦਿੱਤਾ ਸੀ। ਸਰਕਾਰੀ ਮੋਹਰ ਸਰਕਾਰ ਹੀ ਖੋਲ੍ਹ ਸਕਦੀ ਹੈ। ਗੁਰੂ ਜੀ ਦੀ ਮੋਹਰ ਗੁਰੂ ਹੀ ਖੋਲ੍ਹ ਸਕਦੇ ਸਨ, ਹੋਰ ਕਿਸੇ ਨੂੰ ਕੋਈ ਵੀ ਹੱਕ ਨਹੀਂ ਹੁੰਦਾ ਸੀ। ਇਥੋਂ ਤੱਕ ਕਿ ਪਹਿਲੇ ਲਿਖਾਰੀ ਭਾਈ ਗੁਰਦਾਸ ਜੀ ਦੀ ਕੁਝ ਕੁ ਆਪਣੀ ਰਚਨਾ ਵੀ ਸੀ ਪਰ ਉਹ ਵੀ ਆਪਣੀ ਕਿਸੇ ਮਰਜ਼ੀ ਨਾਲ ਨਹੀਂ ਲਿਖ ਸਕਦੇ ਸਨ। ਹੁਕਮ ਸਤਿਗੁਰੂ ਜੀ ਦਾ ਜਾਂ ਵਿਚਾਰ ਸਤਿਗੁਰੂ ਜੀ ਦਾ ਸੀ ਤੇ ਕੇਵਲ ਕਲਮ ਹੀ ਲਿਖਾਰੀ ਦੀ ਸੀ। ਦੂਜੀ ਵਾਰੀ ਲਿਖਤੀ ਰੂਪ ਵਿੱਚ ਪਾਵਨ ਪਵਿੱਤਰ ਲਿਖਾਈ ਦੀ ਸੇਵਾ ਭਾਈ ਮਨੀ ਸਿੰਘ ਜੀ ਨੇ ਕੀਤੀ। ਉਨ੍ਹਾਂ ਦੀਆਂ ਵੀ ਦੋ ਲਿਖਤਾਂ, ਸਿੱਖਾਂ ਦੀ ਭਗਤਮਾਲਾ ਤੇ ਗਿਆਨ ਰਤਨਾਵਲੀ ਮਿਲਦੀਆਂ ਹਨ। ਉਹ ਵੀ ਆਪਣੀ ਮਰਜ਼ੀ ਨਾਲ ਕੋਈ ਬਚਨ ਅੰਕਿਤ ਨਹੀਂ ਕਰ ਸਕਦੇ ਸਨ। ਇਸ ਕਰਕੇ ਹੀ ਗੁਰੂ ਜੀ ਨੇ ਇਹ ਕਾਰਜ ਕਿਸੇ ਨੂੰ ਸੌਂਪਣ ਦੀ ਬਜਾਏ ਇਸ ਦੀ ਸੰਪੂਰਨਤਾ ਆਪ ਹੀ ਆਪਣੀ ਹਯਾਤੀ ਵਿੱਚ ਕਰ ਦਿੱਤੀ ਸੀ। ਯਾਦ ਰੱਖਣਯੋਗ ਵਿਚਾਰ ਹੈ ਕਿ ਪਹਿਲੀ ਮੋਹਰ ਸੱਚੀ ਸਰਕਾਰ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਪੰਜ ਗੁਰੂਆਂ ਦੀ ਬਾਣੀ, ਭੱਟਾਂ ਦੀ ਬਾਣੀ, ਭਗਤਾਂ ਦੀ ਬਾਣੀ ਅਤੇ ਗੁਰਸਿੱਖਾਂ ਦੇ ਬੋਲ ਅੰਕਿਤ ਕਰਕੇ ਆਪ ਹੀ ਲਾਈ ਸੀ। ਫਿਰ ਦੂਜੀ ਵਾਰੀ ਸੱਚੀ ਸਰਕਾਰ ਗੁਰੂ ਗੋਬਿੰਦ ਸਿੰਘ

ਜੀ ਮਹਾਰਾਜ ਨੇ ਹੀ ਮੋਹਰ ਖੋਲ੍ਹੀ ਅਤੇ ਆਪ ਹੀ ਗੁਰੂ ਤੇਗ ਬਹਾਦਰ ਪਾਤਿਸ਼ਾਹ ਜੀ ਦੇ ਪਾਵਨ ਪਵਿੱਤਰ ਅੰਮ੍ਰਿਤ ਬਚਨ ਦਰਜ ਕਰਕੇ ਫਿਰ ਬੰਦ ਕਰਕੇ ਸਦੀਵ ਸਦੀਵ ਲਈ ਸਪੱਸ਼ਟ ਕਰ ਦਿੱਤਾ ਕਿ ਹੁਣ ਇਸ ਵਿੱਚ ਕੋਈ ਘਾਟ ਵਾਧ ਨਹੀਂ ਹੋ ਸਕਦੀ।

ਵਿਚਾਰ ਦਾ ਮੁੱਦਾ ਤਿੰਨ ਵਸਤੂ ਹੈ, ਫਿਰ ਉਸ ਹੀ ਵਿਚਾਰ ਨੂੰ ਸ਼ੁਰੂ ਕਰੀਏ। ਸਤਿਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਇਥੇ ਤਿੰਨ ਵਸਤੂਆਂ ਪਈਆਂ ਹਨ। ਕੁਝ ਕੁ ਵਿਦਵਾਨਾਂ ਨੇ ਇਹ ਤਿੰਨ ਵਸਤੂਆਂ ਸਤ, ਸੰਤੋਖ ਅਤੇ ਵਿਚਾਰ ਮੰਨੀਆਂ ਹਨ ਪਰ ਜ਼ਿਆਦਾ ਵਿਦਵਾਨਾਂ ਦੀ ਵਿਚਾਰ ਸਤ, ਸੰਤੋਖ ਅਤੇ ਅੰਮ੍ਰਿਤ ਨਾਮ ਠਾਕੁਰ ਕਾ, ਇਹ ਤਿੰਨ ਵਸਤੂਆਂ ਬਾਰੇ ਹੈ।

1. ਡਾ. ਰਤਨ ਸਿੰਘ ਜੱਗੀ ਗੁਰੂ ਗ੍ਰੰਥ ਵਿਸ਼ਵਕੋਸ਼ ਅੰਦਰ ਵਸਤੂਆਂ ਸਤ, ਸੰਤੋਖ ਅਤੇ ਵਿਚਾਰ ਨੂੰ ਮੰਨਦੇ ਹਨ—(ਪੰਨਾ-390)

2. ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸ੍ਰੀ ਅਸ਼ਟ ਗੁਰ ਚਮਤਕਾਰ ਵਿੱਚ ਧੰਨ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਜੀਵਨ-ਯਾਤਰਾ ਅੰਦਰ ਹੈਰਾਨੀ ਦੀ ਗੱਲ ਹੈ, ਉਥੇ ਤਿੰਨ ਵਸਤੂਆਂ ਦਾ ਜ਼ਿਕਰ ਕਰਦੇ ਹਨ ਪਰ ਗਿਣਤੀ ਵਿੱਚ ਚਾਰ ਪ੍ਰਗਟ ਕਰਦੇ ਹਨ। ਇਹ ਹੈਰਾਨੀ ਵੀ ਦੂਰ ਹੋ ਜਾਂਦੀ ਹੈ ਜਦੋਂ ਅੱਗੋਂ ਬਿਲਕੁਲ ਸਪੱਸ਼ਟ ਕਰ ਦਿੰਦੇ ਹਨ ਕਿ ਮੁੰਦਾਵਣੀ (ਬੁਝਾਰਤ) ਨੂੰ ਖੋਹਲਣਾ ਹੈ ਅਤੇ ਸਤ ਅਤੇ ਸੰਤੋਖ ਦੀ ਵਿਚਾਰ ਨਾਲ ਇਹ ਬੁਝਾਰਤ ਖੁਲ੍ਹਦੀ ਹੈ। ਫਿਰ ਪਤਾ ਲੱਗਦਾ ਹੈ ਕਿ ਤੀਜੀ ਵਸਤੂ ਅੰਮ੍ਰਿਤ ਨਾਮ ਠਾਕੁਰ ਕਾ ਹੀ ਹੈ। (ਅਸ਼ਟ ਚਮਤਕਾਰ ਪੰਨਾ-66, ਨਵੀਂ ਐਡੀਸ਼ਨ)

3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕਾਕਾਰ ਸ. ਮਨਮੋਹਨ ਸਿੰਘ ਜੀ ਨੇ ਤਿੰਨ ਵਸਤੂਆਂ ਸਚ, ਸੰਤੁਸ਼ਟਤਾ ਅਤੇ ਸਿਮਰਨ ਨੂੰ ਮੰਨਿਆ ਹੈ। (ਇੰਟਰਨੈੱਟ ਰਾਹੀਂ)

4. ਫ਼ਰੀਦਕੋਟ ਵਾਲੇ ਟੀਕੇ ਅੰਦਰ ਵੀ ਸਤ, ਸੰਤੋਖ ਅਤੇ ਅੰਮ੍ਰਿਤ ਨਾਮ ਤਿੰਨ ਵਸਤੂਆਂ ਮੰਨੀਆਂ ਹਨ।

5. ਪ੍ਰੋ. ਸਾਹਿਬ ਸਿੰਘ ਜੀ ਦਰਪਣ ਦੀ ਦਸਵੀਂ ਪੋਥੀ ਦੇ ਪੰਨਾ 691 'ਤੇ ਤਿੰਨ ਵਸਤੂਆਂ ਸਤ, ਸੰਤੋਖ ਅਤੇ ਵੀਚਾਰ ਨੂੰ ਮੰਨਦੇ ਹਨ।

6. ਮਹਾਨ ਕੋਸ਼ ਦੇ ਕਰਤਾ ਨੇ ਤਿੰਨ ਵਸਤੂਆਂ ਸਤ, ਸੰਤੋਖ ਅਤੇ ਵੀਚਾਰ ਲਿਖੀਆਂ ਹਨ। (ਥਾਲ ਹੈਡਿੰਗ ਦੇ ਅਧੀਨ-ਮਹਾਨ ਕੋਸ਼ ਪੰਨਾ 612)

7. ਗਿਆਨੀ ਹਰਬੰਸ ਸਿੰਘ ਜੀ ਅਨੁਸਾਰ ਸਤ, ਸੰਤੋਖ ਅਤੇ ਤੀਜੀ ਵਸਤੂ ਵੀਚਾਰ ਹੈ। (ਦਰਸ਼ਨ ਨਿਰਣੈ ਪੋਥੀ 14, ਪੰਨਾ 581)

ਸਾਰੀ ਵਿਚਾਰ ਵਿਚ ਭੁਲੇਖਾ ਕੇਵਲ ਵੀਚਾਰੋ ਜਾਂ ਅੰਮ੍ਰਿਤ ਨਾਮ ਠਾਕੁਰ ਕਾ ਹੀ ਹੈ। ਸਾਡਾ ਮਕਸਦ ਇਥੇ ਕਿਸੇ ਨਿਰਣੈ ਦਾ ਨਹੀਂ ਹੈ, ਪਰ ਭਾਈ ਵੀਰ ਸਿੰਘ

ਜੀ ਦੀ ਵਿਚਾਰ ਅਨੁਸਾਰ ਆਪਾਂ ਤਿੰਨ ਵਸਤੂਆਂ—ਸਤ, ਸੰਤੋਖ ਅਤੇ ਅੰਮ੍ਰਿਤ ਨਾਮੁ ਠਾਕੁਰ ਕਾ ਮੰਨਿਆ ਹੈ। ਕਿਉਂਕਿ ਪਈਓ ਸ਼ਬਦ ਸਪੱਸ਼ਟ ਹੈ। ਸਾਹਿਬ ਜੀ ਕ੍ਰਿਪਾ ਕਰਦੇ ਹਨ ਕਿ ਥਾਲ ਵਿਚਿ ਤਿੰਨਿ ਵਸਤੂ ਪਈਓ ਨਾਲ ਹੀ ਸਪੱਸ਼ਟ ਕੀਤਾ ਹੈ ਕਿ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ। ਜੇ ਕਰ ਦੋਨੋ ਵਾਰੀ ਵਰਤੇ ਸ਼ਬਦ ਪਇਓ ਨੂੰ ਸਾਹਮਣੇ ਰੱਖੀਏ ਤਾਂ ਸਪੱਸ਼ਟ ਹੈ ਕਿ ਤੀਜੀ ਵਸਤੂ ਅੰਮ੍ਰਿਤ ਨਾਮ ਹੀ ਹੈ। ਗੁਰਬਾਣੀ ਅੰਦਰ ਨਾਮ ਕੇਵਲ ਸਤ ਸੰਤੋਖ ਦਾ ਹੀ ਆਧਾਰ ਨਹੀਂ ਬਲਕਿ ਇਹ ਤਾਂ ਸਭਸ ਦਾ ਆਧਾਰ ਹੋਣ ਕਰਕੇ ਜੋ ਕੁਝ ਵੀ ਦੇਖਦੇ ਹਾਂ, ਉਹ ਸਭ ਕੁਝ ਨਾਮ ਦੇ ਅਧਾਰ 'ਤੇ ਹੀ ਹੈ।

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੈ ਧਾਰੇ ਪੁਰੀਆ ਸਭ ਭਵਨ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥

(ਪੰਨਾ ੨੮੪)

ਸੋ ਸਪੱਸ਼ਟ ਹੈ ਕਿ ਤੀਜੀ ਵਸਤੂ ਅੰਮ੍ਰਿਤ ਨਾਮੁ ਹੀ ਹੈ। 'ਵੀਚਾਰੋ' ਨੂੰ ਵਸਤੂ ਮੰਨੀਏ ਤਾਂ ਫਿਰ ਗਿਣਤੀ ਚਾਰ ਹੋ ਜਾਂਦੀ ਹੈ। ਇਸ ਨਾਲ ਤਿੰਨਿ ਵਸਤੂ ਪਈਓ ਦੇ ਬਚਨਾਂ ਦੀ ਵਿਚਾਰ ਨਾਲ ਫ਼ਰਕ ਪੈ ਜਾਂਦਾ ਹੈ। ਵਸਤੂਆਂ ਵੀ ਤਿੰਨ ਹੀ ਰੱਖ ਸਕਦੇ ਹਾਂ। ਗਿਣਤੀ ਵਿੱਚ ਵਾਧਾ ਘਾਟਾ ਨਹੀਂ ਕਰ ਸਕਦੇ।

ਗੁਰੂ ਅਮਰਦਾਸ ਜੀ ਨੇ ਵੀ ਸਪੱਸ਼ਟ ਕੀਤਾ ਹੈ ਕਿ
ਥਾਲੈ ਵਿਚਿ ਤ੍ਰੈ ਵਸਤੂ ਪਈਓ, ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥

(ਪੰਨਾ ੬੪੫)

ਸੋ ਇਥੇ ਵੀ ਵਿਚਾਰ ਸਪੱਸ਼ਟ ਹੈ ਕਿ ਗੁਰੂ ਅਮਰਦਾਸ ਜੀ ਅੰਮ੍ਰਿਤ ਨਾਮ ਨੂੰ ਇਕ ਵਸਤੂ ਆਖਦੇ ਹਨ। ਗੁਰੂ ਅਮਰਦਾਸ ਜੀ ਨੇ ਗਿਣਤੀ ਦਾ ਇਸ਼ਾਰਾ ਬਿਲਕੁਲ ਪ੍ਰਗਟ ਕੀਤਾ ਹੈ ਕਿ 'ਥਾਲੈ ਵਿਚ ਤ੍ਰੈ ਵਸਤੂ ਪਈਓ' ਪਰ ਤਿੰਨ ਦੀ ਗਿਣਤੀ ਵਿੱਚ ਵਸਤੂ ਦਾ ਨਾਮ ਇਕ ਦਾ ਹੀ ਲਿਖਿਆ ਹੈ, ਬਾਕੀ ਦੋ ਵਸਤੂਆਂ ਇਥੇ ਹਜ਼ੂਰ ਨੇ ਗੁਪਤ ਰੱਖੀਆਂ ਹਨ। ਗੁਰੂ ਅਰਜਨ ਪਾਤਿਸ਼ਾਹ ਜੀ ਨੇ ਇਨ੍ਹਾਂ ਦੋ

ਵਸਤੂਆਂ ਦਾ ਜ਼ਿਕਰ ਪਹਿਲੀ ਹੀ ਪੰਗਤੀ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਦੋ ਵਸਤੂਆਂ ਸਤ ਅਤੇ ਸੰਤੋਖ ਹਨ। ਵਿਚਾਰ ਨਾਲ ਹੀ ਇਨ੍ਹਾਂ ਨੂੰ ਮਾਣਿਆ ਜਾ ਸਕਦਾ ਹੈ। ਵਿਚਾਰ ਇਕ ਮਾਨਣ ਦਾ ਢੰਗ ਤਰੀਕਾ ਹੈ।

ਸਤਿਗੁਰੂ ਜੀ ਦੀ ਬਾਣੀ ਵਿੱਚ ਵਿਚਾਰ ਨੂੰ ਵਾਰ ਵਾਰ ਪੂਰਨ ਤੌਰ 'ਤੇ ਅਨੰਦ ਮਾਨਣ ਲਈ ਹੀ ਵਰਤਿਆ ਹੈ। ਜਿਵੇਂ ਗੁਰੂ ਜੀ ਦੇ ਦੀਦਾਰ ਵੀ ਪਵਿੱਤਰ ਹਨ ਪਰ ਅਸਲ ਆਨੰਦ ਉਦੋਂ ਮਾਣਿਆ ਜਾ ਸਕਦਾ ਹੈ ਜਦੋਂ ਵਿਚਾਰ ਰੂਪ ਵਿੱਚ ਵੀ ਦਰਸ਼ਨ ਪ੍ਰਾਪਤ ਹੁੰਦੇ ਹਨ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

(ਪੰਨਾ ੫੯੪)

ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥

(ਪੰਨਾ ੬੮੫)

ਅਸਲ ਅਨੰਦ ਹਰ ਚੀਜ਼ ਦੇ ਵਿਚਾਰਿਆਂ ਹੀ ਹੁੰਦਾ ਹੈ। ਵੀਚਾਰ ਦੇ ਪਾਵਨ ਸ਼ਬਦਾਂ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਸਾਹਿਬ ਜੀ ਨੇ ਸਤ ਸੰਤੋਖ ਵਾਂਗੂੰ ਵੀਚਾਰ ਨਹੀਂ ਲਿਖਿਆ ਬਲਕਿ ਵੀਚਾਰੋ ਸ਼ਬਦ ਹੈ। ਇਸ ਨਾਲ ਅਰਥ ਬਣ ਜਾਂਦਾ ਹੈ ਕਿ ਇਥੇ ਸਤ ਦੀ ਵੀਚਾਰ ਹੈ, ਦੂਜਾ ਸੰਤੋਖ ਦੀ ਵੀਚਾਰ ਹੈ ਅਤੇ ਤੀਜਾ ਅੰਮ੍ਰਿਤ ਨਾਮ ਦੀ ਵੀਚਾਰ ਹੈ। ਸਤਿਗੁਰੂ ਜੀ ਵੱਲੋਂ ਮੋਹਰ ਦੇ ਨਾਲ ਹੀ ਇਸ਼ਾਰਾ ਕੀਤਾ ਹੈ ਕਿ ਤਿੰਨ ਵਸਤੂਆਂ ਹਨ। ਅਸਲ ਪਾਰ ਉਤਾਰਾ ਤਾਂ ਨਾਮ ਨੇ ਹੀ ਕਰਨਾ ਹੈ ਪਰ ਸਤ ਅਤੇ ਸੰਤੋਖ ਦੀ ਵੀਚਾਰ ਤੋਂ ਬਿਨਾਂ ਨਾਮ ਦਾ ਨਿਵਾਸ ਨਹੀਂ ਹੁੰਦਾ। ਸਤ ਚੰਗੇ ਆਚਰਣ ਲਈ ਸ਼ਬਦ ਹੈ। ਕਿਸੇ ਦਾ ਆਚਰਣ ਬਹੁਤ ਚੰਗਾ ਹੋਵੇ ਪਰ ਨਾਮ ਨਾ ਹੋਵੇ ਤਾਂ ਉਹ ਮੰਜ਼ਿਲ ਨਹੀਂ ਪਾ ਸਕਦਾ ਕਿਉਂਕਿ ਚੰਗੇ ਕੰਮ ਤਾਂ ਹਰ ਕੋਈ ਕਰ ਸਕਦਾ ਹੈ ਪਰ ਚੰਗੀ ਨੀਅਤ ਨਾਲ ਚੰਗਾ ਕੰਮ ਕਰਨਾ ਇਹ ਕੋਈ ਸੁੱਚਾ ਹਿਰਦਾ ਹੀ ਕਰ ਸਕਦਾ ਹੈ। ਹਿਰਦਾ ਕੇਵਲ ਨਾਮ ਨਾਲ ਹੀ ਸੁੱਚਾ ਹੁੰਦਾ ਹੈ।

ਸੰਤੋਖੀ ਦੁਨੀਆ ਵੀ ਬਹੁਤ ਹੋ ਸਕਦੀ ਹੈ ਪਰ ਸੰਤੋਖ ਦੇ ਨਾਲ ਨਾਮ ਜਪ ਕੇ ਹੀ ਆਤਮਾ ਪਰਮਾਤਮਾ ਦੀ ਨਿੱਘੀ ਮਿਲਣੀ ਦਾ ਅਨੰਦ ਮਾਣ ਸਕਦੀ ਹੈ। ਸੋ ਸਤ ਅਤੇ ਸੰਤੋਖ ਨਾਮ ਨਿਵਾਸ ਲਈ ਅਤਿਅੰਤ ਜ਼ਰੂਰੀ ਸਨ। ਤੀਜੀ ਵਸਤੂ ਨਾਮ ਨੇ ਪਾਰ ਉਤਾਰਾ ਕਰ ਦੇਣਾ ਹੈ। ਇਸ ਲਈ ਥਾਲ ਭਾਵ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਰੂਪੀ ਥਾਲ ਵਿੱਚ ਸਤ ਸੰਤੋਖ ਅਤੇ ਅੰਮ੍ਰਿਤ ਨਾਮ ਠਾਕੁਰ ਇਹ ਤਿੰਨ ਵਸਤੂਆਂ ਮਨੁੱਖਤਾ ਦੇ ਉਧਾਰ ਲਈ ਪਈਆਂ ਹਨ। ਜਿਹੜਾ ਵੀ ਕੋਈ ਖਾਵੇਗਾ ਤੇ ਪਚਾ ਲਵੇਗਾ ਉਸ ਦਾ ਯਕੀਨਨ ਉਧਾਰ ਹੋਵੇਗਾ।

ਇਤਿਹਾਸ ਵਿਚ ਜ਼ਿਕਰ ਹੈ ਕਿ ਜਦੋਂ ਸਤਿਗੁਰੂ ਨਾਨਕ ਸਾਹਿਬ ਜੀ ਮਹਾਰਾਜ ਸੁਲਤਾਨਪੁਰ ਲੋਧੀ ਦੀ ਕਾਰ ਮਗਰੋਂ ਇਕ ਦਿਨ ਜਲ ਸਮਾਧੀ ਹੋਏ ਤਾਂ ਨਿਰੰਕਾਰ ਦੇ ਦਰਬਾਰੋਂ ਕੁਝ ਵਸਤੂਆਂ ਸੰਸਾਰ ਲਈ ਲਿਆਂਦੀਆਂ ਸਨ। ਇਸ ਗੱਲ ਵਿਚ ਕੋਈ ਸ਼ੱਕ ਜਾਂ ਦੋ ਰਾਵਾਂ ਨਹੀਂ ਕਿ ਗੁਰੂ ਅਤੇ ਪਰਮੇਸ਼ਰ ਜੀ ਦਾ ਆਪਸੀ ਇਕਮਿਕਤਾ ਦਾ ਰਿਸ਼ਤਾ ਹੈ। ਗੁਰਬਾਣੀ ਦੇ ਪਵਿੱਤਰ ਬਚਨ ਹਨ :

ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥

(ਪੰਨਾ ੧੧੪੨)

ਪਾਰਬ੍ਰਹਮੁ ਪਰਮੇਸਰੁ ਅਨੂਪੁ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥

(ਪੰਨਾ ੧੧੫੨)

ਸੋ ਗੁਰੂ ਅਤੇ ਪਰਮੇਸ਼ਰ ਇਕਮਿਕਤਾ ਵਾਲਾ ਰਿਸ਼ਤਾ ਰੱਖਦੇ ਹਨ ਪਰ ਫਿਰ ਵੀ ਸੰਸਾਰਕ ਲੋਕਾਂ ਦੀ ਰੀਤ ਮੁਤਾਬਿਕ ਸੰਸਾਰੀ ਕਰਮ ਕਰਦਿਆਂ ਹਜ਼ੂਰ ਨੇ ਰੱਬੀ ਦਰਬਾਰ ਵਿਚੋਂ ਵੀ ਤਿੰਨ ਹੀ ਵਸਤੂਆਂ ਲਿਆਂਦੀਆਂ ਸਨ। ਰੱਬ ਦਾ ਉਪਦੇਸ਼ ਰੱਬ ਦੇ ਬੰਦਿਆਂ ਨੂੰ ਦੇਣ ਵਾਸਤੇ ਰੱਬ ਦੇ ਦਰਬਾਰ ਵਿਚੋਂ ਹੀ ਰੱਬ ਦੀਆਂ ਬਖ਼ਸ਼ੀਆਂ ਤਿੰਨ ਵਸਤੂਆਂ ਲਿਆਂਦੀਆਂ ਸਨ। ਉਨ੍ਹਾਂ ਵਸਤੂਆਂ ਦਾ ਜ਼ਿਕਰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕੀਤਾ ਹੈ ਕਿ

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ॥
ਰੇਤੁ ਅੱਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤਪੱਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ॥
ਬਾਬਾ ਪੈਧਾ ਸਚਿਖੰਡਿ ਨਉਨਿਧਿ ਨਾਮੁ ਗਰੀਬੀ ਪਾਈ॥

(ਵਾਰ ੧, ਪਉੜੀ ੨੪)

ਇਹ ਤਿੰਨ ਵਸਤੂਆਂ ਸਨ : (1) ਨਉ ਨਿਧਿ (2) ਨਾਮ (3) ਗਰੀਬੀ। ਨਉ ਨਿਧਿ ਵਿੱਚ ਹੀ ਦੁਨੀਆਂ ਦੀ ਹਰ ਉਹ ਚੀਜ਼ ਸ਼ਾਮਿਲ ਹੈ ਜਿਸ ਨਾਲ ਸੰਸਾਰਕ ਜੀਵਨ ਸੁਹੇਲਾ ਹੁੰਦਾ ਹੈ। ਜਦੋਂ ਹਰ ਤਰ੍ਹਾਂ ਦਾ ਖ਼ਜ਼ਾਨਾ ਕੋਲ ਹੋਵੇਗਾ ਫਿਰ ਭਟਕਣਾ ਮੁੱਕ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਨਾਲ ਜੀਵਨ-ਸਾਂਝ ਪਾਉਣ ਵਾਲੇ ਦੇ ਜੀਵਨ ਵਿਚ ਕਦੇ ਦੁਨਿਆਵੀ ਪਦਾਰਥਾਂ ਦੀ ਘਾਟ ਨਹੀਂ ਹੁੰਦੀ। ਜੀਵਨ ਸੰਤੋਖੀ ਹੋਣ ਕਰਕੇ ਉਹ ਲੋਕ ਇਨ੍ਹਾਂ ਦੀ ਵਰਤੋਂ ਤੋਂ ਵੀ ਉਪਰ ਉਠ ਜਾਂਦੇ ਹਨ। ਭਗਤ ਰਵਿਦਾਸ ਜੀ ਦਾ ਬਹੁਤ ਹੀ ਪਿਆਰਾ ਬਚਨ ਹੈ। ਉਸ ਬਚਨ ਅੰਦਰ ਭਗਤ ਜੀ ਆਖਦੇ ਹਨ ਕਿ ਦੁਨੀਆਂ ਆਪਣੀ ਅੱਖ ਨਾਲ ਵੇਖ ਕੇ ਮੇਰੀ ਗ਼ਰੀਬੀ ਦਾ ਮਖ਼ੌਲ ਉਡਾਉਂਦੀ ਹੈ। ਦੁਨੀਆਂਦਾਰਾਂ ਕੋਲ ਕੇਵਲ ਦੁਨਿਆਵੀ ਅੱਖ ਹੈ ਜਿਸ ਨਾਲ ਉਨ੍ਹਾਂ ਨੂੰ ਮੇਰੀ ਬਾਹਰੀ ਦਸ਼ਾ ਹੀ ਦਿੱਸ ਸਕਦੀ ਹੈ

ਪਰ ਹੇ ਨਿਰੰਕਾਰ ਜੀਉ! ਇਹ ਤੁਸੀਂ ਕਿਰਪਾ ਕੀਤੀ ਹੋਈ ਹੈ ਕਿ ਨਉ ਨਿਧੀਆਂ ਅਠਾਰਹ ਸਿਧੀਆਂ ਭਾਵ ਸਭ ਕੁਝ ਦੇ ਦਾਤਿਆ! ਸਭ ਕੁਝ ਮੇਰੀ ਤਲੀ 'ਤੇ ਰੱਖਿਆ ਹੋਇਆ ਹੈ।

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥

(ਪੰਨਾ ੮੫੮)

ਪਰਮੇਸ਼ਰ ਜੀ ਦੇ ਦਰਬਾਰ ਤੋਂ ਨਵਨਿਧੀ ਤਾਂ ਲਿਆਂਦੀ ਪਰ ਨਾਲ ਸੰਤੋਖ ਹੋਣ ਕਰਕੇ ਤ੍ਰਿਪਤੀ ਹੈ। ਨਉਨਿਧ ਦਾ ਮਾਲਿਕ ਹੀ ਅਸਲ ਵਿੱਚ ਸੰਤੋਖੀ ਹੋ ਸਕਦਾ ਹੈ।

ਦੂਜੀ ਵਸਤੂ ਨਾਮ ਦੀ ਦਾਤ ਹੈ। ਇਧਰ ਵੀ ਥਾਲ ਵਿੱਚ ਪਈ ਇਕ ਵਸਤੂ ਨਾਮ ਹੀ ਹੈ। ਨਾਮ ਨਾਲ ਹੀ ਰੱਬ ਨੇ ਸਭ ਕੁਝ ਸਾਜ ਕੇ, ਸਾਈਂ ਜੀ ਦੇ ਨਾਮ ਨਾਲ ਹੀ ਜੋੜ ਕੇ ਜੀਵ ਨੂੰ ਆਪਣਾ ਰੂਪ ਬਣਾ ਲੈਣਾ ਹੈ। ਨਾਮ ਤੋਂ ਵਿਹੂਣੇ ਨੂੰ ਹੀ ਭਟਕਣਾ ਹੈ।

ਹਰਿ ਬਿਸਰਤ ਸਦਾ ਖੁਆਰੀ॥
ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥

(ਪੰਨਾ ੭੧੧)

ਤੀਸਰੀ ਵਸਤੂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਗ਼ਰੀਬੀ ਕਿਹਾ ਹੈ। ਸੱਚ ਦੇ ਜੀਵਨ ਦੀ ਰਾਖੀ ਕੇਵਲ ਗ਼ਰੀਬੀ ਹੀ ਕਰ ਸਕਦੀ ਹੈ। ਇਸ ਤਰ੍ਹਾਂ ਸਾਰੇ ਗੁਣਾਂ ਵਾਲਾ ਹੋ ਕੇ ਵੀ ਬੇਅੰਤ ਨਿਮਰਤ੍ਰਾ ਵਿੱਚ ਰਹਿਣਾ ਹੀ ਅਸਲ ਵਿਚ ਉੱਚੇ ਆਚਰਣ ਦੀ ਨਿਸ਼ਾਨੀ ਹੈ। ਜੋ ਕੋਲ ਨਹੀਂ, ਉਸ ਦਾ ਪ੍ਰਗਟਾਵਾ ਕਰਨਾ ਜੀਵਨ ਦਾ ਹੋਛਾਪਣ ਹੈ ਪਰ ਸਭ ਕੁਝ ਪਾ ਕੇ ਵੀ ਗ਼ਰੀਬੀ ਦੀ ਭਾਵ ਨਿਮਰਤਾ ਦੀ ਅਵਸਥਾ ਵਿੱਚ ਰਹਿਣਾ ਹੀ ਅਸਲ ਦਾਨਾਪਣ ਹੈ। ਇਸ ਗ਼ਰੀਬੀ ਦਾ ਅਰਥ ਦੁਨਿਆਵੀ ਪਦਾਰਥਾਂ ਦੀ ਥੋੜ ਵਾਲੀ ਗ਼ਰੀਬੀ ਨਹੀਂ, ਇਥੇ ਤਾਂ ਸਗੋਂ ਨਉਨਿਧ ਅਤੇ ਨਾਮ ਵੀ ਪਾ ਕੇ ਫਿਰ ਗ਼ਰੀਬ ਬਣ ਕੇ ਰਹਿਣਾ ਹੈ। ਦੁਨਿਆਵੀ ਗ਼ਰੀਬੀ ਤੋਂ ਤਾਂ ਸਾਹਿਬ ਜੀ ਨੇ ਸੁਚੇਤ ਕਰਦਿਆਂ, ਉੱਦਮ ਕਰਕੇ ਕਮਾਉਣ ਦੀ ਤਾਕੀਦ ਕੀਤੀ ਹੈ। ਇਸ ਕਮਾਉਣ ਨਾਲ ਹੀ ਘਰ ਸੋਹਣਾ ਤੇ ਕਿਸੇ ਦੀ ਲੋੜ ਪੂਰੀ ਕਰਨ ਵਾਲਾ ਹੋ ਸਕਦਾ ਹੈ। ਚੰਗਾ ਖਾਧਾ ਤੇ ਪਹਿਨਿਆ ਜਾ ਸਕਦਾ ਹੈ ਪਰ ਇਹ ਰਿਦੇ ਦੀ ਗਰੀਬੀ ਤਾਂ ਬਹੁਤ ਹੀ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਸਾਹਿਬ ਸਤਿਗੁਰੂ ਜੀ ਦਾ ਨਿਰਮਲ ਬਚਨ ਹੈ :—

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥

(ਪੰਨਾ ੨੭੮)

ਦੁਨੀਆਂ ਦੀ ਗ਼ਰੀਬੀ ਹੋਵੇ ਤਾਂ ਹਰ ਕੋਈ ਸਾਥ ਛੱਡ ਜਾਂਦਾ ਹੈ।

ਨਿਰਧਨ ਆਦਰੁ ਕੋਈ ਨ ਦੇਇ॥

(ਪੰਨਾ ੧੧੫੯)

ਗ਼ਰੀਬ ਨੂੰ ਹਰ ਕੋਈ ਲਤਾੜਨਾ ਚਾਹੁੰਦਾ ਹੈ। ਗੁਰਮਤਿ ਦੀ ਗ਼ਰੀਬੀ ਨਾਲੋਂ ਕੋਈ ਸਾਥ ਨਹੀਂ ਛੱਡਦਾ ਬਲਕਿ ਭਗਤੀ ਕਰਕੇ ਨਿਮਰਤਾ ਵਿਚ ਰਹਿਣ ਵਾਲੇ ਦੀ ਤਾਂ ਸਾਰਾ ਸੰਸਾਰ ਹੀ ਨੇੜਤਾ ਚਾਹੁੰਦਾ ਹੈ। ਇਸ ਗ਼ਰੀਬ ਨੂੰ ਕਿਸੇ ਨੇ ਕੀ ਲਤਾੜਨਾ ਹੈ ਸਗੋਂ ਇਥੋਂ ਤਾਂ ਚਰਨ ਧੂੜ ਚੁੱਕ ਕੇ ਮਸਤਕ 'ਤੇ ਲਾਈ ਜਾਂਦੀ ਹੈ। ਦੁਨੀਆਂ ਦੇ ਗ਼ਰੀਬ ਕੋਲੋਂ ਹਰ ਕੋਈ ਡਰਦਾ ਹੈ ਕਿ ਕੁਝ ਮੰਗ ਨਾ ਲਵੇ, ਕਿਉਂਕਿ ਆਪ ਦੁਖੀ ਹੈ ਤੇ ਦੁੱਖ ਹੀ ਦੇਵੇਗਾ। ਗੁਰਮਤਿ ਦੀ ਗਰੀਬੀ ਵਾਲੇ ਕੋਲ ਹਰ ਕੋਈ ਆਉਂਦਾ ਹੈ, ਕਿਉਂਕਿ ਇਥੇ ਦੁੱਖ ਮਿਲਦਾ ਨਹੀਂ ਸਗੋਂ ਇਥੋਂ ਤਾਂ ਦੁਖਾਂ ਦਾ ਭਾਰ ਘਟਾਇਆ ਜਾਂਦਾ ਹੈ। ਸਰਮਦ ਰੱਬੀ ਫ਼ਕੀਰ ਸੀ, ਜਿਸ ਦੀ ਸ਼ਹਾਦਤ ਔਰੰਗਜ਼ੇਬ ਦੇ ਮੁਤੱਸਬੀ ਹੋਣ ਨਾਲ ਹੋਈ ਸੀ। ਸਰਮਦ ਫ਼ਕੀਰ ਨੇ ਕੱਪੜੇ ਪਹਿਨਣੇ ਛੱਡ ਦਿੱਤੇ ਸਨ। ਇਹ ਆਖਦਾ ਸੀ ਕਿ ਜਿਹੜਾ ਪਾਪ ਕਰਦਾ ਹੈ, ਉਸ ਨੂੰ ਛੁਪਾਉਣ ਲਈ ਬਸਤਰਾਂ ਦੀ ਜ਼ਰੂਰਤ ਹੈ। ਇਸ ਗੱਲ ਨੂੰ ਸ਼ਰ੍ਹਾ ਤੋਂ ਉਲਟ ਸਮਝ ਕੇ ਔਰੰਗਜ਼ੇਬ ਨੇ ਉਸ ਨੂੰ ਕਤਲ ਕਰਵਾ ਦਿੱਤਾ ਸੀ। ਇਸ ਦੀਆਂ ਲਿਖੀਆਂ ਕੁਝ ਰੁਬਾਈਆਂ ਵਿਚੋਂ ਇਕ ਰੁਬਾਈ ਦਾ ਤਰਜਮਾ ਹੈ—

ਆ ਮਿਤਰ ਇਸ ਜ਼ਮਾਨੇ ਵਿੱਚ, ਜਿੰਨੀ ਹੁੰਦੀ ਹੈ ਨੇਕੀ ਦੀ ਕਾਰ ਕਰ ਲੈ।
ਚਾਰ ਸਾਹਾਂ ਦੀ ਜ਼ਿੰਦਗੀ ਮਿਲੀ ਤੈਨੂੰ, ਤੰਗ ਕਰ ਨਾ ਕਿਸੇ ਨੂੰ ਪਿਆਰ ਕਰ ਲੈ।
ਇਹਦੇ ਨਾਲ ਦੀ ਕੋਈ ਨਾ ਹੋਰ ਨੇਕੀ, ਖ਼ੁਸ਼ ਕੋਈ ਦਰਵੇਸ਼ ਦਿਲਦਾਰ ਕਰ ਲੈ।
ਦੁਖਾਂ ਦਰਦਾਂ ਦਾ ਮਾਰਿਆ ਕੋਈ ਹੋਵੇ, ਹੌਲਾ ਉਸ ਦੇ ਗ਼ਮਾਂ ਦਾ ਭਾਰ ਕਰ ਲੈ॥

(260)

ਵੀਚਾਰ ਦਾ ਭਾਵ ਹੈ ਕਿ ਗੁਰਮਤਿ ਦੀ ਗਰੀਬੀ ਵਾਲਾ ਆਪ ਕਿਸੇ ਤੋਂ ਕੁਝ ਮੰਗ ਕੇ ਉਸ ਨੂੰ ਦੁਖੀ ਨਹੀਂ ਕਰਦਾ ਸਗੋਂ ਉਹ ਤਾਂ ਦੂਜਿਆਂ ਦੇ ਦੁੱਖਾਂ ਵਿੱਚ ਮਦਦਗਾਰ ਬਣਦਾ ਹੈ। ਇਹੋ ਜੀਵਨ ਦੇ ਆਚਰਣ ਦੀ ਬਾਤ ਸੀ। ਇਸ ਗ਼ਰੀਬੀ ਨਾਲ ਨਉਨਿਧ ਅਤੇ ਅੰਮ੍ਰਿਤ-ਨਾਮ ਪਾ ਕੇ ਜੀਵਨ ਪਰਮੇਸ਼ਰ ਜੀ ਦੇ ਦਰ 'ਤੇ

ਪਰਵਾਨ ਹੋਣ ਵਾਲਾ ਬਣ ਜਾਂਦਾ ਹੈ। ਇਹ ਕਿਰਦਾਰ ਰੱਖਣਾ ਹੀ ਔਖਾ ਹੈ ਕਿ ਸਭ ਕੁਝ ਪਾ ਕੇ ਵੀ ਨਿਮਰਤਾ ਦਾ ਧਾਰਨੀ ਰਹਿਣਾ। ਗਰੀਬ ਨਿਵਾਜ ਸਤਿਗੁਰੂ ਜੀ ਨੇ ਕੇਵਲ ਸ਼ਬਦ ਲਈ ਤਿੰਨ ਵਸਤੂਆਂ ਨਹੀਂ ਰੱਖੀਆਂ ਸਗੋਂ ਇਹ ਤਾਂ ਮਨੁੱਖਤਾ ਨੂੰ ਜਿਊਂਦੀ ਰੱਖਣ ਦੀ ਸੱਚੀ ਸੁੱਚੀ ਖ਼ੁਰਾਕ ਹੈ ਜਿਸ ਦੇ ਖਾਣ ਤੇ ਪਚਾਣ ਨਾਲ ਉਧਾਰ ਹੁੰਦਾ ਹੈ। ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੂੰ ਤਿੰਨ ਵਸਤੂਆਂ ਹੀ ਪਰਮੇਸ਼ਰ ਜੀ ਨੇ ਦਿੱਤੀਆਂ ਸਨ ਤੇ ਸਤਿਗੁਰੂ ਜੀ ਨੇ ਉਹੋ ਹੀ ਤਿੰਨ ਵਸਤੂਆਂ ਮਨੁੱਖਤਾ ਦੀ ਸੱਚੀ-ਸੁੱਚੀ ਖ਼ੁਰਾਕ ਬਣਾ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਰੂਪੀ ਥਾਲ ਵਿੱਚ ਪਰੋਸ ਦਿੱਤੀਆਂ ਹਨ।

ਸਤੁ

ਸਤੁ ਸ਼ਬਦ ਦਾ ਅਰਥ ਹੈ ਆਚਰਣ। ਆਚਰਣ, ਇਖ਼ਲਾਕ, ਕਿਰਦਾਰ, ਉੱਚਾ ਸੁੱਚਾ ਜੀਵਨ, ਚਾਲ ਚੱਲਣ ਅਤੇ ਕ੍ਰੈਕਟਰ ਆਦਿਕ ਸ਼ਬਦ ਇਕ ਹੀ ਅਰਥ ਰੱਖਦੇ ਹਨ। ਦੁਨੀਆਂ ਵਿੱਚ ਹਰ ਮਾਤਾ ਪਿਤਾ ਚਾਹੁੰਦੇ ਹਨ ਕਿ ਮੇਰੇ ਪੁੱਤਰ ਅੰਦਰ ਚੰਗੇ ਗੁਣ ਹੋਣ। ਹਰ ਪਤਨੀ ਚਾਹੁੰਦੀ ਹੈ ਕਿ ਮੇਰਾ ਪਤੀ ਚੰਗਾ ਹੋਵੇ। ਹਰ ਪਤੀ ਚਾਹੁੰਦਾ ਹੈ ਕਿ ਮੇਰੀ ਪਤਨੀ ਚੰਗੀ ਹੋਵੇ। ਪਿਤਾ ਚਾਹੁੰਦਾ ਹੈ ਕਿ ਮੇਰੀ ਧੀ ਚੰਗੀ ਹੋਵੇ। ਮਾਲਕ ਚਾਹੁੰਦਾ ਹੈ ਕਿ ਮੇਰਾ ਨੌਕਰ ਚੰਗਾ ਹੋਵੇ, ਇਸੇ ਤਰ੍ਹਾਂ ਹਰ ਕੋਈ ਚਾਹੁੰਦਾ ਹੈ ਕਿ ਮੇਰਾ ਗੁਆਂਢੀ ਚੰਗਾ ਹੋਵੇ, ਮੇਰਾ ਦੇਸ਼ ਚੰਗਾ ਹੋਵੇ, ਮੇਰਾ ਪਿੰਡ, ਸ਼ਹਿਰ ਜਾਂ ਮੇਰੇ ਦੇਸ਼ ਦੇ ਰਾਜਨੀਤਕ ਬੰਦੇ ਚੰਗੇ ਹੋਣ। ਚੰਗਾ ਡਾਕਟਰ ਹੋਵੇ, ਚੰਗਾ ਅਧਿਆਪਕ ਹੋਵੇ, ਚੰਗੇ ਵਿਦਿਆਰਥੀ ਹੋਣ। ਭਾਵ ਕਿ ਹਰ ਕੋਈ ਚੰਗਾ ਹੀ ਹੋਣਾ ਚਾਹੁੰਦਾ ਹੈ। ਅਸਲ ਵਿਚ ਚੰਗਿਆਈ ਦੇ ਖ਼ਜ਼ਾਨੇ ਦਾ ਦੂਜਾ ਨਾਮ ਹੀ ਚਰਿੱਤਰ, ਕਿਰਦਾਰ ਹੈ। ਇਸ ਸੋਹਣੇ ਕਿਰਦਾਰ ਦਾ ਜਨਮ, ਸਤ ਦਾ ਜਨਮ ਗੁਰੂ ਪਾਤਿਸ਼ਾਹ ਜੀ ਦੀ ਗੋਦ ਵਿਚ ਬੈਠ ਕੇ ਰੱਬੀ ਬਾਣੀ ਨੂੰ ਪੜ੍ਹ ਕੇ, ਵੀਚਾਰ ਕੇ ਹੀ ਹੁੰਦਾ ਹੈ। ਚੰਗੀ ਚੀਜ਼ ਵਿੱਚ ਹੀ ਚੰਗੀ ਚੀਜ਼ ਟਿਕਾਈ ਜਾ ਸਕਦੀ ਹੈ। ਪਰਮੇਸ਼ਰ ਜੀ ਦਾ ਨਾਮ ਅਤਿਅੰਤ ਹੀ ਚੰਗਾ ਹੈ। ਇਹ ਸਾਫ਼ ਜੀਵਨ ਦੇ ਬਰਤਨ ਵਿੱਚ ਹੀ ਟਿਕਾਇਆ ਜਾ ਸਕਦਾ ਹੈ। ਸਤ ਹੀ ਇਕ ਅਜਿਹਾ ਭਾਂਡਾ ਹੈ ਜਿਹੜਾ ਰੱਬੀ ਨਾਮ ਨੂੰ ਟਿਕਾਅ ਸਕਦਾ ਹੈ। ਆਚਰਣ ਦਾ ਸਿੱਧਾ ਸੰਬੰਧ ਮਨ ਨਾਲ ਹੈ। ਸਰੀਰ ਦਾ ਕਾਰਜ ਤਾਂ ਮਨ ਦੀ ਆਗਿਆ ਦਾ ਪਾਲਣ ਕਰਨਾ ਹੈ ਭਾਵ ਸਰੀਰ ਉਹੋ ਕੁਝ ਕਰਦਾ ਹੈ ਜੋ ਕੁਝ ਮਨ ਚਾਹੁੰਦਾ ਹੈ। ਸਰੀਰ ਦੇ ਟਿਕਾਉਣ ਨਾਲ ਮਨ ਨਹੀਂ ਟਿਕ ਸਕਦਾ। ਕਈ ਵਾਰੀ ਦੇਖਿਆ ਹੈ ਕਿ ਤਨ ਦੇ ਟਿਕਾਅ ਨਾਲ ਸਗੋਂ ਮਨ ਦੀ ਭਟਕਣਾ ਵੱਧ ਜਾਂਦੀ ਹੈ। ਇਸੇ ਲਈ ਹੀ ਤਨ ਦੇ ਟਿਕਿਆਂ ਦਾ ਮਨ ਨਹੀਂ ਟਿਕਿਆ ਸੀ। ਮਨ ਦੀ ਮਜ਼ਬੂਤੀ ਹੀ ਅਸਲ ਕਿਰਦਾਰ ਦੀ ਨਿਸ਼ਾਨੀ ਹੈ। ਮਨ ਦਾ ਡੋਲ ਜਾਣਾ ਹੀ ਕਿਰਦਾਰ ਦਾ, ਸਤ ਦਾ ਡੋਲ ਜਾਣਾ ਹੈ। ਜਿਵੇਂ ਛੱਤ ਲਈ ਕੰਧਾਂ ਜਾਂ ਥੰਮ੍ਹ (ਪਿਲਰ) ਆਦਿਕ ਦਾ ਸਹਾਰਾ ਜ਼ਰੂਰੀ ਹੈ, ਇਸ ਤਰ੍ਹਾਂ ਹੀ ਮਨ ਦੇ ਟਿਕਾਅ ਲਈ ਸ਼ਬਦ-ਗੁਰੂ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।

ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥

(ਪੰਨਾ ੨੮੨)

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥

(ਪੰਨਾ ੧੩੪੨)

ਡੋਲੇ ਹੋਏ ਸਤ (ਕਿਰਦਾਰ) ਦੇ ਕਈ ਰੂਪ ਹਨ, ਜਿਵੇਂ ਪੈਸੇ ਖ਼ਾਤਰ ਪਾਪ ਕਰਨੇ, ਕਾਮ ਦੇ ਲਈ ਪਾਪ ਕਰਨੇ, ਪਦਵੀਆਂ ਦੀ ਖ਼ਾਤਰ ਪਾਪ ਕਰਨੇ, ਔਲਾਦ ਲਈ ਮੋਹ ਵੱਸ ਹੋ ਕੇ ਪਾਪ ਕਰਨੇ, ਸੂਰਬੀਰਤਾ ਤੋਂ ਡੋਲ ਜਾਣਾ, ਬਚਨ ਕਰਕੇ ਖਿਸਕ ਜਾਣਾ, ਧੋਖਾ ਦੇਣਾ ਇਤਿਆਦਿਕ। ਪੈਸੇ ਖ਼ਾਤਰ ਪਾਪ ਕਰਨ ਵਾਲਿਆਂ ਦਾ ਇਤਿਹਾਸ ਤਾਂ ਬਹੁਤ ਲੰਮਾ ਹੈ ਪਰ ਕੁਝ ਕੁ ਵੀਚਾਰ ਲੈਂਦੇ ਹਾਂ। ਜਿਵੇਂ ਗੁਰੂ ਰਾਮਦਾਸ ਜੀ ਮਹਾਰਾਜ ਦਾ ਵੱਡਾ ਪੁੱਤਰ ਹੋਣ ਦੇ ਬਾਵਜੂਦ ਵੀ ਪ੍ਰਿਥੀ ਚੰਦ ਦਾ ਨਾਮ ਕੋਈ ਬਹੁਤਾ ਸਤਿਕਾਰ ਨਾਲ ਨਹੀਂ ਲੈਂਦਾ। ਜਿਹੜਾ ਥੋੜਾ ਬਹੁਤ ਸਤਿਕਾਰ ਹੈ ਉਹ ਸਿਰਫ਼ ਇਸ ਕਰਕੇ ਹੈ ਕਿ ਉਹ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਪੁੱਤਰ ਸਨ, ਪਰ ਉਨ੍ਹਾਂ ਤੋਂ ਆਪਣੇ ਜੀਵਨ ਵਿਚ ਸਾਰੀ ਜ਼ਿੰਦਗੀ ਪੈਸੇ ਤੇ ਸ਼ੋਹਰਤ ਦੀ ਭੁੱਖ ਨੇ ਪਾਪ ਹੀ ਪਾਪ ਕਰਵਾਏ ਹਨ। ਪਿਤਾ ਜੀ ਨਾਲ ਗੱਲ ਗੱਲ 'ਤੇ ਝਗੜਾ, ਆਪਣੇ ਭਰਾ ਗੁਰੂ ਅਰਜਨ ਸਾਹਿਬ ਜੀ ਜਿਹੜੇ ਉਮਰ ਕਰਕੇ ਵੀ ਬਹੁਤ ਛੋਟੇ ਸਨ, ਉਨ੍ਹਾਂ ਨਾਲ ਬੇਅੰਤ ਈਰਖਾ ਕਰਨੀ ਉਨ੍ਹਾਂ ਦੇ ਚਰਿੱਤਰ ਦੀ ਮੂੰਹ ਬੋਲਦੀ ਤਸਵੀਰ ਹੈ। ਇਥੋਂ ਤੱਕ ਕਿ ਬਾਲੜੇ ਨਵ ਪ੍ਰਕਾਸ਼ੇ ਸ੍ਰੀ ਹਰਿਗੋਬਿੰਦ ਜੀ ਦੀ ਜ਼ਿੰਦਗੀ ਦਾ ਵੀ ਖ਼ਾਤਮਾ ਕਰਨ ਵਾਸਤੇ ਕਦੇ ਦਾਈ ਨੂੰ ਭੇਜਿਆ ਕਿ ਜਿਥੋਂ ਇਸਤਰੀ ਅੰਮ੍ਰਿਤ ਵਰਗਾ ਦੁੱਧ ਬੱਚੇ ਨੂੰ ਪਿਆਉਂਦੀ ਹੈ, ਤੂੰ ਉਥੋਂ ਜ਼ਹਿਰ ਪਿਆਉਣਾ ਹੈ। ਦਾਈ ਨੇ ਅਜਿਹਾ ਕਰਨ ਲਈ ਹੀ ਪੈਸੇ ਦੇ ਲਾਲਚ ਵਿੱਚ ਥਣਾਂ ਨੂੰ ਜ਼ਹਿਰ ਲਾ ਕੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਪਿਲਾਉਣਾ ਚਾਹਿਆ ਪਰ ਜ਼ਹਿਰ ਦਾ ਉਲਟਾ ਅਸਰ ਹੋਣ ਕਰਕੇ ਦਾਈ ਤੜਪਦੀ ਹੋਈ ਆਪਣੀ ਜ਼ਿੰਦਗੀ ਦਾ ਅੰਤ ਹੀ ਨਹੀਂ ਕਰ ਗਈ ਸਗੋਂ ਪਾਪ ਕਰਨ ਆਈ ਨੇ ਪਾਪ ਦਾ ਸਾਰਾ ਭੇਦ ਵੀ ਖੋਲ੍ਹ ਦਿੱਤਾ। ਪੈਸੇ ਦੇ ਲਾਲਚ ਨੇ ਪਵਿੱਤਰ ਰਿਸ਼ਤੇ ਵੀ ਕਲੰਕਤ ਕਰ ਦਿੱਤੇ। ਗੁਰਬਾਣੀ ਅੰਦਰ ਸਭ ਤੋਂ ਪਹਿਲਾਂ ਕਿਰਦਾਰ ਨੂੰ ਪੱਕਾ ਕੀਤਾ ਗਿਆ ਹੈ। ਭਾਵ ਰੱਬੀ ਬਾਣੀ ਪੜ੍ਹ ਪੜ੍ਹ ਕੇ ਵੀਚਾਰ ਕਰਨ ਵਾਲੇ ਨੂੰ ਸਤਿਗੁਰੂ ਜੀ ਸਤ ਦੀ ਵਸਤੂ ਖੁਆ ਕੇ ਬਲਵਾਨ ਕਰ ਦਿੰਦੇ ਹਨ ਕਿ ਉਹ ਧਨ ਤੇ ਪਦਾਰਥਾਂ ਦੀ ਖ਼ਾਤਰ ਆਪ ਤਾਂ ਪਾਪ ਕੀ ਕਰਨਾ ਹੈ ਸਗੋਂ ਹੋਰਾਂ ਨਾਲ ਆਪਣੀ ਨੇਕ ਕਮਾਈ ਵੰਡ ਕੇ ਖਾਣ ਲੱਗ ਪੈਂਦਾ ਹੈ। ਕਾਮ ਦੇ ਅਧੀਨ ਹੋਏ ਲੋਕਾਂ ਨੇ ਅਜਿਹੇ ਕਾਰਨਾਮੇ ਕੀਤੇ ਜਿਹੜੇ ਇਨਸਾਨੀਅਤ ਦੇ ਨਾਮ 'ਤੇ ਕਲੰਕ ਬਣ ਗਏ। ਆਮ ਦੀ ਤਾਂ ਗੱਲ ਛੱਡੀਏ, ਦੁਨੀਆ ਵਿੱਚ ਪੀਰ ਫ਼ਕੀਰ ਕਹਾਉਣ ਵਾਲੇ ਵੀ ਅਜਿਹੇ ਕਰਮ ਕਰਦੇ ਰਹੇ ਜਿਹੜੇ ਇਕ ਆਮ ਇਨਸਾਨ ਵੀ ਨਹੀਂ ਕਰ ਸਕਦਾ। ਜਿਵੇਂ, ਬ੍ਰਹਮਾ ਦਾ ਆਪਣੀ ਹੀ ਪੁੱਤਰੀ

ਸਰਸਵਤੀ 'ਤੇ ਮੋਹਿਤ ਹੋ ਜਾਣਾ, ਸ੍ਰੀ ਕ੍ਰਿਸ਼ਨ ਜੀ ਦਾ ਗੋਪੀਆਂ ਦੇ ਕੱਪੜੇ ਚੁਰਾ ਲੈਣਾ ਤੇ ਕੁਝ ਸਮੇਂ ਬਾਅਦ ਦੇਣਾ। ਚੰਦਰਾਵਲ ਚੰਦਰਭਾਨ ਦੀ ਕੰਨਿਆ ਸੀ, ਜਿਸ ਦਾ ਵਿਆਹ ਗਵਰਧਨ ਮਲ ਨਾਲ ਹੋਇਆ ਸੀ ਪਰ ਕ੍ਰਿਸ਼ਨ ਜੀ ਦਾ ਇਸ ਉਤੇ ਮੋਹਿਤ ਹੋ ਜਾਣਾ ਅਤੇ ਅਨੇਕਾਂ ਉਪਾਵ ਕਰਕੇ ਭਾਵ ਚੰਦਰਾਵਲ ਦੀ ਮਾਸੀ ਦੀ ਧੀ ਬਣ ਕੇ ਉਸ ਦੇ ਸਹੁਰੇ ਘਰ ਜਾ ਕੇ ਉਸ ਦਾ ਸਤ ਭੰਗ ਕਰਨ ਦਾ ਜ਼ਿਕਰ ਹੈ।

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ॥

(ਆਸਾ ਦੀ ਵਾਰ)

(ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਚੰਦ੍ਰਾਵਲਿ ਦੇ ਅਧੀਨ)

ਹਜ਼ਰਤ ਮੁਹੰਮਦ ਸਾਹਿਬ ਜੀ ਦੀਆਂ ਗਿਆਰਾਂ ਸ਼ਾਦੀਆਂ ਹੋਈਆਂ ਸਨ ਜਿਨ੍ਹਾਂ ਵਿਚੋਂ ਨੌਂ ਸ਼ਾਦੀਆਂ ਵਿਧਵਾਵਾਂ ਨਾਲ ਹੋਈਆਂ ਸਨ। ਇਕ ਸ਼ਾਦੀ ਆਯਸ਼ਾ ਨਾਲ ਹੋਈ ਜਿਹੜੀ ਕਿ ਕੁਆਰੀ ਸੀ। ਇਕ ਸ਼ਾਦੀ ਜੈਨਬ ਨਾਲ ਹੋਈ ਜਿਸ ਦਾ ਪਹਿਲਾਂ ਜੈਦ ਨਾਲ ਤਲਾਕ ਹੋਇਆ ਸੀ। ਇਸਲਾਮ ਅੰਦਰ ਵੀ ਕੋਈ ਖ਼ਾਸ ਪਾਬੰਦੀ ਨਹੀਂ। (ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚੋਂ ਮੁਹੰਮਦ ਦੇ ਹੈਡਿੰਗ ਅਧੀਨ) ਪਰ ਹੁਣ ਜਿਹੜਾ ਗੁਰਬਾਣੀ ਪੜ੍ਹ ਵਿਚਾਰ ਕੇ ਗੁਰੂ ਬਖ਼ਸ਼ਿਸ਼ ਦਾ ਪਾਤਰ ਬਣ ਜਾਏਗਾ, ਉਹ ਆਪ ਤਾਂ ਕਿਰਦਾਰ ਤੋਂ ਨਹੀਂ ਡੋਲਦਾ ਸਗੋਂ ਉਹ ਤਾਂ ਅੱਗੋਂ ਕਿਰਦਾਰ ਤੋਂ ਡੋਲਿਆਂ ਨੂੰ ਸੋਧਾ ਲਾ ਕੇ ਉਨ੍ਹਾਂ ਮਜਬੂਰ ਬੱਚੀਆਂ ਨੂੰ ਸਹੀ ਸਲਾਮਤ ਮਾਪਿਆਂ ਦੀ ਗੋਦ ਵਿਚ ਪਹੁੰਚਾ ਦਿੰਦਾ ਹੈ। ਗੁਰਬਾਣੀ ਦੇ ਉਪਦੇਸ਼ ਉਸ ਪੁਰਖ ਦੇ ਜੀਵਨ ਦੀ ਰਾਮ ਕਾਰ ਬਣ ਕੇ ਰਾਖੀ ਕਰਦੇ ਹਨ। ਮਨ ਨੂੰ ਅਜਿਹੇ ਅੰਮ੍ਰਿਤ ਬਚਨ ਅਡੋਲ ਕਰ ਦਿੰਦੇ ਹਨ।

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥

(ਪੰਨਾ ੨੧੯)

ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥

(ਵਾਰ ੬, ਪਉੜੀ ੮)

ਲੋਕ ਜਤੀ ਉਸ ਨੂੰ ਮੰਨਦੇ ਹਨ ਜਿਹੜਾ ਘਰ ਗ੍ਰਿਹਸਥੀ ਤੋਂ ਭੱਜ ਜਾਂਦਾ ਸੀ ਪਰ ਭਾਈ ਗੁਰਦਾਸ ਜੀ ਨੇ ਇਕ ਨਾਰੀ ਨਾਲ ਆਪਣੇ ਜੀਵਨ ਨੂੰ ਉੱਚਾ ਰੱਖ ਕੇ ਗ੍ਰਿਹਸਥ ਦੇ ਫ਼ਰਜ਼ਾਂ ਨੂੰ ਨਿਭਾਉਣ ਵਾਲੇ ਨੂੰ ਅਸਲੀ ਜਤੀ ਆਖਿਆ ਹੈ। ਗੁਰਬਾਣੀ ਵੀਚਾਰਨ ਵਾਲਾ ਸਮਝ ਲੈਂਦਾ ਹੈ ਕਿ ਪਾਪੀ ਦਾ ਹਿਰਦਾ ਕਦੇ ਕਾਮ ਦੀ ਬੁਰਾਈ ਤੋਂ ਮੁਕਤ ਨਹੀਂ ਹੁੰਦਾ। ਉਸ ਦਾ ਚੰਚਲ ਮਨ ਹਰ ਵਕਤ ਹੀ ਕਾਮ ਲਈ ਭਟਕਦਾ ਰਹਿੰਦਾ ਹੈ। ਇਸ ਕਾਮ ਦੀ ਪਕੜ ਤੋਂ ਜੋਗੀ, ਜੰਗਮ ਅਤੇ ਵੱਡੇ ਵੱਡੇ ਸੰਨਿਆਸੀ ਵੀ ਬਚ ਨਹੀਂ ਸਕੇ।

ਪਾਪੀ ਹੀਐ ਮੈ ਕਾਮੁ ਬਸਾਇ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥
ਜੋਗੀ ਜੰਗਮ ਅਰੁ ਸੰਨਿਆਸ॥ ਸਭ ਹੀ ਪਰਿ ਡਾਰੀ ਇਹ ਫਾਸ॥

(ਪੰਨਾ ੧੧੮੬)

ਜ਼ੁਬਾਨ ਅਤੇ ਈਮਾਨ ਦੋ ਚੀਜ਼ਾਂ ਹਨ। ਇਨ੍ਹਾਂ ਦਾ ਇਕ ਹੋਣਾ ਜ਼ਰੂਰੀ ਹੈ, ਭਾਵ ਜੋ ਈਮਾਨ ਹੈ ਉਹੋ ਹੀ ਜ਼ੁਬਾਨ 'ਤੇ ਹੋਵੇ। ਜ਼ੁਬਾਨ ਨਾਲ ਕਿਸੇ ਨੂੰ ਧੀ, ਭੈਣ ਕਹਿਣਾ ਬਹੁਤ ਸੌਖਾ ਹੈ ਪਰ ਈਮਾਨ ਨਾਲ ਧੀ ਭੈਣ ਸਮਝਣਾ ਬੜਾ ਔਖਾ ਹੈ। ਅਜਿਹੇ ਸੁੱਚੇ ਮਨ ਨਾਲ ਹਰੇਕ ਧੀ ਨੂੰ ਧੀ ਤੇ ਭੈਣ ਨੂੰ ਭੈਣ ਸਮਝ ਕੇ ਜੀਵਨ ਪਵਿੱਤਰ ਅਤੇ ਸੱਚਾ ਕਿਰਦਾਰ ਰੱਖਣ ਲਈ ਇਹ ਵਸਤੂ ਖਾ ਕੇ ਹੀ ਬਚਾਅ ਕੀਤਾ ਜਾ ਸਕਦਾ ਹੈ। ਸਤਿਗੁਰਾਂ ਦਾ ਪਾਵਨ ਬਚਨ ਹੈ :—

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥

(ਪੰਨਾ ੮੫)

ਉੱਚ ਪਦਵੀਆਂ ਦੀ ਲਾਲਸਾ ਵੀ ਅੰਦਰਲੀ ਮਨੁੱਖਤਾ ਨੂੰ ਉਜਾੜ ਦਿੰਦੀ ਹੈ। ਸਿੱਖ ਇਤਿਹਾਸ ਵਿਚੋਂ ਇਕ ਵੀਚਾਰ ਹੈ ਕਿ ਜਦੋਂ 1839 ਨੂੰ ਮਹਾਰਾਜਾ ਰਣਜੀਤ ਸਿੰਘ ਚੜ੍ਹਾਈ ਕਰ ਗਿਆ ਤਾਂ ਉਸ ਵੇਲੇ ਉਸ ਦੇ ਪੁੱਤਰ ਖੜਕ ਸਿੰਘ ਨੂੰ ਰਾਜ-ਤਖ਼ਤ 'ਤੇ ਬਿਠਾ ਦਿੱਤਾ ਗਿਆ। ਧਿਆਨ ਸਿੰਘ ਡੋਗਰੇ ਦੇ ਅੰਦਰਲੇ ਪਾਪੀ ਮਨ ਨੂੰ ਇਹ ਨਾ ਭਾਇਆ ਜਿਸ ਕਰਕੇ ਉਸ ਨੇ ਆਪਣੀਆਂ ਚਾਲਾਂ ਨਾਲ ਉਸ ਦੇ ਹੀ ਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਉਸ ਤੋਂ ਬਾਗ਼ੀ ਕਰਵਾ ਕੇ ਤਖ਼ਤ 'ਤੇ ਬਿਠਾ ਦਿੱਤਾ ਤੇ ਖੜਕ ਸਿੰਘ ਨੂੰ ਕੈਦ ਕਰਵਾ ਦਿੱਤਾ। ਹਰ ਰੋਜ਼ ਖੜਕ ਸਿੰਘ ਦੇ ਖਾਣੇ ਵਿਚ ਜ਼ਹਿਰ ਮਿਲਾ ਕੇ ਉਸ ਨੂੰ ਧੀਰੇ ਧੀਰੇ ਮਰਨ ਲਈ ਮਜਬੂਰ ਕਰ ਦਿੱਤਾ। ਇਕ ਪਾਸੇ ਪੁੱਤਰ ਤਖ਼ਤ 'ਤੇ ਬੈਠਾ ਹੈ ਪਰ ਪਿਤਾ ਕੈਦ ਵਿਚ ਹੈ। ਪੁੱਤਰ ਨੂੰ ਮਿਲਣ ਲਈ ਤੜਫਦਾ ਹੈ ਪਰ ਮਿਲਣ ਨਹੀਂ ਦਿੱਤਾ ਜਾਂਦਾ। ਨਿਯੁਕਤ ਕੀਤੇ ਹੋਏ ਵੈਦ ਰਾਹੀਂ ਹਰ ਰੋਜ਼ ਦੇ ਦਿੱਤੇ ਜ਼ਹਿਰ ਨੇ ਮਹਾਰਾਜਾ ਖੜਕ ਸਿੰਘ ਨੂੰ ਮੌਤ ਦੀ ਗੋਦ ਵਿਚ ਭੇਜ ਦਿੱਤਾ। ਵੈਦ ਖ਼ੁਸ਼ੀ ਨਾਲ ਮਹਾਰਾਜੇ ਦੀ ਮੌਤ ਧਿਆਨ ਸਿੰਘ ਡੋਗਰੇ ਨੂੰ ਦੱਸਦਾ ਹੈ ਕਿ ਤੁਹਾਡੇ ਹੁਕਮ ਮੁਤਾਬਿਕ ਦਿੱਤੇ ਹੋਏ ਜ਼ਹਿਰ ਨਾਲ ਮਹਾਰਾਜਾ ਖੜਕ ਸਿੰਘ ਸਦਾ ਦੀ ਨੀਂਦ ਸੌਂ ਗਿਆ ਹੈ। ਧਿਆਨ ਸਿੰਘ ਡੋਗਰਾ ਬਹੁਤ ਹੀ ਖ਼ੁਸ਼ ਹੁੰਦਾ ਹੈ ਅਤੇ ਵੈਦ ਨੂੰ ਇਨਾਮ ਦੇਣ ਲਈ ਅੰਦਰ ਇਕ ਕਮਰੇ ਵਿਚ ਲੈ ਜਾਂਦਾ ਹੈ। ਵੈਦ ਵੀ ਖ਼ੁਸ਼ ਸੀ ਕਿ ਮੇਰੇ ਕੀਤੇ ਪਾਪ ਬਦਲੇ ਕਾਫ਼ੀ ਵੱਡਾ ਇਨਾਮ ਮਿਲੇਗਾ। ਪਾਪ ਦਾ ਬੀਜ ਬੀਜ ਕੇ ਪੁੰਨ ਜਾਂ ਸੁੱਖ ਦੀ ਆਸ ਰੱਖਣੀ ਬਹੁਤ ਵੱਡੀ ਮੂਰਖਤਾ ਹੁੰਦੀ ਹੈ। ਵੈਦ ਨੂੰ ਉਸੇ ਵਕਤ ਵੱਖੀ ਵਿੱਚ ਖ਼ੰਜਰ ਮਾਰ ਕੇ ਇਕ ਹੋਰ ਬੰਦੇ ਨੇ ਸਦੀਵ ਕਾਲ ਲਈ ਧਰਤੀ 'ਤੇ ਲਿਟਾ ਦਿੱਤਾ।

ਮਹਾਰਾਜਾ ਖੜਕ ਸਿੰਘ ਦਾ ਸੰਸਕਾਰ ਕਰਕੇ ਵਾਪਸ ਆ ਰਹੇ ਸਨ ਤਾਂ ਧਿਆਨ ਸਿੰਘ ਡੋਗਰੇ ਨੇ ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆ ਸੀ। ਉਸ ਨੇ ਮਹੱਲ ਦੇ ਛੱਜੇ ਵਿੱਚ ਬਾਰੂਦ ਭਰਵਾ ਦਿੱਤਾ ਸੀ ਅਤੇ ਇਕ ਬੰਦੇ ਦੀ ਡਿਊਟੀ ਲਾਈ ਕਿ ਬਾਰੂਦ ਨੂੰ ਉਦੋਂ ਅੱਗ ਲਗਾ ਦੇਣੀ ਜਦੋਂ ਸਾਹਮਣੇ ਵਾਲਾ ਬੰਦਾ ਰੁਮਾਲ ਹਿਲਾਉਣ ਦਾ ਇਸ਼ਾਰਾ ਕਰੇਗਾ। ਸਾਰਾ ਪ੍ਰਬੰਧ ਤਿਆਰ ਕਰ ਲਿਆ। ਕੰਵਰ ਨੌਨਿਹਾਲ ਸਿੰਘ ਜਦੋਂ ਹੇਠਾਂ ਦੀ ਲੰਘਣ ਲੱਗਾ ਤਾਂ ਉਸ ਦੇ ਨਾਲ ਡੋਗਰਿਆਂ ਵਿਚੋਂ ਹੀ ਗੁਲਾਬ ਸਿੰਘ ਦਾ ਪੁੱਤਰ ਊਧਮ ਸਿੰਘ ਨਾਲ ਸੀ। ਰੁਮਾਲ ਹਿਲਾਉਣ ਵਾਲਾ ਡਰ ਗਿਆ ਕਿ ਕਿਧਰੇ ਕੰਵਰ ਨੌਨਿਹਾਲ ਸਿੰਘ ਦੇ ਨਾਲ ਇਹ ਵੀ ਨਾ ਮਾਰਿਆ ਜਾਵੇ, ਪਰ ਧਿਆਨ ਸਿੰਘ ਦੇ ਦੇਖਦਿਆਂ ਹੀ ਸਭ ਕੁਝ ਹੋ ਗਿਆ। ਊਧਮ ਸਿੰਘ ਡੋਗਰਾ ਵੀ ਮਾਰਿਆ ਗਿਆ, ਨੌਨਿਹਾਲ ਸਿੰਘ ਵੀ ਜ਼ਖ਼ਮੀ ਹੋ ਗਿਆ। ਮਗਰੋਂ ਪੱਥਰ ਮਾਰ ਕੇ ਮਾਰ ਦਿੱਤਾ ਗਿਆ। ਜਿਹੜੀ ਵੀਚਾਰ ਕਰਨੀ ਸੀ, ਉਹ ਇਹ ਹੈ ਕਿ ਧਿਆਨ ਸਿੰਘ ਉਨ੍ਹਾਂ ਨੂੰ ਝਿੜਕਦਾ ਹੈ ਕਿ ਤੁਸੀਂ ਦੇਰੀ ਕਿਉਂ ਕੀਤੀ ? ਰੁਮਾਲ ਜਲਦੀ ਕਿਉਂ ਨਹੀਂ ਹਿਲਾਇਆ ? ਤਾਂ ਰੁਮਾਲ ਹਿਲਾਉਣ ਵਾਲਾ ਆਖਦਾ ਹੈ ਕਿ ਆਪ ਜੀ ਦਾ ਭਤੀਜਾ ਨਾਲ ਸੀ। ਧਿਆਨ ਸਿੰਘ ਨੇ ਵੱਟ ਕੇ ਚਪੇੜ ਮਾਰੀ ਕਿ ਰਾਜਨੀਤੀ ਵਿਚ ਸਭ ਤੋਂ ਉੱਤਮ ਕੇਵਲ ਕੁਰਸੀ ਹੀ ਹੁੰਦੀ ਹੈ। ਇਥੇ ਕੋਈ ਕਿਸੇ ਦਾ ਪੁੱਤਰ ਨਹੀਂ, ਕੋਈ ਕਿਸੇ ਦਾ ਬਾਪ ਨਹੀਂ। ਪਦਵੀਆਂ ਦੀ ਲਾਲਸਾ ਪੁੱਤਰ ਨੂੰ ਵੀ ਪੁੱਤਰ ਨਜ਼ਰ ਨਹੀਂ ਆਉਣ ਦਿੰਦੀ। ਇਸ ਤੋਂ ਹੋਰ ਭੈੜੀ ਤਸਵੀਰ ਕੀ ਹੋ ਸਕਦੀ ਹੈ ? ਜਦੋਂ ਬੰਦਾ ਆਪਣਾ ਆਚਰਣ ਬਰਬਾਦ ਕਰ ਲੈਂਦਾ ਹੈ ਤਾਂ ਉਹ ਕਿਸੇ ਦਾ ਵੀ ਸਕਾ ਨਹੀਂ ਹੁੰਦਾ।

ਪਾਪੁ ਬੁਰਾ ਪਾਪੀ ਕਉ ਪਿਆਰਾ॥ ਪਾਪਿ ਲਦੇ ਪਾਪੇ ਪਾਸਾਰਾ॥

(ਪੰਨਾ ੯੩੫)

ਇਸ ਲਈ ਹੀ ਗੁਰੂ ਪਾਤਿਸ਼ਾਹ ਜੀ ਨੇ ਕਿਰਪਾ ਕਰਕੇ ਸਭ ਤੋਂ ਪਹਿਲੀ ਵਸਤੂ ਸਤੁ ਹੀ ਰੱਖੀ ਸੀ, ਜਿਸ ਨਾਲ "ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ" (ਪੰਨਾ ੫੩੪) ਦੀ ਅਵਸਥਾ ਬਣ ਜਾਂਦੀ ਹੈ।

ਅਸੀਂ ਅਜੋਕੀ ਜ਼ਿੰਦਗੀ ਵਿੱਚ ਵੀ ਦੇਖਦੇ ਹਾਂ ਕਿ ਗੁਰਬਾਣੀ ਦੀ ਵੀਚਾਰ ਤੋਂ ਟੁੱਟ ਜਾਣ ਕਰਕੇ ਹੀ ਲੋਕ ਤਾਂਤਰਿਕਾਂ ਦੇ ਮਗਰ ਲੱਗ ਕੇ ਕਿਸੇ ਦੇ ਬੱਚੇ ਦੀ ਬਲੀ ਦੇ ਕੇ ਸੋਚਦੇ ਹਨ ਕਿ ਸ਼ਾਇਦ ਸਾਡੀ ਜ਼ਿੰਦਗੀ ਦੇ ਬਗੀਚੇ ਵਿਚ ਔਲਾਦ ਦੇ ਫੁੱਲ ਖਿੜ ਜਾਣਗੇ। ਇਤਨੀ ਵੀ ਵੀਚਾਰ ਨਹੀਂ ਕਿ ਕਿਸੇ ਦਾ ਘਰ ਉਜਾੜਨ ਵਾਲੇ ਦਾ ਆਪਣਾ ਘਰ ਕਿਵੇਂ ਵੱਸ ਸਕਦਾ ਹੈ ? ਗੁਰਬਾਣੀ ਵਿਚੋਂ ਸਤ ਦੀ ਵਸਤੂ ਦਾ ਧਾਰਨੀ ਕਿਸੇ ਦੀ ਜਾਨ ਲੈਂਦਾ ਨਹੀਂ ਬਲਕਿ ਆਪਣੀ ਜਾਨ 'ਤੇ ਖੇਡ ਕੇ ਵੀ ਕਿਸੇ ਦੇ ਹਾਸੇ ਬਰਕਰਾਰ ਰੱਖਦਾ ਹੈ। ਗੁਰੂ ਨਾਨਕ ਪਾਤਿਸ਼ਾਹ ਜੀ ਦਾ

ਆਪਣੇ ਬੱਚਿਆਂ ਦਾ ਪਿਆਰ ਸੰਸਾਰ ਦੇ ਬੱਚਿਆਂ ਲਈ ਕੁਰਬਾਨ ਕੀਤਾ ਹੋਇਆ ਕਿਵੇਂ ਭੁੱਲ ਸਕਦਾ ਹੈ ? ਗੁਰੂ ਨਾਨਕ ਪਾਤਿਸ਼ਾਹ ਜੀ ਦੇ ਆਪਣੇ ਦੋ ਪੁੱਤਰਾਂ—ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀਦਾਸ ਜੀ—ਦਾ ਵੀ ਚਿੱਤ ਕਰਦਾ ਹੋਵੇਗਾ ਕਿ ਪਿਤਾ ਜੀ ਦੀ ਨਿੱਘੀ ਗੋਦ ਦਾ ਆਨੰਦ ਮਾਣਨ। ਪਰ ਹਜ਼ੂਰ ਨੇ ਕਿਰਪਾ ਕੀਤੀ ਅਤੇ ਦੁਨੀਆਂ ਦੇ ਦੁੱਖ ਝੋਲੀ ਵਿਚ ਪੁਆ ਕੇ ਸੁੱਖ ਹੀ ਸੁੱਖ ਵੰਡੇ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਚਾਰੇ ਪੁੱਤਰ ਵਾਰ ਕੇ ਸਪੱਸ਼ਟ ਕਰ ਦਿੱਤਾ ਕਿ ਅਸਲ ਸਤ ਭਾਵ ਕਿਰਦਾਰ ਹੈ ਕਿ ਆਪਣਿਆਂ ਦੀ ਖ਼ਾਤਰ ਕਿਸੇ ਦੇ ਪੁੱਤਰ ਨਹੀਂ ਮਾਰਨੇ ਸਗੋਂ ਕਿਸੇ ਦੇ ਵਿਹੜਿਆਂ ਦੀ ਖ਼ੁਸ਼ੀ ਵਾਸਤੇ ਆਪਣੇ ਚਾਰੇ ਪੁੱਤਰ—ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ—ਮਨੁੱਖਤਾ ਖ਼ਾਤਰ ਵਾਰ ਕੇ ਲਾਸਾਨੀ ਮਿਸਾਲ ਕਾਇਮ ਕਰ ਦਿੱਤੀ। ਇਹੋ ਜਿਹੀ ਵੀਚਾਰ ਦੇ ਦਾਤੇ ਦੀ ਵੀਚਾਰ ਪੜ੍ਹ ਕੇ ਹੀ ਕਿਰਦਾਰ ਪੈਦਾ ਹੁੰਦਾ ਹੈ।

ਗੁਰਬਾਣੀ ਪੜ੍ਹ ਵੀਚਾਰ ਕੇ ਜੀਵ ਦਾ ਅੰਦਰਲਾ ਮਨ ਜਾਗ ਪੈਂਦਾ ਹੈ, ਜਿਸ ਨਾਲ ਕਦੇ ਵੀ ਪਾਪ ਨਹੀਂ ਕਮਾਇਆ ਜਾ ਸਕਦਾ, ਸਗੋਂ ਉਹ ਧਰਮ ਦੇ ਰਾਹ 'ਤੇ ਤੁਰ ਪੈਂਦਾ ਹੈ। ਧੋਖਾ ਕਰਨਾ ਤਾਂ ਇਕ ਪਾਸੇ ਰਿਹਾ, ਕਿਸੇ ਗ਼ਲਤੀ ਕਾਰਨ ਵੀ ਕੋਈ ਅਜਿਹਾ ਕੰਮ ਹੋ ਜਾਵੇ ਤਾਂ ਸੁਧਾਰ ਕਰਨ ਲੱਗਿਆਂ ਅਜਿਹਾ ਪੁਰਖ ਕਦੇ ਦੇਰੀ ਨਹੀਂ ਕਰਦਾ। ਸਰਹਿੰਦ ਵਿਚ ਦੋ ਸਕੇ ਭਰਾ ਭਾਈ ਭੀਵਾ ਜੀ ਅਤੇ ਭਾਈ ਰੂਪ ਚੰਦ ਜੀ ਵਪਾਰ ਕਰਦੇ ਸਨ। ਇਨ੍ਹਾਂ ਦੀ ਈਮਾਨਦਾਰੀ ਦੀ ਸਾਰੇ ਇਲਾਕੇ ਵਿਚ ਮਿਸਾਲ ਨਹੀਂ ਮਿਲਦੀ ਸੀ। ਲੋਕ ਆਪਣੀ ਅਮਾਨਤ ਇਨ੍ਹਾਂ ਕੋਲ ਰੱਖ ਕੇ ਨਿਸਚਿੰਤ ਹੋ ਜਾਂਦੇ ਸਨ। ਇਨ੍ਹਾਂ ਦਾ ਜੀਵਨ ਹੀ ਇਤਨਾ ਉੱਚਾ ਸੀ ਕਿ ਗੁਰੂ ਪਾਤਿਸ਼ਾਹ ਜੀ ਦੀ ਬਖ਼ਸ਼ਿਸ਼ ਦਾ ਸਦਕਾ ਕਦੇ ਕਿਸੇ ਨਾਲ ਇਕ ਕੌਡੀ ਭਾਵ ਇਕ ਪੈਸਾ ਵੀ ਅੱਗੇ ਪਿਛੇ ਨਹੀਂ ਕਰਦੇ ਸਨ। ਇਨ੍ਹਾਂ ਦੀ ਮਹਿਮਾ ਸੁਣ ਕੇ ਇਕ ਵਾਰੀ ਇਕ ਮੁਗ਼ਲ ਕੁਝ ਮੋਹਰਾਂ ਆਪਣੀ ਮਿਹਨਤ ਨਾਲ ਕੀਤੀ ਕਮਾਈ ਇਨ੍ਹਾਂ ਕੋਲ ਅਮਾਨਤ ਵਜੋਂ ਰੱਖ ਗਿਆ। ਭਾਈ ਭੀਵਾ ਜੀ ਨੇ ਉਹ ਮੋਹਰਾਂ ਇਕ ਬਾਂਸ ਦੇ ਡੰਡੇ ਵਿਚ ਪਾ ਕੇ ਰੱਖ ਦਿੱਤੀਆਂ। ਰੱਬ ਦਾ ਸਬੱਬ, ਉਹ ਮੁਗ਼ਲ ਵੀ ਲੰਮਾ ਸਮਾਂ ਦੁਬਾਰਾ ਮਿਲ ਨਾ ਸਕਿਆ। ਇਧਰ ਭਾਈ ਭੀਵਾ ਜੀ ਨੇ ਵੀ ਮੁੜ ਯਾਦ ਨਾ ਕੀਤਾ। ਉਹ ਮੋਹਰਾਂ ਉਸੇ ਤਰ੍ਹਾਂ ਹੀ ਬਾਂਸ ਦੇ (ਪੋਰੇ) ਡੰਡੇ ਵਿਚ ਪਈਆਂ ਰਹਿ ਗਈਆਂ। ਜ਼ਿੰਦਗੀ ਦੀ ਲੋੜ ਨੇ ਮੁਗ਼ਲ ਨੂੰ ਮਜਬੂਰ ਕੀਤਾ ਤਾਂ ਉਹ ਆਪਣੀ ਅਮਾਨਤ ਲੈਣ ਲਈ ਭਾਈ ਭੀਵਾ ਜੀ ਤੇ ਰੂਪ ਚੰਦ ਜੀ ਕੋਲ ਗਏ। ਭਾਈ ਸਾਹਿਬ ਜੀ ਹੋਰਾਂ ਨੂੰ ਇਹ ਗੱਲ ਵਿਸਰ ਹੀ ਗਈ ਸੀ, ਇਸ ਲਈ ਉਨ੍ਹਾਂ ਨੇ ਜਵਾਬ ਦੇ ਦਿੱਤਾ ਕਿ ਸਾਡੇ ਕੋਲ ਤੇਰੀ ਕੋਈ ਵੀ ਅਮਾਨਤ ਨਹੀਂ। ਗੱਲ ਵਧਦੀ ਹੋਈ ਹਾਕਮ ਦੇ ਦਰਬਾਰ ਚਲੀ

ਗਈ। ਦਰਬਾਰ ਵਿਚ ਦੋਨਾਂ ਧਿਰਾਂ ਦੀ ਪਰਖ ਹੋਈ ਤਾਂ ਭਾਈ ਸਾਹਿਬ ਜੀ ਨੇ ਨਿੱਝਕ ਹੋ ਕੇ ਜਵਾਬ ਦਿੱਤੇ। ਦਰਬਾਰ ਵਿਚ ਮੁਗ਼ਲ ਨੂੰ ਝੂਠਾ ਜਾਣ ਕੇ ਕੇਸ ਦਾ ਫ਼ੈਸਲਾ ਕਰ ਦਿੱਤਾ ਗਿਆ। ਭਾਈ ਸਾਹਿਬ ਆ ਕੇ ਆਪਣੇ ਕਾਰੋਬਾਰ ਵਿੱਚ ਲੱਗ ਗਏ। ਕੁਝ ਸਮਾਂ ਗੁਜ਼ਰਿਆ ਤਾਂ ਅਚਾਨਕ ਉਹ ਮੋਹਰਾਂ ਵਾਲਾ ਡੰਡਾ ਲੱਭ ਪਿਆ। ਉਸ ਵਿਚੋਂ ਪ੍ਰਾਪਤ ਹੋਈਆਂ ਮੋਹਰਾਂ ਵੀ ਉਤਨੀਆਂ ਹੀ ਸਨ ਜਿਤਨੀਆਂ ਮੁਗ਼ਲ ਵਾਰ ਵਾਰ ਆਖਦਾ ਸੀ। ਭਾਈ ਸਾਹਿਬ ਜੀ ਨੇ ਵੀ ਹਿਸਾਬ ਕਿਤਾਬ ਕਰਕੇ ਵੇਖਿਆ ਤਾਂ ਉਹ ਠੀਕ ਹੀ ਸਨ। ਇਥੇ ਵਿਚਾਰਯੋਗ ਹੈ ਕਿ ਮੁਗ਼ਲ ਕੇਸ ਵੀ ਹਾਰ ਗਿਆ ਸੀ ਅਤੇ ਪਤਾ ਵੀ ਕਿਸੇ ਨੂੰ ਨਹੀਂ ਸੀ ਪਰ ਅੰਦਰਲਾ ਸਤ ਕਦੇ ਪਾਪ ਦੇ ਰਾਹ 'ਤੇ ਨਹੀਂ ਤੋਰਦਾ, ਉਹ ਤਾਂ ਸਗੋਂ ਪਾਪ ਦੇ ਰਾਹ ਤੋਂ ਮੋੜਦਾ ਹੈ। ਭਾਈ ਭੀਵਾ ਜੀ ਨੇ ਮੁੜ ਹਾਕਮ ਦੇ ਦਰਬਾਰ ਵਿਚ ਜਾ ਕੇ ਉਹ ਮੋਹਰਾਂ ਹੀ ਮੁਗ਼ਲ ਨੂੰ ਵਾਪਿਸ ਨਹੀਂ ਕੀਤੀਆਂ ਸਗੋਂ ਆਪਣੀ ਭੁੱਲ ਦੀ ਖਿਮਾ ਵੀ ਮੰਗੀ। ਸਾਰੇ ਦਰਬਾਰੀ ਅਤੇ ਮੁਗ਼ਲ ਵੀ ਹੈਰਾਨ ਰਹਿ ਗਏ ਕਿ ਜਦੋਂ ਸਭ ਕੁਝ ਹੋ ਗਿਆ ਸੀ ਤਾਂ ਫਿਰ ਵਾਪਸ ਮੋਹਰਾਂ ਮੋੜ ਕੇ ਖਿਮਾ ਮੰਗਣਾ, ਇਸ ਕਰਕੇ ਹੀ ਇਨ੍ਹਾਂ ਦੀ ਈਮਾਨਦਾਰੀ ਦੇ ਚਰਚੇ ਹਨ। ਗੁਰਬਾਣੀ ਪੜ੍ਹ ਵੀਚਾਰ ਕੇ ਪੈਦਾ ਹੋਏ ਸਤ ਨਾਲ ਮਨੁੱਖ ਆਪਣੇ ਹੀਰੇ ਵਰਗੇ ਜੀਵਨ ਨਾਲ ਪਾਪ ਨਹੀਂ ਕਮਾਉਂਦਾ ਸਗੋਂ ਧਰਮ ਕਮਾ ਕੇ ਆਉਣ ਵਾਲੇ ਲੋਕਾਂ ਲਈ ਵੀ ਇਤਿਹਾਸਕ ਮਿਸਾਲ ਕਾਇਮ ਕਰ ਜਾਂਦਾ ਹੈ।

ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥

(ਪੰਨਾ ੫੯੫)

ਉਹ "ਵਿਰਲਾ ਬੂਝੈ ਕੋਇ" ਭਾਈ ਭੀਵਾ ਜੀ ਵਰਗੇ ਹੀ ਹੁੰਦੇ ਹਨ।

ਵਾਹਿਗੁਰੂ ਜੀ ਦੀ ਬਾਣੀ ਜੀਵ ਦੇ ਅੰਦਰ ਚੰਗੇ ਰੱਬੀ ਗੁਣ ਪੈਦਾ ਕਰ ਦਿੰਦੀ ਹੈ। ਅਜਿਹੇ ਚੰਗੇ ਗੁਣ ਹੀ ਚੰਗਾ ਕਿਰਦਾਰ ਬਣ ਜਾਂਦੇ ਹਨ। ਮਨ ਦੀ ਦ੍ਰਿੜ੍ਹਤਾ ਹੀ ਜ਼ਿੰਦਗੀ ਨੂੰ ਡੋਲ੍ਹਣ ਤੋਂ ਬਰਕਰਾਰ ਰੱਖਦੀ ਹੈ। ਇਹ ਦ੍ਰਿੜ੍ਹਤਾ ਦਾ ਗੁਣ ਪ੍ਰਮੇਸ਼ਰ ਜੀ ਦੀ ਬਾਣੀ ਪੜ੍ਹ ਕੇ ਸੁਭਾਵਿਕ ਹੀ ਪੈਦਾ ਹੋ ਜਾਂਦਾ ਹੈ। ਕਿਉਂਕਿ ਇਥੇ ਥਾਲ ਵਿਚ ਪਈਆਂ ਤਿੰਨ ਵਸਤੂਆਂ ਵਿਚੋਂ ਪਹਿਲੀ ਵਸਤੂ ਹੀ ਸਤ ਹੈ, ਭਾਵ ਉੱਚਾ ਜੀਵਨ-ਕਿਰਦਾਰ ਹੈ, ਚਰਿੱਤਰ ਹੈ। ਚਰਿੱਤਰ ਹੀ ਤਾਂ ਜੀਵਨ ਦੀ ਸ਼ਾਨ ਅਤੇ ਚੰਗੇ ਗੁਣਾਂ ਦੀ ਸੁਗੰਧੀ ਹੁੰਦੀ ਹੈ। ਕਿਰਦਾਰ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ ਕਿ ਕੁਝ ਜੰਗਾਂ ਸੰਸਾਰ ਦੀਆਂ ਅਦੁੱਤੀ ਜੰਗਾਂ ਬਣ ਗਈਆਂ ਹਨ। ਇਨ੍ਹਾਂ ਅਦੁੱਤੀ ਜੰਗਾਂ ਵਿਚੋਂ ਇਕ ਸਾਰਾਗੜ੍ਹੀ ਦੀ ਜੰਗ ਹੈ। 12 ਸਤੰਬਰ 1897 ਨੂੰ ਕਬਾਇਲੀ

ਲੋਕਾਂ ਨੇ ਇਸ ਗੜ੍ਹੀ 'ਤੇ ਹਮਲਾ ਕਰ ਦਿੱਤਾ। ਇਸ ਗੜ੍ਹੀ ਦੀ ਇਹ ਮਹਾਨਤਾ ਸੀ ਕਿ ਇਹ ਇਕ ਤਾਂ 6000 ਫੁੱਟ ਉੱਚੀ ਹੈ, ਦੂਜੇ ਇਥੇ ਲੋਕਹਾਰਟ ਅਤੇ ਗੁਲਸਤਾਨ ਦੇ ਕਿਲ੍ਹਿਆਂ ਦੇ ਵਿਚਕਾਰ ਹੋਣ ਕਰਕੇ ਇਹ ਗੜ੍ਹੀ ਜਿਨ੍ਹਾਂ ਕੋਲ ਵੀ ਹੋਵੇ, ਉਹ ਆਪਣੇ ਆਪ ਨੂੰ ਕਾਫ਼ੀ ਸੌਖੇ ਮਹਿਸੂਸ ਕਰਦੇ ਸਨ। ਇਕ ਧਿਰ ਅੰਗਰੇਜ਼ ਸਰਕਾਰ ਦੀ ਸੀ ਅਤੇ ਦੂਜੀ ਧਿਰ ਇਨ੍ਹਾਂ ਕਬਾਇਲੀ ਲੋਕਾਂ ਦੀ ਸੀ। ਗੜ੍ਹੀ ਕਬਜ਼ੇ ਵਿਚ ਭਾਵੇਂ ਅੰਗਰੇਜ਼ਾਂ ਦੇ ਸੀ ਪਰ ਹਰ ਵਕਤ ਇਸ ਉੱਤੇ ਅੱਖ ਕਬਾਇਲੀ ਲੋਕਾਂ ਦੀ ਰਹਿੰਦੀ ਸੀ। ਇਸ ਨੂੰ ਜਿੱਤ ਕੇ ਹੋਰ ਅੱਗੇ ਵਧਣਾ ਮਾਨੋ ਰਾਹ ਪੱਧਰਾ ਕਰਨ ਵਾਲੀ ਗੱਲ ਸੀ। ਕਬਾਇਲੀਆਂ ਦੇ ਹਮਲੇ ਸਮੇਂ ਉਨ੍ਹਾਂ ਦੀ ਗਿਣਤੀ ਵੀ ਦਸ ਹਜ਼ਾਰ ਦੇ ਕਰੀਬ ਸੀ। ਅੰਗਰੇਜ਼ ਸਰਕਾਰ ਵੱਲੋਂ ਭਰਤੀ ਇਥੇ ਕੁਝ ਗੁਰੂ ਕੇ ਸਿੱਖ ਸੂਰਮੇ ਸਨ ਜਿਨ੍ਹਾਂ ਦੀ ਅਗਵਾਈ ਸ: ਈਸ਼ਰ ਸਿੰਘ ਜੀ ਕਰ ਰਹੇ ਸਨ। ਹੱਲਾ ਬਹੁਤ ਹੀ ਸੋਚ ਸਮਝ ਕੇ ਵਿਉਂਤ ਨਾਲ ਕੀਤਾ ਗਿਆ ਸੀ। ਕੁਝ ਸਮਾਂ ਇਨ੍ਹਾਂ ਸਿੰਘਾਂ ਦਾ ਸੰਬੰਧ ਹੈੱਡ ਕੁਆਰਟਰ ਨਾਲ ਰਿਹਾ ਪਰ ਉਥੋਂ ਹੁਕਮ ਆਇਆ ਕਿ ਇਸ ਵਕਤ ਹੋਰ ਸਹਾਇਤਾ ਭੇਜਣੀ ਅਸੰਭਵ ਹੈ। (ਇਨ੍ਹਾਂ ਦੀ ਗਿਣਤੀ ਵੀ ਕੇਵਲ 18 ਹੀ ਸੀ) ਸੋ ਤੁਸੀਂ ਗੜ੍ਹੀ ਛੱਡ ਕੇ ਭੱਜ ਜਾਉ। ਥੋੜ੍ਹੀਆਂ ਹੀ ਗੱਲਾਂ ਹੋਈਆਂ ਸਨ ਕਿ ਸੰਪਰਕ ਵੀ ਟੁੱਟ ਗਿਆ। ਧੁਰ ਕੀ ਬਾਣੀ ਪੜ੍ਹ ਕੇ ਧੁਰ ਤੱਕ ਨਿਭਾਉਣ ਵਾਲਿਆਂ ਨੇ ਵਿਚਾਰਿਆ ਕਿ ਗੜ੍ਹੀ ਨੂੰ ਛੱਡ ਕੇ ਭੱਜਣ ਨਾਲ ਸਾਡਾ ਕਿਰਦਾਰ ਦਾਗ਼ੀ ਹੋ ਜਾਵੇਗਾ। ਅਸੀਂ ਗੁਰੂ ਜੀ ਦੇ ਨਾਮ 'ਤੇ ਕਸਮਾਂ ਖਾਧੀਆਂ ਸਨ ਕਿ ਅਸੀਂ ਕਦੇ ਪਿੱਠ ਦਿਖਾ ਕੇ ਭੱਜਾਂਗੇ ਨਹੀਂ। ਇਸ ਵਕਤ ਗੱਲ ਕੇਵਲ ਗੜ੍ਹੀ ਦੀ ਨਹੀਂ ਸਗੋਂ ਭਰਤੀ ਹੋਣ ਸਮੇਂ ਖਾਧੀਆਂ ਕਸਮਾਂ ਦੀ ਵੀ ਹੈ। ਗੁਰੂ 'ਤੇ ਨਿਸ਼ਚਾ ਰੱਖਣ ਵਾਲੇ ਡੱਟ ਗਏ। ਉਨ੍ਹਾਂ ਨੇ ਭੱਜਣ ਦੀ ਬਜਾਇ ਗੱਜਣ ਦਾ ਫ਼ੈਸਲਾ ਕਰ ਲਿਆ ਅਤੇ ਇਤਿਹਾਸ ਬਣਾ ਦਿੱਤਾ। ਆਪ ਤਾਂ ਸ਼ਹਾਦਤਾਂ ਦੇ ਜਾਮ ਪੀ ਗਏ ਪਰ ਗੜ੍ਹੀ 'ਤੇ ਕਬਜ਼ਾ ਨਹੀਂ ਹੋਣ ਦਿੱਤਾ। ਸੱਤ ਘੰਟੇ ਜੰਗ ਚਲਦਾ ਰਿਹਾ, ਸਿੱਖ ਸੈਨਿਕ ਮੁਕਾਬਲਾ ਕਰਦੇ ਰਹੇ। ਗੋਲੀ ਬਰੂਦ ਆਦਿਕ ਖ਼ਤਮ ਹੋਣ 'ਤੇ ਹੱਥਾਂ ਨਾਲ ਹੀ ਕਬਾਇਲੀਆਂ ਨੂੰ ਕੀਤੇ ਦਾ ਮਜ਼ਾ ਚਖਾਉਣ ਲੱਗ ਪਏ। ਆਖ਼ਿਰ ਆਪਣੇ ਖ਼ੂਨ ਨਾਲ ਬਹਾਦਰੀ ਦੀ ਮਿਸਾਲ ਕਾਇਮ ਕਰ ਗਏ। ਸੂਰਮਤਾਈ ਲਈ ਹਮੇਸ਼ਾਂ ਬਲਵਾਨ ਮਨ ਦੀ ਜ਼ਰੂਰਤ ਹੁੰਦੀ ਹੈ। ਅਜਿਹਾ ਕਿਰਦਾਰ ਤਦ ਹੀ ਬਣਦਾ ਹੈ ਜਦੋਂ ਬਾਣੀ ਪੜ੍ਹ ਕੇ, ਸਤ ਦੀ ਵਸਤੂ ਖਾ ਕੇ ਸੇਵਕ ਸੱਚੀ ਸੁੱਚੀ ਭਗਤੀ ਤੇ ਸ਼ਕਤੀ ਦਾ ਮਾਲਿਕ ਬਣ ਜਾਂਦਾ ਹੈ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥

(ਪੰਨਾ ੧੧੦੫)

ਧਾਰਮਿਕ ਦੁਨੀਆਂ ਅੰਦਰ ਇਕ ਲੜਾਈ ਬਹੁਤ ਜ਼ੋਰ ਨਾਲ ਲੜੀ ਜਾ ਰਹੀ ਸੀ। ਹਿੰਦੂ ਆਖਦਾ ਸੀ ਕਿ ਮੇਰਾ ਧਰਮ ਵੱਡਾ ਹੈ, ਇਸ ਲਈ ਹਿੰਦੂ ਹੀ ਵੱਡਾ ਹੈ ਪਰ ਮੁਸਲਮਾਨ ਆਖਦਾ ਸੀ ਕਿ ਮੇਰਾ ਧਰਮ ਕੇਵਲ ਇਕ ਅੱਲ੍ਹਾ ਦਾ ਉਪਾਸ਼ਕ ਹੈ, ਇਸ ਲਈ ਮੇਰੇ ਧਰਮ ਦਾ ਇਹ ਵੱਡਾ ਗੁਣ ਹੋਣ ਕਰਕੇ ਮੁਸਲਮਾਨ ਵੱਡਾ ਹੈ। ਇਹ ਝਗੜਾ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਸਾਹਮਣੇ ਰੱਖਿਆ ਗਿਆ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ ਵੱਡਾ ਹੈ ? ਤਾਂ ਗੁਰੂ ਮਹਾਰਾਜ ਜੀ ਨੇ ਨਾ ਹਿੰਦੂ ਨੂੰ ਵੱਡਾ ਆਖਿਆ ਅਤੇ ਨਾ ਹੀ ਮੁਸਲਮਾਨ ਨੂੰ ਵੱਡਾ ਆਖਿਆ ਬਲਕਿ ਇਕ ਤੀਜਾ ਪੱਖ ਆਖਿਆ। ਉਹ ਸੀ ਸ਼ੁਭ ਅਮਲ ਭਾਵ ਚੰਗਾ ਕਿਰਦਾਰ, ਜਿਸ ਨਾਲ ਹਰ ਮੁਸਲਮਾਨ ਵੀ ਵੱਡਾ ਹੋ ਸਕਦਾ ਹੈ ਅਤੇ ਹਰ ਹਿੰਦੂ ਭਾਵ ਹਰ ਕੋਈ ਵੱਡਾ ਹੋ ਸਕਦਾ ਹੈ। ਮੱਕੇ ਦੀ ਧਰਤੀ ਤੇ ਉਦਾਸੀਆਂ ਦੌਰਾਨ ਪ੍ਰਗਟ ਕੀਤੇ ਸੱਚ ਨੂੰ ਭਾਈ ਗੁਰਦਾਸ ਜੀ ਲਿਖਦੇ ਹਨ—

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥

(ਵਾਰ ੧, ਪਉੜੀ ੩੩)

ਦੁਨੀਆਂ ਦੇ ਦਾਨੇ ਪੁਰਖਾਂ ਨੇ ਮਨੁੱਖੀ ਇਤਿਹਾਸ ਵਿਚੋਂ ਲੜਾਈ ਦੇ ਤਿੰਨ ਕਾਰਨ ਲੱਭੇ ਹਨ। ਇਨ੍ਹਾਂ ਲੜਾਈਆਂ ਦਾ ਕਾਰਨ ਜ਼ਰ, ਜ਼ੋਰੂ ਅਤੇ ਜ਼ਮੀਨ ਸੀ। ਸ਼ਾਇਦ ਕਿਰਦਾਰ ਦੇ ਸਿਖਰ ਦੀ ਇਹ ਮਿਸਾਲ ਹੈ ਕਿ ਗੁਰੂ ਘਰ ਦੀ ਕੋਈ ਵੀ ਲੜਾਈ ਜ਼ਰ, ਜ਼ੋਰੂ, ਜ਼ਮੀਨ ਖ਼ਾਤਰ ਨਹੀਂ ਹੋਈ। ਕਿਰਦਾਰੀ ਪੁਰਖ ਨਾ ਤਾਂ ਕਿਸੇ ਦੀ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਨਾ ਹੀ ਕਿਸੇ ਦੀ ਇਸਤ੍ਰੀ ਨਾਲ ਮੰਦਭਾਵਨਾ ਰੱਖਦਾ ਹੈ। ਅਜਿਹਾ ਪੁਰਖ ਕਿਸੇ ਦਾ ਧਨ ਲੈ ਕੇ ਗੁਜ਼ਰਾਨ ਨਹੀਂ ਕਰਦਾ, ਸਗੋਂ ਆਪ ਦਸਾਂ ਨਹੁੰਆਂ ਦੀ ਨੇਕ ਕਮਾਈ ਕਰਦਾ ਹੈ।

ਗੁਰਬਾਣੀ ਦਾ ਪਾਠ, ਵੀਚਾਰ ਨਾਲ ਕਰਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਬ ਜੀ ਨੇ ਅਸਲ ਵਿਚ ਮਨੁੱਖੀ ਕਿਰਦਾਰ ਦੀ ਹੀ ਵੀਚਾਰ ਸਮਝਾਉਣ ਲਈ ਅਨੇਕਾਂ ਸ਼ਬਦ ਬਖ਼ਸ਼ੇ ਹਨ, ਜਿਵੇਂ ਕਿਧਰੇ ਗੁਰਮੁਖ ਅਤੇ ਕਿਧਰੇ ਮਨਮੁੱਖ। ਗੁਰਮੁਖ ਦਾ ਕਿਰਦਾਰ ਚੰਗੇ ਗੁਣਾਂ ਦੀ ਮੂੰਹ ਬੋਲਦੀ ਤਸਵੀਰ ਹੈ। ਮਨਮੁੱਖ ਅਉਗੁਣਾਂ ਦਾ ਭਰਿਆ ਥਾਂ ਥਾਂ 'ਤੇ ਡੋਲਣ ਵਾਲਾ ਕਿਰਦਾਰ ਹੈ। ਕਿਧਰੇ ਸੋਹਾਗਣੀ ਅਤੇ ਦੁਹਾਗਣੀ ਦੀ ਗੱਲ ਹੈ। ਕਿਧਰੇ ਕੁਚੱਜੀ ਅਤੇ ਸੁਚੱਜੀ ਦੀ ਬਾਤ ਹੈ, ਕਿਧਰੇ ਬਗਲਾ ਤੇ ਹੰਸ ਹੈ।

ਇਸਲਾਮੀ ਦੁਨੀਆਂ ਦੇ ਕੀਮਤੀ ਬੋਲ ਹਨ ਕਿ ਪ੍ਰਮੇਸ਼ਰ ਦੇ ਨੇੜੇ ਦੁਨੀਆਂ ਦੀ ਧਨ ਦੌਲਤ ਜਾਂ ਔਲਾਦ ਨਹੀ ਲਿਜਾ ਸਕਦੀ ਪਰ ਚੰਗਾ ਕਿਰਦਾਰ ਨੇੜੇ ਹੀ ਨਹੀਂ ਕਰਦਾ, ਸਗੋਂ ਅਭੇਦ ਹੋਣ ਵਿੱਚ ਵੀ ਸਹਾਈ ਹੁੰਦੀ ਹੈ। ਮਨੁੱਖਤਾ ਵਿਚੋਂ ਜਾਂ

ਇਤਿਹਾਸ ਵਿਚੋਂ ਵੀ ਚੰਗੇ ਲੋਕਾਂ ਦੀ ਖ਼ੁਸ਼ਬੋ ਕੇਵਲ ਕਿਰਦਾਰ ਜਾਂ ਸਤ ਦੇ ਕਾਰਨ ਹੀ ਹੈ। ਦੁਸ਼ਟ ਪੁਰਖ ਭਾਵ ਸਤ ਤੋਂ ਸੱਖਣੇ ਤੋਂ ਹਰ ਕੋਈ ਦੂਰ ਹੀ ਰਹਿੰਦਾ ਹੈ। ਉਸ ਦੀ ਆਪਣੀ ਔਲਾਦ ਵੀ ਉਸ ਦੇ ਨੇੜੇ ਹੋਣਾ ਚੰਗਾ ਨਹੀਂ ਸਮਝਦੀ। ਉੱਚਾ ਆਚਰਣ ਵਾਲਾ ਆਪਣੇ ਪਰਿਵਾਰ ਦੀ ਗੱਲ ਬਹੁਤ ਛੋਟੀ ਹੈ, ਉਹ ਤਾਂ ਸਗੋਂ ਸਾਰੀ ਦੁਨੀਆਂ ਦੇ ਨੇੜੇ ਹੁੰਦਾ ਹੈ। ਹਰ ਕੋਈ ਅਜਿਹੇ ਪੁਰਖ ਦੇ ਜੀਵਨ 'ਤੇ ਮਾਣ ਕਰਦਾ ਹੈ। ਉੱਚੇ ਜੀਵਨ ਰੂਪੀ ਸਤ ਨੇ ਹੀ ਸਦੀਵੀ ਸਤ ਭਾਵ ਪਰਮੇਸ਼ਰ ਨਾਲ ਮਿਲਾਪ ਕਰਵਾਉਣਾ ਹੈ। ਜਿੰਨਾ ਚਿਰ ਜੀਵਨ ਵਿਚ ਕੂੜ ਹੈ ਭਾਵ ਉੱਚਾ ਆਚਰਣ ਨਹੀਂ, ਓਨਾ ਚਿਰ ਸਦੀਵੀ ਸੱਚ ਦਾ ਮਿਲਾਪ ਵੀ ਬਹੁਤ ਮੁਸ਼ਕਲ ਹੈ। ਸਤ ਤੋਂ ਬਿਨਾਂ ਸੰਸਾਰ ਵੀ ਪ੍ਰਵਾਨ ਨਹੀਂ ਕਰਦਾ, ਫਿਰ ਉਹ ਨਿਰੰਕਾਰ ਦੇ ਘਰ ਕਿਵੇਂ ਪ੍ਰਵਾਨ ਹੋ ਸਕਦਾ ਹੈ ?

ਭਾਈ ਗੁਰਦਾਸ ਜੀ ਨੇ ਛੱਬੀਵੀਂ ਵਾਰ ਵਿਚ ਪਉੜੀ ਨੰਬਰ ਤੇਤੀ ਅਤੇ ਚਉਂਤੀ ਅੰਦਰ ਬਹੁਤ ਹੀ ਪਿਆਰੀ ਵੀਚਾਰ ਬਖ਼ਸ਼ੀ ਹੈ। ਇਕ ਪਾਸੇ ਉਹ ਲੋਕ ਹਨ ਜਿਨ੍ਹਾਂ ਨੇ ਬਹੁਤਾ ਸਮਾਂ ਗੁਰੂ ਜੀ ਦੇ ਕੋਲ ਹੀ ਗੁਜ਼ਾਰਿਆ, ਪਰ ਉਹ ਸਤ ਨਹੀਂ ਪੈਦਾ ਕਰ ਸਕੇ ਜਿਸ ਨਾਲ ਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਹੋ ਸਕੇ। ਆਪਣੇ ਹੀ ਮਾਣ ਵਿੱਚ ਰੱਤ ਕੇ ਖ਼ਾਲੀ ਰਹਿ ਗਏ।

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖ ਕੁਤਾ ਭਉਕਾਇਆ।
ਚੰਦਨ ਵਾਸੁ ਨ ਵਾਸ ਬੋਹਾਇਆ॥੩੩॥

(ਵਾਰ ੨੬, ਪਉੜੀ ੩੩)

ਗੁਰੂ ਨਾਨਕ ਪਾਤਿਸ਼ਾਹ ਜੀ ਦੇ ਦੋ ਸਪੁੱਤਰ ਸਨ—ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਦੀ ਵੀਚਾਰ ਤੋਂ ਉਲਟ ਬਾਲ ਜਤੀ ਰਹਿ ਕੇ ਰਾਵੀ ਦੇ ਕਿਨਾਰੇ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਦੇਹੁਰਾ ਬਣਾ ਲਿਆ ਅਤੇ ਆਪ ਉਥੇ ਬੈਠ ਗਿਆ। ਬਾਬਾ ਲਖਮੀ ਦਾਸ ਜੀ ਨੇ ਵੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਉਹ ਪਿਆਰ ਹਾਸਿਲ ਨਹੀਂ ਕੀਤਾ ਜਿਸ ਨਾਲ ਉਨ੍ਹਾਂ ਨੂੰ ਅਗਲਾ ਉਤਰਾਧਿਕਾਰੀ ਚੁਣਿਆ ਜਾ ਸਕਦਾ। ਬਾਬਾ ਲਖਮੀ ਦਾਸ ਜੀ ਗ੍ਰਹਿਸਥੀ ਸਨ। ਉਨ੍ਹਾਂ ਦੇ ਘਰ ਔਲਾਦ ਹੋਈ ਜਿਸ ਦਾ ਨਾਂ ਧਰਮ ਚੰਦ ਰੱਖਿਆ। ਧਰਮ ਚੰਦ ਦੇ ਵੇਲੇ ਗੁਰੂ ਪਾਤਿਸ਼ਾਹ ਜੀ ਦੀ ਮਹਾਨ ਵਡਿਆਈ ਫੈਲ ਚੁੱਕੀ ਸੀ। ਉਹ

ਵੀ ਇਸ ਮਾਣ ਵਿੱਚ ਹੀ ਰਹਿ ਗਏ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਪੋਤਰਾ ਹਾਂ। ਇਸ ਆਪਾ ਭਾਵ ਨੇ ਕਦੇ ਹਿਰਦੇ ਦਾ ਭਾਂਡਾ ਖ਼ਾਲੀ ਨਹੀਂ ਹੋਣ ਦਿੱਤਾ ਜਿਸ ਵਿੱਚ ਮਿਹਰ ਦੀ ਦਾਤ ਟਿਕ ਸਕਦੀ। ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੇ ਘਰ ਬਾਬਾ ਦਾਤੂ ਜੀ ਤੇ ਬਾਬਾ ਦਾਸੂ ਜੀ ਦੋ ਪੁੱਤਰ ਸਨ। ਬਾਬਾ ਦਾਤੂ ਜੀ ਨੇ ਗੁਰੂ ਜੀ ਕੋਲੋਂ ਕੋਈ ਬਖ਼ਸ਼ਿਸ਼ ਕੀ ਪ੍ਰਾਪਤ ਕਰਨੀ ਸੀ, ਸਗੋਂ ਮਾਣ ਹੰਕਾਰ ਕਰਕੇ ਖ਼ਾਲੀ ਹੀ ਰਹਿ ਗਏ ਅਤੇ ਗੁਰੂ ਅਮਰਦਾਸ ਜੀ ਕੋਲੋਂ ਵੀ ਕੁਝ ਪ੍ਰਾਪਤ ਕਰਨ ਦੀ ਬਜਾਇ ਸਗੋਂ ਉਨ੍ਹਾਂ ਦੇ ਲੱਤ ਕੱਢ ਮਾਰੀ। ਬਾਬਾ ਦਾਸੂ ਜੀ ਵੀ ਆਪਣੇ ਆਸਣ ਲਾ ਕੇ ਗੁਰੂ ਜੀ ਦੇ ਆਸਣ ਤੋਂ ਆਪਣਾ ਰਿਸ਼ਤਾ ਤੋੜ ਬੈਠੇ ਸਨ। ਧੰਨ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਨ ਜੀ ਨੇ ਵੀ ਉਹ ਰੁਤਬਾ ਹਾਸਿਲ ਨਾ ਕੀਤਾ ਜਿਹੜਾ ਬਾਬਾ ਮੋਹਰੀ ਨੇ ਸਨਮੁੱਖ ਹੋ ਕੇ ਪਾ ਲਿਆ। ਬਾਬਾ ਮੋਹਨ ਉੱਚੇ ਚਉਬਾਰਿਆਂ ਦੇ ਮਾਣ ਵਿੱਚ ਹੀ ਰਹਿ ਗਿਆ ਪਰ ਬਾਬਾ ਮੋਹਰੀ ਜੀ ਨੇ ਉੱਚੇ ਚਉਬਾਰਿਆਂ ਦੀ ਥਾਂ ਧੰਨ ਗੁਰੂ ਰਾਮਦਾਸ ਜੀ ਦੇ ਪੈਰੀਂ ਪੈ ਕੇ ਭਾਵ ਚਰਨੀਂ ਲੱਗ ਕੇ ਉੱਚੇ ਰੁਤਬੇ ਨੂੰ ਹਾਸਿਲ ਕਰ ਲਿਆ। ਗੁਰਬਾਣੀ ਦੇ ਬਚਨ ਹਨ—

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥

(ਪੰਨਾ ੯੨੪)

ਬਾਬਾ ਮੋਹਨ ਜੀ ਨੇ ਚਉਬਾਰਾ ਬਣਾਇਆ ਤੇ ਬਾਬਾ ਮੋਹਰੀ ਜੀ ਨੇ ਚਉਬਾਰਾ ਮਨਾਇਆ। ਭਾਵ ਧੰਨ ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰਾਪਤ ਕਰ ਲਈ, ਪਰ ਬਾਬਾ ਮੋਹਣ ਜੀ ਖ਼ਾਲੀ ਰਹਿ ਗਏ। ਬਾਬਾ ਪ੍ਰਿਥੀਚੰਦ ਧੰਨ ਗੁਰੂ ਰਾਮਦਾਸ ਜੀ ਦੇ ਤਿੰਨਾਂ ਪੁੱਤਰਾਂ ਵਿਚੋਂ ਵੱਡੇ ਸਨ ਪਰ ਵੱਡੇ ਦੀ ਵਡਿਆਈ ਨੇ ਨਿਮਰਤਾ ਦੀ ਵਡਿਆਈ ਹਾਸਿਲ ਨਾ ਕਰਨ ਦਿੱਤੀ, ਜਿਸ ਕਰਕੇ ਉਨ੍ਹਾਂ ਦੇ ਨਾਮ ਨਾਲ ਵੀ ਸ਼ਬਦ ਮੀਣਾ ਜੁੜ ਗਿਆ। ਗੁਰੂ ਪਦਵੀ ਤੱਕ ਨਾ ਵੀ ਪਹੁੰਚਦੇ ਪਰ ਸ਼ਬਦ-ਸਿੱਖ ਜਾਂ ਗੁਰਸਿੱਖ ਤਾਂ ਹੋ ਜਾਂਦਾ ਪਰ ਇਸ ਤੋਂ ਵੀ ਖ਼ਾਲੀ ਰਹਿ ਗਏ। ਬਾਬਾ ਮਹਾਂਦੇਵ ਜੀ ਵੀ ਆਪਣੀਆਂ ਹੀ ਵੀਚਾਰਾਂ ਦਿੰਦੇ ਰਹੇ, ਕਦੇ ਗੁਰੂ ਦਰਸਾਈ ਵੀਚਾਰ ਦੇ ਧਾਰਨੀ ਨਾ ਹੋ ਸਕੇ ਲੇਕਿਨ ਸਭ ਤੋਂ ਛੋਟੇ ਪੁੱਤਰ ਸ੍ਰੀ ਅਰਜਨ ਜੀ ਕੇਵਲ ਸ੍ਰੀ ਅਰਜਨ ਜੀ ਹੀ ਨਹੀਂ ਰਹੇ ਬਲਕਿ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਬਣ ਬੈਠੇ। ਇਹ ਸਭ ਕੁਝ ਇਸ ਤਰ੍ਹਾਂ ਹੋਇਆ ਜਿਵੇਂ ਚੰਦਨ ਦੇ ਰੁੱਖ ਕੋਲ ਬਾਂਸ ਸੁਗੰਧਿਤ ਨਾ ਹੋ ਸਕਿਆ। ਇਹ ਸਾਰੇ ਬਾਹਰੋਂ ਨਹੀਂ, ਗੁਰੂ ਘਰ ਵਿੱਚ ਹੀ ਪੈਦਾ ਹੋਏ ਸਨ।

ਦੂਜੇ ਪਾਸੇ ਪਉੜੀ ਨੰਬਰ ਚਉਂਤੀ ਵਿੱਚ ਉਨ੍ਹਾਂ ਮਹਾਨ ਪਵਿੱਤਰ ਜੋਤਾਂ ਦਾ ਜ਼ਿਕਰ ਹੈ ਜਿਹੜੇ ਬਾਹਰੋਂ ਆ ਕੇ ਵੀ ਉਹ ਸਭ ਦੇ ਧਾਰਨੀ ਹੋ ਗਏ ਜਿਹੜੇ ਮੇਰੇ ਸਾਹਿਬ ਜੀ ਨੂੰ ਭਾਉਂਦਾ ਸੀ। ਆਖ਼ਿਰ ਇਹ ਕਿਥੋਂ ਦੇ ਕਿਥੇ ਪਹੁੰਚ ਗਏ। ਭਾਈ

ਗੁਰਦਾਸ ਜੀ ਦੇ ਬਚਨ ਹਨ—

> ਬਾਬਾਣੀ ਪੀੜ੍ਹੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
> ਗੁਰੁ ਅੰਗਦ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।
> ਅਮਰਦਾਸੁ ਗੁਰੁ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
> ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
> ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲੁ ਲਾਇਆ।
> ਹਰਿਗੋਬਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ।
> ਸੁਝੈ ਸੁਝ ਨ ਲੁਕੈ ਲੁਕਾਇਆ॥੩੪॥

(ਵਾਰ ੨੬, ਪਉੜੀ ੩੪)

ਗੁਰੂ ਨਾਨਕ ਪਾਤਿਸ਼ਾਹ ਜੀ ਆਦਿ ਗੁਰੂ ਹੋਣ ਕਰਕੇ ਅੱਗੇ ਉਨ੍ਹਾਂ ਤੋਂ ਪੀੜ੍ਹੀ ਚਲੀ। ਪਹਿਲਾਂ ਚੇਲਾ ਬਣ ਕੇ ਸ੍ਰੀ ਅੰਗਦ ਜੀ ਆਏ ਅਤੇ ਸੇਵਾ ਕਰਕੇ ਆਖ਼ਿਰ ਅੰਗਦ ਤੋਂ ਗੁਰੂ ਅੰਗਦ ਸਾਹਿਬ ਜੀ ਬਣ ਬਿਰਾਜੇ। ਗੁਰੂ ਅੰਗਦ ਸਾਹਿਬ ਜੀ ਦੇ ਦਰੋਂ ਘਰੋਂ ਸੇਵਾ ਭਾਵ ਲੈ ਕੇ ਧੰਨ ਬਾਬਾ ਅਮਰਦਾਸ ਜੀ ਨੇ ਧੰਨ ਧੰਨ ਗੁਰੂ ਅਮਰਦਾਸ ਜੀ ਦੀ ਪਦਵੀ ਪ੍ਰਾਪਤ ਕਰ ਲਈ। ਗੁਰੂ ਅਮਰਦਾਸ ਜੀ ਦੇ ਦਰ ਇਕ ਅਨਾਥ ਬਾਲੜਾ ਸ੍ਰੀ ਜੇਠਾ ਜੀ ਆਏ। ਇਨ੍ਹਾਂ ਨੇ ਇਤਨੀ ਸੇਵਾ ਕੀਤੀ ਕਿ ਘਰ ਜਵਾਈ ਬਣੇ ਭਾਵ ਧੰਨ ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਦਾ ਰਿਸ਼ਤਾ ਵੀ ਕੀਤਾ ਤੇ ਉਹ ਧੰਨ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਬਣ ਪ੍ਰਗਟ ਹੋਏ। ਧੰਨ ਧੰਨ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਗੁਰੂ ਅਰਜਨ ਸਾਹਿਬ ਜੀ ਨੇ ਇਸ ਤਰ੍ਹਾਂ ਗੁਰਗੱਦੀ ਦੀ ਦਾਤ ਪ੍ਰਾਪਤ ਕੀਤੀ ਜਿਵੇਂ ਅੰਮ੍ਰਿਤ ਦੇ ਦਰੱਖ਼ਤ ਨੂੰ ਅੰਮ੍ਰਿਤ ਹੀ ਫਲ ਲੱਗਾ ਹੋਵੇ। ਗੁਰੂ ਅਰਜਨ ਪਾਤਿਸ਼ਾਹ ਜੀ ਮਹਾਰਾਜ ਵੀ ਆਪਣੇ ਹੀ ਪੁੱਤਰ ਦੀ ਕਰਨੀ 'ਤੇ ਰੀਝ ਗਏ। ਉਹ ਵੀ "ਅਰਜਣ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ" ਤੱਕ ਪਹੁੰਚ ਗਏ। ਇਹ ਸਾਰੀ ਵੀਚਾਰ ਇਸ ਤਰ੍ਹਾਂ ਪ੍ਰਗਟ ਹੈ ਜਿਵੇਂ ਸੂਰਜ ਨੂੰ ਕੋਈ ਲੱਖ ਉਪਰਾਲੇ ਕਰਕੇ ਵੀ ਛੁਪਾ ਨਹੀਂ ਸਕਦਾ, ਇਸ ਤਰ੍ਹਾਂ ਹੀ ਇਹ ਸੱਚ ਪ੍ਰਗਟ ਹੈ ਕਿ ਕਿਵੇਂ ਗੁਰੂ ਦਰਸਾਈ ਮਤਿ ਨਾਲ ਤੁਰ ਕੇ ਉਸ ਸਤ ਦੇ ਧਾਰਨੀ ਹੋ ਕੇ ਸਤ ਦਾ ਰੂਪ ਹੀ ਬਣ ਗਏ।

ਉਪਰੋਕਤ ਵੀਚਾਰ ਤੋਂ ਭਾਵ ਹੈ ਕਿ ਸਤ ਦਾ ਭਾਂਡਾ ਹੀ ਅਮੋਲਕ ਦਾਤ ਨੂੰ ਸਾਂਭ ਸਕਦਾ ਹੈ। ਇਸ ਲਈ ਹੀ ਹਜ਼ੂਰ ਨੇ ਸਭ ਤੋਂ ਪਹਿਲਾਂ ਸਤ ਦੀ ਵਸਤੂ ਹੀ ਰੱਖੀ ਕਿਉਂਕਿ ਬਰਤਨ ਸਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਵਿੱਤਰ ਬਾਣੀ ਅੰਦਰ ਬਹੁਤ ਸਾਰੇ ਧਰਮੀ ਪੁਰਖਾਂ ਦਾ ਜ਼ਿਕਰ ਆਉਂਦਾ ਹੈ, ਜਿਵੇਂ ਪੰਡਿਤ, ਜੋਗੀ, ਮੁਲਾਂ, ਕਾਜ਼ੀ, ਜੈਨੀ, ਸੰਤ ਮਹਾਤਮਾ, ਸਿੱਖ ਇਤਿਆਦਿਕ। ਇਨ੍ਹਾਂ ਸਭਨਾਂ ਦੇ ਕਿਰਦਾਰ

ਨੂੰ ਹੀ ਮੁੱਖ ਰੱਖਿਆ ਹੈ। ਜੇਕਰ ਗੱਲ ਕਿਸੇ ਬ੍ਰਾਹਮਣ ਜਾਂ ਪੰਡਿਤ ਦੀ ਹੈ ਤਾਂ ਉਸ ਦੀ ਕਰਣੀ ਦਾ ਭਾਵ ਸਤ ਦਾ ਹੀ ਜ਼ਿਕਰ ਕੀਤਾ ਹੈ।

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥

(ਪੰਨਾ ੫੬)

ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥
ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥

(ਪੰਨਾ ੨੭੪)

ਇਨ੍ਹਾਂ ਦੋਨਾਂ ਬਚਨਾਂ ਵਿੱਚ ਜੋ ਪੰਡਿਤ ਕੇਵਲ ਜ਼ੁਬਾਨ ਤੱਕ ਸੀਮਤ ਹੈ, ਉਹ ਕਦੇ ਵੀ ਰੱਬੀ ਪਿਆਰ ਹਾਸਿਲ ਨਹੀਂ ਕਰ ਸਕਦਾ ਪਰ ਦੂਜੇ ਪਾਸੇ ਜਿਹੜਾ ਦਿਲ ਦੀ ਮੁਹੱਬਤ ਨਾਲ ਸਾਂਈ ਦੇ ਗੁਣ ਗਾ ਕੇ ਸਾਰ ਰਸ ਪੀਂਦਾ ਹੈ, ਉਹ ਆਪ ਤਾਂ ਸੁਹੇਲਾ ਹੋਵੇਗਾ ਹੀ, ਸਗੋਂ ਉਸ ਦੀ ਜ਼ਬਾਨੋਂ ਨਿਕਲੇ ਬੋਲ ਵੀ ਜਗਤ ਦੇ ਜੀਵਨ ਲਈ ਸੇਧ ਬਣ ਜਾਂਦੇ ਹਨ। ਜੋਗੀ ਵਾਸਤੇ ਵੀ ਅੰਮ੍ਰਿਤ ਬਚਨ ਹਨ ਕਿ ਬਾਹਰੀ ਤੌਰ 'ਤੇ ਨਿਸ਼ਾਨ ਧਾਰਨ ਕਰਨੇ ਬਹੁਤ ਹੀ ਸੌਖੇ ਹਨ ਪਰ ਈਮਾਨ ਧਾਰਨ ਕਰਨਾ ਔਖਾ ਹੁੰਦਾ ਹੈ। ਰੱਬੀ ਪਿਆਰ ਕੇਵਲ ਨਿਸ਼ਾਨ ਨਾਲ ਨਹੀਂ ਬਲਕਿ ਈਮਾਨ ਨਾਲ ਮਿਲਦਾ ਹੈ। ਜੋਗੀ ਉਹ ਹੀ ਹੈ ਜਿਹੜਾ ਅਸਲ ਵਿਚ ਰੱਬ ਨਾਲ ਜੁੜਨ ਦੀ ਜੁਗਤੀ ਸਿੱਖ ਕੇ ਕਮਾਉਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਗੁਰੂ ਕਿਰਪਾ ਨਾਲ ਇਕ ਨੂੰ ਹੀ ਜਾਣੇ। ਧਨਾਸਰੀ ਰਾਗ ਦਾ ਪਵਿੱਤਰ ਬਚਨ ਹੈ :—

ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪਰਸਾਦੀ ਏਕੋ ਜਾਣੈ ॥

(ਪੰਨਾ ੬੬੨)

ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥

(ਪੰਨਾ ੭੩੦)

ਸਤਿਗੁਰੂ ਜੀ ਨੇ ਇਕ ਹੀ ਸ਼ਬਦ ਵਿੱਚ ਕਿੰਨੇ ਲੋਕਾਂ ਦੇ ਸਤ ਦੀ ਗੱਲ ਕੀਤੀ ਹੈ ਕਿ ਹਿੰਦੂ ਦੇ ਘਰ ਹਿੰਦੂ ਬ੍ਰਾਹਮਣ ਆਉਂਦਾ ਹੈ, ਜਨੇਊ ਵੱਟ ਕੇ ਪਾ ਦਿੰਦਾ ਹੈ। ਪਰ ਭਲਿਆ, ਇਕੱਲਾ ਜਨੇਊ ਪਾ ਕੇ ਪ੍ਰਭੂ ਪ੍ਰੇਮ ਨਹੀਂ ਮਿਲਦਾ ਬਲਕਿ ਉਥੇ ਤਾਂ ਸਤ ਨੇ ਪ੍ਰਵਾਨ ਹੋਣਾ ਹੈ। ਮੁਸਲਮਾਨ ਵੀ ਹੁਣ ਤੱਕ ਇਸਲਾਮ ਦੀ ਵਡਿਆਈ

ਕਰਦਾ ਇਹੋ ਹੀ ਕਹਿੰਦਾ ਹੈ ਕਿ ਇਹ ਸਭ ਤੋਂ ਉੱਤਮ ਹੈ ਪਰ ਸੱਚ ਇਹ ਹੈ ਕਿ ਬਿਨਾਂ ਸਤ ਭਾਵ ਕਰਣੀ ਤੋਂ ਇਹ ਪ੍ਰਵਾਨ ਨਹੀਂ ਹੋ ਸਕਦਾ। ਜੋਗੀ ਇਕ ਪਾਸੇ ਮੁੰਦਰਾਂ ਪਾ ਕੇ ਸਪੱਸ਼ਟ ਕਰਦਾ ਹੈ ਕਿ ਮੈਂ ਘਰ ਬਾਰ ਸਭ ਕੁਝ ਤਿਆਗ ਕੇ ਰੱਬੀ ਰਾਹ 'ਤੇ ਤੁਰ ਪਿਆ ਹਾਂ, ਪਰ ਘਰ ਘਰ ਮੰਗ ਕੇ ਖਾਂਦਾ ਹੈ। ਉਸ ਨੂੰ ਭਰੋਸਾ ਨਹੀਂ ਕਿ ਰੱਬ ਸਭ 'ਚ ਵਸਦਾ ਹੈ ਤੇ ਸੰਭਾਲ ਕਰੇਗਾ। ਇਹ ਸਭ ਫਕੜ (ਫੋਕੇ ਦਾਅਵੇ) ਹੀ ਹਨ। ਸਭ ਤੋਂ ਵੱਡਾ ਕਹਿਣੀ ਨਾਲ ਨਹੀਂ ਬਲਕਿ ਸਤ ਦੀ ਰਹਿਣੀ ਨਾਲ ਹੁੰਦਾ ਹੈ। ਪਾਵਨ ਬਚਨ ਹਨ—

ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥
ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥
ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥
ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥
ਜੋਗੀ ਕੈ ਘਰਿ ਜੁਗਤਿ ਦਸਾਈ ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥
ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥
ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥
ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥

(ਪੰਨਾ ੯੫੧)

ਸਿੱਖ ਲਈ ਬਿਲਕੁਲ ਸਪੱਸ਼ਟ ਬਚਨ ਹਨ ਕਿ ਸਿੱਖ ਉਹ ਹੈ ਜਿਸ ਨੂੰ ਗੁਰੂ ਦਾ ਭਾਣਾ ਭਾਉਂਦਾ ਹੈ। ਗੁਰੂ ਜੀ ਨੇ ਭਾਣਾ ਮਿੱਠਾ ਕਰਕੇ ਮੰਨਿਆ ਤੇ ਭਾਣਾ ਮੰਨਣ ਵਾਲੇ ਨੂੰ ਹੀ ਸਿੱਖ ਪ੍ਰਵਾਨਿਆ ਹੈ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

(ਪੰਨਾ ੬੦੧)

ਸਤ ਦਾ ਵੀਚਾਰ-ਖੇਤਰ ਬਹੁਤ ਹੀ ਵਿਸ਼ਾਲ ਹੈ ਕਿਉਂਕਿ ਅੰਦਰੂਨੀ ਸਾਰੇ ਸਭ ਗੁਣਾਂ ਦਾ ਬੀਜ ਹੀ ਸਤ ਹੁੰਦਾ ਹੈ। ਸਤ ਇਕ ਅਜਿਹੀ ਦੀਵਾਰ ਦਾ ਨਾਮ ਹੈ ਜਿਹੜੀ ਜ਼ਿੰਦਗੀ ਦੇ ਸ਼ੁਭ ਗੁਣ ਬਰਬਾਦ ਨਹੀਂ ਹੋਣ ਦਿੰਦੀ ਅਤੇ ਔਗੁਣਾਂ ਨੂੰ ਅੰਦਰ ਪ੍ਰਵੇਸ਼ ਨਹੀਂ ਹੋਣ ਦਿੰਦੀ। ਇਤਿਹਾਸਕ ਪੰਨਿਆਂ 'ਤੇ ਦੋ ਬੰਦਿਆਂ ਦਾ ਹੀ ਜ਼ਿਕਰ ਆਵੇਗਾ। ਇਕ ਕਿਰਦਾਰ ਭਾਵ ਸਤ ਦੀ ਖ਼ਾਤਰ ਆਪਾ ਵਾਰਨ ਵਾਲਾ ਅਤੇ ਦੂਜਾ ਸਤ ਤੋਂ ਡੋਲ ਕੇ ਪਾਪ ਦੇ ਰਾਹ 'ਤੇ ਤੁਰਿਆ ਭੁੱਲੜ ਰਾਹੀ। ਸਤ ਨੂੰ

ਕਾਇਮ ਰੱਖ ਕੇ ਆਪਾ ਵਾਰਨ ਵਾਲੇ ਨੂੰ ਸੰਸਾਰ ਚੰਗੇ ਸ਼ਬਦਾਂ ਅਤੇ ਚੰਗੇ ਢੰਗ ਨਾਲ ਯਾਦ ਕਰਦਾ ਹੈ ਪਰ ਸਤ ਤੋਂ ਡੋਲਣ ਵਾਲੇ ਲਈ ਫਿਟਕਾਰਾਂ ਪਾਈਆਂ ਜਾਂਦੀਆਂ ਹਨ। ਇਥੋਂ ਤੱਕ ਦੇਖ ਸਕਦੇ ਹਾਂ ਕਿ ਕਾਜ਼ੀ ਨੂਰ ਮੁਹੰਮਦ ਸਿੱਖਾਂ ਬਾਰੇ ਲਿਖਦਾ ਹੋਇਆ ਸਪੱਸ਼ਟ ਕਰਦਾ ਹੈ ਕਿ ਇਨ੍ਹਾਂ ਕੋਲ ਤੇਗ ਚਲਾਉਣ ਦਾ ਗੁਣ, ਪਰਾਈ ਇਸਤਰੀ ਨੂੰ ਮਾਤ ਕਹਿ ਕੇ ਬੁਲਾਉਣਾ, ਚੋਰੀ ਯਾਰੀ ਆਦਿਕ ਔਗੁਣ ਤੋਂ ਉਪਰ ਹਨ। ਭਾਵੇਂ ਕਾਜ਼ੀ ਨੂਰ ਮੁਹੰਮਦ ਦੇ ਹਿਰਦੇ ਵਿੱਚ ਈਰਖਾ ਦੀ ਅੱਗ ਹੈ, ਇਸ ਲਈ ਸਿੱਖਾਂ ਨੂੰ 'ਸੱਗ' ਕਹਿੰਦਾ ਹੈ ਪਰ ਉਸ ਦੇ ਸ਼ਬਦਾਂ ਦੀ ਚਾਦਰ ਸਿੱਖੀ ਦੇ ਕਿਰਦਾਰ ਨੂੰ ਢੱਕ ਨਹੀਂ ਸਕੀ। ਇਸੇ ਲਈ ਇਹ ਕੌਮ ਅਨੇਕਾਂ ਕਸ਼ਟ ਸਹਾਰ ਕੇ ਵੀ ਚੜ੍ਹਦੀ ਕਲਾ ਵਿੱਚ ਹੈ ਕਿਉਂਕਿ ਸਿਆਣੇ ਆਖਦੇ ਹਨ ਕਿ ਧਨ ਦੀ ਬਰਬਾਦੀ ਅਸਲ ਬਰਬਾਦੀ ਨਹੀਂ ਹੁੰਦੀ, ਸਿਹਤ ਦਾ ਖ਼ਰਾਬ ਹੋਣਾ ਅਤੇ ਪਲਿਉਂ ਕੁਝ ਗਵਾਉਣਾ ਹੈ ਪਰ ਸਤ ਦਾ ਭਾਵ ਕਿਰਦਾਰ ਦਾ ਬਰਬਾਦ ਹੋਣਾ ਤਾਂ ਸਭ ਕੁਝ ਹੀ ਬਰਬਾਦ ਹੋਣ ਬਰਾਬਰ ਹੈ।

Money is lost, nothing is lost, health is lost something is lost but character is lost every thing is lost.

ਸਤ ਦਾ ਧਾਰਨੀ ਆਪਣੇ ਆਪੇ ਦੀਆਂ ਨਜ਼ਰਾਂ ਵਿੱਚ ਹਮੇਸ਼ਾ ਸੁਰਖ਼ਰੂ ਰਹਿੰਦਾ ਹੈ। ਇਸ ਕਰਕੇ ਹੀ ਉਸ ਕੋਲੋਂ ਕਦੇ ਸੱਚੀ ਖ਼ੁਸ਼ੀ ਨਹੀਂ ਗਵਾਚਦੀ। ਅਜਿਹਾ ਸਤ ਦਾ ਧਾਰਨੀ ਹੀ ਕਿਸੇ ਦੇ ਸਤ ਦੀ ਰੱਖਿਆ ਕਰ ਸਕਦਾ ਹੈ। ਅਜਿਹੇ ਸਤ ਦੇ ਧਾਰਨੀ ਲੋਕਾਂ ਦੇ ਆਸਰੇ ਹੀ ਮਨੁੱਖਤਾ ਜਿਉਂਦੀ ਰਹਿੰਦੀ ਹੈ।

ਸਤ ਦਾ ਕਿਲ੍ਹਾ ਇੰਨਾ ਮਜ਼ਬੂਤ ਹੁੰਦਾ ਹੈ ਕਿ ਇਸ ਨੂੰ ਨਾ ਤਾਂ ਕੋਈ ਵਿਕਾਰਾਂ ਦਾ ਰਸ ਹੀ ਹੋੜ ਸਕਦਾ ਹੈ ਅਤੇ ਨਾ ਹੀ ਮਾਇਆ ਦੇ ਕੌਤਕ ਇਸ ਦੀ ਨੀਂਹ ਹਿਲਾ ਸਕਦੇ ਹਨ। ਜਿਵੇਂ ਕਿਲ੍ਹਾ ਕਿਤਨਾ ਵੀ ਮਜ਼ਬੂਤ ਹੋਵੇ ਪਰ ਉਸ ਦੀ ਮਜ਼ਬੂਤੀ ਮਜ਼ਬੂਤ ਸਾਮਾਨ ਨਾਲ ਹੀ ਬਣਦੀ ਹੈ। ਇਸ ਤਰ੍ਹਾਂ ਹੀ ਸਤ ਦੇ ਕਿਲ੍ਹੇ ਦੀ ਵੀ ਮਜ਼ਬੂਤੀ ਸੱਚ ਦੀ ਬਾਣੀ ਪੜ੍ਹ ਕੇ ਹੀ ਬਣ ਸਕਦੀ ਹੈ। ਸਤ ਨੂੰ ਫਿਰ ਭਾਵੇਂ ਰੰਬੀਆਂ ਨਾਲ ਪਰਖ ਕੇ ਵੇਖਿਆ, ਆਰਿਆਂ ਨੇ ਪਰਖ ਨੇ ਵੇਖਿਆ, ਗੰਡਾਸਿਆਂ ਨੇ ਬੰਦ ਬੰਦ ਕੱਟੇ, ਚਰਖੜੀਆਂ ਨੇ ਵੀ ਅਜ਼ਮਾਇਆ ਪਰ ਸਭ ਤੋਂ ਇਕੋ ਹੀ ਜਵਾਬ ਮਿਲਿਆ ਕਿ ਸਤ ਦਾ ਕਿਲ੍ਹਾ ਕੋਈ ਵੀ ਢਾਹ ਨਹੀਂ ਸਕਦਾ। ਇਸ ਕਰਕੇ ਹੀ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸਤ ਦੀ ਮਜ਼ਬੂਤੀ ਲਈ ਉਹ ਸੱਚਾ ਦੇਵਤਾ ਬਣਾਉਣਾ ਹੈ ਜਿਹੜਾ ਪਰਮੇਸ਼ਰ ਜੀ ਦਾ ਹੀ ਰੂਪ ਹੋਵੇਗਾ।

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥

(ਪੰਨਾ ੧੪੨੭)

ਭਗਤ ਫ਼ਰੀਦ ਜੀ ਇਕ ਬਚਨ ਵਿੱਚ ਆਖਦੇ ਹਨ ਕਿ ਮੈਂ ਕਿਹੜਾ ਪਹਿਰਾਵਾ ਪਾ ਲਵਾਂ ਜਿਸ ਨਾਲ ਮੇਰਾ ਪਿਆਰੇ ਸ਼ਹੁ ਨਾਲ ਮਿਲਾਪ ਹੋ ਸਕੇ। ਮੈਂ ਚੰਗੇ ਕੀਮਤੀ ਕੱਪੜੇ ਸਾੜ ਦੇਵਾਂ ਪਰ ਉਹ ਬਾਣਾ ਧਾਰਨ ਕਰਾਂ ਜਿਹੜਾ ਸੁੰਦਰ ਹੋਣ ਦੀ ਬਜਾਇ ਸਗੋਂ ਸਾਈਂ ਜੀ ਦੇ ਪਿਆਰ-ਮਿਲਾਪ ਵਿੱਚ ਸਹਾਈ ਹੋਵੇ।

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥

(ਪੰਨਾ ੧੩੮੩)

ਇਸ ਬਚਨ ਦੇ ਨਾਲ ਹੀ ਧੰਨ ਗੁਰੂ ਅਮਰਦਾਸ ਜੀ ਨੇ ਬਚਨ ਬਖ਼ਸ਼ਿਸ਼ ਕਰ ਦਿੱਤਾ ਕਿ ਕਿਧਰੇ ਲੋਕ ਅਜਿਹੇ ਪਹਿਰਾਵੇ ਦੀ ਖੋਜ ਵਿੱਚ ਨਾ ਲੱਗ ਜਾਣ ਜਾਂ ਫਿਰ ਭੁੱਲੜ ਲੋਕ ਕਿਸੇ ਖ਼ਾਸ ਪਹਿਰਾਵੇ ਦੇ ਹੀ ਪੁਜਾਰੀ ਨਾ ਬਣ ਜਾਣ, ਇਸ ਲਈ ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਅਸਲ ਵਿੱਚ ਲੋੜ ਬਾਣੇ (ਕੱਪੜੇ) ਬਦਲਾਉਣ ਦੀ ਹੈ। ਸਾਂਈ ਦਾ ਪਿਆਰ ਸਾਫ਼ ਨੀਅਤ ਨਾਲ ਹੋਣਾ ਹੈ।

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥

(ਪੰਨਾ ੩੮੩)

ਨੀਅਤ ਰਾਸ ਅਸਲ ਵਿੱਚ ਸਤ ਦਾ ਹੀ ਦੂਜਾ ਨਾਮ ਹੈ। ਬਾਬਾ ਬਕਾਲਾ ਸਾਹਿਬ ਦੇ ਲਾਗੇ ਹੀ ਇਕ ਨਗਰ ਹੈ ਜਿਸ ਦਾ ਨਾਮ ਸਠਿਆਲਾ ਹੈ। ਇਥੇ ਨਾਨਕਸਰ ਨਾਮੀ ਗੁਰਦੁਆਰਾ ਸਾਹਿਬ ਇਸ ਗੱਲ ਦਾ ਪਵਿੱਤਰ ਸੁਨੇਹਾ ਦਿੰਦਾ ਹੈ ਕਿ ਇਥੇ ਕਦੇ ਧੰਨ ਧੰਨ ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਦੇ ਪਵਿੱਤਰ ਚਰਨ ਪਏ ਸਨ। ਇਥੋਂ ਦੀ ਘਟਨਾ ਸਤ ਦੀ ਵੀਚਾਰ ਨੂੰ ਸਮਝਣ ਵਿੱਚ ਬਹੁਤ ਮਦਦ ਕਰੇਗੀ। ਘਟਨਾ ਇਸ ਤਰ੍ਹਾਂ ਹੋਈ ਸੀ ਕਿ ਇਥੇ ਪਾਤਿਸ਼ਾਹ ਜੀ ਦੇ ਕੋਲ ਕੁਝ ਮੁਸਲਮਾਨ ਧਰਮ ਨਾਲ ਸੰਬੰਧਿਤ ਇਸਤਰੀਆਂ ਸਤਿਗੁਰ ਜੀ ਦੇ ਉਪਦੇਸ਼ ਸੁਣਨ ਆਉਣ ਲੱਗ ਪਈਆਂ। ਉਹ ਬੁਰਕਾ ਪਾ ਕੇ ਆਉਂਦੀਆਂ ਸਨ ਪਰ ਕੁਝ ਹੀ ਸਮੇਂ ਮਗਰੋਂ ਗੁਰਮਤਿ ਦੀ ਵੀਚਾਰ ਸਮਝ ਲਈ ਕਿ ਗੁਰੂ ਘਰ ਮੂੰਹ ਢੱਕ ਕੇ ਆਉਣਾ ਬੇਅਦਬੀ ਹੈ। ਇਥੇ ਕੇਵਲ ਸਿਰ ਢੱਕ ਕੇ ਆਉਣ ਦੀ ਮਰਯਾਦਾ ਹੈ। ਇਸ ਲਈ ਇਹ ਇਸਤਰੀਆਂ ਮੂੰਹ ਨਾ ਢੱਕਣ ਤੇ ਇਸ ਤਰ੍ਹਾਂ ਹੀ ਬਾਕੀ ਗੁਰਸੰਗਤ ਵਾਂਗ ਬੈਠ ਕੇ ਪਵਿੱਤਰ ਬਚਨ ਸਰਵਣ ਕਰਦੀਆਂ ਸਨ। ਇਨ੍ਹਾਂ ਦੇ ਪਤੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਰੋਕਿਆ ਪਰ ਪਤਨੀਆਂ ਨੇ ਸਤਿਗੁਰੂ ਜੀ ਦੀ ਪਵਿੱਤਰ ਵੀਚਾਰ ਸਮਝਾਈ ਅਤੇ ਬੇਨਤੀ ਕੀਤੀ ਕਿ ਸਾਨੂੰ ਜਾਣ ਤੋਂ ਨਾ ਰੋਕਿਆ ਜਾਵੇ। ਪਤੀ ਇਕ ਦਿਨ ਇਕੱਠੇ ਹੋ ਕੇ ਆ ਗਏ। ਜਦੋਂ ਅੰਮ੍ਰਿਤ-ਬਚਨਾਂ ਦੀ ਪਵਿੱਤਰ ਵਰਖਾ ਹੋ

ਰਹੀ ਸੀ ਤਾਂ ਇਨ੍ਹਾਂ ਨੇ ਬਾਹਰੋਂ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ। ਸਾਰੀ ਸੰਗਤ ਵਿੱਚ ਭਗਦੜ ਮੱਚ ਗਈ ਪਰ ਸਤਿਗੁਰੂ ਜੀ ਨੇ ਬਹੁਤ ਹੀ ਸ਼ਾਂਤ ਸੁਭਾਅ ਨਾਲ ਆਖਿਆ ਕਿ ਭਾਈ, ਇਹ ਕੋਈ ਗ਼ੈਬੀ ਸ਼ਕਤੀ ਨਹੀਂ, ਇਹ ਤਾਂ ਸਗੋਂ ਤੁਹਾਡੇ ਪਤੀ ਹੀ ਛੁਪ ਕੇ ਵੱਟੇ ਮਾਰ ਰਹੇ ਹਨ। ਇਸ ਵਾਰੀ ਇਸਤਰੀਆਂ ਨੇ ਵੀ ਦਲੇਰੀ ਕੀਤੀ ਅਤੇ ਵੀਚਾਰ ਸਮਝਾਈ ਕਿ ਵਿਕਾਰ ਬੁਰਕਾ ਲਾਹ ਕੇ ਮੂੰਹ ਨੰਗਾ ਕਰਨ ਨਾਲ ਖ਼ਤਮ ਨਹੀਂ ਹੁੰਦੇ, ਸਗੋਂ ਵਿਕਾਰ ਤਾਂ ਨੀਅਤ ਪਵਿੱਤਰ ਕਰਨ ਨਾਲ ਖ਼ਤਮ ਹੁੰਦੇ ਹਨ। ਨੀਅਤ ਪਵਿੱਤਰ ਰੱਬੀ ਬੋਲਾਂ ਨਾਲ ਹੁੰਦੀ ਹੈ। ਅਸਲ ਸਤ (ਕਿਰਦਾਰ) ਇਹ ਨਹੀਂ ਕਿ ਮੈਂ ਕਿਸੇ ਦਾ ਚਿਹਰਾ ਨਾ ਦੇਖਾਂ ਬਲਕਿ ਅਸਲ ਸਤ ਇਹ ਹੈ ਕਿ ਮੈਂ ਚਿਹਰਾ ਦੇਖ ਕੇ ਵੀ ਵਿਕਾਰੀ ਨਾ ਹੋਵਾਂ। ਮੈਨੂੰ ਜ਼ਿੰਦਗੀ ਦਾ ਮਕਸਦ, ਸੰਸਾਰ ਦਾ ਕੂੜਾ ਹੋਣਾ ਤੇ ਇਕ ਦਿਨ ਰੱਬੀ ਦਰਬਾਰ ਜਾਣਾ ਯਾਦ ਹੋਵੇਗਾ ਤਾਂ ਮੇਰਾ ਮਨ ਵਿਕਾਰ ਚਿਤਵਨ ਦੀ ਥਾਂ ਨਿਰੰਕਾਰ ਨੂੰ ਚੇਤੇ ਕਰੇਗਾ। ਇਸ ਤਰ੍ਹਾਂ ਪ੍ਰਭੂ ਜੀ ਦਾ ਸਿਮਰਨ ਹਰ ਵਕਤ ਅਡੋਲਤਾ ਦੀ ਦਾਤ ਬਖ਼ਸ਼ਿਸ਼ ਕਰ ਦੇਵੇਗਾ।

ਤਨ ਕਰਕੇ ਦੁਨੀਆਂ ਵਿੱਚ ਵਿਕਾਰੀ ਬਹੁਤ ਥੋੜ੍ਹੇ ਹਨ ਪਰ ਮਨ ਕਰਕੇ ਵਿਕਾਰੀਆਂ ਨਾਲ ਦੁਨੀਆਂ ਭਰੀ ਪਈ ਹੈ। ਕਈ ਵਾਰੀ ਤਾਂ ਤਨ ਕਰਕੇ ਧਾਰਮਿਕ ਦਿੱਸਣ ਵਾਲੇ ਲੋਕ ਵੀ ਮਨ ਕਰਕੇ ਵਿਕਾਰੀ ਹੁੰਦੇ ਹਨ। ਅਸਲ ਵਿੱਚ ਸਤ ਦਾ ਅਰਥ ਸੀ ਮਨ ਕਰਕੇ ਵਿਕਾਰੀ ਗ਼ੁਲਾਮੀ ਤੋਂ ਮੁਕਤ ਹੋ ਜਾਣਾ।

ਬੋਧੀਆਂ ਦੀ ਇਕ ਬਹੁਤ ਹੀ ਪਿਆਰੀ ਗਾਥਾ ਹੈ ਕਿ ਇਕ ਦਿਨ ਦੋ ਬੋਧੀ ਭਿਕਸ਼ੂ ਕੁਝ ਮੰਗਣ ਲਈ ਜਾ ਰਹੇ ਸਨ। ਤੁਰਦਿਆਂ ਤੁਰਦਿਆਂ ਰਸਤੇ ਵਿਚ ਇਕ ਨਦੀ ਆਈ। ਬੋਧੀ ਭਿਕਸ਼ੂ ਨਦੀ ਕਿਨਾਰੇ ਰੱਬੀ ਮੌਜ ਵਿੱਚ ਜਾ ਰਹੇ ਸਨ ਕਿ ਇਕ ਇਸਤਰੀ ਦੀ ਦਿਲ-ਖਿੱਚਵੀਂ ਦੁਖੀ ਆਵਾਜ਼ ਨੇ ਦੋਨਾਂ ਦਾ ਧਿਆਨ ਖਿੱਚ ਲਿਆ। ਇਹ ਇਸਤਰੀ ਕਿਸੇ ਕਾਰਨ ਨਦੀ ਵਿੱਚ ਡਿੱਗ ਪਈ ਸੀ ਅਤੇ ਆਪਣੇ ਬਚਾਅ ਲਈ ਰੌਲਾ ਪਾ ਰਹੀ ਸੀ। ਰੱਬ ਸਬੱਬੀ ਉਥੇ ਨੇੜੇ ਇਹ ਦੋ ਬੋਧੀ ਭਿਕਸ਼ੂ ਹੀ ਸਨ। ਇਕ ਨੇ ਉਸ ਨੂੰ ਬਚਾਉਣਾ ਚਾਹਿਆ ਪਰ ਦੂਜੇ ਨੇ ਕਿਹਾ, ਸਾਡੇ ਮੁਰਸ਼ਦ ਨੇ, ਸਾਡੇ ਗੁਰੂ ਨੇ ਸਾਨੂੰ ਸਿੱਖਿਆ ਦਿੱਤੀ ਹੈ ਕਿ ਇਸਤਰੀ ਦੇ ਲਾਗੇ ਨਹੀਂ ਜਾਣਾ, ਇਹ ਮਹਾਂ ਪਾਪ ਹੈ। ਇਕ ਰੋਕਦਾ ਹੈ ਪਰ ਦੂਜੇ ਨੇ ਬਿਨਾਂ ਪ੍ਰਵਾਹ ਕੀਤਿਆਂ ਉਸ ਡੁੱਬਦੀ ਇਸਤਰੀ ਨੂੰ ਬਾਹਰ ਕੱਢ ਲਿਆਂਦਾ। ਉਸ ਦੇ ਪੇਟ ਅੰਦਰੋਂ ਪਾਣੀ ਕੱਢਿਆ। ਮੂੰਹ ਨਾਲ ਮੂੰਹ ਲਾ ਕੇ ਸਾਹ ਵੀ ਦਿੱਤਾ। ਕੁਝ ਸਮੇਂ ਦੀ ਮਿਹਨਤ ਨਾਲ ਇਕ ਜ਼ਿੰਦਗੀ ਦੀ ਟੁੱਟਦੀ ਡੋਰ ਮੁੜ ਜੁੜ ਗਈ। ਉਸ ਇਸਤਰੀ ਨੇ ਹਜ਼ਾਰਾਂ ਹੀ ਅਸੀਸਾਂ ਦਿੱਤੀਆਂ। ਆਖ਼ਿਰ ਇਸਤਰੀ ਆਪਣੇ ਰਾਹ ਪੈ ਗਈ ਅਤੇ ਬੋਧੀ ਭਿਕਸ਼ੂ ਆਪਣੇ ਰਾਹ 'ਤੇ ਚੱਲ ਪਏ।

ਜਿਹੜੇ ਦੋਵੇਂ ਭਿਕਸ਼ੂ ਪਹਿਲਾਂ ਗੱਲਾਂ ਕਰਦੇ ਜਾ ਰਹੇ ਸਨ ਪਰ ਹੁਣ ਕਾਫ਼ੀ ਦੂਰੀ ਤੱਕ ਚੁੱਪ ਹੀ ਤੁਰੇ ਜਾ ਰਹੇ ਸਨ ਕਿਉਂਕਿ ਇਕ ਭਿਕਸ਼ੂ ਦੂਜੇ ਨਾਲ ਨਾਰਾਜ਼

ਸੀ। ਕੁਝ ਸਮੇਂ ਬਾਅਦ ਇਸਤਰੀ ਨੂੰ ਬਚਾਉਣ ਵਾਲਾ ਬੋਲਿਆ ਕਿ ਆਪ ਕੋਈ ਬਚਨ ਨਹੀਂ ਕਰ ਰਹੇ ਤਾਂ ਦੂਜਾ ਜਿਹੜਾ ਤਪਿਆ ਪਿਆ ਸੀ, ਕਹਿਣ ਲੱਗਾ ਕਿ ਤੂੰ ਮਹਾਂ ਪਾਪ ਕੀਤਾ ਹੈ। ਇਸਤਰੀ ਦੇ ਨੇੜੇ ਨਹੀਂ ਸੀ ਜਾਣਾ ਪਰ ਤੂੰ ਤਾਂ ਉਸ ਨੂੰ ਗੋਦ ਵਿੱਚ ਚੁੱਕ ਕੇ ਲਿਆਂਦਾ ਹੈ। ਫਿਰ ਉਥੇ ਹੀ ਬੱਸ ਨਹੀਂ, ਮੂੰਹ ਨਾਲ ਮੂੰਹ ਜੋੜ ਕੇ ਸਾਹ ਵੀ ਦਿੱਤੇ ਹਨ, ਇਸ ਲਈ ਮੈਂ ਤੇਰੇ ਨਾਲ ਸਖ਼ਤ ਨਰਾਜ਼ ਹਾਂ। ਪਹਿਲਾ ਭਿਕਸ਼ੂ ਹੈਰਾਨ ਹੋ ਕੇ ਬਚਨ ਕਰਨ ਲੱਗਾ ਕਿ ਭਲਿਆ, ਪਾਪ ਮੈਂ ਨਹੀਂ ਕੀਤਾ ਬਲਕਿ ਤੂੰ ਲਗਾਤਾਰ ਕਰਦਾ ਆ ਰਿਹਾ ਹੈਂ। ਮੈਂ ਤਾਂ ਸਿਰਫ਼ ਉਸ ਨੂੰ ਮੌਤ ਦੇ ਮੂੰਹ ਵਿਚੋਂ ਕੱਢਣ ਲਈ ਗੋਦ ਵਿੱਚ ਚੁੱਕਿਆ ਸੀ ਪਰ ਘੜੀ ਪਲ ਮਗਰੋਂ ਛੱਡ ਦਿੱਤਾ ਸੀ ਪਰ ਤੂੰ ਤਾਂ ਲੰਮਾ ਪੈਂਡਾ ਕਰਕੇ ਵੀ ਉਸ ਨੂੰ ਨਾਲ ਹੀ ਚੁੱਕੀ ਫਿਰਦਾ ਹੈਂ। ਵਿਕਾਰੀ ਮੈਂ ਨਹੀਂ, ਸਗੋਂ ਤੂੰ ਹੈਂ। ਮੈਂ ਤਾਂ ਗੋਦ ਵਿੱਚ ਚੁੱਕ ਕੇ ਵੀ ਭੁੱਲ ਗਿਆ ਹਾਂ, ਪਰ ਤੂੰ ਹੱਥ ਨਾ ਲਾ ਕੇ ਵੀ ਮਨ ਕਰਕੇ ਹਾਲੇ ਤੱਕ ਵੀ ਚੁੱਕੀ ਫਿਰਦਾ ਹੈਂ। ਸੋ ਸਤ ਦਾ ਅਰਥ ਨਿਰਾ ਤਨ ਕਰਕੇ ਨਹੀਂ ਬਲਕਿ ਮਨ ਕਰਕੇ ਵੀ ਪਵਿੱਤਰ ਹੋਣਾ ਹੈ।

ਜ਼ਿੰਦਗੀ ਦੇ ਅਨੇਕਾਂ ਸ਼ੁੱਭ ਗੁਣ ਹਨ। ਇਨ੍ਹਾਂ ਸ਼ੁਭ ਗੁਣਾਂ ਦਾ ਸਮੂਹ ਹੀ ਅਸਲ ਵਿੱਚ ਸਤ ਬਣਦਾ ਹੈ। ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਦੀ ਲਿਖਤ "ਸ. ਹਰੀ ਸਿੰਘ ਨਲੂਆ" ਵਿਚੋਂ ਕੁਝ ਉਦਾਹਰਨਾਂ ਦੇਣੀਆਂ ਚਾਹੁੰਦਾ ਹਾਂ। ਕਸ਼ਮੀਰ ਦੇ ਇਤਿਹਾਸ ਵਿੱਚ ਇਹ ਪੰਨੇ ਬਹੁਤ ਹੀ ਦੁੱਖ ਭਰੇ ਹਨ ਜਦੋਂ ਅਫ਼ਗਾਨਾਂ ਨੇ ਇਸ ਧਰਤੀ 'ਤੇ ਆਪਣਾ ਕਬਜ਼ਾ ਕਰ ਲਿਆ। ਹਾਕਮੀ ਨਸ਼ੇ ਵਿਚ ਅੰਨ੍ਹੇ ਅਤੇ ਬੋਲੇ ਹੋਏ ਇਨ੍ਹਾਂ ਹਾਕਮਾਂ ਲਈ ਕਿਸੇ ਦੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ ਸੀ। ਕਿਸੇ ਦੁਖਿਆਰੇ ਦੀ ਆਵਾਜ਼ ਕੰਨਾਂ ਤੱਕ ਨਹੀਂ ਪਹੁੰਚ ਸਕਦੀ ਸੀ। ਕਿਸੇ ਦੀ ਤਰਸਯੋਗ ਹਾਲਤ ਇਨ੍ਹਾਂ ਅੱਖਾਂ ਨਾਲ ਦਿਲ ਵਿੱਚ ਕੋਈ ਦਰਦ ਪੈਦਾ ਨਹੀਂ ਕਰਦੀ ਸੀ। ਇਨ੍ਹਾਂ ਜ਼ੁਲਮੀਆਂ ਦੀ ਲਿਸਟ ਵਿਚ ਇਕ ਅਸਦ ਖ਼ਾਨ ਨਾਂ ਦਾ ਜ਼ਾਲਮ ਸੀ। ਇਸ ਦਾ ਸ਼ੌਕ ਜਾਂ ਇਸ ਦੀ ਖ਼ੁਸ਼ੀ ਹੀ ਇਹ ਸੀ ਕਿ ਕੋਈ ਕਿਵੇਂ ਮੇਰੀਆਂ ਅੱਖਾਂ ਅੱਗੇ ਤੜਫਦਾ ਹੋਵੇ ਅਤੇ ਜ਼ਿੰਦਗੀ ਦੀ ਖ਼ੈਰ ਲਈ ਚੀਕਾਂ ਪੁਕਾਰਾਂ ਕਰ ਰਿਹਾ ਹੋਵੇ। ਇਸ ਜ਼ੁਲਮੀ ਦਿਲ ਵਿੱਚ ਤਰਸ ਨਹੀਂ ਬਲਕਿ ਉਦੋਂ ਖ਼ੁਸ਼ੀ ਹੁੰਦੀ ਸੀ। ਵਿਦਵਾਨ ਕਲਮ ਨੇ ਜ਼ਿਕਰ ਕੀਤਾ ਹੈ ਕਿ ਇਕ ਵਾਰੀ ਦੋ ਕਸ਼ਮੀਰੀਆਂ ਨੂੰ ਬਿਨਾਂ ਕਿਸੇ ਕਸੂਰ ਤੋਂ ਹੀ ਪਕੜ ਲਿਆ। ਦੋਨਾਂ ਦੀਆਂ ਪਿੱਠਾਂ ਜੋੜ ਕੇ ਬੜੀ ਬੇਦਰਦੀ ਨਾਲ ਬੰਨ੍ਹ ਦਿੱਤਾ। ਇਸ ਤੋਂ ਮਗਰੋਂ ਡੂੰਘੇ ਪਾਣੀ ਵਿੱਚ ਸੁੱਟ ਦਿੱਤਾ। ਦੋਵੇਂ ਕਸ਼ਮੀਰੀ ਜਦੋਂ ਡੁਬਦੇ ਹੋਏ ਉਨ੍ਹਾਂ ਆਖ਼ਰੀ ਪਲਾਂ ਵਿੱਚ ਹੱਥ ਚੁੱਕ ਚੁੱਕ ਕੇ ਜ਼ਿੰਦਗੀ ਦੀ ਖ਼ੈਰ ਮੰਗਦੇ ਸਨ ਤਾਂ ਉਦੋਂ ਇਹ ਪਾਪੀ ਖਿੜ-ਖਿੜਾ ਕੇ ਹੱਸ ਰਿਹਾ ਸੀ। ਨਾਲ ਖਲੋਤੇ ਆਪਣੇ ਸਾਥੀਆਂ ਨੂੰ ਕਹਿ ਰਿਹਾ ਸੀ ਕਿ ਕਿਤਨਾ ਪਿਆਰਾ ਤਮਾਸ਼ਾ ਹੈ। ਜਿਨ੍ਹਾਂ ਲੋਕਾਂ ਲਈ ਕਿਸੇ ਦੀ ਜ਼ਿੰਦਗੀ ਨਾਲ ਖੇਡਣਾ ਹੀ ਖ਼ੁਸ਼ੀ ਜਾਂ ਤਮਾਸ਼ਾ ਹੈ ਤਾਂ ਆਪਾਂ ਆਪ

ਹੀ ਸੋਚ ਸਕਦੇ ਹਾਂ ਕਿ ਅਜਿਹੇ ਲੋਕਾਂ ਨੇ ਹੈਵਾਨੀਅਤ ਦੇ ਨਸ਼ੇ ਵਿੱਚ ਇਨਸਾਨੀਅਤ ਨੂੰ ਕਿਸ ਹੱਦ ਤੱਕ ਉਜਾੜ ਦਿੱਤਾ ਹੋਵੇਗਾ। ਇਸ ਲਈ ਹੀ ਸਤਿਗੁਰੂ ਜੀ ਨੇ ਪਹਿਲੀ ਦਾਤ ਹੀ ਸੱਤ ਦੀ ਰੱਖੀ ਤਾਂ ਕਿ ਅਜਿਹੇ ਦਰਿੰਦਿਆਂ ਦੇ ਕਾਲੇ ਕਾਰਨਾਮਿਆਂ ਨਾਲ ਕਦੇ ਇਨਸਾਨੀਅਤ ਦਾ ਇਤਿਹਾਸ ਕਲੰਕਿਤ ਨਾ ਹੋਵੇ।

ਦੂਜੀ ਉਦਾਹਰਨ ਵੀ ਇਸੇ ਕਿਤਾਬ ਵਿਚੋਂ ਉਸ ਮਹਾਨ ਯੋਧੇ ਦੀ ਦੇਣੀ ਚਾਹੁੰਦਾ ਹਾਂ ਜਿਸ ਨੇ ਕਸ਼ਮੀਰ ਨੂੰ ਉਸ ਤਰ੍ਹਾਂ ਦਾ ਹੀ ਸਵਰਗ ਬਣਾ ਦਿੱਤਾ ਸੀ ਜਿਸ ਤਰ੍ਹਾਂ ਦਾ ਲੋਕੀਂ ਇਸ ਨੂੰ ਸਮਝਦੇ ਸਨ। ਉਹ ਯੋਧਾ ਸ. ਹਰੀ ਸਿੰਘ ਨਲੂਆ ਹੀ ਹੈ।

ਸੰਨ 907 ਈਸਵੀ ਵਿੱਚ ਕਸ਼ਮੀਰ ਦਾ ਰਾਜਾ ਸ਼ੰਕਰ ਵਰਮਾ ਸੀ। ਇਸ ਨੇ ਆਪਣੇ ਰਾਜ ਕਾਲ ਦੌਰਾਨ ਇਕ ਬਹੁਤ ਹੀ ਘਟੀਆ ਪਿਰਤ ਪਾ ਦਿੱਤੀ ਕਿ ਜਦੋਂ ਵੀ ਰਾਜਾ ਕਿਧਰੇ ਆਪਣੇ ਮਹੱਲਾਂ ਤੋਂ ਬਾਹਰ ਜਾਵੇ ਤਾਂ ਉਸ ਦੀ ਪਾਲਕੀ ਚੁੱਕਣ ਅਤੇ ਹੋਰ ਲੋੜੀਂਦੇ ਕੰਮ ਕਰਨ ਲਈ ਸਰਕਾਰੀ ਨੌਕਰ ਨਹੀਂ ਬਲਕਿ ਗ਼ਰੀਬ ਲੋਕਾਂ ਨੂੰ ਪਕੜ ਕੇ ਬਿਨਾਂ ਮਜ਼ਦੂਰੀ (ਪੈਸੇ) ਦਿੱਤਿਆਂ ਉਨ੍ਹਾਂ ਕੋਲੋਂ ਕੰਮ ਕਰਵਾਉਣਾ। ਬਿਨਾਂ ਪੈਸੇ ਦਿੱਤਿਆਂ ਇਸ ਤਰ੍ਹਾਂ ਦੇ ਕੰਮ ਕਰਨ ਨੂੰ ਵਗਾਰ ਕਹਿੰਦੇ ਹਨ। ਇਕ ਤਾਂ ਪਹਿਲਾਂ ਹੀ ਗ਼ਰੀਬ, ਦੂਜਾ ਉਤੋਂ ਵਗਾਰ ਦਾ ਕਹਿਰ। ਫਿਰ ਉਨ੍ਹਾਂ ਦੇ ਖਾਣ ਪੀਣ ਜਾਂ ਅਰਾਮ ਦਾ ਖ਼ਿਆਲ ਵੀ ਨਾ ਕਰਨਾ, ਇਹ ਵੀ ਮਨੁੱਖਾਂ ਨਾਲ ਪਸ਼ੂਆਂ ਵਾਲਾ ਵਰਤਾਉ ਸੀ।

ਸ. ਹਰੀ ਸਿੰਘ ਨਲੂਆ ਨੂੰ ਮਹਾਰਾਜਾ ਰਣਜੀਤ ਸਿੰਘ ਨੇ 24 ਅਗਸਤ, 1820 ਈਸਵੀ ਨੂੰ ਗਵਰਨਰ ਬਣਾ ਦਿੱਤਾ ਤੇ ਕਸ਼ਮੀਰ ਦਾ ਸਾਰਾ ਗਵਰਨਰੀ ਕਾਰੋਬਾਰ ਸੰਭਾਲ ਦਿੱਤਾ। ਜਦੋਂ ਸ. ਹਰੀ ਸਿੰਘ ਵੀ ਕਸ਼ਮੀਰੀ ਲੋਕਾਂ ਦਾ ਹਾਲ ਚਾਲ ਦੇਖਣ ਲਈ ਦੌਰੇ ਪਰ ਚੱਲੇ ਤਾਂ ਬਹੁਤ ਥਾਵਾਂ 'ਤੇ ਉਨ੍ਹਾਂ ਦਾ ਵੀ ਕਾਰਜ ਕਰਨ ਲਈ ਬਹੁਤ ਸਾਰੇ ਵਗਾਰੀ ਪਕੜੇ ਹੋਏ ਸਨ। ਸ. ਹਰੀ ਸਿੰਘ ਜੀ ਨੂੰ ਇਸ ਬਾਰੇ ਪਤਾ ਨਹੀਂ ਸੀ। ਅਚਾਨਕ ਰਾਜ਼ ਉਦੋਂ ਖੁਲ੍ਹਿਆ ਜਦੋਂ ਕੁਝ ਵਗਾਰੀਆਂ ਨੇ ਉਨ੍ਹਾਂ ਨੂੰ ਪਕੜਨ ਵਾਲੇ ਚੌਧਰੀਆਂ ਕੋਲ ਤਰਲਾ ਕੀਤਾ ਕਿ ਸਾਨੂੰ ਜਲਦੀ ਕੰਮ ਕਾਰ ਕਰਵਾ ਕੇ ਛੱਡ ਦਿਓ ਤਾਂ ਕਿ ਅਸੀਂ ਆਪਣੇ ਅਤੇ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਕੁਝ ਕੁ ਮਜ਼ਦੂਰੀ ਕਰਕੇ ਘਰ ਜਾ ਸਕੀਏ। ਚੌਧਰੀਆਂ ਨੇ ਉਨ੍ਹਾਂ ਦੀ ਇਸ ਪੁਕਾਰ ਬਦਲੇ ਤਰਸ ਕਰਨ ਦੀ ਥਾਂ ਸਗੋਂ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਸ. ਹਰੀ ਸਿੰਘ ਜੀ ਨੇ ਪਤਾ ਕਰਵਾਇਆ ਕਿ ਇਨ੍ਹਾਂ ਨੂੰ ਕਿਉਂ ਮਾਰਿਆ ਜਾ ਰਿਹਾ ਹੈ ? ਚੌਧਰੀਆਂ ਨੇ ਜਵਾਬ ਦਿੱਤਾ ਕਿ ਇਹ ਗ਼ਰੀਬ ਲੋਕ ਤੁਹਾਡੀ ਵਗਾਰ ਭਾਵ ਤੁਹਾਡਾ ਭਾਰ ਚੁੱਕਣ ਜਾਂ ਹੋਰ ਕੰਮ ਲਈ ਇਕੱਠ ਕੀਤੇ ਗਏ ਹਨ, ਪਰ ਇਹ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਜਲਦੀ ਜਾਣਾ ਚਾਹੁੰਦੇ ਹਨ, ਤਾਂ ਸ. ਹਰੀ ਸਿੰਘ ਜੀ ਦਾ ਹਿਰਦਾ ਕੁਰਲਾ ਉਠਿਆ, ਕਿਉਂਕਿ

ਸਿੱਖੀ ਅੰਦਰ ਤਾਂ ਗ਼ਰੀਬ ਦਾ ਬੇਅੰਤ ਸਨਮਾਨ ਹੈ। ਇਥੇ ਤਾਂ ਗੁਰੂ ਪਾਤਿਸ਼ਾਹ ਜੀ ਨੂੰ ਵੀ ਗ਼ਰੀਬ ਨਿਵਾਜ਼ ਕਹਿ ਕੇ ਪੁਕਾਰਿਆ ਜਾਂਦਾ ਹੈ। ਗੁਰੂ ਜੀ ਤਾਂ ਨਿਮਾਣਿਆਂ ਦੇ ਮਾਣ ਹਨ, ਨਿਤਾਣਿਆਂ ਦੇ ਤਾਣ ਹਨ। ਸੋ ਫਿਰ ਸ. ਹਰੀ ਸਿੰਘ ਨਲੂਆ ਜੀ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਇਕ ਗੱਲ ਇਥੇ ਹੋਰ ਵੀ ਵਿਚਾਰਨਯੋਗ ਹੈ ਕਿ ਜਿਸ ਨੇ ਕਦੇ ਆਪ ਦੁੱਖ ਦਰਦ ਹੰਢਾਇਆ ਹੋਵੇ, ਉਹੋ ਹੀ ਦੂਜਿਆਂ ਦੇ ਦੁੱਖ ਦਰਦ ਮਹਿਸੂਸ ਕਰ ਸਕਦਾ ਹੈ। ਸ. ਹਰੀ ਸਿੰਘ ਜੀ ਦੇ ਪਿਤਾ ਜੀ ਛੋਟੀ ਉਮਰ ਵਿੱਚ ਗੁਜ਼ਰ ਜਾਣ ਕਰਕੇ ਇਨ੍ਹਾਂ ਨੇ ਉਹ ਦੁੱਖ ਦਰਦ ਹੰਢਾਏ ਹੋਏ ਸਨ, ਇਸ ਲਈ ਉਦੋਂ ਹੀ ਉਨ੍ਹਾਂ ਦੀ ਬੰਦ ਖਲਾਸੀ ਕਰਵਾਈ। ਕਸ਼ਮੀਰ ਵਿੱਚ ਭਾਵੇਂ ਹੋਰ ਵੀ ਅਨੇਕਾਂ ਹਾਕਮ ਆਏ ਅਤੇ ਇਨ੍ਹਾਂ ਲੋਕਾਂ ਨੂੰ ਸਤਾਉਂਦੇ ਰਹੇ, ਦੁਖੀ ਵੀ ਕਰਦੇ ਰਹੇ ਪਰ ਇਨ੍ਹਾਂ ਦੇ ਦੁੱਖਾਂ ਨੂੰ ਵੰਡਾਇਆ ਕਿਸੇ ਨੇ ਵੀ ਨਹੀਂ ਸੀ। ਆਪਾਂ ਪਿੱਛੇ ਵੀਚਾਰ ਆਏ ਹਾਂ ਕਿ ਇਹ ਰੀਤ 907 ਤੋਂ ਸ਼ੁਰੂ ਹੋਈ ਅਤੇ 1820 ਤੱਕ ਚਲਦੀ ਰਹੀ। ਸ. ਹਰੀ ਸਿੰਘ ਨਲੂਆ ਜੀ ਨੇ ਤਾਂ ਰੱਬੀ ਬਾਣੀ ਪੜ੍ਹ ਪੜ੍ਹ ਕੇ ਉਹ ਸੱਚੀ ਇਨਸਾਨੀਅਤ ਵਾਲਾ ਕਿਰਦਾਰ ਭਾਵ ਸਤ ਪੈਦਾ ਕੀਤਾ ਹੋਇਆ ਸੀ। ਸਰਦਾਰ ਜੀ ਨੇ ਹੁਕਮ ਹੀ ਕਰ ਦਿੱਤਾ ਕਿ ਅੱਜ ਤੋਂ ਇਹ ਕਾਲਾ ਕਾਰਜ ਬੰਦ ਕੀਤਾ ਜਾਵੇ। ਗ਼ਰੀਬਾਂ ਨੂੰ ਵਗਾਰੀ ਬਣਾਉਣ ਦੀ ਥਾਂ 'ਤੇ ਹੋਰ ਘੋੜੇ ਖੱਚਰਾਂ ਦਾ ਪ੍ਰਬੰਧ ਕੀਤਾ ਜਾਵੇ। ਜੇ ਕਿਧਰੇ ਕਿਸੇ ਮਨੁੱਖੀ ਤਾਕਤ ਦੀ ਜ਼ਰੂਰਤ ਹੈ ਤਾਂ ਉਸ ਦੀ ਮਜ਼ਦੂਰੀ ਦਿੱਤੀ ਜਾਵੇ। ਕਸ਼ਮੀਰ ਦੇ ਦੁੱਖਾਂ ਭਰੇ ਇਤਿਹਾਸ ਨੇ ਸੁੱਖ ਦਾ ਸਾਹ ਲਿਆ ਕਿਉਂਕਿ ਹੁਣ ਉਨ੍ਹਾਂ ਕੋਲ ਗ਼ਰੀਬਾਂ ਦਾ ਲਹੂ ਪੀਣ ਵਾਲਾ ਹਾਕਮ ਨਹੀਂ, ਸਗੋਂ ਗ਼ਰੀਬਾਂ ਦਾ ਮਸੀਹਾ ਬਣ ਕੇ ਆਇਆ ਹਾਕਮ ਸੀ।

ਗੁਰਬਾਣੀ ਨਾਲ ਹੀ ਅੰਦਰ ਉਹ ਭਾਵਨਾ ਪੈਦਾ ਹੁੰਦੀ ਹੈ ਜਿਹੜੀ ਕੇਵਲ ਦਿਮਾਗ਼ ਨਾਲ ਨਹੀਂ ਬਲਕਿ ਦਿਲ ਨਾਲ ਲੋਕਾਂ ਦੀ ਸੇਵਾ ਕਰਕੇ ਸੱਚੀ ਖ਼ੁਸ਼ੀ ਆਪ ਵੀ ਮਾਣਦੀ ਹੈ ਅਤੇ ਹੋਰਨਾਂ ਨੂੰ ਵੀ ਵੰਡਦੀ ਹੈ। ਹਾਕਮ ਦੀ ਕੁਰਸੀ 'ਤੇ ਬੈਠ ਕੇ ਵੀ ਜਿਹੜਾ ਹਰ ਰੋਜ਼ ਪੜ੍ਹਦਾ ਹੈ ਕਿ—

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥

(ਰਹਰਾਸਿ ਸਾਹਿਬ)

ਅਜਿਹਾ ਧਰਮੀ ਕਹਿਰ ਨਹੀਂ ਵਰਤਾਏਗਾ ਸਗੋਂ ਖ਼ੁਸ਼ੀਆਂ ਦੀ ਲਹਿਰ ਚਲਾਏਗਾ।

ਸੰਤੋਖ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੂਜੀ ਵਸਤੂ ਸੰਤੋਖ ਰੱਖੀ ਗਈ ਹੈ। ਸੰਤੋਖ ਸੰਜਮ ਦਾ ਹੀ ਦੂਜਾ ਨਾਮ ਹੈ। ਸੰਤੋਖ ਮਨ ਦੀ ਤ੍ਰਿਪਤੀ ਦਾ ਨਾਮ ਹੈ। ਸੰਤੋਖ ਹੀ ਸਬਰ ਬਣਦਾ ਹੈ। ਧਰਮ ਦੇ ਰਾਹ 'ਤੇ ਤੁਰਨ ਲਈ ਸੰਤੋਖ ਅਤਿਅੰਤ ਜ਼ਰੂਰੀ ਹੈ, ਕਿਉਂਕਿ ਇਥੇ ਰੱਬੀ ਰਜ਼ਾ ਨੂੰ ਮੰਨ ਕੇ ਤੁਰਨਾ ਪੈਂਦਾ ਹੈ। ਰੱਬੀ ਰਜ਼ਾ ਜਾਂ ਹੁਕਮ ਰਜਾਈ ਦੇ ਰਾਹ 'ਤੇ ਉਹ ਹੀ ਤੁਰ ਸਕਦਾ ਹੈ ਜਿਸ ਦੇ ਅੰਦਰ ਤ੍ਰਿਪਤੀ ਹੋਵੇ। ਭਟਕਣਾ ਵਿੱਚ ਪਿਆ ਮਨ ਸਥਿਰਤਾ ਹਾਸਿਲ ਨਹੀਂ ਕਰ ਸਕਦਾ ਜਾਂ ਫਿਰ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ।

ਦੁਨੀਆਂ ਵਿੱਚ ਆਮ ਦੇਖਦੇ ਹਾਂ ਕਿ ਹਰ ਇਕ ਚੀਜ਼ ਦੀ ਕੋਈ ਨਾ ਕੋਈ ਮਰਯਾਦਾ ਹੈ। ਬੇਤਰਤੀਬ ਚੀਜ਼ ਕਿਸੇ ਕੰਮ ਨੂੰ ਰਾਸ ਨਹੀਂ ਕਰ ਸਕਦੀ। ਘਰ ਦੀ ਤਰਤੀਬ ਹੈ। ਰਸਤਿਆਂ ਦੀ ਤਰਤੀਬ ਹੈ। ਖਾਣ ਦੀ, ਪਹਿਨਣ ਦੀ, ਸੌਣ ਦੀ, ਜਾਗਣ ਦੀ, ਚੱਲਣ ਦੀ, ਗੱਲ ਬਾਤ ਕਰਨ ਦੀ ਭਾਵ ਹਰ ਖੇਤਰ ਵਿੱਚ ਕੋਈ ਨਾ ਕੋਈ ਤਰਤੀਬ ਦਿਸੇਗੀ। ਇਸ ਤਰ੍ਹਾਂ ਹੀ ਧਰਮ ਦੀ ਦੁਨੀਆਂ ਜਾਂ ਸੁਖੀ ਜੀਵਨ ਲਈ ਤਰਤੀਬ ਦੀ ਜ਼ਰੂਰਤ ਹੈ। ਇਹ ਤਰਤੀਬ ਕੇਵਲ ਤੇ ਕੇਵਲ ਸੰਤੋਖ ਹੀ ਪੈਦਾ ਕਰ ਸਕਦਾ ਹੈ। ਧਰਮ ਰੂਪ ਧਉਲ ਦਇਆ ਦਾ ਪੁੱਤਰ ਹੈ। ਇਸ ਪੁੱਤਰ ਦੀ ਪਾਲਣਾ ਭਾਵ ਜੀਵਤ ਰੱਖਣ ਲਈ ਸੰਤੋਖ ਸੂਤਰ, ਮਰਯਾਦਾ, ਨੇਮ ਹੈ। ਸੰਤੋਖ ਦਾ ਬੱਧਾ ਮਨ ਹੀ ਧਰਮ ਦੀ ਪਾਲਣਾ ਕਰ ਸਕਦਾ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

(ਜਪੁ ਜੀ ਸਾਹਿਬ)

ਸੰਤੋਖੀ ਮਨੁੱਖ ਹਮੇਸ਼ਾ ਉਸ ਚੀਜ਼ ਦੀ ਪ੍ਰਾਪਤੀ ਲਈ ਉੱਦਮ ਕਰਦਾ ਹੈ ਜਿਹੜੀ ਚੀਜ਼ ਉਸ ਦੀ ਲੋੜ ਹੋਵੇ। ਅੱਜ ਦੀ ਦੁਨੀਆਂ ਵਿੱਚ ਆਮ ਮਨੁੱਖ ਲੋੜ ਨੂੰ ਮੁੱਖ ਰੱਖ ਕੇ ਧਨ ਇਕੱਠਾ ਨਹੀਂ ਕਰਦਾ ਬਲਕਿ ਲੋਭ ਦੀ ਭਟਕਣਾ ਵਿੱਚ ਪੈ ਕੇ ਸਭ ਕੁਝ ਦਾ ਮਾਲਿਕ ਬਣਨਾ ਚਾਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਬਖ਼ਸ਼ੇ ਤਿੰਨ ਸੁਨਹਿਰੀ ਅਸੂਲ ਅਸਲ ਵਿੱਚ ਸੰਤੋਖ ਦੀ ਹੀ ਵਿਆਖਿਆ ਕਰਦੇ ਹਨ। ਇਹ ਤਿੰਨ ਅਸੂਲ ਹਨ—ਕਿਰਤ ਕਰਨੀ, ਨਾਮ ਜੱਪਣਾ ਅਤੇ ਵੰਡ ਛੱਕਣਾ। ਸੰਤੋਖੀ ਪੁਰਖ ਕਿਸੇ ਦਾ ਹੱਕ ਨਹੀਂ ਖਾਵੇਗਾ ਕਿਉਂਕਿ ਸੰਤੋਖ ਦੀ ਮਰਯਾਦਾ ਉਸ ਨੂੰ ਸਮਝਾਏਗੀ ਕਿ—

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

(ਪੰਨਾ ੧੪੧)

ਹੱਕ ਦੀ ਭਾਵੇਂ ਰੁੱਖੀ ਮਿੱਸੀ ਹੋਵੇ, ਉਹ ਵੀ ਕਈ ਪਕਵਾਨਾਂ ਤੋਂ ਵੱਧ ਸੰਤੁਸ਼ਟੀ ਅਤੇ ਅਨੰਦ ਦੇਵੇਗੀ। ਹੱਕ ਦੀ ਖਾਣ ਵਾਲਾ ਕਿਸੇ ਦੂਜੇ ਦੀ ਚੋਪੜੀ ਵੇਖ ਕੇ ਆਪਣਾ ਜੀਅ ਨਹੀਂ ਭਰਮਾਉਂਦਾ, ਉਹ ਤਾਂ ਬਲਕਿ ਜੋ ਮਿਲਿਆ, ਸਬਰ ਨਾਲ ਛੱਕ ਕੇ ਸ਼ੁਕਰ ਕਰਦਾ ਹੈ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(ਪੰਨਾ ੧੩੭੯)

ਧਾਰਮਿਕ ਜੀਵਨ ਅੰਦਰ ਅਜਿਹਾ ਪੁਰਖ ਹੀ ਆਪਣੇ ਜੀਵਨ ਦਾ ਦਾਮਨ ਪਾਕ ਪਵਿੱਤਰ ਰੱਖ ਸਕਦਾ ਹੈ। ਸੰਤੋਖ ਕਿਰਤ ਨੂੰ ਉਹ ਸਦਾ ਮਹਾਨਤਾ ਦੇਵੇਗਾ। ਸੰਤੋਖੀ ਪੁਰਖ ਕਦੇ ਚਿੱਤ ਨੂੰ ਮਲੀਨ ਨਹੀਂ ਹੋਣ ਦਿੰਦਾ। ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਲਹੂ (ਰੱਤ) ਕਿਸੇ ਕੱਪੜੇ ਨੂੰ ਲੱਗ ਜਾਵੇ ਤਾਂ ਉਥੇ ਮਲੀਨਤਾ ਆ ਜਾਂਦੀ ਹੈ, ਫਿਰ ਜਿਹੜਾ ਮਨੁੱਖਾਂ ਦੀ ਰੱਤ ਪੀਣ ਵਾਲਾ ਭਾਵ ਦੂਜੇ ਦਾ ਹੱਕ ਖੋਹ ਕੇ ਖਾਣ ਵਾਲਾ ਆਪਣਾ ਚਿੱਤ ਕਿਵੇਂ ਪਵਿੱਤਰ ਰੱਖ ਸਕਦਾ ਹੈ। ਸਾਈਂ ਦੇ ਦਰਬਾਰ ਕੇਵਲ ਨਿਰਮਲ ਚਿੱਤ ਹੀ ਪ੍ਰਵਾਨ ਹੁੰਦਾ ਹੈ।

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

(ਪੰਨਾ ੧੪੦)

ਸੰਤੋਖੀ ਪੁਰਖ ਹੀ ਵੰਡ ਕੇ ਛੱਕ ਸਕਦਾ ਹੈ। ਭੁੱਖਾ ਮਨੁੱਖ ਕਿਸੇ ਕੋਲੋਂ ਕੁਝ ਪ੍ਰਾਪਤੀ ਦੀ ਭਾਵਨਾ ਰੱਖਦਾ ਹੈ ਪਰ ਸੰਤੋਖੀ ਕਿਸੇ ਨੂੰ ਕੁਝ ਦੇ ਕੇ ਸੰਤੁਸ਼ਟ ਹੁੰਦਾ ਹੈ। ਇਤਿਹਾਸ ਦੇ ਪੰਨੇ ਕਈ ਥਾਵਾਂ 'ਤੇ ਖੁੱਲ੍ਹ ਕੇ ਹਾਮੀ ਭਰਦੇ ਹਨ ਕਿ ਲੰਗਰ ਦੀ ਪ੍ਰਥਾ ਦਾ ਪੈਦਾ ਕਰਨਾ ਅਸਲ ਵਿਚ ਸੰਤੋਖ ਦਾ ਹੀ ਬੀਜ ਬੀਜਣਾ ਸੀ। ਸੰਤੋਖ ਸਦਾ ਲਈ ਜ਼ਿੰਦਗੀ ਅੰਦਰ ਟਿਕਿਆ ਰਹੇ, ਇਸ ਲਈ ਪਾਤਿਸ਼ਾਹ ਜੀ ਨੇ ਇਸ ਵੰਡ ਕੇ ਛੱਕਣ ਦੀ ਮਰਯਾਦਾ ਨੂੰ ਹੀ ਸਦੀਵੀ ਰੂਪ ਦੇਣ ਲਈ ਦਸਵੰਧ ਕੱਢਣਾ ਵੀ ਇਕ ਚੰਗਾ ਨੇਮ ਬਣਾ ਦਿੱਤਾ। ਸੰਤੋਖ ਅੰਦਰੂਨੀ ਸਾਂਝ ਬਣਾਉਂਦਾ ਹੈ। ਸੰਤੋਖ ਵਿਚੋਂ ਹੀ ਕਿਸੇ ਦੂਜੇ ਦੇ ਭਲੇ ਦੀ ਅਰਦਾਸ ਨਿਕਲ ਸਕਦੀ ਹੈ—

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥
ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥

(ਪੰਨਾ ੧੨੫੧)

ਨਾਮ ਵੀ ਉਹ ਹੀ ਪੁਰਖ ਜਪ ਸਕਦਾ ਹੈ ਜਿਸ ਅੰਦਰ ਸੰਤੋਖ ਹੋਵੇਗਾ। ਸੰਤੋਖੀ ਪੁਰਖ ਰੱਬ ਦੇ ਦਿੱਤੇ ਦਾ ਧੰਨਵਾਦ ਕਰਦਾ ਹੈ ਪਰ ਭੁੱਖਾ ਮਨੁੱਖ ਤਾਂ ਸਗੋਂ ਆਪਣੀ ਜ਼ਿੰਦਗੀ ਸ਼ਿਕੇ ਸ਼ਿਕਵਿਆਂ ਵਿਚ ਹੀ ਗੁਜ਼ਾਰ ਜਾਂਦਾ ਹੈ। ਮੰਗਦਾ ਭਾਵੇਂ ਨਾਮ ਜਪਣ ਵਾਲਾ ਵੀ ਹੈ ਪਰ ਉਸ ਦੀ ਮੰਗ ਉਸ ਦੀ ਲੋੜ ਹੁੰਦੀ ਹੈ। ਮਨ ਦਾ ਭੁੱਖਾ ਤਾਂ ਕਿਧਰੇ ਵੀ ਤ੍ਰਿਪਤ ਨਹੀਂ ਹੋ ਸਕਦਾ। ਗੁਰਬਾਣੀ ਵਿਚੋਂ ਦੋ ਬਚਨਾਂ ਦੀ ਵੀਚਾਰ ਕਰੀਏ ਤਾਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਸੰਤੋਖ ਜ਼ਿੰਦਗੀ ਲਈ ਕਿੰਨਾ ਜ਼ਰੂਰੀ ਹੈ। ਸੰਤੋਖੀ ਜੀਵਨ ਹੀ ਸੁਖੀ ਜੀਵਨ ਹੁੰਦਾ ਹੈ। ਪਹਿਲਾ ਬਚਨ ਹੈ :—

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥
ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥
ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥...
ਅਧ ਸੇਰ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥੨॥...
ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥
ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥

(ਪੰਨਾ ੬੫੬)

ਇਕ ਪਾਸੇ ਇਹ ਤਸਵੀਰ ਹੈ ਕਿ ਭਾਵੇਂ ਮੰਗ ਹੈ ਪਰ ਮੰਗ ਲੋੜ ਮੁਤਾਬਿਕ ਹੋਵੇ। ਮੇਰੀ ਲੋੜ ਹੈ ਅੱਧ ਸੇਰ ਦਾਲ ਨਾਲ ਮੇਰਾ ਰੋਜ਼ ਦਾ ਗੁਜ਼ਰਾਨ ਹੋ ਜਾਂਦਾ ਹੈ। ਮੈਂ ਕੁਇੰਟਲਾਂ ਵਿਚ ਮੰਗ ਕੇ ਆਪਣਾ ਘਰ ਭਰਨ ਦੀ ਬਜਾਇ ਆਪਣਾ ਮਨ ਰੂਪੀ ਘਰ ਤੇਰੇ ਸੰਤੋਖ ਨਾਲ ਭਰਨਾ ਚਾਹੁੰਦਾ ਹਾਂ। ਮੈਨੂੰ ਦੋਨੋਂ ਵਕਤ ਲਈ ਅੱਧ ਸੇਰ ਦਾਲ ਬਖ਼ਸ਼ਦੇ ਰਹੋ ਤਾਂਕਿ ਮੈਂ ਗੁਜ਼ਰਾਨ ਪੱਖੋਂ ਨਿਸਚਿੰਤ ਹੋ ਕੇ ਆਪਣੀ ਬ੍ਰਿਤੀ ਤੇਰੇ ਨਾਮ-ਰਸ ਵਿਚ ਲਗਾ ਸਕਾਂ। ਮੈਂ ਭੁੱਖਾ ਵੀ ਨਹੀਂ ਰਹਿਣਾ ਚਾਹੁੰਦਾ ਪਰ ਮੈਂ ਮੰਗ ਕੇ ਘਰ ਵੀ ਭਰਨਾ ਨਹੀਂ ਚਾਹੁੰਦਾ। ਮੈਂ ਤਾਂ ਦੋਨੋਂ ਵਕਤ ਲੱਗਣ ਵਾਲੀ ਭੁੱਖ ਨੂੰ ਸ਼ਾਂਤ ਕਰਨ ਜੋਗਾ ਹੀ ਮੰਗਦਾ ਹਾਂ। ਜਦੋਂ ਮੰਗਣ ਹੀ ਲੱਗੇ ਹਾਂ ਤਾਂ ਫਿਰ ਅੱਧ ਸੇਰ ਦਾਲ ਹੀ ਕਿਉਂ ਮੰਗੀ ? ਕਈ ਕੁਇੰਟਲ ਕਿਉਂ ਨਹੀਂ ਮੰਗੀ ? ਕੁਇੰਟਲ ਵੀ ਖ਼ਤਮ ਹੋ ਜਾਵੇਗੀ ਪਰ "ਮੋ ਕਉ ਦੋਨਉ ਵਖਤ ਜਿਵਾਲੇ" ਦੇ ਕਾਰਨ ਉਹ ਅੱਧ ਸੇਰ ਵੀ ਰੋਜ਼ ਵਧ ਜਾਣੀ ਹੈ। ਮੰਗਿਆ ਸਭ ਕੁਝ ਹੈ ਪਰ ਰੋਜ਼ ਦੀ ਰੋਜ਼ ਜੋਗਾ ਹੀ ਮੰਗਿਆ ਹੈ। ਭਗਤ ਜੀ ਨੇ ਸਪੱਸ਼ਟ ਵੀ ਕਰ ਦਿੱਤਾ ਹੈ ਕਿ ਮੈਂ ਕੋਈ ਲੋਭ ਨਾਲ ਨਹੀਂ

ਮੰਗਦਾ, ਮੈਂ ਤਾਂ ਸਗੋਂ ਲੋੜ ਅਨੁਸਾਰ ਮੰਗਦਾ ਹਾਂ। ਇਹ ਚੀਜ਼ਾਂ ਮੇਰੀ ਲੋੜ ਹਨ ਪਰ ਮਨ ਵਿਚ ਚੰਗਾ ਮੈਨੂੰ ਤੇਰਾ ਨਾਮ ਹੀ ਲੱਗਦਾ ਹੈ। ਲੋਭੀ ਨੂੰ ਤਾਂ ਸਗੋਂ ਰੱਬੀ ਯਾਦ ਭੁੱਲ ਜਾਂਦੀ ਹੈ।

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥

(ਪੰਨਾ ੭੧੧)

ਇਸ ਲਈ ਮੈ ਨਾਹੀ ਕੀਤਾ ਲਬੋ ॥ ਇਕ ਨਾਉ ਤੇਰਾ ਮੈ ਫਬੋ ॥ ਇਥੇ ਮੰਗ ਵੀ ਹੈ ਪਰ ਸੰਤੋਖ ਵੀ ਹੈ। ਰਾਮ ਅਤੇ ਕਬੀਰ ਇਕ ਮਿਕ ਹੋ ਜਾਣ ਦੇ ਬਾਵਜੂਦ ਵੀ ਜੋ ਮਰਜ਼ੀ ਨਹੀਂ ਮੰਗਿਆ ਬਲਕਿ ਦੋਨੋਂ ਵਕਤ ਦਾ ਗੁਜ਼ਰਾਨ ਹੀ ਮੰਗਿਆ ਹੈ। ਦੂਜੇ ਪਾਸੇ ਦੂਜੇ ਬਚਨ ਦੀ ਵਿਚਾਰ ਹੈ ਕਿ ਮੰਗ ਕਦੇ ਸਮਾਪਤ ਨਹੀਂ ਹੁੰਦੀ। ਮੰਗ ਮੰਗ ਕੇ ਜੀਵਨ ਸੁਖੀ ਕਰਨ ਦੀ ਬਜਾਏ ਬਹੁਤ ਹੀ ਦੁਖੀ ਭਾਵੇਂ ਬਣਾ ਲਿਆ ਪਰ ਮੰਗਣਾ ਬੰਦ ਨਹੀਂ ਹੋਇਆ।

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥

(ਪੰਨਾ ੨੭੯)

ਰੱਜ ਇਸ ਗੱਲ ਵਿਚ ਨਹੀਂ ਕਿ ਮੰਗ ਮੰਗ ਕੇ ਹੋਰ ਇਕੱਠਾ ਕਰ ਲਵਾਂ ਬਲਕਿ ਰੱਜਣ ਲਈ ਤਾਂ ਸੰਤੋਖ ਹੀ ਕੰਮ ਆਉਂਦਾ ਹੈ।

ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥

(ਪੰਨਾ ੨੭੯)

ਜਿਵੇਂ ਦੇਹ ਅਰੋਗਤਾ ਇਕ ਹੀ ਹੈ। ਦੇਹ ਅਰੋਗਤਾ ਦੇ ਚਲੇ ਜਾਣ ਨਾਲ ਦੁੱਖ ਜਾਂ ਰੋਗ ਇਕ ਨਹੀਂ ਬਲਕਿ ਕਈ ਆ ਜਾਂਦੇ ਹਨ। ਦੇਹ ਅਰੋਗਤਾ ਇਕ ਹੈ ਪਰ ਰੋਗ ਅਨੇਕ ਹਨ। ਇਸ ਤਰ੍ਹਾਂ ਹੀ ਸੰਤੋਖ ਤਾਂ ਇਕ ਹੀ ਹੈ ਪਰ ਸੰਤੋਖ ਦੇ ਖ਼ਤਮ ਹੋਣ ਨਾਲ ਰੋਗ ਅਨੇਕਾਂ ਆ ਜਾਂਦੇ ਹਨ। ਇਨ੍ਹਾਂ ਰੋਗਾਂ ਦਾ ਨਾਮ ਹੈ ਲੋਭ, ਲਾਲਚ, ਤ੍ਰਿਸ਼ਨਾ, ਈਰਖਾ। ਲੋਭੀ ਬੰਦੇ ਲਈ ਸਾਹਿਬ ਜੀ ਦਾ ਪਵਿੱਤਰ ਬਚਨ ਹੈ ਕਿ ਹੇ ਭਲਿਆ! ਦਿਨ ਰਾਤ ਕੂੜ ਵਿਚ ਫਸ ਕੇ, ਲਬ ਲੋਭ ਕਰਕੇ ਜ਼ਿੰਦਗੀ ਗੁਜ਼ਾਰਨ ਵਾਲਿਆ, ਆਖ਼ਿਰ ਇਹ ਕਾਇਆ ਮਿੱਟੀ ਵਿਚ ਹੀ ਰੁਲਦੀ ਹੈ।

ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥

(ਪੰਨਾ ੧੫੪)

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥

(ਪੰਨਾ ੪੧੯)

ਤ੍ਰਿਸ਼ਨਾ ਦਾ ਰੋਗੀ ਹਰ ਰੋਜ਼ ਆਪਣੀ ਜ਼ਮੀਨ ਜਾਇਦਾਦ ਦੇ ਮਾਣ ਹੰਕਾਰ ਵਿਚ ਹੀ ਲੁੱਝਦਾ ਰਹਿੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਜਿਸ ਚੀਜ਼ ਲਈ ਰੋਜ਼ ਲੁੱਝ ਲੁੱਝ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦਾ ਹੈ, ਉਸ ਨੂੰ ਆਖ਼ਿਰ ਇਥੇ ਹੀ ਛੱਡ ਕੇ ਆਪ ਟੁਰ ਜਾਂਦਾ ਹੈ। ਸਭ ਕੁਝ ਅੱਖਾਂ ਦੇ ਸਾਹਮਣੇ ਵਰਤਦਾ ਹੈ ਪਰ ਤ੍ਰਿਸ਼ਨਾ ਦਾ ਰੋਗੀ ਸਮਝ ਨਹੀਂ ਸਕਦਾ।

ਭੂਮੀਆ ਭੂਮਿ ਊਪਰਿ ਨਿਤ ਲੁਝੈ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥

(ਪੰਨਾ ੧੮੮)

ਲੋਭ, ਲਾਲਚ, ਤ੍ਰਿਸ਼ਨਾ ਦਾ ਭੁੱਖਾ ਹਮੇਸ਼ਾ ਇਹੀ ਹੀ ਆਸ ਰੱਖਦਾ ਹੈ ਕਿ ਸਭ ਤੋਂ ਵਧੀਕ ਮੇਰੇ ਕੋਲ ਹੋਵੇ। ਇਹ ਕੋਸ਼ਿਸ਼ਾਂ ਵੀ ਬਹੁਤ ਕਰਦਾ ਹੈ ਪਰ ਸਫਲਤਾ ਨਾ ਮਿਲਣ ਕਰਕੇ ਤ੍ਰਿਸ਼ਨਾ ਦਾ ਰੋਗ ਈਰਖਾ ਦੇ ਰੋਗ ਨੂੰ ਪੈਦਾ ਕਰ ਦਿੰਦਾ ਹੈ।

ਸੁਆਦ ਬਾਦ ਈਰਖ ਮਦ ਮਾਇਆ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥

(ਪੰਨਾ ੭੪੧)

ਮੰਗਦਾ ਲੋਭੀ ਵੀ ਹੈ, ਮੰਗਦਾ ਸੰਤੋਖੀ ਵੀ ਹੈ ਪਰ ਦੋਨਾਂ ਦੇ ਮੰਗਣ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਸੰਤੋਖੀ ਦੀ ਮੰਗ ਹੈ ਕਿ ਮੈਨੂੰ ਦੋਨੋਂ ਵਕਤ ਜੀਉਣ ਲਈ ਚਾਹੀਦਾ ਹੈ ਕਿਉਂਕਿ ਅਕਸਰ ਤਾਂ ਜ਼ਿੰਦਗੀ ਗੁਜ਼ਾਰ ਕੇ ਚਲੇ ਜਾਣਾ ਹੈ। ਨਾ ਕੁਝ ਲੈ ਕੇ ਆਏ ਸਾਂ ਅਤੇ ਨਾ ਹੀ ਨਾਲ ਕੁਝ ਲੈ ਕੇ ਜਾਣਾ ਹੈ, ਇਸ ਲਈ ਗੁਜ਼ਾਰਾ ਸੌਖਾ ਹੋ ਜਾਵੇ, ਇਹੋ ਹੀ ਭਾਵਨਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਇਹ ਬਚਨ ਕਿਹਾ ਕਰਦੇ ਸਨ ਕਿ ਦੌਲਤ ਗੁਜ਼ਰਾਨ ਹੈ। ਇਹ ਗੁਜ਼ਰਾਨ ਤੱਕ ਮੰਗਣਾ ਬਿਲਕੁਲ ਜਾਇਜ਼ ਹੈ। ਦੂਜੇ ਪਾਸੇ ਲੋਭੀ ਵੀ ਮੰਗਦਾ ਹੈ। ਲੋਭੀ ਗੁਜ਼ਰਾਨ ਤੱਕ ਨਹੀਂ ਬਲਕਿ ਇਹ ਭੁੱਖ ਰੱਖਦਾ ਹੈ ਕਿ ਸਾਰੀ ਦੁਨੀਆਂ ਦੀ ਧਨ ਦੌਲਤ ਉੱਤੇ ਕੇਵਲ ਮੇਰੀ ਹੀ ਮੋਹਰ ਹੋਵੇ। ਉਸ ਦੀ ਮੰਗ ਕਦੇ ਸ਼ਾਂਤ ਨਹੀਂ ਹੁੰਦੀ। ਜਿਵੇਂ ਅੱਗ ਲੱਕੜਾਂ ਨਾਲ ਬੁਝਾਉਣੀ ਔਖੀ ਹੈ, ਇਸੇ ਤਰ੍ਹਾਂ ਹੀ ਤ੍ਰਿਸ਼ਨਾ ਦੀ ਅੱਗ ਜਾਂ ਲੋਭੀ ਦੀ ਮੰਗ ਦੌਲਤ ਜਾਂ ਪਦਾਰਥਾਂ ਨਾਲ ਬੁਝਾਉਣੀ ਔਖੀ ਹੈ। ਇਹ ਤਾਂ ਕੇਵਲ ਸੰਤੋਖ ਨਾਲ ਹੀ ਸ਼ਾਂਤ ਹੋ ਸਕਦੀ ਹੈ। ਪਾਵਨ ਬਚਨ ਹਨ—

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥

(ਪੰਨਾ ੨੭੮)

ਭਗਤ ਰਵਿਦਾਸ ਜੀ ਦੀ ਜੀਵਨ-ਗਾਥਾ ਵਿਚ ਇਕ ਜ਼ਿਕਰ ਆਉਂਦਾ ਹੈ ਕਿ ਇਕ ਦਰਵੇਸ਼ ਭਗਤ ਰਵਿਦਾਸ ਜੀ ਦੇ ਗ੍ਰਿਹਿ ਵਿਖੇ ਆਏ। ਸਾਰੇ ਪਰਿਵਾਰ ਨੇ ਬਹੁਤ ਅਦਬ ਸਤਿਕਾਰ ਨਾਲ ਸੇਵਾ ਕੀਤੀ। ਫ਼ਕੀਰ ਦਾ ਮਨ ਖ਼ੁਸ਼ ਹੋਇਆ ਤਾਂ ਜਾਣ ਲੱਗਿਆਂ ਫ਼ਕੀਰ ਨੇ ਆਪਣੇ ਕੋਲ ਸੰਭਾਲ ਕੇ ਰੱਖਿਆ ਹੋਇਆ ਇਕ ਪਾਰਸ ਦਿੱਤਾ ਅਤੇ ਕਿਹਾ ਕਿ ਭਗਤ ਜੀ! ਆਪ ਜੀ ਕੋਲ ਬੈਠ ਕੇ ਵਿਚਾਰ ਅਤੇ ਅਹਾਰ ਦੋਨਾਂ ਦਾ ਆਨੰਦ ਮਾਣਿਆ ਹੈ ਪਰ ਤੁਹਾਡੇ ਘਰ ਦੀ ਗ਼ਰੀਬੀ ਮੈਨੂੰ ਵਾਰ-ਵਾਰ ਖਟਕਦੀ ਹੈ ਕਿ ਅਜਿਹੇ ਰੱਬੀ ਨੂਰ ਦਾ ਤਾਂ ਘਰ ਸੋਨੇ ਦਾ ਹੋਵੇ। ਇਸ ਲਈ ਮੈਂ ਇਹ ਪਾਰਸ ਤੁਹਾਨੂੰ ਦਿੰਦਾ ਹਾਂ, ਇਸ ਨਾਲ ਗ਼ਰੀਬੀ ਵਾਲਾ ਰੋਗ ਕੱਟਿਆ ਜਾਵੇਗਾ। ਰਵਿਦਾਸ ਜੀ ਨੇ ਪਹਿਲਾਂ ਤਾਂ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ਪਰ ਜਦੋਂ ਫ਼ਕੀਰ ਨੇ ਜ਼ਿੱਦ ਕੀਤੀ ਤਾਂ ਉਨ੍ਹਾਂ ਨੇ ਆਖ ਦਿੱਤਾ ਕਿ ਆਪ ਆਪਣੇ ਹੱਥੀਂ ਹੀ ਕਿਧਰੇ ਇਥੇ ਰੱਖ ਦਿਉ। ਫ਼ਕੀਰ ਨੇ ਆਪ ਹੀ ਜ਼ਿੰਮੇਵਾਰੀ ਸਮਝ ਕੇ ਯੋਗ ਥਾਂ 'ਤੇ ਸੰਭਾਲ ਦਿੱਤਾ। ਸਮੇਂ ਨੇ ਦੋ ਤਿੰਨ ਸਾਲਾਂ ਦਾ ਅਰਸਾ ਬਤੀਤ ਕਰ ਲਿਆ। ਫ਼ਕੀਰ ਦੇ ਮਨ ਵਿਚ ਵਿਚਾਰ ਆਈ ਕਿ ਹੁਣ ਜਾ ਕੇ ਦੇਖਦੇ ਹਾਂ। ਸਾਰੇ ਇਲਾਕੇ ਵਿਚ ਰਵਿਦਾਸ ਦੀ ਚਰਚਾ ਹੋਵੇਗੀ। ਧਨ ਪਦਾਰਥਾਂ ਦੀ ਕੋਈ ਕਮੀ ਨਹੀਂ ਹੋਵੇਗੀ। ਪਰ ਜਦੋਂ ਆ ਕੇ ਫ਼ਕੀਰ ਨੇ ਦੇਖਿਆ ਤਾਂ ਸਭ ਕੁਝ ਉਸ ਦੀ ਸੋਚ ਤੋਂ ਉਲਟ ਸੀ। ਉਸੇ ਹੀ ਗ਼ਰੀਬੀ ਵਿਚ ਰਹਿ ਕੇ ਰਵਿਦਾਸ ਰੱਬੀ ਮੌਜ ਦਾ ਅਨੰਦ ਮਾਣ ਰਹੇ ਸਨ। ਫਕੀਰ ਨੇ ਬਹੁਤ ਉਤਸੁਕਤਾ ਨਾਲ ਪੁੱਛਿਆ ਕਿ ਪਾਰਸ ਕਿਥੇ ਹੈ ? ਤਾਂ ਜਵਾਬ ਮਿਲਿਆ ਕਿ ਜਿਥੇ ਰੱਖ ਕੇ ਗਏ ਸੀ ਉਥੇ ਹੀ ਪਿਆ ਹੋਵੇਗਾ। ਫਕੀਰ ਨੇ ਪਾਰਸ ਉਥੋਂ ਚੁੱਕ ਲਿਆ ਪਰ ਹੈਰਾਨ ਹੋ ਕੇ ਪੁੱਛਣ ਲੱਗਾ ਕਿ ਪਾਰਸ ਵਰਤਿਆ ਕਿਉਂ ਨਹੀਂ ? ਤਾਂ ਭਗਤ ਜੀ ਨੇ ਜਵਾਬ ਦਿੱਤਾ ਕਿ ਗੁਜ਼ਰਾਨ ਬਹੁਤ ਸੌਖਾ ਹੋ ਰਿਹਾ ਹੈ, ਕਦੇ ਲੋੜ ਹੀ ਨਹੀਂ ਪਈ। ਆਪਾਂ ਸਾਖੀ ਦੀ ਇਤਿਹਾਸਕ ਪ੍ਰਮਾਣਿਕਤਾ ਵੱਲ ਨਹੀਂ ਜਾਣਾ, ਆਪਾਂ ਤਾਂ ਸਿਰਫ ਸਿਧਾਂਤ ਦੇਖਣਾ ਹੈ ਕਿ ਸੰਤੋਖ ਦਾ ਧਾਰਨੀ ਹੀ ਆਪ ਬੇਗ਼ਮ ਹੋ ਕੇ ਬੇਗ਼ਮਪੁਰੇ ਦੀ ਗੱਲ ਕਰ ਸਕਦਾ ਹੈ। ਸੱਚ ਹੈ, ਸੰਤੋਖ ਦੀ ਦੌਲਤ ਪਾ ਕੇ ਜਿਹੜੇ ਦਿਲ ਦੇ ਰਾਜੇ ਬਣ ਜਾਂਦੇ ਹਨ ਫਿਰ ਉਨ੍ਹਾਂ ਨੂੰ ਦੁਨੀਆਂ ਦੀ

ਦੌਲਤ ਕਦੇ ਮੋਹ ਨਹੀਂ ਸਕਦੀ। ਇਹ ਦੌਲਤ ਤਾਂ ਉਨ੍ਹਾਂ ਦੀ ਤਲੀ ਦਾ ਖ਼ਜ਼ਾਨਾ ਬਣ ਕੇ ਚਾਕਰੀ ਕਰਦੀ ਹੈ।

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥

(ਪੰਨਾ ੮੫੮)

ਸੰਤੋਖ ਬੰਦਗੀ ਦੀ ਹੀ ਨਹੀਂ ਬਲਕਿ ਜ਼ਿੰਦਗੀ ਦੀ ਸ਼ੁਰੂਆਤ ਲਈ ਅਮੋਲਕ ਸੁਗਾਤ ਹੈ। ਸੰਤੋਖੀ ਪੁਰਖ ਦੀ ਖ਼ੁਸ਼ੀ ਹਮੇਸ਼ਾ ਬਣੀ ਰਹਿੰਦੀ ਹੈ। ਇਹ ਅੰਦਰੂਨੀ ਸਕੂਨ ਹੈ। ਉਹ ਲੋਕ ਕਿੰਨੇ ਸੁਭਾਗੇ ਹਨ, ਜਿਨ੍ਹਾਂ ਨੂੰ ਪਰਮੇਸ਼ਰ ਜੀ ਨੇ ਸੰਤੋਖ ਦੀ ਦਾਤ ਬਖ਼ਸ਼ੀ ਹੈ। ਸ੍ਰੀ ਰਾਗ ਅੰਦਰ ਗੁਰੂ ਨਾਨਕ ਸਾਹਿਬ ਜੀ ਦੇ ਕਿੰਨੇ ਪਿਆਰੇ ਅੰਮ੍ਰਿਤ ਬੋਲ ਹਨ ਕਿ ਸਿਦਕ ਰੱਖਣ ਵਾਲਿਆਂ ਕੋਲ ਸਬਰ ਅਤੇ ਸ਼ੁਕਰ ਹੀ ਹੁੰਦਾ ਹੈ ਜਿਸ ਨਾਲ ਉਨ੍ਹਾਂ ਨੂੰ ਪੂਰਨ ਵਿਚਾਰਾਂ ਦੀ ਦਾਤ ਨਸੀਬ ਹੁੰਦੀ ਹੈ ਪਰ ਖਾਇਕਾ (ਮੂਰਖਾਂ) ਨੂੰ ਦਰਸ਼ਨ ਤਾਂ ਇਕ ਪਾਸੇ ਰਿਹਾ, ਕੋਈ ਥਾਂ ਹੀ ਨਹੀਂ ਮਿਲਦੀ।

ਸਿਦਕੁ ਸਬੂਰੀ ਸਾਦਿਕਾ, ਸਬਰੁ ਤੋਸਾ ਮਲਾਇਕਾਂ॥
ਦੀਦਾਰੁ ਪੂਰੇ ਪਾਇਸਾ, ਥਾਉ ਨਾਹੀ ਖਾਇਕਾ॥

(ਪੰਨਾ ੮੩)

ਸ਼ੇਖ਼ ਫ਼ਰੀਦ ਜੀ ਦੇ ਸਲੋਕ ਨੰਬਰ 115, 116, 117 ਅੰਦਰ ਬਹੁਤ ਪਿਆਰੀ ਵਿਚਾਰ ਹੈ। ਸਭ ਤੋਂ ਪਹਿਲਾਂ ਵਿਚਾਰ ਹੈ ਕਿ ਕਿਵੇਂ ਨਿਸ਼ਾਨਾ ਪ੍ਰਾਪਤ ਹੁੰਦਾ ਹੈ। ਜੇਕਰ ਬੰਦਾ ਸਬਰ ਦਾ ਕਮਾਨ ਬਣਾਵੇ, ਸਬਰ ਦਾ ਹੀ ਚਿਲ੍ਹਾ ਭਾਵ ਤੰਦ ਹੋਵੇ ਅਤੇ ਸਬਰ ਦਾ ਹੀ ਤੀਰ ਹੋਵੇ, ਫਿਰ ਅਜਿਹੇ ਸਬਰ ਦੇ ਬਾਣ ਮਾਲਿਕ ਕਦੇ ਖ਼ਾਲੀ ਨਹੀਂ ਜਾਣ ਦਿੰਦਾ ਭਾਵ ਯਕੀਨਨ ਹੀ ਨਿਸ਼ਾਨੇ ਦੀ ਪ੍ਰਾਪਤੀ ਹੁੰਦੀ ਹੈ। ਪਰ ਪ੍ਰਾਪਤੀ ਹਮੇਸ਼ਾ ਮਾਣ ਪੈਦਾ ਕਰਦੀ ਹੈ ਅਤੇ ਮਾਣ ਹੰਕਾਰ ਬਣ ਬੈਠਦਾ ਹੈ। ਇਸ ਤੋਂ ਬਚਣ ਲਈ ਅਗਲਾ ਸਲੋਕ ਅਗਵਾਈ ਬਖ਼ਸ਼ਿਸ਼ ਕਰਦਾ ਹੈ ਕਿ ਸਬਰ ਵਾਲਿਆਂ ਦੀ ਨਿਸ਼ਾਨੀ ਹੈ ਕਿ ਉਹ ਸਭ ਕੁਝ ਪਾ ਕੇ ਵੀ ਸਬਰ ਅੰਦਰ ਹੀ ਰਹਿੰਦੇ ਹਨ। ਅਸਲ ਵਿਚ ਇਹੋ ਹੀ ਸੱਚਾ ਤਪ ਹੈ। ਨਿਸ਼ਾਨਾ ਇੰਨਾ ਵੱਡਾ ਪ੍ਰਾਪਤ ਕਰ ਲਿਆ ਭਾਵ ਰੱਬ ਦੀ ਨੇੜਤਾ ਹਾਸਿਲ ਕਰ ਲਈ, ਪਰ ਸਬਰ ਦੇ ਪਰਦੇ ਵਿਚ ਸਭ ਕੁਝ ਛੁਪਾ ਲਿਆ। ਬਾਹਰਲੀ ਦੁਨੀਆ ਨੂੰ ਭੇਦ ਤੱਕ ਨਹੀਂ ਲੱਗਣ ਦਿੱਤਾ। ਸ਼ਾਇਦ ਅਜਿਹਾ ਹੀ ਕਾਰਨ ਹੋਵੇਗਾ ਜਿਸ ਕਰਕੇ ਸੰਸਾਰੀ ਬੰਦੇ ਰੱਬੀ ਬੰਦਿਆਂ 'ਤੇ ਕਹਿਰ ਹੀ ਕਰਦੇ ਰਹੇ ਹਨ। ਇਤਿਹਾਸ ਦੀ ਬੁੱਕਲ ਵਿਚੋਂ ਅਜਿਹੀਆਂ ਅਨੇਕਾਂ ਉਦਾਹਰਨਾਂ ਲੱਭ ਜਾਂਦੀਆਂ ਹਨ, ਪਰ ਉਨ੍ਹਾਂ ਨੇ ਭੇਦ ਅੰਦਰ ਹੀ ਛੁਪਾ ਲਿਆ, ਆਪਣੀ ਮਾਣ ਪ੍ਰਤਿਸ਼ਟਾ ਲਈ ਪ੍ਰਗਟ ਨਹੀਂ ਕੀਤਾ। ਸਲੋਕ ਦੇ ਪਾਵਨ ਬਚਨ ਹਨ :—

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥
ਹੋਨਿ ਨਜੀਕ ਖੁਦਾਇ ਦੇ ਭੇਤੁ ਨ ਕਿਸੈ ਦੇਨਿ॥

(ਪੰਨਾ ੧੩੮੪)

ਅਜਿਹਾ ਸਬਰ ਜੇਕਰ ਕੋਈ ਧਾਰਨ ਕਰਕੇ ਰੱਖ ਸਕੇ ਤਾਂ ਅਜਿਹਾ ਪੁਰਖ ਛੱਪੜ ਰੂਪ ਤੋਂ ਨਿਕਲ ਕੇ ਵਗਦੇ ਦਰਿਆ ਨਾਲ ਰਿਸ਼ਤੇ ਜੋੜ ਲੈਂਦਾ ਹੈ ਭਾਵ ਪਰਮੇਸ਼ਰ ਰੂਪ ਹੀ ਹੋ ਜਾਂਦਾ ਹੈ। ਸਬਰ ਸੰਤੋਖ ਦੀ ਦਾਤ ਇਤਨਾ ਉੱਚਾ ਤੇ ਸੁੱਚਾ ਜੀਵਨ ਬਣਾ ਦਿੰਦੀ ਹੈ।

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥

(ਪੰਨਾ ੧੩੮੪)

ਸ਼ੇਖ਼ ਫ਼ਰੀਦ ਜੀ ਦੀ ਜ਼ਿੰਦਗੀ ਦੀ ਇਕ ਗਾਥਾ ਬਹੁਤ ਪਿਆਰੀ ਹੈ। ਇਕ ਵਾਰੀ ਇਕ ਫ਼ਕੀਰ ਜਿਸ ਦਾ ਨਾਮ ਸ਼ਮਸ ਤਬਰੇਜ਼ੀ ਹੈ, ਉਸ ਨੇ ਨਿੱਕੇ ਬਾਲਾਂ ਵਿਚ ਖੇਡ ਰਹੇ ਸ਼ੇਖ਼ ਫ਼ਰੀਦ ਜੀ ਨੂੰ ਇਕ ਅਨਾਰ ਦਿੱਤਾ। ਉਨ੍ਹਾਂ ਨੇ ਉਹ ਅਨਾਰ ਲਿਜਾ ਕੇ ਸਾਰੇ ਪਰਿਵਾਰ ਵਿਚ ਵੰਡ ਦਿੱਤਾ। ਜਦੋਂ ਆਪਣੇ ਹਿੱਸੇ ਇਕ ਹੀ ਦਾਣਾ ਆਇਆ ਤਾਂ ਖਾ ਕੇ ਉਹ ਪਰਮ ਅਨੰਦ ਅਤੇ ਸਕੂਨ ਹਾਸਿਲ ਕੀਤਾ ਅਤੇ ਇਸ ਦਾ ਰਾਜ਼ ਪੁੱਛਣ ਲਈ ਤਬਰੇਜ਼ੀ ਕੋਲ ਹੀ ਚਲੇ ਗਏ ਤਾਂ ਉਨ੍ਹਾਂ ਨੇ ਸਮਝਾਇਆ ਕਿ ਕੋਈ ਦਾਣਾ ਰੱਬੀ ਰਹਿਮਤ ਦਾ ਸੁਨੇਹਾ ਹੁੰਦਾ ਹੈ। ਸੱਚ ਹੈ ਕਿ ਸੰਤੋਖ ਨਾਲ ਵੰਡ ਕੇ ਬਾਕੀ ਬਚਿਆ ਰਹਿਮਤ ਦਾ ਹੀ ਸੁਨੇਹਾ ਹੁੰਦਾ ਹੈ। ਵੰਡ ਕੇ ਸੰਤੋਖੀ ਹੀ ਖਾ ਸਕਦਾ ਹੈ। ਸੰਤੋਖ ਦੇ ਫਲ ਨਾਲ ਫਿਰ ਆਮ ਦੁਨੀਆਂ ਨਹੀਂ ਬਲਕਿ ਨਿਰੰਕਾਰ ਦੀ ਮਿਹਰ ਹੀ ਮਿਲਦੀ ਹੈ। (ਗੁਰੂ ਗ੍ਰੰਥ ਵਿਸ਼ਵ ਕੋਸ਼ ਵਿਚੋਂ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਭਗਤ ਧੰਨਾ ਜੀ ਦੇ ਤਿੰਨ ਬਚਨ ਆਏ ਹਨ। ਦੋ ਬਚਨਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਇਕ ਅਜੀਬ ਰਹੱਸ ਪ੍ਰਗਟ ਹੁੰਦਾ ਹੈ। ਇਕ ਪਵਿੱਤਰ ਸ਼ਬਦ ਆਸਾ ਰਾਗ ਦੇ ਪਾਵਨ ਅੰਕ ੪੮੮ ਉੱਤੇ ਅੰਕਿਤ ਹੈ। ਦੂਜਾ ਅੰਮ੍ਰਿਤ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਧਨਾਸਰੀ ਰਾਗ ਵਿਚ ਪਾਵਨ ਅੰਕ ੬੯੫ ਉੱਤੇ ਅੰਕਿਤ ਹੈ। ਆਸਾ ਰਾਗ ਦਾ ਬਚਨ ਹੈ—

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ॥੧॥ ਰਹਾਉ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੨॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥

(ਪੰਨਾ ੪੮੮)

ਇਸ ਮੁਬਾਰਿਕ ਬਚਨ ਅੰਦਰ ਤਿੰਨ ਉਦਾਹਰਨਾਂ ਦਿੱਤੀਆਂ ਹਨ। ਪਹਿਲੀ ਉਦਾਹਰਨ ਹੈ ਕਿ ਵੇਖ, ਮਾਤਾ ਦੇ ਉਦਰ ਵਿਚ ਰੱਬ ਕਿਵੇਂ ਪ੍ਰਤਿਪਾਲਣਾ ਕਰਦਾ ਹੈ। ਦੂਜੀ ਉਦਾਹਰਨ ਕੱਛੂ ਕੁੰਮੀ ਦੀ ਲਈ ਹੈ ਕਿ ਕਿਵੇਂ ਬੱਚਿਆਂ ਨੂੰ ਜਨਮ ਦੇ ਕੇ ਕਿਨਾਰੇ 'ਤੇ ਛੱਡ ਕੇ ਆਪ ਮੁੜ ਪਾਣੀ ਵਿਚ ਵੜ ਜਾਂਦੀ ਹੈ ਪਰ ਰੱਬੀ ਰਹਿਮਤ ਇਨ੍ਹਾਂ ਬੱਚਿਆਂ ਦੀ ਪਰਵਰਿਸ਼ ਕਰਦੀ ਹੈ। ਤੀਜੀ ਉਦਾਹਰਨ ਹੈ ਕਿ ਕਿਵੇਂ ਰੱਬ ਪੱਥਰ ਵਿਚ ਵੀ ਕੀੜੇ ਪੈਦਾ ਕਰਕੇ ਉਨ੍ਹਾਂ ਦੀ ਉਥੇ ਹੀ ਪ੍ਰਤਿਪਾਲਣਾ ਕਰਦਾ ਹੈ ਕਿਉਂਕਿ ਪੱਥਰ ਵਿਚ ਕੋਈ ਰਸਤਾ ਨਹੀਂ ਜਿਥੋਂ ਇਹ ਬਾਹਰ ਜਾ ਕੇ ਕੀੜਾ ਆਪਣੀ ਖ਼ੁਰਾਕ ਦੀ ਭਾਲ ਕਰ ਸਕੇ। ਇਹ ਸਭ ਕੁਝ ਦੇਖ ਕੇ ਵੀ ਬੰਦੇ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਰੱਬ ਪ੍ਰਤਿਪਾਲਣਾ ਕਰਦਾ ਹੈ ਅਤੇ ਸਭ ਕੁਝ ਦੇਣ ਵਾਲਾ ਪੂਰਨ ਪਰਮਾਨੰਦ ਹੀ ਹੈ।

ਦੂਸਰੇ ਸ਼ਬਦ ਅੰਦਰ ਰੱਬ ਅੱਗੇ ਕੁਝ ਮੰਗਾਂ ਰੱਖੀਆਂ ਹਨ। ਇਹ ਦੋਵੇਂ ਬਚਨ ਭਗਤ ਧੰਨਾ ਜੀ ਦੇ ਹੀ ਹਨ। ਬਾਹਰੀ ਨਜ਼ਰ ਧੋਖਾ ਖਾ ਜਾਏਗੀ ਕਿ ਇਕ ਪਾਸੇ ਰੱਬੀ ਪ੍ਰਤਿਪਾਲਣਾ ਦਾ ਯਕੀਨ ਕਰਨ ਲਈ ਉਪਦੇਸ਼ ਹੈ ਪਰ ਦੂਜੇ ਸ਼ਬਦ ਅੰਦਰ ਮੰਗਾਂ ਵੀ ਰੱਖੀਆਂ ਹਨ। ਸ਼ਬਦ ਹੈ—

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨੑੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥

(ਪੰਨਾ ੬੯੫)

ਇਕ ਪਾਸੇ ਭਰੋਸਾ ਹੈ ਪਰ ਦੂਜੇ ਪਾਸੇ ਮੰਗ ਹੈ। ਜੇਕਰ ਥੋੜ੍ਹਾ ਜਿਹਾ ਧਿਆਨ ਨਾਲ ਵਿਚਾਰੀਏ ਤਾਂ ਬਿਲਕੁਲ ਸਪੱਸ਼ਟ ਹੋ ਜਾਏਗਾ ਕਿ ਇਥੇ ਵੀ ਗੱਲ ਭਰੋਸੇ ਦੀ ਹੀ ਹੈ ਕਿਉਂਕਿ ਇੰਨਾ ਥੋੜ੍ਹਾ ਜਿਹਾ ਨਿੱਤ ਦੇ ਨਿਤ ਗੁਜ਼ਰਾਨ ਜੋਗਾ ਕੇਵਲ ਸੰਤੋਖੀ ਤੇ ਭਰੋਸੇ ਵਾਲਾ ਹੀ ਮੰਗ ਸਕਦਾ ਹੈ ਜਦ ਕਿ ਲੋਭੀ ਦੀ ਮੰਗ ਤਾਂ ਕਦੇ ਪੂਰੀ ਹੀ ਨਹੀਂ ਹੁੰਦੀ। ਉਹ ਤਾਂ ਸਗੋਂ ਹਲਕੇ ਕੁੱਤੇ ਵਰਗੀ ਬਿਰਤੀ ਦਾ ਹੋ ਜਾਂਦਾ ਹੈ। ਸੰਤੋਖੀ ਦੀ ਭਾਵਨਾ ਤਾਂ ਇਹ ਹੈ ਕਿ ਹੇ ਰੱਬਾ! ਜਦੋਂ ਤੂੰ ਸਭ ਦੀ ਪ੍ਰਤਿਪਾਲਣਾ

ਕਰਦਾ ਹੋਂ ਤਾਂ ਮੈਂ ਐਵੇਂ ਹੀ ਮੰਗ ਮੰਗ ਕੇ ਢੇਰ ਲਾਉਣ ਦੀ ਬਜਾਇ ਹਰ ਰੋਜ਼ ਜੋਗਾ ਮੰਗ ਕੇ ਖਾ ਲਵਾਂ। ਮੈਨੂੰ ਭਰੋਸਾ ਹੈ ਕਿ—

ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥

(ਰਹਰਾਸਿ ਸਾਹਿਬ)

ਮੇਰੀ ਹਰ ਰੋਜ਼ ਦੀ ਲੋੜ ਤੇਰੇ ਨਾਲ ਮੇਰਾ ਜੋੜ ਬਣਾਈ ਰੱਖੇਗੀ। ਇਥੋਂ ਸਿਧਾਂਤ ਮਿਲਦਾ ਹੈ ਕਿ ਮੰਗ ਜ਼ਰੂਰ ਪਰ ਓਨਾ ਕੁਝ ਮੰਗ ਤਾਂ ਕਿ ਸੰਤੋਖ ਬਣਿਆ ਰਹੇ। ਏਨਾ ਨਾ ਮੰਗ ਕਿ ਸਭ ਕੁਝ ਉੱਤੇ ਮੇਰਾ ਹੋਣ ਦੀ ਮੋਹਰ ਲਾਈ ਬੈਠਾ ਹੋਵੇਂ, ਫਿਰ ਖ਼ੁਆਰ ਹੋ ਜਾਏਂਗਾ। ਆਪਣੀ ਲੋੜ ਨੂੰ ਮੁੱਖ ਰੱਖ ਕੇ ਮੰਗ, ਪਰ ਜੀਵ ਹਮੇਸ਼ਾ ਹੰਕਾਰ ਨੂੰ ਹੀ ਸਾਹਮਣੇ ਰੱਖ ਕੇ ਮੰਗਦਾ ਹੈ। ਹੰਕਾਰੀ ਮੰਗਤਾ ਵਰਤਦਾ ਨਹੀਂ ਬਲਕਿ ਸਾਰੀ ਜ਼ਿੰਦਗੀ ਇਕੱਠਾ ਕਰਦਾ ਰਹਿੰਦਾ ਹੈ।

ਪ੍ਰਭੂ ਮਿਲਾਪ ਲਈ ਅਸਲ ਵਿਚ ਸ਼ੁਭ ਗੁਣ ਧਾਰਨ ਕਰਨ ਦੀ ਲੋੜ ਹੈ। ਜੰਗਲਾਂ ਵਿੱਚ ਭਟਕਣਾ ਜਾਂ ਸਰੀਰਕ ਤਸੀਹੇ ਪ੍ਰਭੂ ਦੀ ਖ਼ੁਸ਼ੀ ਹਾਸਿਲ ਕਰਨ ਵਿਚ ਸਹਾਇਕ ਨਹੀਂ ਹੁੰਦੇ। ਮਨ ਵਿੱਚ ਸੰਤੋਖ ਦਾ ਗੁਣ ਆ ਜਾਵੇ ਤਾਂ ਸੰਸਾਰ ਵਿਚ ਵਿਚਰਦਿਆਂ ਹੋਇਆਂ ਵੀ, ਕਾਰ ਵਿਹਾਰ ਕਰਦਿਆਂ ਹੋਇਆਂ ਵੀ ਪਾਪਾਂ ਦੀ ਦੁਨੀਆ ਤੋਂ ਬਚਿਆ ਰਹਿੰਦਾ ਹੈ। ਅਜਿਹੇ ਪ੍ਰੇਮੀ ਪੁਰਖ ਨੂੰ ਗੁਰੂ ਜੀ ਆਪ ਹੀ ਕਿਰਪਾ ਕਰਕੇ ਪਾਰ ਕਰ ਦਿੰਦੇ ਹਨ। ਅੰਮ੍ਰਿਤ ਬਚਨ ਹੈ :—

ਸੰਤੋਖੁ ਭਇਆ ਸੰਸਾਰੇ ॥ ਗੁਰਿ ਪੂਰੈ ਲੇ ਤਾਰੇ ॥

(ਪੰਨਾ ੬੨੯)

ਗੁਰਬਾਣੀ ਅੰਦਰਲੇ ਕਈ ਬਚਨਾਂ ਦੀ ਵਿਆਖਿਆ ਕਈ ਵਾਰੀ ਇਤਿਹਾਸ ਬਣਾਉਂਦਾ ਨਜ਼ਰ ਆਉਂਦਾ ਹੈ। ਸੰਤੋਖੀ ਪੁਰਖ ਦੀ ਅਵਸਥਾ ਨੂੰ ਇਤਿਹਾਸਕ ਤੌਰ 'ਤੇ ਵੀ ਪ੍ਰਗਟ ਕੀਤਾ ਹੋਇਆ ਹੈ। ਇਕ ਸਾਖੀ ਹੈ ਕਿ ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡ ਕੇ ਹੋਰ ਅਨੇਕਾਂ ਥਾਵਾਂ 'ਤੇ ਵਿਚਰਦਿਆਂ ਹੋਇਆਂ ਮਾਲਵੇ ਦੇ ਇਲਾਕੇ ਵਿੱਚ ਆ ਕੇ ਬਰਾੜਾਂ ਦਾ ਇਕੱਠ ਕਰਕੇ ਇਕ ਫ਼ੌਜ ਬਣਾਈ, ਕਿਉਂਕਿ ਇਸ ਇਲਾਕੇ ਵਿੱਚ ਬਰਾੜ ਬਹੁ-ਗਿਣਤੀ ਵਿੱਚ ਵਸਦੇ ਸਨ। ਇਹ ਫ਼ੌਜ ਵੀ ਬਹੁਤੀ ਤਨਖ਼ਾਹ ਵਾਲੇ ਲੋਕਾਂ ਦੀ ਸੀ। ਇਥੇ ਦਸਮੇਸ਼ ਪਿਤਾ ਜੀ ਨੇ 500 ਘੋੜ ਸਵਾਰ ਅਤੇ 900 ਪੈਦਲ ਚੱਲਣ ਵਾਲੇ ਸੈਨਿਕ ਭਰਤੀ ਕੀਤੇ ਸਨ। ਇਨ੍ਹਾਂ ਹੀ ਬਰਾੜਾਂ ਦੀ ਫ਼ੌਜ ਵਿੱਚ ਭਾਵੇਂ ਬਹੁਤੇ ਤਨਖ਼ਾਹਦਾਰ ਹੀ ਸਨ, ਪਰ ਸ਼ਰਧਾ ਤੇ ਸੰਤੋਖ ਦਾ ਧਾਰਨੀ ਇਕ ਸੈਨਿਕ ਬਰਾੜ ਭਾਈ ਦਾਨ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ

ਕੇ ਗੁਰੂ ਜੀ ਕੋਲ ਆ ਭਰਤੀ ਹੋਇਆ। ਇਹ ਗੁਰੂ-ਪਿਆਰ ਵਾਲਾ ਅਨੰਦਪੁਰ ਸਾਹਿਬ ਵਿੱਚ ਵੀ ਕੁਝ ਸਮਾਂ ਗੁਰੂ-ਸੇਵਾ ਵਿਚ ਹਾਜ਼ਿਰ ਰਹਿ ਚੁੱਕਾ ਸੀ। ਇਸ ਕਰਕੇ ਹੀ ਇਸ ਦੇ ਅੰਦਰ ਸੰਤੋਖ ਅਤੇ ਸਬਰ ਵਰਗੇ ਚੰਗੇ ਗੁਣ ਟਿਕੇ ਹੋਏ ਸਨ। ਗੁਰੂ ਕਲਗੀਧਰ ਪਿਤਾ ਜੀ ਮਹਾਰਾਜ ਨੇ ਜਦੋਂ ਇਸ ਇਲਾਕੇ ਬਾਰੇ ਵੀ ਪੁੱਛਿਆ ਸੀ ਤਾਂ ਭਾਈ ਦਾਨ ਸਿੰਘ ਨੇ ਹੀ ਖਿਦਰਾਣੇ ਦੀ ਢਾਬ 'ਤੇ ਜੰਗ ਲੜਨ ਲਈ ਬੇਨਤੀ ਕੀਤੀ ਸੀ, ਕਿਉਂਕਿ ਵਜ਼ੀਰ ਖ਼ਾਂ ਸਰਹੰਦ ਦੇ ਨਵਾਬ ਦੀ ਫ਼ੌਜ ਹਾਲੇ ਵੀ ਪਿੱਛਾ ਕਰ ਰਹੀ ਸੀ। ਖ਼ੈਰ! ਜੰਗ ਲੜਿਆ ਗਿਆ, ਜਿੱਤ ਹੋਈ। ਗੁਰੂ ਪਾਤਿਸ਼ਾਹ ਜੀ ਸਾਬੋ ਕੀ ਤਲਵੰਡੀ ਵੱਲ ਨੂੰ ਚਾਲੇ ਪਾਉਣ ਲੱਗੇ ਸਨ ਤਾਂ ਤਨਖ਼ਾਹਦਾਰ ਬਰਾੜਾਂ ਨੇ ਆਪਣੀਆਂ ਤਨਖ਼ਾਹਾਂ ਮੰਗ ਲਈਆਂ। ਇਤਿਹਾਸ ਤਨਖ਼ਾਹ ਮੰਗਣ ਦਾ ਦੁੱਖ ਨਹੀਂ ਮਨਾਉਂਦਾ, ਇਤਿਹਾਸ ਬੇਵਕਤੀ ਮੰਗ ਦਾ ਦੁੱਖ ਮਨਾਉਂਦਾ ਹੈ। ਜਿਸ ਗੁਰੂ ਨੇ ਸਾਡੀ ਖ਼ਾਤਰ ਤੇਰਾਂ ਜੰਗਾਂ ਲੜੀਆਂ ਪਰ ਆਖ਼ਰੀ ਚੌਦਵੀਂ ਜੰਗ ਵਿਚ ਤਨਖ਼ਾਹ ਲੈ ਕੇ ਲੜਨ ਵਾਲਿਆਂ ਇਹ ਵੀ ਨਾ ਸੋਚਿਆ ਕਿ ਕੁਝ ਦਿਨ ਇੰਤਜ਼ਾਰ ਕਰ ਲਈਏ ਪਰ ਆਪਣੀ ਮੰਗ ਸਾਹਮਣੇ ਰੱਖ ਦਿੱਤੀ। ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਛੱਤੇਆਣਾ ਨਗਰ ਦੇ ਨੇੜੇ ਇਨ੍ਹਾਂ ਦੀ ਇਸ ਬੇਵਕਤੀ ਮੰਗ ਵੀ ਪੂਰੀ ਕਰ ਦਿੱਤੀ। ਸਭ ਨੇ ਮੰਗ ਕੇ ਆਪੋ-ਆਪਣੀ ਤਨਖ਼ਾਹ ਲੈ ਲਈ ਤਾਂ ਸਤਿਗੁਰੂ ਜੀ ਨੇ ਭਾਈ ਦਾਨ ਸਿੰਘ ਨੂੰ ਵੀ ਅਵਾਜ਼ ਮਾਰੀ, ਕਿਉਂਕਿ ਇਹ ਵੀ ਆਪਣੇ ਪੁੱਤਰ ਸਮੇਤ ਜੰਗ ਬਹੁਤ ਬਹਾਦਰੀ ਨਾਲ ਲੜਿਆ ਸੀ। ਪਰ ਦਾਨ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਜੀ ਦੀ ਨੇੜਤਾ ਵਿਚੋਂ ਪੈਦਾ ਹੋਏ ਸਬਰ ਸੰਤੋਖ ਨਾਲ ਆਪਣਾ ਆਪਾ ਪੂਰਨ ਤੌਰ 'ਤੇ ਟਿਕਾਅ ਲਿਆ ਸੀ ਜਿਸ ਕਰਕੇ ਉਨ੍ਹਾਂ ਨੇ ਹੱਥ ਜੋੜ ਕੇ ਇਕ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਮੇਰੇ ਕੋਲ ਤਾਂ ਤੁਹਾਡਾ ਦਿੱਤਾ ਪਹਿਲਾਂ ਹੀ ਬਹੁਤ ਕੁਝ ਹੈ, ਮੈਂ ਤਾਂ ਉਸ ਦੇ ਲਾਇਕ ਵੀ ਨਹੀਂ। ਮੈਨੂੰ ਤਨਖ਼ਾਹ ਨਹੀਂ ਚਾਹੀਦੀ। ਜੇ ਕਰ ਤਰੁੱਠੇ ਹੋ ਤਾਂ ਮਿਹਰ ਕਰਕੇ ਮੇਰੀ ਝੋਲੀ ਵਿਚ ਸਿੱਖੀ ਪਾ ਦਿਉ। ਮੈਂ ਅਤੇ ਮੇਰਾ ਪੁੱਤਰ ਅਸੀਂ ਸਿੱਖੀ ਕਮਾ ਸਕੀਏ। ਸਾਹਿਬ ਜੀ ਨੇ ਘੁੱਟ ਕੇ ਗਲਵਕੜੀ ਵਿਚ ਲੈ ਲਿਆ ਅਤੇ ਬਚਨ ਆਖਿਆ ਕਿ ਭਾਈ, ਤੇਰੇ ਬੋਲਾਂ ਨੇ ਮਾਲਵੇ ਦੀ ਪਤਿ ਰੱਖ ਲਈ ਹੈ। ਜਦੋਂ ਇਤਿਹਾਸ ਦਾ ਵਿਦਿਆਰਥੀ ਇਤਿਹਾਸ ਪੜ੍ਹੇਗਾ ਤਾਂ ਉਹ ਇਹ ਵੀ ਜ਼ਰੂਰ ਪੜ੍ਹੇਗਾ ਕਿ ਗੁਰੂ ਜੀ ਕੋਲ ਅਜਿਹੇ ਸਿੱਖੀ ਦੇ ਕਮਾਉਣ ਵਾਲੇ ਸੰਤੋਖੀ ਸਿੱਖ ਵੀ ਸਨ ਜਿਨ੍ਹਾਂ ਵੱਲ ਵੇਖ ਕੇ ਹੀ ਗੁਰੂ ਜੀ ਨੇ ਤਲਵੰਡੀ ਵਿਖੇ ਕਿਹਾ ਹੋਵੇਗਾ ਕਿ "ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ॥ ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ॥" ਭਾਈ

ਦਾਨ ਸਿੰਘ ਦੀ ਬੇਨਤੀ ਨੂੰ ਕਵੀ ਸੰਤੋਖ ਸਿੰਘ ਜੀ ਨੇ ਆਪਣੀ ਕਲਮ ਨਾਲ ਪ੍ਰਗਟ ਕੀਤਾ ਹੈ—

ਸੁਨਿ ਕੈ ਦਾਨ ਸਿੰਘ ਕਰ ਜੋਰੇ ॥
ਦੂਧ ਪੂਤ ਧਨ ਸਭ ਘਰ ਮੋਰੇ ॥
ਕ੍ਰਿਪਾ ਕਰਹੁ ਸਿਖੀ ਮੁਝ ਦੀਜੈ ॥
ਆਪਨੋ ਜਾਨਿ ਬਖਸ਼ ਕਰਿ ਲੀਜੈ ॥

(6061, ਜਿਲਦ ਚੌਦਵੀਂ)

ਗੁਰੂ ਅਮਰਦਾਸ ਜੀ ਦੇ ਵੇਲੇ ਦਾ ਹੀ ਭਾਈ ਮਹੇਸ਼ਾ ਨਾਂ ਦਾ ਸਿਦਕ ਤੇ ਸਬਰ ਵਾਲਾ ਇਕ ਗੁਰਸਿੱਖ ਹੋਇਆ ਹੈ। ਇਹ ਸੁਲਤਾਨਪੁਰ ਲੋਧੀ ਦਾ ਖੱਤਰੀ ਸਿੱਖ ਸੀ। ਵਪਾਰ ਕਰਦਾ ਸੀ ਜਿਸ ਕਰਕੇ ਚਾਰ ਪੈਸੇ ਵੀ ਚੰਗੇ ਸਨ। ਇਲਾਕੇ ਵਿਚ ਮਾਣ ਸਤਿਕਾਰ ਵੀ ਬਹੁਤ ਸੀ। ਇਸ ਭਾਈ ਮਹੇਸ਼ੇ ਕੋਲ ਦੁਨੀਆਂ ਦੇ ਧਨ ਦੌਲਤ ਦੇ ਨਾਲ ਨਾਲ ਇਸ ਦੇ ਅੰਦਰ ਪ੍ਰਭੂ-ਮਿਲਾਪ ਦੀ ਸਿੱਕ (ਚਾਹਤ) ਵੀ ਸੀ, ਜਿਸ ਕਰਕੇ ਇਹ ਧੰਨ ਗੁਰੂ ਅਮਰਦਾਸ ਜੀ ਦੀ ਵਡਿਆਈ ਸੁਣ ਕੇ ਗੋਇੰਦਵਾਲ ਸਾਹਿਬ ਦਰਸ਼ਨਾਂ ਲਈ ਗਿਆ। ਸਤਿਗੁਰੂ ਜੀ ਕੋਲੋਂ ਗੁਰਸਿੱਖੀ ਦੀ ਦਾਤ ਮੰਗੀ। ਗੁਰੂ ਅਮਰਦਾਸ ਜੀ ਨੇ ਬਚਨ ਆਖੇ ਕਿ ਭਲਿਆ! ਮਾਇਆ ਮੋਹ ਮਨੁੱਖ ਨੂੰ ਧਰਮ ਨਹੀਂ ਕਮਾਉਣ ਦਿੰਦਾ, ਇਸ ਲਈ ਪਹਿਲਾਂ ਮਾਇਕ ਮੋਹ ਨੂੰ ਕਾਬੂ ਕਰ, ਫਿਰ ਧਰਮ ਦੇ ਰਾਹ ਦਾ ਤੂੰ ਪਾਂਧੀ ਬਣ ਸਕਦਾ ਹੈਂ। ਭਾਈ ਮਹੇਸ਼ਾ ਸੁਲਤਾਨਪੁਰ ਲੋਧੀ ਦਾ ਵਸਨੀਕ ਸੀ। ਸੁਲਤਾਨਪੁਰ ਲੋਧੀ ਦੇ ਇਲਾਕੇ ਨੂੰ ਇਹ ਮਾਣ ਹਾਸਿਲ ਹੈ ਕਿ ਇਥੇ ਗੁਰੂ ਨਾਨਕ ਸਾਹਿਬ ਜੀ ਨੇ ਮੋਦੀ ਦੀ ਕਾਰ ਕਰਕੇ ਮਾਇਆ ਵਿਚ ਉਦਾਸ ਰਹਿਣ ਦਾ ਉਪਦੇਸ਼ ਦਰਸਾਇਆ ਸੀ। ਸੋ ਭਾਈ ਮਹੇਸ਼ੇ ਦੇ ਜੀਵਨ ਵਿਚ ਵੀ ਕਿਧਰੇ ਨਾ ਕਿਧਰੇ ਇਹ ਬਖ਼ਸ਼ਿਸ਼ ਦਾ ਬੀਜ ਪਿਆ ਸੀ ਜਿਹੜਾ ਵਕਤ ਆਉਣ 'ਤੇ ਪੁੰਗਰ ਪਿਆ। ਭਾਈ ਮਹੇਸ਼ੇ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਆਪ ਮਿਹਰ ਕਰੋ ਤਾਂ ਕਿ ਮੈਂ ਆਪ ਜੀ ਦੇ ਉਪਦੇਸ਼ ਦੀ ਕਮਾਈ ਕਰ ਸਕਾਂ। ਕਈ ਵਾਰੀ ਪਹਿਲਾਂ ਵੀ ਜ਼ਿਕਰ ਹੋਇਆ ਹੋਵੇਗਾ ਕਿ ਸਿੱਖਿਆ ਅਤੇ ਪ੍ਰੀਖਿਆ ਦਾ ਬਹੁਤ ਗਹਿਰਾ ਸੰਬੰਧ ਹੈ। ਹਰ ਸਿੱਖਿਆ ਨੂੰ ਇਕ ਦਿਨ ਪ੍ਰੀਖਿਆ ਦੇਣੀ ਪੈਂਦੀ ਹੈ, ਉਹ ਤਦ ਹੀ ਪ੍ਰਵਾਨ ਚੜ੍ਹਦੀ ਹੈ। ਭਾਈ ਮਹੇਸ਼ੇ ਦੀ ਪ੍ਰੀਖਿਆ ਦਾ ਸਮਾਂ ਆ ਗਿਆ। ਵਪਾਰ ਵਿਚ ਘਾਟਾ ਪੈ ਗਿਆ। ਧਨ, ਦੌਲਤ, ਮਾਣ, ਇੱਜ਼ਤ, ਵਡਿਆਈ ਜਿਹੜੀ ਧਨ ਕਰਕੇ ਮਿਲੀ ਸੀ, ਸਭ ਕੁਝ ਜਾਂਦਾ ਲੱਗਿਆ ਪਰ ਸਿਦਕੀ ਸਿੱਖ ਦੀ ਜ਼ੁਬਾਨ 'ਤੇ ਸ਼ਕ ਜਾਂ ਸ਼ਿਕਵਾ ਨਹੀਂ ਬਲਕਿ ਸ਼ੁਕਰਾਨਾ ਹੀ ਹੈ। ਦਿਨ ਕਦੇ ਸੁਖ ਵਾਲੇ ਵੀ ਨਹੀਂ ਰੁਕਦੇ ਅਤੇ ਕਦੇ ਦੁੱਖ ਵਾਲੇ ਵੀ ਨਹੀਂ ਰੁਕਦੇ। ਸਮਾਂ ਤਾਂ ਲੰਘ ਹੀ ਜਾਂਦਾ ਹੈ ਪਰ ਆਪਣੀ ਪਿਛੇ ਪਛਾਣ ਛੱਡ ਜਾਂਦਾ ਹੈ। ਭਾਈ ਮਹੇਸ਼ਾ ਦੁੱਖਾਂ ਦੀ

ਹਨੇਰੀ ਵਿਚ ਵੀ ਨਾ ਡੋਲਿਆ। ਲੋਕਾਂ, ਸਾਕ-ਸੰਬੰਧੀਆਂ ਸਾਰਿਆਂ ਨੇ ਮਖ਼ੌਲ ਵੀ ਕਰਨਾ ਪਰ ਸਭ ਦੀਆਂ ਗੱਲਾਂ ਬਰਦਾਸ਼ਤ ਕਰਕੇ ਗੁਰੂ ਅਮਰਦਾਸ ਜੀ ਦੀਆਂ ਅਸੀਸਾਂ ਉੱਤੇ ਯਕੀਨ ਬਣਾਈ ਰੱਖਿਆ। ਸਰੀਰਕ ਕਸ਼ਟ ਭਾਵੇਂ ਸਨ ਪਰ ਮਨ ਕਰਕੇ ਕਦੇ ਦੁਖੀ ਨਾ ਹੋਇਆ। ਇਕ ਦਿਨ ਐਸਾ ਵਕਤ ਆਇਆ, ਜਿਸ ਸਤਿਗੁਰੂ ਬਾਪੂ ਦਾ ਬਚਨ ਗਾਉਂਦਾ ਸੀ—

ਸਾਚੇ ਸਾਹਿਬਾ ਕਿਆ ਨਾਹੀ ਘਰ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥

(ਅਨੰਦੁ ਸਾਹਿਬ)

ਆਖ਼ਿਰ ਵਕਤ ਆਇਆ ਜਦੋਂ ਕਾਰੋਬਾਰ ਫਿਰ ਚੱਲਿਆ। ਧਨ ਪਦਾਰਥਾਂ ਦੀ ਕੋਈ ਕਮੀ ਨਾ ਰਹੀ ਪਰ ਮਖ਼ੌਲਾਂ ਕਰਨ ਵਾਲੇ ਲੋਕ ਹੈਰਾਨ ਰਹਿ ਗਏ ਕਿ ਘਾਟੇ ਵੇਲੇ ਇਹ ਸਿੱਖ ਰੋਇਆ ਕੁਰਲਾਇਆ ਨਹੀਂ ਅਤੇ ਵਾਧੇ ਵੇਲੇ ਬੁਖਲਾਇਆ ਨਹੀਂ। ਇਸ ਕੋਲ ਕਿਹੜੀ ਚੀਜ਼ ਹੈ ਜਿਹੜੀ ਹਰ ਵਕਤ ਸ਼ੁਕਰਾਨੇ ਅਤੇ ਖੇੜੇ ਨਾਲ ਮਾਲੋ-ਮਾਲ ਕਰੀ ਰੱਖਦੀ ਹੈ ? ਤਾਂ ਸਿਆਣੇ ਦਾਨੇ ਪੁਰਖਾਂ ਦੇ ਬੋਲ ਸਨ ਕਿ ਭਲਿਉ! ਸੰਤੋਖ ਹੀ ਇਕ ਅਜਿਹੀ ਕੀਮਤੀ ਦਾਤ ਹੈ ਜਿਹੜੀ ਰਹਿਮਤਾਂ ਨਾਲ ਮਿਲਦੀ ਹੈ। ਇਹ ਦਾਤ ਗੁਰੂ ਅਮਰਦਾਸ ਜੀ ਨੇ ਭਾਈ ਮਹੇਸ਼ੇ ਨੂੰ ਬਖ਼ਸ਼ਿਸ਼ ਕੀਤੀ ਹੋਈ ਹੈ। ਸਿੱਖਿਆਰਥੀ ਨੇ ਪ੍ਰੀਖਿਆ ਨੂੰ ਪਾਸ ਕਰ ਲਿਆ ਸੀ ਤਾਂ ਉਸਤਾਦ ਨੇ ਵੀ ਕੁਝ ਨਾ ਕੁਝ ਦੇਣਾ ਹੀ ਸੀ, ਇਸ ਲਈ ਗੁਰੂ ਅਮਰਦਾਸ ਜੀ ਨੇ ਮਿਹਰਾਂ ਦੇ ਘਰ ਆ ਕੇ ਉਸ ਨੂੰ ਬਾਈ ਮੰਜੀਆਂ ਵਿਚੋਂ ਇਕ ਮੰਜੀ ਹੀ ਪ੍ਰਚਾਰ ਕਰਨ ਲਈ ਬਖ਼ਸ਼ ਦਿੱਤੀ। ਸੱਚ ਹੈ ਕਿ ਸੰਤੋਖ ਦਾ ਧਾਰਨੀ ਹੀ ਰੱਬੀ ਰਾਹ 'ਤੇ ਅਡੋਲ ਹੋ ਕੇ ਤੁਰ ਸਕਦਾ ਹੈ। ਇਸ ਲਈ ਹੀ ਗੁਰੂ ਜੀ ਨੇ ਇਹ ਵਸਤੂ ਮਨੁੱਖਤਾ ਦੀ ਖ਼ੁਰਾਕ ਲਈ ਪਰੋਸੇ ਥਾਲ ਵਿਚ ਰੱਖ ਦਿੱਤੀ।

(ਵਿਸ਼ਵਕੋਸ਼-੧੩੯੧)

ਸਿੱਖ ਇਤਿਹਾਸ ਦੇ ਪੰਨਿਆਂ ਨੇ ਮਨੁੱਖਤਾ ਦੇ ਰਾਹ ਵਿਚ ਅਜਿਹੀਆਂ ਧਰਮ ਕਮਾਈ ਦੀਆਂ ਪੈੜਾਂ ਪਾ ਦਿੱਤੀਆਂ ਜਿਸ ਨਾਲ ਧਰਮ ਕਮਾਉਣ ਵਾਲੇ ਲਈ ਕੇਵਲ ਧਰਮ ਦਾ ਰਾਹ ਹੀ ਪੱਧਰਾ ਨਹੀਂ ਕਰਦੀਆਂ ਬਲਕਿ ਭੁੱਲੇ ਭਟਕੇ ਨੂੰ ਵੀ ਮੰਜ਼ਿਲ 'ਤੇ ਪਹੁੰਚਾਉਣ ਵਿਚ ਮਦਦਗਾਰ ਹੁੰਦੀਆਂ ਹਨ। ਸਿੱਖ ਇਤਿਹਾਸ ਵਿਚ ਸੰਤੋਖ ਦੀ ਮਿਸਾਲ ਬਣ ਕੇ ਉਭਰਿਆ ਇਕ ਖਡੂਰ ਨਿਵਾਸੀ ਭਾਈ ਸੀਹਾਂ ਉਪਲ

ਹੈ ਜਿਸ ਦੇ ਜੀਵਨ ਦੀਆਂ ਦੋ ਮਿਸਾਲਾਂ ਬਹੁਤ ਹੀ ਪ੍ਰੇਰਨਾ-ਸਰੋਤ ਹਨ। ਪਹਿਲੀ ਇਹ ਹੈ ਕਿ ਇਹ ਹਰ ਰੋਜ਼ ਗੁਰੂ-ਉਪਦੇਸ਼ ਨੂੰ ਹਿਰਦੇ ਤੋਂ ਕਮਾ ਰਿਹਾ ਹੈ। ਇਸ ਸਿੱਖੀ ਦੀ ਕਮਾਈ ਕਰਦਿਆਂ ਹੀ ਇਕ ਦਿਨ ਅਜਿਹਾ ਭਾਣਾ ਵਰਤਿਆ ਕਿ ਕੰਮ ਨਾ ਮਿਲਿਆ ਅਤੇ ਵਾਪਸ ਪਰਤ ਆਇਆ। ਦੂਜਾ ਦਿਨ ਵੀ, ਤੀਜਾ ਦਿਨ ਵੀ ਲੰਘ ਗਿਆ ਪਰ ਕੰਮ ਨਾ ਮਿਲਿਆ। ਹਰ ਰੋਜ਼ ਮਜ਼ਦੂਰੀ ਤੇ ਹੱਕ ਸੱਚ ਦੀ ਖਾਣ ਵਾਲੇ ਕੋਲ ਜੋੜਿਆ ਵੀ ਬਹੁਤਾ ਨਹੀਂ ਸੀ। ਇਸ ਨੂੰ ਚੌਥੇ ਦਿਨ ਕੰਮ ਮਿਲਿਆ। ਦਿਹਾੜੀ ਲਾ ਕੇ ਜਦੋਂ ਮਜ਼ਦੂਰੀ ਮਿਲੀ ਤਾਂ ਉਸ ਨਾਲ ਆ ਕੇ ਦੁਕਾਨਦਾਰ ਤੋਂ ਸੌਦੇ ਖ਼ਰੀਦਣ ਲੱਗ ਪਿਆ। ਦੁਕਾਨਦਾਰ ਨੇ ਵੀ ਦੋ ਦਿਨ ਦੁਕਾਨ 'ਤੇ ਨਾ ਆਉਣ ਦਾ ਕਾਰਨ ਪੁੱਛਿਆ, ਕਿਉਂਕਿ ਭਾਈ ਸੀਹਾਂ ਜੀ ਰੋਜ਼ ਦੀ ਰੋਜ਼ ਹੀ ਰਾਸ਼ਨ ਲੈ ਕੇ ਜਾਂਦੇ ਸਨ। ਭਾਈ ਸੀਹਾਂ ਜੀ ਨੇ ਸੁਭਾਵਿਕ ਹੀ ਜਵਾਬ ਦਿੱਤਾ ਕਿ ਕੰਮ ਨਹੀਂ ਸੀ ਲੱਗਿਆ ਜਿਸ ਕਰਕੇ ਪੈਸੇ ਨਹੀਂ ਸਨ। ਦੁਕਾਨਦਾਰ ਦੇ ਮਨ ਵਿਚ ਇਕ ਹੋਰ ਸੁਆਲ ਪੈਦਾ ਹੋ ਗਿਆ ਤੇ ਪੁੱਛਿਆ ਕਿ ਦੋ ਦਿਨ ਰਾਸ਼ਨ ਖ਼ਰੀਦਿਆ ਨਹੀਂ ਅਤੇ ਅੱਜ ਵੀ ਗੁਜ਼ਾਰੇ ਤੋਂ ਬਹੁਤ ਘੱਟ ਖ਼ਰੀਦ ਰਹੇ ਹੋ ਤੇ ਤੁਹਾਡੇ ਪਰਿਵਾਰ ਵਿਚ ਕੌਣ ਕੌਣ ਹੈ ? ਭਾਈ ਸੀਹਾਂ ਜੀ ਨੇ ਜਵਾਬ ਦਿੱਤਾ ਕਿ ਮੇਰੇ ਪਰਿਵਾਰ ਵਿਚ ਮੇਰੀ ਨੇਕ ਪਤਨੀ ਅਤੇ ਉਸ ਦੀ ਨੇਕ ਕੁੱਖ ਵਿਚੋਂ ਪੈਦਾ ਹੋਈ ਇਕ ਨੇਕ ਬੱਚੀ ਹੈ ਅਤੇ ਇਕ ਮੈਂ ਹੀ ਹਾਂ। ਦੁਕਾਨਦਾਰ ਨੇ ਫਿਰ ਪੁੱਛਿਆ ਕਿ ਜਿਤਨਾ ਆਟਾ ਤੁਸੀਂ ਖ਼ਰੀਦਿਆ ਹੈ ਇਸ ਨਾਲ ਤਾਂ ਇਕ ਦਾ ਪੇਟ ਵੀ ਨਹੀਂ ਭਰ ਸਕਦਾ ਪਰ ਤਿੰਨਾਂ ਨੇ ਪ੍ਰਸ਼ਾਦਾ ਛੱਕਣਾ ਹੈ, ਇਹ ਲੋੜ ਮੁਤਾਬਿਕ ਬਹੁਤ ਹੀ ਘੱਟ ਹੈ। ਇਸ ਦੇ ਨਾਲ ਨਾਲ ਹੀ ਉਨ੍ਹਾਂ ਨੇ ਤਰਸ ਕਰਕੇ ਦੋ ਚਾਰ ਬੁੱਕਾਂ ਆਟੇ ਦੀਆਂ ਭਰ ਕੇ ਭਾਈ ਸੀਹੇਂ ਦੇ ਆਟੇ ਵਿਚ ਹੋਰ ਪਾ ਦਿੱਤੀਆਂ। ਭਾਈ ਸੀਹੇਂ ਨੇ ਹੱਥ ਜੋੜ ਬੇਨਤੀ ਕੀਤੀ ਕਿ ਆਪ ਜੀ ਕ੍ਰਿਪਾ ਕਰਕੇ ਮੇਰੇ ਹੀ ਪੈਸਿਆਂ ਦਾ ਰਾਸ਼ਨ ਦੇਵੋ ਜਿਤਨਾ ਮੇਰਾ ਬਣਦਾ ਹੈ ਕਿਉਂਕਿ ਮੇਰਾ ਸਤਿਗੁਰੂ ਉਨ੍ਹਾਂ ਦੀ ਹੀ ਹਾਮੀ ਭਰਦਾ ਹੈ ਜਿਹੜੇ ਕਦੇ ਆਪਣੀ ਜ਼ਿੰਦਗੀ ਵਿਚ ਪਰਾਇਆ ਹੱਕ ਨਹੀਂ ਖਾਂਦੇ। ਭਲਿਆ, ਮੈਂ ਆਪਣੇ ਗੁਰੂ ਦੇ ਦਿੱਤੇ ਹੋਏ ਨੂੰ ਹੀ ਸ਼ੁਕਰ ਕਰਕੇ ਛੱਕਦਾ ਹਾਂ। ਅੱਜ ਤੁਸੀਂ ਤਰਸ ਕਰਕੇ ਦੇ ਦਿਉਗੇ, ਮੈਨੂੰ ਚੰਗਾ ਲੱਗੇਗਾ, ਕੱਲ੍ਹ ਮੈਨੂੰ ਖ਼ੁਦ ਨੂੰ ਪਰਾਇਆ ਹੱਕ ਖਾਣ ਦੀ ਆਦਤ ਪੈ ਜਾਵੇਗੀ ਜਿਹੜੀ ਮੈਨੂੰ ਮੇਰੇ ਸੋਹਣੇ ਪ੍ਰੀਤਮ ਦੇ ਚਰਨਾਂ ਤੋਂ ਵਿਛੋੜ ਦੇਵੇਗੀ। ਇਸ ਲਈ ਮੇਰਾ ਬਣਦਾ ਰਾਸ਼ਨ ਹੀ ਮੈਨੂੰ ਦੇਵੋ। ਦੁਕਾਨਦਾਰ ਦੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਇਥੇ ਹਰ ਕੋਈ ਅਜਿਹਾ ਆਉਂਦਾ ਹੈ ਜਿਹੜਾ ਸੋਚਦਾ ਹੈ ਕਿ ਦੇਵਾਂ ਘੱਟ ਤੋਂ ਘੱਟ ਤੇ ਪ੍ਰਾਪਤ ਵੱਧ ਤੋਂ ਵਧ ਕਰ ਸਕਾਂ। ਭਾਈ ਸੀਹਾਂ ਜੀ ਰਾਸ਼ਨ ਤਾਂ ਆਪਣੇ ਪੈਸਿਆਂ ਦਾ ਹੀ ਲੈ ਗਏ ਪਰ ਦੁਕਾਨਦਾਰ ਦੇ ਮਨ 'ਤੇ ਇਕ ਅਮਿਟ ਛਾਪ ਛੱਡ ਦਿੱਤੀ। ਸ਼ਾਮ ਦਾ ਵਕਤ ਸੀ, ਦੁਕਾਨ ਬੰਦ ਕੀਤੀ, ਘਰ ਨੂੰ

ਜਾਣ ਲੱਗੇ ਹਨ ਪਰ ਕਦਮ ਆਪ ਮੁਹਾਰੇ ਹੀ ਭਾਈ ਸੀਹੇਂ ਦੇ ਘਰ ਵੱਲ ਨੂੰ ਤੁਰ ਪਏ। ਜਾ ਕੇ ਜੋ ਕੁਝ ਅੱਖਾਂ ਨੇ ਤੱਕਿਆ, ਉਹ ਤਾਂ ਹੋਰ ਵੀ ਹੈਰਾਨ ਕਰ ਦੇਣ ਵਾਲਾ ਸੀ। ਆਸ ਰੱਖ ਕੇ ਆਏ ਸਨ ਕਿ ਇੰਨੇ ਥੋੜ੍ਹੇ ਰਾਸ਼ਨ ਨਾਲ ਤਿੰਨ ਮੈਂਬਰ ਕਿਵੇਂ ਗੁਜ਼ਾਰਾ ਕਰਨਗੇ ਪਰ ਅੱਗੇ ਦੇਖਿਆ ਕਿ ਉਨ੍ਹਾਂ ਦੇ ਘਰ ਤਾਂ ਸਗੋਂ ਇਕ ਹੋਰ ਫ਼ਕੀਰ ਪ੍ਰਸ਼ਾਦਾ ਪਾਣੀ ਮੰਗ ਰਿਹਾ ਸੀ। ਭਾਈ ਸੀਹਾਂ ਜੀ ਨੇ ਬਹੁਤ ਹੀ ਅਦਬ ਸਤਿਕਾਰ ਨਾਲ ਉਸ ਨੂੰ ਯੋਗ ਥਾਂ 'ਤੇ ਬਿਠਾ ਕੇ ਪ੍ਰਸ਼ਾਦਾ ਉਸ ਦੇ ਅੱਗੇ ਵੀ ਰੱਖ ਦਿੱਤਾ। ਫ਼ਕੀਰ ਨੇ ਦੋ ਪ੍ਰਸ਼ਾਦੇ ਛਕੇ। ਸਾਰੇ ਆਟੇ ਦੇ ਤਿੰਨ ਹੀ ਪ੍ਰਸ਼ਾਦੇ ਬਣੇ ਸਨ, ਇਸ ਲਈ ਮੈਂਬਰ ਤਿੰਨ ਹਨ ਪਰ ਪ੍ਰਸ਼ਾਦਾ ਇਕ ਹੈ। ਬੱਚੀ ਭਾਵੇਂ ਛੋਟੀ ਸੀ ਪਰ ਇਕ ਪ੍ਰਸ਼ਾਦਾ ਤਾਂ ਦੋਨਾਂ ਲਈ ਵੀ ਬਹੁਤ ਥੋੜ੍ਹਾ ਸੀ। ਭਾਈ ਸੀਹਾਂ ਜੀ ਆਪਣੀ ਭੁੱਖ ਬਾਰੇ ਨਹੀਂ ਬਲਕਿ ਇਹ ਸੋਚ ਰਹੇ ਹਨ ਕਿ ਹੇ ਸਤਿਗੁਰੂ ਜੀ! ਗ਼ਰੀਬ ਨੂੰ ਲੋਕ ਤੇਰਾ ਸੇਵਕ ਜਾਣ ਕੇ ਆਉਂਦੇ ਹਨ। ਮੈਨੂੰ ਗ਼ਰੀਬ ਨੂੰ ਲੋਕ ਤੇਰੇ ਨਾਮ ਨਾਲ ਜਾਣਦੇ ਹਨ। ਬਹੁਤ ਲੋਕ ਹੋਣਗੇ ਜਿਨ੍ਹਾਂ ਨੂੰ ਲੋਕ ਮਾਇਆ ਕਰਕੇ ਜਾਣਦੇ ਹਨ। ਕਿਸੇ ਨੂੰ ਕਿਸੇ ਗੁਣ ਕਰਕੇ ਜਾਣਦੇ ਹੋਣਗੇ ਪਰ ਮੇਰੇ ਕੋਲ ਤਾਂ ਤੇਰੀ ਬਖ਼ਸ਼ਿਸ਼ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਅੰਦਰ ਗੁਰੂ-ਪਿਆਰ ਨਾਲ ਭਰ ਗਿਆ। ਇਕ ਪ੍ਰਸ਼ਾਦਾ ਵੀ ਸਬਰ ਸੰਤੋਖ ਨਾਲ ਰੱਜਿਆਂ ਹੋਇਆਂ ਨੇ ਵੰਡ ਕੇ ਛਕ ਲਿਆ। ਹੁਣ ਦੁਕਾਨਦਾਰ ਕੋਲੋਂ ਖਲੋਤਾ ਨਾ ਗਿਆ। ਉਨ੍ਹਾਂ ਭਾਈ ਸੀਹੇਂ ਨੂੰ ਆਵਾਜ਼ ਮਾਰੀ, ਕਿਉਂਕਿ ਹਨੇਰਾ ਹੋਣ ਕਰਕੇ ਭਾਈ ਸੀਹੇਂ ਦਾ ਘਰ ਤਾਂ ਦਿਸ ਰਿਹਾ ਸੀ ਪਰ ਬਾਹਰ ਖਲੋਤਾ ਦੁਕਾਨਦਾਰ ਭਾਈ ਸੀਹੇਂ ਨੂੰ ਨਹੀਂ ਦਿਸ ਰਿਹਾ ਸੀ। ਜਦੋਂ ਆਵਾਜ਼ ਸੁਣੀ ਤਾਂ ਭਾਈ ਸਾਹਿਬ ਬਾਹਰ ਆਏ। ਦੁਕਾਨਦਾਰ ਨੇ ਪਹਿਲਾਂ ਹੀ ਸੁਆਲ ਕਰ ਦਿੱਤਾ ਕਿ ਭਾਈ ਸੀਹਾਂ ਜੀ, ਤੇਰੇ ਘਰ ਵਿਚ ਉਹ ਕੁਝ ਹੈ ਜਿਹੜਾ ਕਿਸੇ ਵਿਰਲੇ ਪੁਰਖ ਦੇ ਘਰ ਹੀ ਹੁੰਦਾ ਹੈ। ਧਨ ਦੌਲਤ ਤੇ ਚੰਗਾ ਸਾਜ਼ੋ-ਸਾਮਾਨ ਹੋਰ ਲੋਕਾਂ ਦੇ ਘਰਾਂ ਵਿਚ ਵੀ ਹੋ ਸਕਦਾ ਹੈ ਪਰ ਸੰਤੋਖ ਨਾਲ ਭਰਿਆ ਜੀਵਨ, ਸੰਤੋਖ ਨਾਲ ਭਰਿਆ ਪਰਿਵਾਰ ਦਾ ਜੀਵਨ ਇਹ ਪਹਿਲੀ ਵਾਰੀ ਦੇਖਣ ਨੂੰ ਮਿਲਿਆ ਹੈ। ਭਾਈ ਸੀਹਾਂ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਇਹ ਬਖ਼ਸ਼ਿਸ਼ ਮੇਰੇ ਸਤਿਗੁਰੂ ਗੁਰੂ ਨਾਨਕ ਸਾਹਿਬ ਮਹਾਰਾਜ ਦੀ ਹੈ। ਦੁਕਾਨਦਾਰ ਦੇ ਮਨ ਵਿਚ ਦਰਸ਼ਨਾਂ ਦੀ ਅਥਾਹ ਪਿਆਸ ਲੱਗ ਗਈ ਅਤੇ ਇਸ ਪਿਆਸ ਨੂੰ ਬੁਝਾਉਣ ਲਈ ਜਦੋਂ ਕਰਤਾਰਪੁਰ ਸਾਹਿਬ ਗਏ ਤਾਂ ਦਰਸ਼ਨ ਕਰਕੇ ਦੁਕਾਨਦਾਰ ਭਾਈ ਲਹਿਣਾ ਗੁਰੂ ਜੀ ਦਾ ਹੀ ਹੋ ਕੇ ਰਹਿ ਗਿਆ। ਸੰਤੋਖ ਨੇ ਭਾਈ ਸੀਹਾਂ ਜੀ ਦਾ ਜੀਵਨ ਤਾਂ ਸੁਖੀ ਕਰਨਾ ਹੀ ਸੀ ਪਰ ਨਾਲ ਹੀ ਭਾਈ ਲਹਿਣਾ ਜੀ ਨੂੰ ਵੀ ਗੁਰੂ ਨਾਲ ਜੋੜ ਦਿੱਤਾ।

ਇਸ ਹੀ ਸੰਤੋਖੀ ਜੀਵੜੇ ਦੀ ਦੂਜੀ ਮਿਸਾਲ ਹੈ ਕਿ ਗੁਰੂ ਅਮਰਦਾਸ ਜੀ ਦੇ ਵਕਤ ਉਨ੍ਹਾਂ ਦੇ ਦਰਬਾਰ ਵਿਚ ਇਕ ਕੋਹੜੀ ਆਇਆ। ਸਾਰਾ ਸਰੀਰ ਹੀ ਰੋਗੀ

ਹੋਣ ਕਰਕੇ ਦਰਸ਼ਨ ਵੀ ਮੁਸ਼ਕਲ ਨਾਲ ਕਰ ਸਕਿਆ। ਇਸ ਨੇ ਆਪ ਹੀ ਆਪਣੀ ਦੁੱਖ ਭਰੀ ਕਹਾਣੀ ਦੱਸੀ ਕਿ ਸਤਿਗੁਰੂ ਅਮਰਦਾਸ ਜੀਉ! ਮੈਂ ਲਾਹੌਰ ਦੇ ਇਲਾਕੇ ਵਿਚੋਂ ਖਈ ਪਿੰਡ ਦਾ ਇਕ ਅਨਾਥ ਅਤੇ ਕੋਹੜ ਦੇ ਰੋਗ ਦਾ ਗ੍ਰਸਿਆ ਹੋਇਆ ਅਤਿਅੰਤ ਦੁਖਿਆਰਾ ਹਾਂ। ਕਿਸੇ ਸਿੱਖ ਦੇ ਮੁੱਖ ਤੋਂ ਤੁਹਾਡੇ ਘਰ ਦੀ ਮਹਿਮਾ ਦੇ ਬੋਲ ਸੁਣ ਕੇ ਭਰੋਸਾ ਰੱਖ ਕੇ ਆਇਆ ਹਾਂ। ਮੇਰਾ ਨਾਂ ਤਾਂ ਪ੍ਰੇਮਾ ਹੈ ਪਰ ਰੋਗ ਕਾਰਨ ਮੈਂ ਕਿਸੇ ਨੂੰ ਕੀ ਪ੍ਰੇਮ ਕਰਨਾ ਸੀ, ਪਰ ਮੈਨੂੰ ਹੀ ਕਿਧਰੋਂ ਪ੍ਰੇਮ ਨਹੀਂ ਮਿਲਿਆ। ਮੈਨੂੰ ਮੇਰੇ ਮਾਤਾ ਪਿਤਾ ਅਤੇ ਹੋਰ ਸਾਕ-ਸੰਬੰਧੀ ਵੀ ਛੱਡ ਗਏ ਹਨ। ਮੈਂ ਕੇਵਲ ਨਾਮ ਦਾ ਹੀ ਪ੍ਰੇਮਾ ਹਾਂ ਪਰ ਅਸਲ ਵਿਚ ਸਭ ਦਾ ਦੁਰਕਾਰਿਆ ਹੋਇਆ ਹੀ ਹਾਂ। ਗੁਰੂ ਅਮਰਦਾਸ ਜੀ ਸੱਚੇ ਪਾਤਿਸ਼ਾਹ ਦਾ ਘਰ ਤਾਂ ਹੈ ਹੀ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ। ਸੋ ਭਾਈ ਪ੍ਰੇਮਾ ਜੀ ਨੂੰ ਗੁਰੂ ਘਰ ਤੋਂ ਪ੍ਰੇਮ ਮਿਲਿਆ। ਦਵਾ ਅਤੇ ਦਵਾਈ ਭਾਵ ਦੁਨਿਆਵੀ ਇਲਾਜ ਅਤੇ ਗੁਰੂ ਅਮਰਦਾਸ ਜੀ ਦੀ ਮਿਹਰ ਭਰੀ ਨਦਰਿ ਨੇ ਕੁਝ ਹੀ ਸਮੇਂ ਅੰਦਰ ਭਾਈ ਪ੍ਰੇਮਾ ਜੀ ਨੂੰ ਅਰੋਗ ਹੀ ਨਹੀਂ ਕੀਤਾ ਬਲਕਿ ਇਕ ਚੰਗਾ ਗੁਰਸਿੱਖ ਤੇ ਚੰਗਾ ਇਨਸਾਨ ਬਣਾ ਦਿੱਤਾ।

ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦਾ ਦਰਬਾਰ ਲੱਗਿਆ ਹੋਇਆ ਸੀ। ਗੁਰੂ ਜੀ ਨੇ ਅੱਜ ਭਾਈ ਪ੍ਰੇਮੇ ਨੂੰ ਸੰਗਤ ਵਿਚ ਹੀ ਖੜਾ ਕਰਕੇ ਸਮੁੱਚੀ ਸੰਗਤ ਨੂੰ ਬੇਨਤੀ ਕੀਤੀ ਕਿ ਭਾਈ ਪ੍ਰੇਮੇ ਦੀ ਉਮਰ ਹਾਲੇ ਜਵਾਨੀ ਪਹਿਰੇ ਦੀ ਹੈ, ਇਸ ਲਈ ਕੋਈ ਗੁਰੂ ਕਾ ਸਿੱਖ ਉੱਠੇ ਤੇ ਆਪਣੀ ਲੜਕੀ ਦਾ ਰਿਸ਼ਤਾ ਦੇਵੇ। ਭਰੇ ਦਰਬਾਰ ਵਿਚ ਸਬਰ ਸੰਤੋਖ ਦੀ ਮੂਰਤੀ ਭਾਈ ਸੀਹਾਂ ਜੀ ਉਠੇ ਅਤੇ ਉਨ੍ਹਾਂ ਆਪਣੀ ਬੱਚੀ ਦਾ ਰਿਸ਼ਤਾ ਕਰ ਦਿਤਾ। ਸਬਰ ਸੰਤੋਖ ਰੱਖਣ ਵਾਲੇ ਪਿਤਾ ਦੀਆਂ ਨਜ਼ਰਾਂ ਵਿਚ ਪਲੀ ਇਸ ਬੱਚੀ ਨੇ ਪਿਤਾ ਦਾ ਬਚਨ ਹੀ ਨਹੀਂ ਮੰਨਿਆ ਬਲਕਿ ਏਨੀ ਗੁਰਸਿੱਖੀ ਕਮਾਈ ਕਿ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਵਿਚੋਂ ਇਕ ਮੰਜੀ ਹੀ ਇਸ ਮਥੋ ਬੀਬੀ ਅਤੇ ਭਾਈ ਪ੍ਰੇਮਾ ਜੀ ਨੂੰ ਬਖ਼ਸ਼ਿਸ਼ ਕਰ ਦਿੱਤੀ। ਇਹ ਦੋਵੇਂ ਪਤੀ ਪਤਨੀ ਮਥੋ ਮੁਰਾਰੀ ਦੇ ਨਾਮ ਨਾਲ ਇਤਿਹਾਸ ਵਿਚ ਜਾਣੇ ਜਾਂਦੇ ਹਨ। ਸੰਤੋਖ ਹੀ ਅਸਲ ਵਿਚ ਧਰਮ ਦਾ ਉਹ ਸ਼ਿੰਗਾਰ ਹੈ ਜਿਹੜਾ ਜੀਵਨ ਨੂੰ ਗੁਰੂ-ਚਰਨਾਂ ਵਿਚ ਪ੍ਰਵਾਨ ਕਰਵਾ ਦਿੰਦਾ ਹੈ। ਅੰਮ੍ਰਿਤ ਬਚਨ ਵੀ ਹਨ ਕਿ—

ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥

(ਪੰਨਾ ੮੭੮)

ਸੰਤੋਖ ਹਰ ਧਰਮ ਦੇ ਸੁਨਹਿਰੀ ਅਸੂਲਾਂ ਵਿਚੋਂ ਇਕ ਕੀਮਤੀ ਅਸੂਲ ਹੈ। ਧਰਮ ਦੇ ਰਾਹ 'ਤੇ ਕਦਮ ਅਡੋਲ ਕੇਵਲ ਸੰਤੋਖੀ ਦੇ ਹੀ ਹੋ ਸਕਦੇ ਹਨ। ਸਬਰ ਸੰਤੋਖ ਹੀ ਜ਼ਿੰਦਗੀ ਦੇ ਸੁੱਖਾਂ ਦੁੱਖਾਂ ਵਿਚ ਅਡੋਲ ਰੱਖਦਾ ਹੈ। ਦੁਨਿਆਵੀ ਸੁੱਖ ਸਹੂਲਤਾਂ ਘੱਟ ਹੋਣ, ਭਾਵੇਂ ਵੱਧ ਹੋਣ ਪਰ ਸੰਤੋਖੀ ਦਾ ਜੀਵਨ ਇਕ ਰਸ ਹੀ

ਰਹਿੰਦਾ ਹੈ। ਉਹ ਤਾਂ ਆਪਣੇ ਮਨ ਨੂੰ ਸਮਝਾ ਲੈਂਦਾ ਹੈ ਕਿ ਦੋ ਦਿਨਾਂ ਦੇ ਸੁੱਖ ਬਦਲੇ ਰੱਬੀ ਗੋਦ ਦਾ ਸੁੱਖ ਨਹੀਂ ਤਿਆਗਣਾ।

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(ਪੰਨਾ ੧੩੭੯)

ਸੰਤੋਖੀ ਦੀ ਤਾਂ ਅਰਦਾਸ ਹੀ ਇਹ ਬਣ ਜਾਂਦੀ ਹੈ ਕਿ—

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥

(ਪੰਨਾ ੯੫੮)

ਜਿਨ੍ਹਾਂ ਨੇ ਨਾਮ ਨਾਲ ਮਨ ਦੀ ਭੁੱਖ ਦੂਰ ਕਰ ਲਈ, ਉਨ੍ਹਾਂ ਦਾ ਅਜਿਹਾ ਜੀਵਨ ਬਣ ਜਾਂਦਾ ਹੈ—

ਜੇਤਾ ਦੇਹਿ ਤੇਤਾ ਹਉ ਖਾਉ॥ ਬਿਆ ਦਰੁ ਨਾਹੀ ਕੈ ਦਰਿ ਜਾਉ॥

(ਪੰਨਾ ੨੫)

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥

(ਪੰਨਾ ੭੫੭)

ਜਿਨ੍ਹਾਂ ਲਈ ਭੁੱਖ ਵੀ ਤ੍ਰਿਪਤੀ ਬਣ ਜਾਵੇ, ਉਨ੍ਹਾਂ ਨੂੰ ਕੋਈ ਵੀ ਤਾਕਤ ਡੁਲਾ ਨਹੀਂ ਸਕਦੀ। ਅਜਿਹਾ ਸੰਤੋਖੀ ਤਾਂ ਹੋਰਾਂ ਦੇ ਭਾਰ ਵੀ ਵੰਡਾ ਲੈਂਦਾ ਹੈ ਭਾਵ ਸੇਵਕ ਬਣ ਜਾਂਦਾ ਹੈ। ਸੇਵਾ ਕਰ ਹੀ ਉਹ ਸਕਦਾ ਹੈ ਜਿਹੜਾ ਸੰਤੋਖੀ ਹੋ ਕੇ ਦੁਨੀਆਂ ਦੇ ਮਾਇਆ ਵਾਲੇ ਬੰਧਨ ਤੋੜ ਦੇਵੇ, ਆਪਣੀਆਂ ਲੋੜਾਂ ਨੂੰ ਸੰਕੋਚ ਲਵੇ।

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥੭॥

(ਆਸਾ ਕੀ ਵਾਰ)

ਜੋਗੀ ਲਈ ਗੁਰੂ-ਉਪਦੇਸ਼ ਹੈ ਕਿ ਭਾਈ! ਮੁੰਦਰਾਂ ਕੰਨ ਪਾੜ ਕੇ ਪਾਉਣ

ਨਾਲ ਮਿਲਾਪ ਨਹੀਂ ਹੁੰਦਾ ਬਲਕਿ ਸੰਤੋਖ ਦੀਆਂ ਮੁੰਦਰਾਂ ਬਿਨਾਂ ਕੰਨ ਪਾੜੇ ਹੀ ਮਨ ਵਿਚ ਧਾਰਨ ਕਰਨ ਨਾਲ ਮਿਲਾਪ ਹੁੰਦਾ ਹੈ। ਅੰਮ੍ਰਿਤ ਬਚਨ ਹਨ :—

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ ॥

(ਜਪੁ ਜੀ ਸਾਹਿਬ)

ਹਿੰਦੂ ਵੀਰ ਲਈ ਵੀ ਗੁਰਬਾਣੀ ਸੱਚ ਦਾ ਹੋਕਾ ਦਿੰਦੀ ਹੈ ਕਿ ਭਲਿਆ! ਆਪਣੇ ਧਰਮ ਦੇ ਚਿੰਨ੍ਹ ਵੱਲ ਇਹ ਝਾਤ ਜ਼ਰੂਰ ਮਾਰੀਂ ਕਿ ਇਸ ਵਿਚੋਂ ਦਇਆ ਅਤੇ ਸੰਤੋਖ ਜ਼ਰੂਰੀ ਪੈਦਾ ਹੋਵੇ। ਫਿਰ ਇਹ ਨਾ ਟੁੱਟੇਗਾ ਅਤੇ ਨਾ ਹੀ ਜਲੇਗਾ ਬਲਕਿ ਉਹ ਮਨੁੱਖ ਧੰਨ ਹਨ ਜਿਨ੍ਹਾਂ ਕੋਲ ਅਜਿਹਾ ਜਨੇਊ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

(ਆਸਾ ਕੀ ਵਾਰ)

ਸਤਿਗੁਰੂ ਜੀ ਨੇ ਅੰਮ੍ਰਿਤਸਰ ਸਾਹਿਬ ਦੀ ਧਰਤੀ ਨੂੰ ਸਿੱਖੀ ਦੇ ਕੇਂਦਰ ਵਜੋਂ ਨਿਵਾਜਿਆ ਅਤੇ ਸਾਜਿਆ ਹੈ। ਇਥੋਂ ਵੀ ਸੰਤੋਖ ਦੀ ਖ਼ੁਸ਼ਬੋ ਹਰ ਪਾਸੇ ਤੋਂ ਮਹਿਕਦੀ ਮਹਿਸੂਸ ਹੋਵੇਗੀ। ਸਭ ਤੋਂ ਪਹਿਲੀ ਗੱਲ ਇਥੇ ਸੰਤੋਖਸਰ ਤਾਲ ਦੀ ਹੋਂਦ ਹੀ ਪ੍ਰਗਟ ਕਰਦੀ ਹੈ ਕਿ ਧਰਮੀ ਜੀਵਨ ਲਈ ਸੰਤੋਖ ਕਿੰਨਾ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਅੰਮ੍ਰਿਤ ਬੋਲ ਹੈ—

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

(ਜਪੁ ਜੀ ਸਾਹਿਬ)

ਭਾਵ ਸੰਤੋਖ ਦੀ ਮਰਆਦਾ ਹੀ ਧਰਮ ਦੇ ਅਸੂਲਾਂ ਵਿੱਚ ਬੰਨ੍ਹ ਕੇ ਰੱਖਦੀ ਹੈ। ਜੀਵਨ ਦੀ ਤ਼ਰਤੀਬ ਹੀ ਸੰਤੋਖ ਬਣਾ ਸਕਦੀ ਹੈ।

ਅੰਮ੍ਰਿਤਸਰ ਸਾਹਿਬ ਦਾ ਸੰਤੋਖਸਰ ਵੀ ਮਾਨੋ ਇਕ ਅਜਿਹਾ ਹੀ ਸੁਨੇਹਾ ਦਿੰਦਾ ਹੈ। ਪਿਸ਼ਾਵਰ ਦਾ ਇਕ ਧਨੀ ਪੁਰਖ ਸੀ ਜਿਸ ਦਾ ਨਾਮ ਭਾਈ ਸੰਤੋਖਾ ਸੀ। ਇਹ ਕੇਵਲ ਨਾਮ ਦਾ ਹੀ ਸੰਤੋਖਾ ਨਹੀਂ ਬਲਕਿ ਸੱਚ ਦਾ ਵੀ ਸੰਤੋਖੀ ਸੀ। ਆਮ ਲੋਕ ਅਮੀਰ ਹੋਣ ਤਾਂ ਬਹੁਤੀ ਵਾਰੀ ਵਿਕਾਰਾਂ ਦੇ ਰਾਹ ਤੁਰ ਪੈਂਦੇ ਹਨ। ਭਾਈ ਸੰਤੋਖੇ ਨੇ ਗੁਰੂ ਜੀ ਕੋਲ ਬੇਨਤੀ ਕੀਤੀ ਕਿ ਜੋ ਧਨ ਦੌਲਤ ਆਪ ਜੀ ਨੇ ਬਖ਼ਸ਼ੀ ਹੈ, ਉਹ ਕਿਧਰੇ ਧਰਮ ਦੇ ਲੇਖੇ ਹੀ ਲਗਾ ਦਿਉ ਜੀ। ਸਤਿਗੁਰੂ ਜੀ ਨੇ ਭਾਈ ਸੰਤੋਖੇ ਦੇ ਜੀਵਨ ਵਿਚ ਸੰਤੋਖ ਨਾਲ ਗੁਜ਼ਾਰਾ ਕਰਕੇ ਜੋੜੀ ਹੋਈ ਮਾਇਆ

ਨਾਲ ਹੀ ਸੰਤੋਖਸਰ ਬਣਾਇਆ ਸੀ। ਇਕ ਹੋਰ ਹੈਰਾਨੀ ਦੀ ਗੱਲ ਹੈ ਕਿ ਜਦੋਂ ਹਰਿਮੰਦਿਰ ਸਾਹਿਬ ਜੀ ਵਾਲਾ ਸਰੋਵਰ ਖੁਦਵਾਇਆ ਗਿਆ ਤਾਂ ਇਥੇ ਵੀ ਪਾਣੀ ਦੇ ਟਿਕਾਅ ਲਈ ਥੱਲੇ ਮਿੱਟੀ ਸੰਤੋਖਸਰ ਦੀ ਪਾਈ ਗਈ ਸੀ। ਪਤਾ ਨਹੀਂ ਗੁਰੂ ਪਾਤਿਸ਼ਾਹ ਜੀ ਦੀ ਕਿਹੋ ਜਿਹੀ ਮੌਜ ਹੈ ਕਿ 1781 ਵਿਚ ਇਕ ਪ੍ਰੇਮੀ ਪੁਰਖ ਜਿਸ ਦਾ ਨਾਮ ਵੀ ਸੰਤੋਖ ਦਾਸ ਸੀ, ਇਸ ਨੇ ਸਰਕਾਰੀ ਨਹਿਰ ਤੋਂ ਇਕ ਹੰਸਲੀ ਭਾਵ ਤਾਜ਼ੇ ਪਾਣੀ ਲਈ ਇਕ ਰਸਤਾ ਬਣਵਾਇਆ। ਇਹ ਸੇਵਾ ਵੀ ਸੰਤੋਖ ਦਾਸ ਨਾਂ ਦੇ ਬੰਦੇ ਨੂੰ ਹੀ ਮਿਲੀ। ਇਹ ਵੀ ਨਾਮ ਦਾ ਹੀ ਸੰਤੋਖ ਦਾਸ ਨਹੀਂ ਬਲਕਿ ਸੱਚ ਦਾ ਸੰਤੋਖੀ ਸੀ, ਕਿਉਂਕਿ ਇਸ ਦਾ ਪਿਛੋਕੜ ਵੀ ਭਾਈ ਫੇਰੂ ਜੀ ਨਾਲ ਜਾ ਰਲਦਾ ਹੈ। ਭਾਈ ਫੇਰੂ ਜੀ ਭਾਵੇ ਮਸੰਦ ਸਨ ਪਰ ਇਕ ਸੱਚੇ ਮਸੰਦ ਦੀ ਤਸਵੀਰ ਸਨ। ਇਨ੍ਹਾਂ ਨੇ ਗੁਰੂ ਘਰ ਦੀ ਮਾਇਆ ਆਪਣੇ ਨਿੱਜੀ ਕਾਰਜਾਂ ਦੀ ਬਜਾਇ ਹਮੇਸ਼ਾ ਯੋਗ ਥਾਂ 'ਤੇ ਹੀ ਖ਼ਰਚੀ ਸੀ, ਜਿਸ ਕਰਕੇ ਜਦੋਂ ਬਾਕੀ ਮਸੰਦਾਂ ਨੂੰ ਸਜ਼ਾਵਾਂ ਮਿਲੀਆਂ ਸਨ ਤਾਂ ਉਦੋਂ ਭਾਈ ਫੇਰੂ ਜੀ ਨੂੰ ਸਗੋਂ ਉਚੇਚੇ ਤੌਰ 'ਤੇ ਸੱਚੀ ਦਾੜ੍ਹੀ ਦਾ ਸਨਮਾਨ ਮਿਲਿਆ ਸੀ।

ਸਤਿਗੁਰੂ ਜੀ ਨੇ ਸੰਤੋਖ ਦੀ ਮਹਾਨ ਵਡਿਆਈ ਹੋਣ ਕਰਕੇ ਸਦੀਵੀ ਇਨਸਾਨੀਅਤ ਦੀ ਖ਼ੁਰਾਕ ਵਿਚ ਇਸ ਨੂੰ ਸ਼ਾਮਿਲ ਕਰ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਥਾਲ ਵਿਚ ਪਈਆਂ ਤਿੰਨ ਵਸਤੂਆਂ ਵਿਚੋਂ ਦੂਜੀ ਵਸਤੂ ਸੰਤੋਖ ਹੈ। ਸੰਤੋਖ ਦੀ ਖ਼ੁਰਾਕ ਨੇ ਹੀ ਸਿਦਕੀ ਸਿੱਖਾਂ ਨੂੰ ਕਦੇ ਧਰਮ ਤੋਂ ਡੋਲਣ ਨਹੀਂ ਦਿੱਤਾ ਸੀ। ਸਿੱਖ ਦੇ ਸਿਦਕ ਨੂੰ ਭਾਵੇਂ ਆਰੇ ਪਰਖਦੇ ਰਹੇ, ਭਾਵੇਂ ਰੰਬੀਆਂ ਨੇ ਵਾਹ ਲਾਈ, ਭਾਵੇਂ ਚਰਖੜੀਆਂ ਨੇ ਸਿਦਕ ਪਰਖੇ, ਤੱਤੀਆਂ ਤਵੀਆਂ ਜਾਂ ਹੋਰ ਰੂਪ ਵਿਚ ਅੱਗ ਵੀ ਸਿਦਕੀ ਸਿੱਖਾਂ ਨਾਲ ਮੌਤ ਦੀ ਖੇਡ ਖੇਡਦੀ ਰਹੀ ਪਰ ਹਰ ਵਾਰੀ ਸਿਦਕੀ ਸਿੱਖ ਹੋਰ ਵੀ ਨਿਖਰ ਕੇ ਇਤਿਹਾਸ ਸਿਰਜਦੇ ਰਹੇ।

ਇਨ੍ਹਾਂ ਚੀਜ਼ਾਂ ਦਾ ਖੇਤਰ ਭਾਵੇਂ ਬਹੁਤ ਹੀ ਵਿਸ਼ਾਲ ਹੈ ਪਰ ਮਨੁੱਖੀ ਬੁੱਧੀ ਦਾ ਖੇਤਰ ਸੀਮਤ ਹੋਣ ਕਰਕੇ ਉਤਨੀ ਹੀ ਵਿਚਾਰ ਕੀਤੀ ਜਾ ਸਕਦੀ ਹੈ ਜਿੰਨੀ ਕੁ ਮਾਲਿਕ ਨੇ ਬੁੱਧੀ ਦੀ ਦਾਤ ਬਖ਼ਸ਼ੀ ਹੈ। ਸੋ ਸੰਤੋਖ ਦਾ ਖੇਤਰ ਵੀ ਬਹੁਤ ਵਿਸ਼ਾਲ ਹੈ। ਸੰਤੋਖ ਕੇਵਲ ਦੁਨਿਆਵੀ ਸੁਖਾਂ ਦੁਖਾਂ ਵਿਚ ਅਡੋਲਤਾ ਦਾ ਨਾਮ ਹੀ ਨਹੀਂ ਬਲਕਿ ਅਧਿਆਤਮਿਕ ਖੇਤਰ ਵਿਚ ਵੀ ਸੰਤੋਖੀ ਹੀ ਪ੍ਰਵਾਨ ਚੜ੍ਹਦਾ ਹੈ। ਸੰਤੋਖ ਦਾ ਧਾਰਨੀ ਪਾਵੇਗਾ ਬਹੁਤ, ਪਰ ਦਿਖਾਵੇਗਾ ਬਹੁਤ ਥੋੜ੍ਹਾ। ਬੰਦਗੀ ਦੇ ਰਾਹ ਵਿਚ ਰੱਖੀ ਬਖ਼ਸ਼ਿਸ਼ਾਂ ਹੀ ਬਖ਼ਸ਼ਿਸ਼ਾਂ ਹਨ ਪਰ ਇਨ੍ਹਾਂ ਦਾ ਧਾਰਨੀ ਹੋ ਕੇ ਵੀ ਨਿਮਰਤਾ ਦੇ ਪਰਦੇ ਵਿਚ ਆਪਣੇ ਆਪ ਨੂੰ ਕੱਜ ਕੇ ਰੱਖਣਾ ਚਾਹੀਦਾ ਹੈ। ਗੁਰਬਾਣੀ ਦੇ ਅੰਮ੍ਰਿਤ ਬਚਨ ਹਨ—

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥

(ਪੰਨਾ ੧੩੮੪)

ਸੰਤੋਖ ਦਾ ਧਾਰਨੀ ਹੀ ਹਉਮੈ ਤੋਂ, ਵਿਸ਼ੇ ਵਿਕਾਰਾਂ ਤੋਂ ਅਤੇ ਦੁਨਿਆਵੀ ਮਾਣ ਵਡਿਆਈ ਤੋਂ ਕਿਨਾਰਾ ਕਰਕੇ ਆਪਣੀ ਅਧਿਆਤਮਿਕ ਪੂੰਜੀ ਦੀ ਰਾਖੀ ਕਰ ਸਕਦਾ ਹੈ। ਸੰਤੋਖ ਬੰਦੇ ਦੇ ਅੰਦਰ ਧੀਰਜ ਪੈਦਾ ਕਰਦਾ ਹੈ ਪਰ ਹੋਛਾ ਬੰਦਾ ਤਾਂ ਆਪ ਹੀ ਸਭ ਕੁਝ ਲੁਟਾ ਬੈਠਦਾ ਹੈ। ਧਨੀ ਰਾਮ ਚਾਤ੍ਰਿਕ ਦੇ ਬੋਲ ਕਿੰਨੇ ਪਿਆਰੇ ਹਨ—

ਊਣਾ ਭਾਂਡਾ ਛਲਕੇ ਡੁਲ੍ਹੇ ਭਰਿਆ ਕਦੇ ਨਾ ਡੋਲੇ॥
ਦੁਖ ਸੁਖ ਨੂੰ ਗੰਭੀਰ ਪਚਾਵੇ ਹੋਛਾ ਥਾਂ ਥਾਂ ਫੋਲੇ॥
ਔਖ ਪਿਆਂ ਨਾ ਡੁਬੇ ਦਾਨਾ ਸੁਖ ਵਿਚ ਪਾਟ ਨਾ ਜਾਵੇ,
ਥੋਥਾ ਦਾਣਾ ਛਣਕਣ ਲੱਗੇ, ਪੀਡਾ ਮੂੰਹੋਂ ਨਾ ਬੋਲੇ॥

ਵੀਚਾਰੋ

ਭੋਜਨ ਜਾਂ ਖ਼ੁਰਾਕ ਅਸੀਂ ਇਸ ਲਈ ਖਾਂਦੇ ਹਾਂ ਕਿ ਇਸ ਖ਼ੁਰਾਕ ਨਾਲ ਸਾਡੇ ਅੰਦਰ ਤਾਕਤ ਪੈਦਾ ਹੋ ਸਕੇ ਜਿਸ ਨਾਲ ਅਸੀਂ ਆਪਣੀ ਜ਼ਿਦਗੀ ਦੀਆਂ ਚੁਣੌਤੀਆਂ ਨਾਲ ਜੂਝ ਕੇ ਜ਼ਿੰਦਗੀ ਦਾ ਸੌਖਾ ਰਾਹ ਲੱਭ ਸਕੀਏ। ਤਨ ਦੀ ਖ਼ੁਰਾਕ ਹਰ ਕੋਈ ਜਾਣਦਾ ਹੈ ਪਰ ਮਨ ਦੀ ਖ਼ੁਰਾਕ ਅਸਲ ਵਿਚ ਵਿਚਾਰ ਹਨ। ਇਸ ਕਰਕੇ ਮਨ ਹਰ ਵਕਤ ਹੀ ਕਿਸੇ ਨਾ ਕਿਸੇ ਵਿਚਾਰ ਨਾਲ ਜੁੜਿਆ ਰਹਿੰਦਾ ਹੈ ਅਤੇ ਕਿਸੇ ਦੇ ਵਿਚਾਰਾਂ ਦਾ ਤਬਦੀਲ ਹੋਣਾ ਹੀ ਉਸ ਦੀ ਜ਼ਿੰਦਗੀ ਦਾ ਤਬਦੀਲ ਹੋਣਾ ਮੰਨਿਆ ਜਾਂਦਾ ਹੈ। ਆਕਾਰ ਅਤੇ ਵਿਚਾਰ ਦੋ ਸ਼ਬਦ ਸਾਡੀ ਜ਼ਿੰਦਗੀ ਨਾਲ ਗਹਿਰਾ ਸੰਬੰਧ ਰੱਖਦੇ ਹਨ। ਆਕਾਰ ਅਸਲ ਵਿਚ ਵੀਚਾਰ ਪ੍ਰਗਟ ਕਰਨ ਲਈ ਹੀ ਹੁੰਦਾ ਹੈ। ਆਕਾਰ ਦੀ ਕੋਈ ਆਪਣੀ ਸਥੂਲ ਤਾਕਤ ਨਹੀਂ ਹੁੰਦੀ। ਮਿਸਾਲ ਦੇ ਤੌਰ 'ਤੇ ਕਿਸੇ ਰਾਹ 'ਤੇ ਰਾਹੀ ਨੂੰ ਵਿਚਾਰ ਦੇਣਾ ਹੈ ਤਾਂ ਉਸ ਲਈ ਆਕਾਰ ਵਰਤਿਆ ਜਾਂਦਾ ਹੈ। ਕਿਸੇ ਬੋਰਡ, ਦੀਵਾਰ ਜਾਂ ਫਿਰ ਅਜੋਕੀ ਦੁਨੀਆਂ ਅੰਦਰ ਫਲੈਕਸ ਆਦਿਕ ਦਾ ਸਹਾਰਾ ਲਿਆ ਜਾਂਦਾ ਹੈ। ਹੁਣ ਜੇਕਰ ਬੋਰਡ ਤਾਂ ਲੱਗਾ ਹੋਵੇ ਪਰ ਵੀਚਾਰ ਕੋਈ ਨਾ ਹੋਵੇ ਤਾਂ ਇਸ ਦੀ ਕੋਈ ਵੀ ਅਹਿਮੀਅਤ ਨਹੀਂ ਸਮਝਦਾ। ਇਕੱਲਾ ਆਕਾਰ ਕਿਸੇ ਕੰਮ ਨਹੀਂ ਜੇਕਰ ਵਿਚਾਰ ਨਾ ਹੋਵੇ। ਕਿਤਾਬ ਦਾ ਆਕਾਰ ਸਿਰਫ ਵਿਚਾਰ ਲਈ ਹੀ ਹੈ, ਇਕੱਲੇ ਸਾਫ਼ ਪੇਪਰਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਸਤਿਗੁਰੂ ਜੀ ਨੇ ਵੀ ਸਾਨੂੰ ਵਿਚਾਰ ਨਾਲ ਜੋੜਨ ਲਈ ਹੀ ਸਰੀਰਕ ਆਕਾਰ ਧਾਰਨ ਕੀਤੇ ਸਨ ਪਰ ਅਸਲ ਅਹਿਮੀਅਤ ਕੇਵਲ ਵਿਚਾਰ ਦੀ ਹੀ ਹੈ। ਆਕਾਰ ਦੀ ਪੂਜਾ ਅਗਿਆਨਤਾ ਦੀ ਹੀ ਸੂਚਕ ਹੈ। ਆਕਾਰ ਕਦੇ ਜ਼ਿਦਗੀ ਵਿਚ ਤਬਦੀਲੀ ਨਹੀਂ ਲਿਆਉਂਦਾ ਜਦਕਿ ਵਿਚਾਰ ਨਾਲ ਅਨੇਕਾਂ ਹੀ ਜ਼ਿੰਦਗੀਆਂ ਤਬਦੀਲ ਹੋ ਜਾਂਦੀਆਂ ਹਨ। ਆਕਾਰ ਹਰ ਥਾਂ 'ਤੇ ਹਰ ਮਨੁੱਖ ਨਾਲ, ਹਰ ਸਮੇਂ ਨਹੀਂ ਰਹਿ ਸਕਦਾ ਪਰ ਵੀਚਾਰ ਹਰ ਵਕਤ, ਹਰ ਥਾਂ 'ਤੇ, ਹਰੇਕ ਨਾਲ ਰਹਿ ਸਕਦੀ ਹੈ। ਆਕਾਰ ਦੀ ਸੀਮਾ ਹੈ ਪਰ ਵੀਚਾਰ ਦੀ ਕੋਈ ਸੀਮਾ ਨਹੀਂ। ਵਿਚਾਰ ਕਦੇ ਪੁਰਾਣੀ ਜਾਂ ਖ਼ਤਮ ਨਹੀਂ ਹੁੰਦੀ। ਉਦਾਹਰਨ ਦੇ ਤੌਰ 'ਤੇ ਸ਼ਾਇਦ ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਸਰੀਰਕ ਤੌਰ 'ਤੇ ਉਤਨੇ ਜੀਵਾਂ ਨੂੰ ਨਾ ਮਿਲ ਸਕਦੇ ਜਿਤਨੇ ਜੀਵਾਂ ਨੂੰ ਉਨ੍ਹਾਂ ਨੇ ਆਪਣੀ ਪਵਿੱਤਰ ਬਾਣੀ ਨਾਲ ਸ਼ਰਸ਼ਾਰ ਕਰ ਦਿੱਤਾ ਹੈ। ਆਕਾਰ ਦੇ ਤੌਰ 'ਤੇ ਅੱਜ ਸਾਡੇ ਕੋਲ ਗੁਰੂ ਜੀ ਨਹੀਂ, ਪਰ ਪਵਿੱਤਰ ਵੀਚਾਰ ਕਰਕੇ ਸਦੀਵੀ ਹੀ "ਗੁਰੁ ਮੇਰੇ ਸੰਗਿ ਸਦਾ ਹੈ ਨਾਲੇ" ਵਾਂਗੂ

ਵਿਚਰਦੇ ਹਨ। ਗੁਰੂ ਪਾਤਿਸ਼ਾਹ ਜੀ ਆਪਣੀ ਹਯਾਤੀ ਵਿਚ ਵੀ ਕਦੇ ਕਿਸੇ ਨੂੰ ਆਕਾਰ ਨਾਲ ਨਹੀਂ ਬਲਕਿ ਵਿਚਾਰ ਨਾਲ ਹੀ ਜੋੜਦੇ ਸਨ ਜਿਨ੍ਹਾਂ ਬਾਰੇ ਸਾਨੂੰ ਇਤਿਹਾਸ ਤੋਂ ਸੁਭਾਵਿਕ ਹੀ ਜਾਣਕਾਰੀ ਮਿਲ ਜਾਂਦੀ ਹੈ ਕਿ ਸਤਿਗੁਰੂ ਜੀ ਜਿਨ੍ਹਾਂ ਨੂੰ ਵੀ ਮਿਲਦੇ ਸਨ ਤਾਂ ਉਥੇ ਗੁਰਬਾਣੀ ਦੀ ਵਿਚਾਰ ਹੀ ਕਰਦੇ ਸਨ।

ਕਿਸੇ ਦੇ ਅੰਦਰ ਕੀ ਹੈ, ਇਸ ਨੂੰ ਲੱਭਣ ਲਈ ਉਸ ਨਾਲ ਵਿਚਾਰ ਕਰਨੀ ਪੈਂਦੀ ਹੈ। ਵਿਚਾਰਾਂ ਤੋਂ ਬਿਨਾਂ ਸਾਨੂੰ ਕਦੇ ਵੀ ਕਿਸੇ ਦੇ ਅੰਦਰ ਦਾ ਪਤਾ ਨਹੀਂ ਲੱਗ ਸਕਦਾ। ਵਿਚਾਰ ਇਕ ਲੱਭਣ ਦਾ ਢੰਗ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਵੀ ਮਹਾਨਤਾ ਕੇਵਲ ਆਕਾਰ ਕਰਕੇ ਨਹੀਂ ਬਲਕਿ ਵਿਚਾਰ ਕਰਕੇ ਹੈ। ਅਜਿਹੇ ਆਕਾਰ ਬਣਾਏ ਜਾ ਸਕਦੇ ਹਨ ਪਰ ਵਿਚ ਦਿੱਤੇ "ਜੈਸੀ ਮੈ ਆਵੈ ਖਸਮ ਕੀ ਬਾਣੀ" ਵਿਚਾਰ ਕੋਈ ਵੀ ਨਹੀਂ ਪੈਦਾ ਕਰ ਸਕਦਾ। ਆਕਾਰ ਵਿਚੋਂ ਵੀ ਵਿਚਾਰ ਹੀ ਲੱਭ ਕੇ ਦਿੰਦੀ ਹੈ। ਇਸ ਲਈ ਹੀ ਸਤਿਗੁਰੂ ਜੀ ਨੇ ਦਰਸ਼ਨ ਕਰਨ ਦਾ ਵੀ ਢੰਗ ਵਿਚਾਰ ਨਾਲ ਹੀ ਜੋੜਿਆ ਹੈ। ਦਰਸ਼ਨਾਂ ਦੀ ਦਾਤ ਵਿਚਾਰਾਂ ਵਿਚੋਂ ਹੀ ਮਿਲ ਸਕਦੀ ਹੈ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

(ਪੰਨਾ ੫੯੪)

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਇਨ੍ਹਾਂ ਅੰਮ੍ਰਿਤ ਬਚਨਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਸਪਸ਼ਟ ਹੋ ਜਾਏਗਾ ਕਿ ਵਿਚਾਰ ਕੋਈ ਵਸਤੂ ਨਹੀਂ ਬਲਕਿ ਵਿਚਾਰ ਤਾਂ ਭੋਜਨ ਲੱਭਣ ਦਾ ਤਰੀਕਾ ਹੈ। ਇਹ ਅਲੱਭ ਭੋਜਨ ਵਿਚਾਰ ਨਾਲ ਹੀ ਲੱਭ ਸਕਦਾ ਹੈ।

ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥...
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥

(ਪੰਨਾ ੬੪੫)

ਇਹ ਭੋਜਨ ਅਲੱਭ ਸੀ, ਪਰ ਗੁਰੂ ਜੀ ਦੀ ਵਿਚਾਰ ਭਾਵ ਗੁਰਮਤਿ ਦੇ ਮਾਰਗ 'ਤੇ ਤੁਰ ਕੇ ਹੀ ਲੱਭ ਸਕਦਾ ਹੈ। ਦੂਜੀ ਪੰਕਤੀ ਅੰਦਰ ਵੀ ਗੁਰਸਿੱਖ ਭਾਵ ਗੁਰੂ ਜੀ ਦੀ ਸਿੱਖਿਆ 'ਤੇ ਤੁਰਨ ਵਾਲੇ ਗੁਰੂ ਕੇ ਸਿੱਖਾਂ ਵੀਚਾਰ ਨਾਲ ਲਭ ਲਈ ਹੈ। ਆਮ ਜ਼ਿੰਦਗੀ ਵਿਚ ਵੀ ਵੇਖਦੇ ਹਾਂ ਕਿ ਜਦੋਂ ਕਿਸੇ ਵੀ ਗੱਲ ਦਾ ਕੋਈ ਹੱਲ ਲੱਭਣਾ ਹੋਵੇ ਤਾਂ ਦਾਨੇ ਪੁਰਖਾਂ ਨਾਲ ਵਿਚਾਰ ਹੀ ਕੀਤੀ ਜਾਂਦੀ ਹੈ। ਕੋਈ ਮਰੀਜ਼ ਜਿੰਨਾ ਚਿਰ ਡਾਕਟਰ ਨਾਲ ਵਿਚਾਰ ਨਹੀਂ ਕਰਦਾ, ਓਨਾ ਚਿਰ ਡਾਕਟਰ ਉਸ ਦੇ ਰੋਗ ਨੂੰ ਨਹੀਂ ਲੱਭ ਸਕਦਾ। ਪਹਿਲੇ ਸੁਆਲ ਡਾਕਟਰ ਦੇ ਹੁੰਦੇ ਹਨ ਅਤੇ ਮਰੀਜ਼

ਜਵਾਬ ਦਿੰਦਾ ਹੈ। ਜਦੋਂ ਇਸ ਪਰਸਪਰ ਵਿਚਾਰ ਵਿਚੋਂ ਰੋਗ ਦੀ ਪਹਿਚਾਣ ਹੋ ਗਈ ਤਾਂ ਫਿਰ ਮਰੀਜ਼ ਸੁਆਲ ਕਰ ਸਕਦਾ ਹੈ ਕਿ ਮੈਨੂੰ ਕੀ ਰੋਗ ਹੈ ? ਇਸ ਦੀ ਦਵਾਈ ਕੀ ਹੈ ? ਮੇਰੇ ਲਈ ਕੀ ਪਰਹੇਜ਼ ਹੋਵੇਗਾ ? ਪਰ ਜੇਕਰ ਡਾਕਟਰ ਵੀ ਸਾਹਮਣੇ ਬੈਠਾ ਹੈ ਤੇ ਮਰੀਜ਼ ਵੀ ਸਾਹਮਣੇ ਬੈਠਾ ਹੈ ਪਰ ਵਿਚਾਰਾਂ ਦੀ ਸਾਂਝ ਨਹੀਂ ਤਾਂ ਕੋਈ ਹੱਲ ਨਹੀਂ ਲੱਭਿਆ ਜਾ ਸਕਦਾ।

ਅਦਾਲਤਾਂ ਵਿਚ ਬਹਿਸ ਦਾ ਦੂਜਾ ਨਾਮ ਵੀ ਵਿਚਾਰ ਹੀ ਹੈ ਜਿਹੜੀ ਛੁਪਾ ਕੇ ਰੱਖੇ ਹੋਏ ਪਾਪਾਂ ਨੂੰ ਪ੍ਰਗਟ ਕਰਕੇ ਪਾਪੀ ਨੂੰ ਸਜ਼ਾ ਦਿਵਾ ਦਿੰਦੀ ਹੈ ਅਤੇ ਨਿਰਦੋਸ਼ ਨੂੰ ਬਚਾ ਦਿੰਦੀ ਹੈ। ਇਹ ਗੱਲ ਵੱਖਰੀ ਹੈ ਕਿ ਕਈ ਵਾਰੀ ਪਾਪੀ ਲੋਕ ਗਵਾਹਾਂ ਦੀ ਵਿਚਾਰ ਖ਼ਰੀਦ ਲੈਂਦੇ ਹਨ। ਜੇਕਰ ਗਵਾਹ ਆਪਣੀ ਵਿਚਾਰ ਵੇਚ ਕੇ ਗ਼ਲਤ ਵਿਚਾਰ ਦੇ ਦਿੰਦਾ ਹੈ ਤਾਂ ਕਦੇ-ਕਦੇ ਨਿਰਦੋਸ਼ ਨੂੰ ਵੀ ਸਜ਼ਾ ਹੋ ਸਕਦੀ ਹੈ ਪਰ ਅਦਾਲਤਾਂ ਵਿਚ ਲੱਭਣ ਦਾ ਢੰਗ ਕੇਵਲ ਵਿਚਾਰ ਹੀ ਹੈ।

ਨਿਤਾ ਪ੍ਰਤੀ ਵਪਾਰ ਦੀ ਦੁਨੀਆਂ ਨੂੰ ਦੇਖਦੇ ਹਾਂ ਕਿ ਹਰ ਰੋਜ਼ ਵਪਾਰੀ ਵਿਚਾਰ ਕਰਕੇ ਕਿਸੇ ਵਸਤੂ ਨੂੰ ਖ਼ਰੀਦਦਾ ਹੈ ਕਿਉਂਕਿ ਵਪਾਰੀ ਨੂੰ ਪਤਾ ਹੈ ਕਿ ਵਿਚਾਰ ਨੇ ਹੀ ਲੱਭ ਕੇ ਦੇਣਾ ਹੈ ਕਿ ਮੈਂ ਪੂੰਜੀ ਕਿੰਨੀ ਖ਼ਰਚ ਰਿਹਾ ਹਾਂ ਅਤੇ ਵੇਚ ਕੇ ਲਾਭ ਕਿੰਨਾ ਕਮਾ ਸਕਦਾ ਹਾਂ। ਵਿਚਾਰ ਤੋਂ ਸੱਖਣਾ ਲੱਭਣ ਦੀ ਬਜਾਇ, ਕੋਲੋਂ ਪੂੰਜੀ ਵੀ ਬਰਬਾਦ ਕਰ ਸਕਦਾ ਹੈ। ਰੱਬੀ ਨਾਮ ਦੇ ਵਣਜਾਰੇ ਨੂੰ ਵੀ ਸਤਿਗੁਰੂ ਜੀ ਵਿਚਾਰ ਨਾਲ ਹੀ ਜੋੜ ਰਹੇ ਹਨ।

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥

(ਪੰਨਾ ੧੪੧੦)

ਹੇ ਹਰਨਾਂ ਵਰਗੀਆਂ ਸੋਹਣੀਆਂ ਅੱਖਾਂ ਦੀ ਮਾਲਕ ਬੱਚੀਏ! ਗੁਰੂ ਜੀ ਦਾ ਇਕ ਜ਼ਰੂਰੀ ਬਚਨ ਸੁਣ ਕਿ ਅੱਖਾਂ ਦਾ ਸੋਹਣਾ ਹੋਣਾ ਇਕ ਵੱਖਰੀ ਗੱਲ ਹੈ ਪਰ ਦਾਨੀ ਸੋਚ ਵਿਚਾਰ ਦਾ ਹੋਣਾ ਇਕ ਵੱਖਰੀ ਗੱਲ ਹੈ। ਇਹ ਜ਼ਰੂਰੀ ਨਹੀਂ ਕਿ ਸੋਹਣੀਆਂ ਅੱਖਾਂ ਸੋਹਣਾ ਹੀ ਭਾਵ ਚੰਗਾ ਹੀ ਵੇਖ ਸਕਣ। ਚੰਗਾ ਮੰਦਾ ਵਿਚਾਰ ਨਾਲ ਹੀ ਪ੍ਰਗਟ ਹੋਣਾ ਹੈ। ਇਸ ਲਈ ਵਪਾਰ ਤੋਂ ਪਹਿਲਾਂ ਵਸਤੂ ਦੀ ਵਿਚਾਰ (ਸਿਞਾਣ, ਪਹਿਚਾਣ) ਕਰ ਲੈ ਕਿ ਜੋ ਕੁਝ ਮੈਂ ਖ਼ਰੀਦਣ ਲਗੀ ਹਾਂ ਇਹ ਸਾਈਂ ਦੇ ਦਰ 'ਤੇ ਮੈਨੂੰ ਪ੍ਰਵਾਨ ਕਰਵਾ ਸਕਦਾ ਹੈ ਜਾਂ ਨਹੀਂ। ਕਿਧਰੇ ਅਜਿਹਾ ਨਾ ਹੋਵੇ—

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥

(ਪੰਨਾ ੨੩)

ਵਿਚਾਰ ਨੇ ਹੀ ਲੱਭ ਕੇ ਦੇਣਾ ਹੈ ਕਿ ਮੈਂ ਜਗਤ-ਮੇਲੇ ਵਿਚੋਂ ਕੀ ਕੁਝ ਖ਼ਰੀਦਣ ਆਇਆ ਹਾਂ। ਗੁਰੂ ਸਾਹਿਬ ਜੀ ਨੇ ਹੋਰ ਵੀ ਅਨੇਕਾਂ ਥਾਵਾਂ 'ਤੇ ਹੱਲ ਲੱਭਣ ਲਈ ਵਿਚਾਰ ਕਰਨ ਵੱਲ ਹੀ ਇਸ਼ਾਰਾ ਕੀਤਾ ਹੈ, ਜਿਵੇਂ—

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥

(ਪੰਨਾ ੯੨੦)

ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥

(ਪੰਨਾ ੮੮੫)

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

(ਸੁਖਮਨੀ ਸਾਹਿਬ)

ਇਥੇ ਢੰਢੋਲਿ ਸ਼ਬਦ ਦਾ ਅਰਥ ਵੀ "ਖੋਜ ਕੇ, ਵਿਚਾਰ ਕੇ" ਦੇਖੇ ਹਨ।

ਸੰਤ ਜਨਾ ਮਿਲਿ ਕਰਹੁ ਬੀਚਾਰੁ॥

(ਪੰਨਾ ੨੯੮)

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥

(ਪੰਨਾ ੧੨੪੫)

ਸ਼ੈਤਾਨ ਬੰਦਾ ਵਿਚਾਰ ਨਾਲ ਨਹੀਂ ਬਲਕਿ ਧੋਖੇ ਨਾਲ ਹੀ ਕੁਝ ਪ੍ਰਾਪਤ ਕਰਨਾ ਚਾਹੁੰਦਾ ਹੈ ਜਦਕਿ ਗੁਰਮੁਖ ਹਰ ਇਕ ਚੀਜ਼ ਦੀ ਪ੍ਰਾਪਤੀ ਵਿਚਾਰ ਨਾਲ ਹੀ ਕਰਦਾ ਹੈ।

ਆਕਾਰ ਨਾਲ ਜੁੜ ਜਾਣ ਦਾ ਮਨੁੱਖ ਦਾ ਮੁੱਢ ਕਦੀਮਾਂ ਦਾ ਸੁਭਾਅ ਹੈ। ਇਸ ਲਈ ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪੂਜਾ ਵੀ ਅਨੇਕਾਂ ਵਾਰੀ ਆਕਾਰ ਦੇ ਤੌਰ 'ਤੇ ਹੀ ਕਰਨੀ ਸੀ। (ਭਾਵੇਂ ਇਹੋ ਹੀ ਗੱਲ ਅੱਜ ਜ਼ੋਰਾਂ 'ਤੇ ਹੈ ਕਿਉਂਕਿ ਉਤਨੀ ਵਿਚਾਰ ਨਹੀਂ ਹੁੰਦੀ ਜਿਤਨਾ ਪੜ੍ਹਨ ਉੱਤੇ ਜ਼ੋਰ ਹੈ।) ਪੜ੍ਹਨ ਦੇ ਨਾਲ ਨਾਲ ਵਿਚਾਰ ਜ਼ਰੂਰੀ ਹੈ। ਇਕ ਹੋਰ ਗੁਰੂ-ਬਚਨ ਦੇ ਦਰਸ਼ਨ ਕਰੀਏ ਜਿਥੇ ਆਖਿਆ ਹੈ ਕਿ ਨਿਰਾ ਪੜ੍ਹਨ ਨਾਲ ਹੀ ਮਿਲਾਪ ਨਹੀਂ। ਜਦੋਂ ਨਾਲ ਵਿਚਾਰ ਜੁੜ ਗਈ ਫਿਰ ਸ਼ੱਕ ਹੀ ਨਹੀਂ ਕਿ ਮਿਲਾਪ ਨਹੀਂ ਹੋਵੇਗਾ। ਇਸ ਲਈ ਹੀ

ਗੁਰੂ ਵਿਚਾਰ ਦੀ ਮੰਗ ਕੀਤੀ ਗਈ ਹੈ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥

(ਪੰਨਾ ੬੪੧)

ਗੁਰੂ ਤੋਂ ਬਿਨਾਂ ਤਾਂ ਵੈਸੇ ਹੀ ਹਨੇਰਾ ਹੈ। ਗੁਰੂ ਕੀ ਹੈ ? ਗੁਰੂ-ਵਿਚਾਰ ਭਾਵ ਸ਼ਬਦ ਹੀ ਹੈ। ਬਿਨਾਂ ਸ਼ਬਦ ਤੋਂ ਅੰਦਰ ਹਨੇਰਾ ਹੈ ਤੇ ਵਸਤੂ ਕਿਵੇਂ ਲੱਭ ਸਕਦਾ ਹੈ।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥

(ਆਸਾ ਕੀ ਵਾਰ)

ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥
ਗੁਰ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥

(ਪੰਨਾ ੧੩੯੯)

ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥

(ਪੰਨਾ ੬੫੫)

ਘਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥

(ਪੰਨਾ ੭੮)

ਉਪਰੋਕਤ ਵਿਚਾਰ ਤੋਂ ਭਾਵ ਸਿਰਫ਼ ਇਤਨਾ ਹੀ ਹੈ ਕਿ ਬਿਨਾਂ ਚਾਨਣ ਤੋਂ ਕੁਝ ਵੀ ਲੱਭ ਨਹੀਂ ਸਕਦਾ, ਲੱਭਣ ਲਈ ਚਾਨਣ ਜ਼ਰੂਰੀ ਹੈ। ਇਹ ਚਾਨਣ ਹੀ ਵਿਚਾਰ ਹੈ। ਭਾਵ ਵਿਚਾਰ ਹੀ ਲੱਭਣ ਦਾ ਸਾਧਨ ਹੈ। ਇਕ ਮਿਸਾਲ ਹੋਰ ਵੀ ਵਿਚਾਰ ਲਈਏ। ਕਿਸੇ ਥਾਂ 'ਤੇ ਹੋਰ ਕਿਸੇ ਭਾਸ਼ਾ ਵਿਚ ਅੱਖਰ ਲਿਖੇ ਹੋਣ, ਜਿਵੇਂ ਅੰਗਰੇਜ਼ੀ ਭਾਸ਼ਾ, ਫ਼ਾਰਸੀ ਭਾਸ਼ਾ, ਉਰਦੂ ਭਾਸ਼ਾ, ਤੇਲਗੂ, ਕੰਨੜ, ਗੁਜਰਾਤੀ ਭਾਵ ਕੁਝ ਵੀ ਕਹਿ ਲਈਏ ਪਰ ਇਨ੍ਹਾਂ ਅੱਖਰਾਂ ਵਿਚੋਂ ਲੱਭ ਉਹ ਹੀ ਸਕਦਾ ਹੈ ਜਿਸ ਕੋਲ ਵਿਚਾਰ ਵੀ ਹੋਵੇ। ਬਿਨਾਂ ਵਿਚਾਰ ਤੋਂ ਅੱਖਰ ਤਾਂ ਸਾਹਮਣੇ ਹਨ ਪਰ ਇਨ੍ਹਾਂ ਅੱਖਰਾਂ ਦੀ ਗਹਿਰਾਈ ਤੱਕ ਤਦ ਹੀ ਪਹੁੰਚ ਹੋ ਸਕਦੀ ਹੈ ਜੇਕਰ ਇਨ੍ਹਾਂ

ਅੱਖਰਾਂ ਦੀ ਵਿਚਾਰ ਵੀ ਹੋਵੇ। ਮਨੁੱਖ ਦੀ ਜ਼ਿੰਦਗੀ ਵੱਲ ਵੀ ਕਦੇ ਨਜ਼ਰ ਮਾਰ ਕੇ ਦੇਖਣਾ ਕਿ ਜੀਵਨ ਦੇ ਆਰੰਭਕ ਸਾਲਾਂ ਵਿਚ ਇਹ ਹੋਰ ਸਾਰੇ ਕੰਮ ਛੱਡ ਕੇ ਸਭ ਤੋਂ ਵਧੀਕ ਸਮਾਂ ਵਿਚਾਰ ਦੀ ਪ੍ਰਾਪਤੀ ਲਈ ਲਾਉਂਦਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਹਰ ਰੋਜ਼ ਭਰੀਆਂ ਦੇਖਦੇ ਹਾਂ, ਕਿਉਂਕਿ ਜ਼ਿੰਦਗੀ ਦੀ ਸ਼ੁਰੂਆਤ ਵਿਚ ਵਿਚਾਰ ਨਹੀਂ ਹੁੰਦੀ ਤੇ ਵਿਚਾਰ ਤੋਂ ਬਿਨਾਂ ਕੁਝ ਲੱਭਿਆ ਨਹੀਂ ਜਾ ਸਕਦਾ। ਜਿਉਂ ਜਿਉਂ ਵਿਚਾਰ ਆਉਂਦੀ ਜਾਂਦੀ ਹੈ, ਤਿਉਂ-ਤਿਉਂ ਮਨੁੱਖ ਦਾ ਕਾਰਜ-ਖੇਤਰ ਵਧਦਾ ਜਾਂਦਾ ਹੈ ਅਤੇ ਵਿਚਾਰ ਧਾਰਨ ਕਰਨ ਦਾ ਖੇਤਰ ਘੱਟਦਾ ਜਾਂਦਾ ਹੈ। ਪਹਿਲਾਂ ਸਮਾਂ ਵਿਚਾਰ ਦੀ ਪ੍ਰਾਪਤੀ 'ਤੇ ਲਾਇਆ। ਜਦੋਂ ਵਿਚਾਰ ਮਿਲ ਗਈ ਤਾਂ ਹੁਣ ਕੇਵਲ ਤੇ ਕੇਵਲ ਜ਼ਿੰਦਗੀ ਦੇ ਖੇਤਰ ਵਿਚੋਂ ਲੱਭਣ ਦਾ ਕਾਰਜ ਸ਼ੁਰੂ ਹੋ ਜਾਵੇਗਾ।

ਹਰ ਇਕ ਕੰਮ ਕਰਨ ਦੇ ਦੋ ਢੰਗ ਹਨ—ਇਕ ਢੰਗ ਹੈ ਵਿਚਾਰ ਕੇ ਕਰਨਾ ਅਤੇ ਦੂਜਾ ਢੰਗ ਹੈ ਬਿਨਾਂ ਵਿਚਾਰੇ ਹੀ ਕਰੀ ਜਾਣਾ। ਸਿਆਣਪ ਅਤੇ ਮੂਰਖਤਾ ਦਾ ਵੀ ਇਹੋ ਹੀ ਪੈਮਾਨਾ ਹੈ। ਸਿਆਣਾ ਬੰਦਾ ਹਰ ਕੰਮ ਸੋਚ ਵਿਚਾਰ ਕੇ ਕਰਦਾ ਹੈ ਅਤੇ ਮੂਰਖ ਬੰਦਾ ਬਿਨਾਂ ਸੋਚੇ ਸਮਝੇ ਕੰਮ ਕਰਨ ਕਰਕੇ ਕੇਵਲ ਕਾਰਜ ਹੀ ਨਹੀਂ ਵਿਗਾੜਦਾ ਬਲਕਿ ਸਮਾਜ ਦਾ ਹੋਰ ਵੀ ਭਾਰੀ ਨੁਕਸਾਨ ਕਰ ਜਾਂਦਾ ਹੈ। ਘਰ ਬਣਾਉਣਾ ਹੋਵੇ ਤਾਂ ਨਕਸ਼ਾ ਬਣਾਉਣਾ ਵਿਚਾਰ ਕਰਨਾ ਹੀ ਤਾਂ ਹੈ। ਕੱਪੜੇ ਸੀਉਣੇ, ਭੋਜਨ ਪ੍ਰਸ਼ਾਦ ਬਣਾਉਣਾ, ਹਰ ਵਿਅਕਤੀ ਸੋਚ ਨਾਲ ਹੀ ਚਲਦਾ ਹੈ। ਕਿਉਂਕਿ ਵਿਚਾਰ ਹੀ ਸਫਲਤਾ ਦੀ ਕੁੰਜੀ ਹੈ। ਜ਼ਿੰਦਗੀ, ਜਿਸ ਦਾ ਕੋਈ ਬਦਲ ਵੀ ਸਾਡੇ ਕੋਲ ਨਹੀਂ, ਫਿਰ ਇਸ ਨੂੰ ਵਿਚਾਰ ਨਾਲ ਗੁਜ਼ਾਰਨ ਵਾਲਾ ਆਪਣੇ ਹੀਰੇ ਵਰਗੇ ਜੀਵਨ ਨੂੰ ਇਤਨਾ ਕੀਮਤੀ ਬਣਾ ਲੈਂਦਾ ਹੈ ਕਿ ਇਸ ਦਾ ਮੁਕਾਬਲਾ ਹੀਰਾ ਵੀ ਨਹੀਂ ਕਰ ਸਕਦਾ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥

(ਪੰਨਾ ੧੩੭੨)

ਬਿਨਾਂ ਵਿਚਾਰ ਦੇ ਜੀਵਨ ਗੁਜ਼ਾਰਨ ਵਾਲਾ ਹੀਰਿਆਂ ਨੂੰ ਕੌਡੀਆਂ ਬਣਾ ਬੈਠਦਾ ਹੈ। ਕੌਡੀਆਂ ਇਕੱਠੀਆਂ ਕਰਨ ਵਾਲਾ ਪਛਤਾਉਂਦਾ ਹੀ ਰਹਿ ਜਾਂਦਾ ਹੈ।

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥

(ਪੰਨਾ ੧੫੬)

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥

(ਪੰਨਾ ੧੦੨)

ਇਸ ਪਵਿੱਤਰ ਮਹਾਂਵਾਕ ਅਨੁਸਾਰ ਸਭ ਕੁਝ ਜੀਵ ਦੇ ਅੰਦਰ ਹੀ ਹੈ ਪਰ ਅੰਦਰੋਂ ਲੱਭ ਕਿਉਂ ਨਹੀਂ ਸਕਦਾ ਕਿਉਂਕਿ ਅੰਦਰ ਹਨੇਰਾ ਹੈ। ਇਕ ਵਿਚਾਰ ਵੱਲ ਖ਼ਿਆਲ ਕਰਨ ਦੀ ਲੋੜ ਹੈ ਕਿ ਅੰਦਰ ਵਸਤੂ ਤਾਂ ਹੈ ਪਰ ਹਨੇਰਾ ਲੱਭਣ ਨਹੀਂ ਦਿੰਦਾ। ਸਭ ਤੋਂ ਪਹਿਲਾਂ ਉਹ ਲੋਕ ਕਿੰਨੇ ਭੁੱਲੜ ਹਨ ਜਿਹੜੇ ਵਸਤੂ ਹੀ ਬਾਹਰ ਲੱਭ ਰਹੇ ਹਨ। ਦੂਜਾ ਇਹ ਕਿ ਹਨੇਰੇ ਲਈ ਦੀਵੇ ਦੀ ਲੋੜ ਹੁੰਦੀ ਹੈ। ਅੰਧਿਆਰੇ ਦੀਪਕ ਚਹੀਐ। ਸੋ ਸਿਆਣਾ ਪੁਰਖ ਉਹ ਹੈ ਜਿਹੜਾ ਵਸਤੂ ਦੀ ਭਾਲ ਨਹੀਂ ਕਰਦਾ ਬਲਕਿ ਵਿਸ਼ਵਾਸ ਕਰਦਾ ਹੈ ਕਿ ਵਸਤੂ ਤਾਂ ਅੰਦਰ ਹੈ ਪਰ ਹਨੇਰੇ ਕਾਰਨ ਨਹੀਂ ਮਿਲ ਰਹੀ। ਸੋ ਅਜਿਹਾ ਪੁਰਖ ਰੌਸ਼ਨੀ ਕਰੇਗਾ ਅਤੇ ਵਸਤੂ ਦੀ ਪ੍ਰਾਪਤੀ ਕਰ ਲਵੇਗਾ। ਭਗਤ ਕਬੀਰ ਸਾਹਿਬ ਜੀ ਦੇ ਇਸ ਬਚਨ ਦੀ ਪੂਰੀ ਵਿਚਾਰ ਵਿਚੋਂ ਸਭ ਸੋਝੀ ਪ੍ਰਾਪਤ ਹੋ ਜਾਵੇਗੀ। ਸ਼ਬਦ ਹੈ—

ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥
ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰ ਬਾਰਾ॥੧॥ ਰਹਾਉ॥
ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥
ਬਸਤੁ ਅਗੋਚਰ ਪਾਈ॥ ਘਟਿ ਦੀਪਕੁ ਰਹਿਆ ਸਮਾਈ॥੨॥
ਕਹਿ ਕਬੀਰ ਅਬ ਜਾਨਿਆ॥ ਜਬ ਜਾਨਿਆ ਤਉ ਮਨੁ ਮਾਨਿਆ॥
ਮਨ ਮਾਨੇ ਲੋਗੁ ਨ ਪਤੀਜੈ॥ ਨ ਪਤੀਜੈ ਤਉ ਕਿਆ ਕੀਜੈ॥

(ਪੰਨਾ ੬੫੬)

ਇਸ ਸ਼ਬਦ ਦੀਆਂ ਤਿੰਨ ਗੱਲਾਂ ਬਹੁਤ ਸਮਝਣ ਵਾਲੀਆਂ ਹਨ। ਪਹਿਲੀ ਗੱਲ ਹੈ ਧਾਰਮਿਕ ਗ੍ਰੰਥਾਂ ਨੂੰ ਪੜ੍ਹਨਾ ਦੀਵਾ ਬਣਾਉਣਾ ਹੈ।

ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥

(ਪੰਨਾ ੨੫)

ਦੀਵਾ ਇਕੱਲਾ ਤਿਆਰ ਕਰਨਾ ਹੀ ਜ਼ਰੂਰੀ ਨਹੀਂ, ਤਿਆਰ ਕੀਤੇ ਦੀਵੇ ਨੂੰ ਜਗਾਉਣਾ ਉਸ ਤੋਂ ਵੀ ਜ਼ਰੂਰੀ ਹੈ, ਕਿਉਂਕਿ ਜਗਦਾ ਦੀਵਾ ਹੀ ਚਾਨਣ ਦੇ ਸਕਦਾ ਹੈ ਅਤੇ ਸਾਡੀ ਲੋੜ ਚਾਨਣ ਹੈ।

ਦੂਜੀ ਗੱਲ, ਦੀਵਾ ਉਦੋਂ ਜਗਦਾ ਹੈ ਜਦੋਂ ਧਾਰਮਿਕ ਗ੍ਰੰਥ ਪੜ੍ਹ ਕੇ ਅਮਲ ਕਰਨਾ ਸ਼ੁਰੂ ਹੁੰਦਾ ਹੈ। ਸਚ ਬੂਝਣੁ ਆਣਿ ਜਲਾਈਐ॥ ਪੋਥੀ ਪੁਰਾਣਾਂ ਦੀ ਕਮਾਈ

ਹੀ ਦੀਵਾ ਜਗਾ ਸਕਦੀ ਹੈ। ਇਸ ਤਰ੍ਹਾਂ 'ਦੀਵਾ ਮੇਰਾ ਏਕ ਨਾਮ' ਬਣ ਕੇ ਜਗ ਪੈਂਦਾ ਹੈ ਜਾਂ ਫਿਰ 'ਸਤਿਗੁਰ ਸਬਦਿ ਉਜਾਰੋ ਦੀਪਾ' ਬਣ ਜਾਂਦਾ ਹੈ। ਤੀਜੀ ਵਿਚਾਰ ਹੈ ਕਿ ਅੰਧਿਆਰੇ ਲਈ ਦੀਵਾ ਚਾਹੀਦਾ ਸੀ ਸੋ ਹੁਣ ਜਗਦਾ ਦੀਵਾ ਕੋਲ ਹੈ ਜਿਸ ਦੇ ਚਾਨਣ ਵਿਚ ਵਸਤੂ ਮਿਲ ਗਈ।

ਅੰਧਿਆਰੇ ਦੀਪਕੁ ਚਹੀਐ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥

(ਪੰਨਾ ੬੫੫)

ਜੰਗਲਾਂ ਵਿਚ ਤਪ ਕਰਨੇ, ਜਲਧਾਰੇ ਕਰਨੇ, ਤੀਰਥਾਂ 'ਤੇ ਭਟਕਣਾ, ਇਤਿਆਦਿਕ ਕਿਸੇ ਵੀ ਕਰਮ-ਕਾਂਡ ਦੀ ਜ਼ਰੂਰਤ ਨਹੀਂ ਕਿਉਂਕਿ ਘਟਿ ਦੀਪਕ ਨੇ ਅਗੋਚਰ ਵਸਤੂ ਮਿਲਾ ਦਿੱਤੀ ਹੈ। ਤੀਜੀ ਗੱਲ ਮਨੁੱਖ ਦੀਵੇ ਨਾਲ ਵੀ ਬਹੁਤ ਬੇਇਨਸਾਫ਼ੀ ਕਰਦਾ ਰਿਹਾ ਹੈ। ਉਹ ਬੇਇਨਸਾਫ਼ੀ ਹੈ ਕਿ ਜਦੋਂ ਦੀਪਕ ਦਾ ਕੰਮ ਪੂਰਾ ਹੋ ਜਾਵੇ ਤਾਂ ਉਸ ਨੂੰ ਬੁਝਾ ਦਿੰਦਾ ਹੈ ਤੇ ਮੁੜ ਹਨੇਰਾ ਫਿਰ ਦੁੱਖ ਲੈ ਆਉਂਦਾ ਹੈ ਪਰ ਇਹ ਨਾਮ ਰੂਪ ਦੀਵਾ ਇਕ ਵਾਰੀ ਜਗ ਪਵੇ ਫਿਰ **ਘਟਿ ਦੀਪਕ ਰਹਿਆ ਸਮਾਈ ॥** ਉਥੇ ਆਪਣੀ ਥਾਂ ਬਣਾ ਕੇ ਸਦਾ ਜਗਦਾ ਰਹਿੰਦਾ ਹੈ ਤਾਂ ਕਿ ਮੁੜ ਹਨੇਰੇ ਕਾਰਨ ਲੁਟਿਆ ਨਾ ਜਾਵੇ। ਦੀਪਕ ਦੇ ਚਾਨਣ ਵਿਚ ਜਾਣ ਲਿਆ ਹੈ। ਇਸ ਜਾਣਕਾਰੀ ਨਾਲ ਮਨ ਦੀ ਤਸੱਲੀ ਹੋ ਗਈ ਹੈ। ਹਾਲਾਂਕਿ ਨਿਰੇ ਕਰਮ-ਕਾਂਡੀ ਹੁਣ ਨਹੀਂ ਮੰਨਦੇ ਕਿ ਇਸ ਤਰ੍ਹਾਂ ਕਿਵੇਂ ਪ੍ਰਾਪਤੀ ਹੋ ਸਕਦੀ ਹੈ। ਪਰ ਹੁਣ ਮੈਨੂੰ ਇਨ੍ਹਾਂ ਕਰਮ-ਕਾਂਡੀ ਲੋਕਾਂ ਦੀ, ਜਿਹੜੇ ਧਰਮ ਦੇ ਭੁਲੇਖੇ ਭਰਮ ਹੀ ਕਮਾਈ ਜਾ ਰਹੇ ਹਨ, ਉਨ੍ਹਾਂ ਦੀ ਕੋਈ, ਮੁਥਾਜੀ ਨਹੀਂ। ਮੈਨੂੰ ਮੇਰੇ ਹੀ ਹਿਰਦੇ ਘਰ ਵਿਚੋਂ ਵਿਚਾਰ ਨਾਲ ਭਾਵ ਗੁਰੂ ਸ਼ਬਦ ਦੀ ਕਮਾਈ ਨਾਲ ਅਗੋਚਰ ਨਾਮ ਰੂਪ ਵਸਤੂ ਲੱਭ ਪਈ ਹੈ। ਧਾਰਮਿਕ ਗ੍ਰੰਥਾਂ ਦਾ ਕਮਾਉਣ ਦਾ ਅਰਥ ਹੀ ਇਹੋ ਹੈ ਕਿ ਇਨ੍ਹਾਂ ਵਿਚਲੀ ਵਿਚਾਰ ਦਾ ਮੈਂ ਧਾਰਨੀ ਹੋ ਸਕਾਂ। ਵਿਚਾਰ ਤੋਂ ਬਿਨਾਂ ਕੁਝ ਵੀ ਲੱਭਿਆ ਨਹੀਂ ਜਾ ਸਕਦਾ। ਮਾਝ ਰਾਗ ਅੰਦਰ ਗੁਰੂ ਅਮਰਦਾਸ ਜੀ ਮਹਾਰਾਜ ਦਾ ਅੰਮ੍ਰਿਤ ਬਚਨ ਵੀ ਇਸ ਪਾਸੇ ਵੱਲ ਹੀ ਸੰਕੇਤ ਕਰਦਾ ਹੈ—

ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥
ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥
ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥

ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥
ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥
ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਾਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥

(ਪੰਨਾ ੧੨੮)

ਇਸ ਸ਼ਬਦ ਅੰਦਰ ਵਾਰ-ਵਾਰ ਵਿਚਾਰ ਨਾਲ ਲੱਭਣ ਦਾ ਹੀ ਇਸ਼ਾਰਾ ਆਇਆ ਹੈ। ਵਿਚਾਰ ਨਾਲ ਲੱਭ ਕੇ ਹੀ ਸਤ ਦਾ ਭੋਜਨ ਪ੍ਰਾਪਤ ਹੋ ਸਕਦਾ ਹੈ। ਇਹ ਸਤ ਦਾ ਭੋਜਨ ਜੀਵਨ ਵਿਚ ਆਈਆਂ ਅਨੇਕਾਂ ਔਕੜਾਂ ਦਾ ਡੱਟ ਕੇ ਮੁਕਾਬਲਾ ਕਰਨ ਦੀ ਤਾਕਤ ਪੈਦਾ ਕਰਦਾ ਹੈ। ਧਰਮੀ ਪੁਰਖ ਦਾ ਅਡੋਲ ਰਹਿਣਾ ਹੀ ਧਰਮ ਵਿਚ ਪ੍ਰਪੱਕਤਾ ਕਹਾਉਂਦਾ ਹੈ। ਇਹ ਪ੍ਰਪੱਕਤਾ ਸਤ ਦਾ ਭੋਜਨ ਹੀ ਪੈਦਾ ਕਰ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹੀ ਕੁਝ ਕੁ ਇਤਿਹਾਸਿਕ ਨਕਸ਼ਿਆਂ ਨੂੰ ਵਿਚਾਰੀਏ ਜਿਸ ਨਾਲ ਸਪੱਸ਼ਟ ਹੋ ਜਾਏਗਾ ਕਿ ਵਿਚਾਰ ਨਾਲ ਭੋਜਨ ਲੱਭਣਾ ਹੈ।

ਜਿਨ੍ਹਾਂ ਦਿਨਾਂ ਵਿਚ ਗੁਰੂ ਅਰਜਨ ਸਾਹਿਬ ਜੀ ਦਾ ਨਿਵਾਸ ਤਰਨਤਾਰਨ ਵਿਖੇ ਸੀ, ਉਨ੍ਹਾਂ ਦਿਨਾਂ ਵਿਚ ਬਾਬਾ ਪ੍ਰਿਥੀ ਚੰਦ ਨੇ ਸੁਲਹੀ ਖ਼ਾਂ ਨਾਲ ਗੰਢ ਜੋੜ ਕਰਕੇ ਉਸ ਨੂੰ ਭੇਜਿਆ। ਸੁਲਹੀ ਖ਼ਾਂ ਨੇ ਹਸਨ ਅਲੀ ਨਾਲ ਝਗੜਾ ਹੋਣ ਕਰਕੇ ਉਸ ਨੂੰ ਰਸਤੇ ਵਿਚ ਬਿਆਸਾ ਲਾਗੇ ਹੀ ਕਤਲ ਕਰ ਦਿੱਤਾ। ਫਿਰ ਸੁਲਹੀ ਖ਼ਾਂ ਆਪ ਖ਼ੁਦ ਫ਼ੌਜ, ਹਥਿਆਰ ਅਤੇ ਹੋਰ ਜੰਗੀ ਸਮਾਨ ਲੈ ਕੇ ਆਇਆ। ਇਸ ਗੱਲ ਦੀ ਖ਼ਬਰ ਗੁਰੂ ਘਰ ਵਿਚ ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਵੀ ਪਹੁੰਚ ਗਈ। ਪਹਿਲਾਂ ਦਰਬਾਰ ਵਿਚ ਹੀ ਵਿਚਾਰ ਹੋਈ। ਚਾਰ ਤਰ੍ਹਾਂ ਦੀ ਵਿਚਾਰ ਸਾਹਮਣੇ ਆਈ। ਪਹਿਲੀ ਕਿ ਜੰਗ ਨਾ ਕਰਨ ਲਈ ਚਿੱਠੀ ਭੇਜ ਦਈਏ। ਦੂਜੀ ਕਿ ਦੋ

ਚਾਰ ਸਿਆਣੇ ਬੰਦੇ ਅੱਗੋਂ ਜਾ ਕੇ ਗੱਲ ਬਾਤ ਨਾਲ ਹੀ ਸਾਰਾ ਮਸਲਾ ਹੱਲ ਕਰ ਲੈਣ। ਤੀਜੀ ਵਿਚਾਰ ਹੋਈ ਕਿ ਕੁਝ ਨਾ ਕੁਝ ਮੁਕਾਬਲਾ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਹ ਤਿੰਨੇ ਵਿਚਾਰਾਂ ਸਿੱਖ ਸੇਵਕਾਂ ਦੀ ਸੋਚ ਵਿਚੋਂ ਉਪਜੀਆਂ ਸਨ। ਆਖ਼ਿਰ ਚੌਥੀ ਵਿਚਾਰ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਕੀਰਤਨ ਕਰਦਿਆਂ ਸਪੱਸ਼ਟ ਕੀਤੀ ਕਿ ਹੇ ਪ੍ਰਮੇਸ਼ਰ ਜੀਓ! ਮੈਂ ਨਾ ਚਿਠੀ 'ਤੇ ਭਰੋਸਾ ਕੀਤਾ, ਨਾ ਸਿਆਣਿਆਂ ਦੀ ਸਲਾਹ 'ਤੇ ਯਕੀਨ ਕੀਤਾ ਅਤੇ ਨਾ ਹੀ ਜੰਗ ਦਾ ਮੁਕਾਬਲਾ ਕਰਨ ਲਈ ਉਪਰਾਲਾ ਕੀਤਾ ਹੈ, ਮੈਂ ਤਾਂ ਸਗੋਂ ਇਨ੍ਹਾਂ ਸਭ ਕੁਝ ਨੂੰ ਤਿਆਗ ਕੇ ਤੇਰੇ ਦਰ ਦਾ ਆਸਰਾ ਲਿਆ ਹੈ।

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥

(ਪੰਨਾ ੩੭੧)

ਕੁਝ ਹੀ ਸਮਾਂ ਗੁਜ਼ਰਿਆ ਸੀ ਕਿ ਸੇਵਕਾਂ ਨੇ ਸੁਨੇਹਾ ਦਿੱਤਾ ਕਿ ਸੁਲਹੀ ਖ਼ਾਂ ਹੇਹਰ ਪਿੰਡ ਵਿਚ ਬਾਬਾ ਪ੍ਰਿਥੀ ਚੰਦ ਦਾ ਭੱਠਾ ਦੇਖਣ ਗਿਆ ਹੋਇਆ ਸਮੇਤ ਘੋੜੇ ਦੇ ਭੱਠੇ ਵਿਚ ਡਿੱਗ ਪਿਆ ਅਤੇ ਸੜ ਕੇ ਮਰ ਗਿਆ ਹੈ। ਜਿਸ ਸਰੰਦੇ ਨਾਲ ਪਹਿਲਾ ਸ਼ਬਦ ਗਾਇਆ ਸੀ ਕਿ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ ਫਿਰ ਉਹ ਹੀ ਸਰੰਦਾ ਪਕੜ ਕੇ ਸ਼ਬਦ ਗਾਇਆ ਕਿ ਹੇ ਪ੍ਰਮੇਸ਼ਰ ਜੀ! ਮੈਂ ਤੇਥੋਂ ਸਦਕੇ ਹਾਂ ਜਿਨ੍ਹਾਂ ਨੇ ਜਨ ਦਾ ਵਾਕ (ਅਰਦਾਸ) ਪੂਰੀ ਕਰ ਦਿੱਤੀ ਭਾਵ ਗੁਰੂ ਘਰ ਦੀ ਪੈਜ ਰੱਖ ਲਈ। ਇਥੇ ਇਕ ਵਿਚਾਰ ਬਹੁਤ ਧਿਆਨ ਮੰਗਦੀ ਹੈ। ਸ਼ੁਕਰ ਦੇ ਸ਼ਬਦ ਵਿਚ ਇਹ ਕਿਧਰੇ ਜ਼ਿਕਰ ਨਹੀਂ ਕਿ ਮੇਰੇ ਕਹਿਣ 'ਤੇ ਸੁਲਹੀਂ ਖ਼ਾਂ ਦੀ ਮੌਤ ਹੋਈ ਹੈ ਬਲਕਿ ਸਪੱਸ਼ਟ ਹੈ ਕਿ ਸੁਲਹੀ ਤੇ ਨਰਾਇਣ ਰਾਖੁ॥ ਭਾਵ ਪ੍ਰਮੇਸ਼ਰ ਨੇ ਹੀ ਰੱਖਿਆ ਹੈ। ਦੁਸ਼ਟ ਆਪਣੀ ਕੀਤੀ ਦਾ ਫਲ ਆਪ ਹੀ ਪਾ ਗਿਆ ਹੈ।

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੨॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥

(ਪੰਨਾ ੮੨੫)

ਇਨ੍ਹਾਂ ਬਚਨਾਂ ਨਾਲ ਸੇਵਕ ਨੂੰ ਪ੍ਰਮੇਸ਼ਰ 'ਤੇ ਭਰੋਸੇ ਦੀ ਦਾਤ ਸੁਭਾਵਿਕ ਹੀ ਮਿਲ ਜਾਂਦੀ ਹੈ ਅਤੇ ਭਰੋਸਾ ਹੀ ਧਾਰਮਿਕ ਦੁਨੀਆਂ ਦੀ ਕੀਮਤੀ ਦੌਲਤ ਹੁੰਦਾ ਹੈ। ਅਜਿਹਾ ਸੇਵਕ ਹਮੇਸ਼ਾ ਅਡੋਲ ਰਹਿੰਦਾ ਹੈ ਅਤੇ ਰੱਬ 'ਤੇ ਯਕੀਨ ਕਰਦਾ ਹੈ।

ਅਕਬਰ ਬਾਦਸ਼ਾਹ ਦੇ ਵੇਲੇ ਯੂਜਫ਼ਜ਼ਈ ਕਬੀਲੇ ਦੇ ਲੋਕਾਂ ਦੀ ਬਗ਼ਾਵਤ ਨੂੰ ਦਬਾਉਣ ਲਈ ਅਕਬਰ ਵੱਲੋਂ ਕੁਝ ਫ਼ੌਜ ਦੇ ਕੇ ਬੀਰਬਲ ਨੂੰ ਮੁਖੀਆ ਬਣਾ ਕੇ ਭੇਜਿਆ ਗਿਆ। ਬੀਰਬਲ ਦਾ ਅਕਬਰ 'ਤੇ ਕਾਫ਼ੀ ਪ੍ਰਭਾਵ ਸੀ ਜਿਸ ਕਰਕੇ ਬੀਰਬਲ ਨੇ ਇਹ ਸ਼ਰਤ ਵੀ ਮੰਨਵਾ ਲਈ ਕਿ ਮੈਂ ਵਜ਼ੀਰ ਹੋਣ ਦੇ ਨਾਲ ਨਾਲ ਖਤਰੀ ਬ੍ਰਾਹਮਣ ਵੀ ਹਾਂ, ਸੋ ਮੈਂ ਪੰਜਾਬ ਦੇ ਖਤਰੀਆਂ ਕੋਲੋਂ ਟੈਕਸ ਵੀ ਲੈ ਸਕਦਾ ਹਾਂ। ਹਾਕਮੀ ਨਸ਼ੇ ਵਿਚ ਇਸ ਨੇ ਇਹ ਟੈਕਸ ਉਗਰਾਹਿਆ ਵੀ ਅਤੇ ਨਾਲ ਹੀ ਆਪਣੇ ਕੁਝ ਕਰਿੰਦੇ ਗੁਰੂ ਘਰ ਵੀ ਭੇਜੇ। ਸਤਿਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਭਾਈ, ਇਹ ਇਲਾਕਾ ਕਿਸੇ ਬ੍ਰਾਹਮਣ ਨੂੰ ਪ੍ਰੋਹਿਤ ਨਹੀਂ ਮੰਨਦਾ, ਇਹ ਤਾਂ ਸਗੋਂ ਸੱਚੇ ਪ੍ਰਮੇਸ਼ਰ ਦਾ ਪੁਜਾਰੀ ਹੈ। ਬੀਰਬਲ ਦੇ ਬੰਦਿਆਂ ਨੇ ਬੀਰਬਲ ਨੂੰ ਗੁਰੂ ਘਰ ਦਾ ਸੁਨੇਹਾ ਦਿੱਤਾ ਤਾਂ ਬੀਰਬਲ ਦੇ ਅੰਦਰ ਤਾਂ ਪਹਿਲਾਂ ਹੀ ਈਰਖਾ ਦੀ ਅੱਗ ਸੀ, ਇਹ ਗੱਲ ਸੁਣ ਕੇ ਉਹ ਅੱਗ ਦਾ ਭਾਂਬੜ ਬਣ ਕੇ ਮਚਣ ਲੱਗ ਪਿਆ। ਪਰ ਦੂਜੇ ਪਾਸੇ ਮਜਬੂਰੀ ਸੀ ਕਿ ਬਾਗ਼ੀਆਂ ਨੂੰ ਦਬਾਉਣਾ ਹੈ ਸੋ ਇਹ ਸੋਚ ਕੇ ਚਲਾ ਗਿਆ ਕਿ ਮੁੜਦੇ ਵਕਤ ਮੇਰੇ ਸਾਹਮਣੇ ਕੋਈ ਮਜਬੂਰੀ ਨਹੀਂ ਹੋਵੇਗੀ ਜਿਸ ਕਰਕੇ ਮੈਂ ਤਸੱਲੀ ਨਾਲ ਟੈਕਸ ਵੀ ਉਗਰਾਹ ਕੇ ਲੈ ਜਾਵਾਂਗਾ ਅਤੇ ਮੇਰੇ ਤੋਂ ਬਗ਼ਾਵਤ ਕਰਨ ਵਾਲਿਆਂ ਨੂੰ ਸਜ਼ਾਵਾਂ ਵੀ ਦਿੰਦਾ ਜਾਵਾਂਗਾ। ਬੀਰਬਲ ਮਾੜੀ ਸੋਚ ਲੈ ਕੇ ਚਲਾ ਗਿਆ ਪਰ ਅੱਗਿਓਂ ਇਸ ਮੁਹਿਮ ਵਿਚ ਆਪਣੀ ਹੀ ਜ਼ਿੰਦਗੀ ਗੁਆ ਬੈਠਾ। ਇਸ ਲਈ ਹੀ ਤਾਂ ਗੁਰਬਾਣੀ ਸੇਧ ਦਿੰਦੀ ਹੈ ਕਿ ਰੱਬ ਦਾ ਸੁਭਾਅ ਹੈ ਕਿ ਉਹ ਧਰਮੀਆਂ ਦੀ ਜੈਕਾਰ ਕਰਵਾਉਂਦਾ ਹੈ ਅਤੇ ਪਾਪੀਆਂ ਨੂੰ ਡੰਡ ਦਿੰਦਾ ਹੈ।

ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥

(ਪੰਨਾ ੯੯)

ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥

(ਪੰਨਾ ੧੯੯)

ਇਨ੍ਹਾਂ ਇਤਿਹਾਸਿਕ ਬਚਨਾਂ ਜਾਂ ਹਵਾਲਿਆਂ ਤੋਂ ਸੁਭਾਵਿਕ ਹੀ ਸਤ ਤੇ ਸੰਤੋਖ ਦੇ ਭੋਜਨ ਨੂੰ ਲੱਭਣ ਦੀ ਪ੍ਰੇਰਨਾ ਮਿਲਦੀ ਹੈ। ਹਰ ਇਕ ਇਤਿਹਾਸਕ ਹਵਾਲਾ ਇਕ ਵਿਚਾਰ ਦਿੰਦਾ ਹੈ ਅਤੇ ਵਿਚਾਰ ਵਿਚੋਂ ਪ੍ਰਗਟ ਹੋਇਆ ਗਿਆਨ ਅੰਦਰ ਭੋਜਨ ਬਣ ਕੇ ਤ੍ਰਿਪਤੀ ਪੈਦਾ ਕਰਦਾ ਹੈ।

ਭਗਤ ਪ੍ਰਹਿਲਾਦ ਦੀ ਪੈਜ ਦੇ ਹਵਾਲੇ, ਭਗਤ ਕਬੀਰ ਸਾਹਿਬ ਜੀ ਵੇਲੇ ਸਿਕੰਦਰ ਲੋਧੀ ਦਾ ਵਾਰ ਵਾਰ ਭਗਤ ਕਬੀਰ ਸਾਹਿਬ ਜੀ ਨੂੰ ਅਨੇਕਾਂ ਤਸੀਹੇ ਦੇਣੇ ਪਰ ਉਨ੍ਹਾਂ ਦਾ ਸਤ ਕਦੇ ਵੀ ਨਾ ਡੋਲਣਾ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਇਤਿਆਦਿਕ ਅਨੇਕਾਂ ਹਵਾਲੇ ਸਾਨੂੰ ਵਿਚਾਰ ਰਾਹੀਂ ਹੀ ਪ੍ਰਗਟ ਹੁੰਦੇ ਹਨ ਜਿਨ੍ਹਾਂ ਤੋਂ ਜਗਿਆਸੂ ਪ੍ਰੇਰਨਾ ਲੈਂਦਾ ਹੈ ਅਤੇ ਪ੍ਰਪੱਕਤਾ ਪੈਦਾ ਕਰਦਾ ਹੈ।

ਬਾਬਾ ਪ੍ਰਿਥੀ ਚੰਦ ਨੂੰ ਅਨੇਕਾਂ ਵਾਰੀ ਸ੍ਰੀ ਹਰਿਗੋਬਿੰਦ ਜੀ 'ਤੇ ਹਮਲੇ ਕਰਵਾ ਕੇ, ਕਦੇ ਕੋਈ ਤਰੀਕਾ, ਕਦੇ ਕੋਈ ਤਰੀਕਾ ਅਪਣਾ ਕੇ ਵੀ ਆਖ਼ਿਰ ਹਾਰ ਹੀ ਮਿਲਦੀ ਹੈ। ਚੇਚਕ ਦੇ ਹੱਲੇ ਵੇਲੇ ਵੀ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਭਾਵੇਂ ਮੇਰੇ ਕੋਲ ਇਕਲੌਤੀ ਔਲਾਦ ਹੀ ਹੈ ਪਰ ਮੈਂ ਕਿਸੇ ਸੀਤਲਾ ਦੀ ਪੂਜਾ ਨਹੀਂ ਕਰਨੀ, ਕਿਉਂਕਿ ਜਿਸ ਦਾ ਲੜ ਮੈਂ ਫੜਿਆ ਹੈ ਅਤੇ ਸਿੱਖਾਂ ਨੂੰ ਪਕੜਾਇਆ ਹੈ, ਉਸ ਤੋਂ ਉਪਰ ਕੁਝ ਵੀ ਨਹੀਂ ਹੈ।

ਸਿਮਰਿ ਸਿਮਰਿ ਸਿਮਰਿ ਸੁਖ ਪਾਇਆ ਚਰਨ ਕਮਲ ਰਖੁ ਮਨ ਮਾਹੀ॥
ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ॥

(ਪੰਨਾ ੮੨੪)

ਚੰਗੀ ਖ਼ੁਰਾਕ ਜਿਥੇ ਚੰਗਾ ਜੀਵਨ ਭਾਵ ਸੁਖੀ ਜੀਵਨ ਦਿੰਦੀ ਹੈ, ਉਥੇ ਦੂਜੇ ਪਾਸੇ ਮਾੜੇ ਰੋਗਾਂ ਤੋਂ ਬਚਾ ਕੇ ਵੀ ਰੱਖਦੀ ਹੈ। ਵਿਚਾਰਵਾਨ ਹਮੇਸ਼ਾ ਸੁਆਦੀ ਭੋਜਨ ਨਹੀਂ ਬਲਕਿ ਸੰਤੁਲਿਤ (ਸਾਰੇ ਚੰਗੇ ਤੱਤਾਂ ਵਾਲਾ) ਭੋਜਨ ਖਾਂਦਾ ਹੈ। ਕਈ ਵਾਰੀ ਸ਼ਬਦ ਭੋਜਨ ਅਸਲੀ ਤੱਤਾਂ ਤੋਂ ਸੱਖਣਾ ਹੁੰਦਾ ਹੈ। ਇਸ ਤਰ੍ਹਾਂ ਹੀ ਵਿਚਾਰ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਲੱਭ ਲੈਂਦਾ ਹੈ ਕਿ ਮੈਂ ਨਿਮਰਤਾ, ਸਹਿਜ, ਮਿਠਬੋਲੜਾ, ਸਬਰ ਸੰਤੋਖ, ਆਦਿਕ ਨਾਲ ਭਰਪੂਰ ਹੋਇਆ ਭੋਜਨ ਖਾਣਾ ਹੈ। ਉਸ ਵਿਚਾਰਵਾਨ ਨੂੰ ਵਿਚਾਰ ਲੱਭ ਕੇ ਦੱਸ ਦਿੰਦੀ ਹੈ ਕਿ ਹਉਮੈ ਦੇ ਰੋਗੀ ਦਾ ਕੀ ਹਾਲ ਹੁੰਦਾ ਹੈ। ਤ੍ਰਿਸ਼ਨਾ ਦਾ ਰੋਗੀ ਕਿਵੇਂ ਆਪ ਵੀ ਦੁਖੀ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਦੁੱਖ ਹੀ ਵੰਡਦਾ ਹੈ। ਕਾਮ ਦਾ ਰੋਗੀ, ਕ੍ਰੋਧ ਦਾ ਰੋਗੀ, ਲੋਭ, ਮੋਹ, ਹੰਕਾਰ ਦਾ ਰੋਗੀ, ਈਰਖਾ ਦਾ ਰੋਗੀ ਕਿਸ ਤਰ੍ਹਾਂ ਆਪਣਾ ਜੀਵਨ ਖਪ ਖਪ ਅਤੇ ਕਰਾਂਝ ਕਰਾਂਝ ਕੇ ਕੱਟਦਾ ਹੈ।

ਤਿਨ ਮੁੰਧੀ ਦੇਹ ਵਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥

(ਪੰਨਾ ੬੯੭)

ਸਤਿਗੁਰੂ ਅਮਰਦਾਸ ਜੀ ਦੇ ਵੇਲੇ ਕਪੂਰਥਲਾ ਜ਼ਿਲ੍ਹਾ ਦੇ ਡੱਲੇ ਪਿੰਡ ਦਾ ਇਕ ਸ਼ਰਧਾਲੂ ਵਸਨੀਕ ਸੀ। ਮਾਪਿਆਂ ਨੇ ਨਾਂ ਪਾਰੋ ਰੱਖਿਆ ਸੀ। ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਵਿਚ ਆ ਕੇ ਉਸ ਨੇ ਸਿੱਖੀ ਧਾਰਨ ਕੀਤੀ। ਅਥਾਹ ਸੇਵਾ ਭਾਵਨਾ, ਸਿਮਰਨ ਬੰਦਗੀ ਨਿਤਾਪ੍ਰਤੀ ਦਾ ਕਰਮ ਸੀ। ਡੱਲੇ ਨਗਰ ਤੋਂ ਬਹੁਤ ਵਾਰੀ ਬਿਆਸਾ ਪਾਰ ਕਰਕੇ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਸ਼ਨ ਕਰਨ ਆਉਂਦਾ ਰਿਹਾ। ਜਿਉਂ ਜਿਉਂ ਭਾਈ ਪਾਰੋ ਦਾ ਸਰੀਰ ਬਿਰਧ ਹੋ ਰਿਹਾ ਸੀ ਤਾਂ ਉਸ ਤਰ੍ਹਾਂ ਹੀ ਉਸ ਦਾ ਅੰਦਰ ਵੀ ਗੁਰੂ ਵਿਚਾਰ ਨਾਲ ਪਵਿੱਤਰ ਹੋ ਰਿਹਾ ਸੀ। ਭਾਈ ਪਾਰੋ ਦੇ ਕੇਵਲ ਕੇਸ ਹੀ ਸਫ਼ੈਦ ਨਹੀਂ ਹੋਏ ਬਲਕਿ ਮਨ ਵੀ ਏਨਾ ਪਵਿੱਤਰ ਹੋ ਗਿਆ ਕਿ ਮੂਲ ਪਛਾਣ ਲਿਆ ਭਾਵ ਆਤਮ ਦਰਸ਼ੀ ਹੋ ਗਿਆ। ਇਕ ਦਿਨ ਗੁਰੂ ਅਮਰਦਾਸ ਜੀ ਨੂੰ ਨਮਸਕਾਰ ਕਰਕੇ ਗੁਰੂ ਵਿਚਾਰ ਸੁਣਨ ਲਈ ਆਇਆ ਤਾਂ ਗੁਰੂ ਜੀ ਨੇ ਅੱਜ ਇਕ ਵੱਖਰੇ ਹੀ ਨਾਮ ਨਾਲ ਪੁਕਾਰਿਆ ਜਿਸ ਕਰਕੇ ਸਾਰਿਆਂ ਦਾ ਧਿਆਨ ਵੀ ਗਿਆ ਅਤੇ ਇਸ ਵੱਖਰੇ ਨਾਮ ਬਾਰੇ ਜਾਨਣ ਦੀ ਜਗਿਆਸਾ ਵੀ ਜਾਗੀ। ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਦੇ ਨਾਮ ਨਾਲ ਪਰਮਹੰਸ ਸ਼ਬਦ ਲਗਾ ਦਿੱਤਾ ਸੀ। ਸਤਿਗੁਰੂ ਜੀ ਨੇ ਬਖ਼ਸ਼ਿਸ਼ ਕੀਤੀ ਕਿ ਆਓ ਭਾਈ ਪਾਰੋ ਪਰਮਹੰਸ। ਤਾਂ ਸਿੱਖਾਂ ਨੇ ਇਸ ਰਹੱਸ ਨੂੰ ਜਾਣਨ ਲਈ ਪੁੱਛਿਆ। ਗੁਰੂ ਅਮਰਦਾਸ ਜੀ ਨੇ ਦੱਸਿਆ ਕਿ ਹੰਸ ਉਹ ਹੁੰਦਾ ਹੈ ਜਿਹੜਾ ਪਾਣੀ ਅਤੇ ਦੁੱਧ ਨੂੰ ਵੱਖਰਾ ਵੱਖਰਾ ਕਰ ਦਿੰਦਾ ਹੈ। ਉਸ ਦੀ ਚੁੰਝ ਵਿਚ ਹੀ ਪ੍ਰਮੇਸ਼ਰ ਨੇ ਐਸੀ ਕਿਰਪਾ ਕੀਤੀ ਹੋਈ ਹੈ ਕਿ ਜਦੋਂ ਵੀ ਉਹ ਆਪਣਾ ਮੂੰਹ ਦੁੱਧ ਵਿਚ ਪਾਉਂਦਾ ਹੈ ਤਾਂ ਦੁੱਧ ਫੱਟ ਜਾਂਦਾ ਹੈ। ਪਾਣੀ ਵੱਖਰਾ ਹੋ ਜਾਂਦਾ ਹੈ ਅਤੇ ਦੁੱਧ ਫੁਟੀਆਂ ਬਣ ਕੇ ਵੱਖਰਾ ਹੋ ਜਾਂਦਾ ਹੈ। ਹੰਸ ਪਾਣੀ ਛੱਡ ਦਿੰਦਾ ਹੈ ਅਤੇ ਦੁੱਧ ਦੀਆਂ ਫੁੱਟੀਆਂ ਚੁਗ ਲੈਂਦਾ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ ਕਿ—

ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ।

ਭਾਈ ਪਾਰੋ ਨੇ ਵੀ ਗੁਰੂ ਵਿਚਾਰ ਨਾਲ ਸਰੀਰ ਵਿਚੋਂ ਆਤਮਾ ਨੂੰ ਲੱਭ ਲਿਆ ਹੈ। ਇਸ ਕਰਕੇ ਇਸ ਨੇ ਸੰਸਾਰ ਵਿਚੋਂ ਸੰਤਹੁ ਮਾਖਨ ਖਾਇਆ ਛਾਛ ਪੀਆ ਸੰਸਾਰ॥ ਸੰਸਾਰ ਵਿਚਾਰਾ ਛਾਛ (ਲੱਸੀ) ਨੂੰ ਹੀ ਸਭ ਕੁਝ ਸਮਝ ਲੈਂਦਾ ਹੈ ਪਰ ਗੁਰਮੁਖ ਨਾਮ ਰੂਪ ਮੱਖਣ ਨਾਲ ਸਾਂਝ ਪਾ ਲੈਂਦੇ ਹਨ। ਭਾਈ ਪਾਰੋ ਨੇ ਵੀ ਆਤਮਾ ਦੀ ਖ਼ੁਰਾਕ ਨਾਮ ਨੂੰ ਲੱਭ ਲਿਆ ਹੈ ਇਸ ਲਈ ਇਹ ਹੰਸ ਹੈ। ਪਰ ਪਰਮ ਹੰਸ ਇਸ ਲਈ ਹੈ ਕਿ ਹੰਸ ਕਦੇ ਕਿਸੇ ਬਗਲੇ ਨੂੰ ਹੰਸ ਨਹੀਂ ਬਣਾ ਸਕਦੇ ਪਰ ਭਾਈ ਪਾਰੋ ਜੀ ਤਾਂ ਹੋਰਨਾਂ ਨੂੰ ਵੀ ਗੁਰੂ-ਵਿਚਾਰ ਨਾਲ ਜੋੜ ਕੇ ਹੰਸ ਬਣਾ ਰਹੇ ਹਨ ਜਿਸ

ਕਰਕੇ ਇਹ ਹੰਸ ਦੀ ਬਜਾਇ ਪਰਮਹੰਸ ਹੈ। ਸੱਚ ਹੈ ਜਿਸ ਨੂੰ ਵਿਚਾਰ ਨਾਲ ਲੱਭਣਾ ਆ ਗਿਆ, ਉਹ ਕੂੜ ਦੀ ਥਾਂ ਸੱਚ ਦਾ ਧਾਰਨੀ ਹੋ ਜਾਂਦਾ ਹੈ।

ਹੁਣ ਤੱਕ ਦੀ ਸਮੁੱਚੀ ਵਿਚਾਰ ਦਾ ਇਹੋ ਹੀ ਭਾਵ ਸੀ ਕਿ ਇਹ ਅਲੱਭ ਭੋਜਨ ਗੁਰੂ ਦੀ ਵਿਚਾਰ ਨਾਲ ਹੀ ਲੱਭ ਸਕਦਾ ਹੈ। ਵੀਚਾਰੋ ਕੋਈ ਵਸਤੂ ਨਹੀਂ ਬਲਕਿ ਭੋਜਨ ਲੱਭਣ ਦਾ ਸੁਖੈਨ ਤੇ ਸਰਲ ਤਰੀਕਾ ਹੈ। ਵਿਚਾਰ ਦਾ ਪੱਲਾ ਪਕੜ ਕੇ ਤੁਰੇ ਜਾਈਏ ਤਾਂ ਸਭ ਕੁਝ ਸੁਭਾਵਿਕ ਹੀ ਪ੍ਰਾਪਤ ਹੋ ਜਾਂਦਾ ਹੈ। ਗੁਰੂ ਅਮਰਦਾਸ ਜੀ ਦਾ ਗੁਰਵਾਕ ਫਿਰ ਖ਼ਿਆਲ ਵਿਚ ਲਿਆਈਏ ਕਿ—

ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥

(ਪੰਨਾ ੬੪੫)

ਅੰਮ੍ਰਿਤ ਨਾਮੁ

ਜਨਮ ਤੋਂ ਹੀ ਜੀਵ ਦੇ ਅੰਦਰ ਮੌਤ ਦਾ ਭੈਅ ਵਸ ਜਾਂਦਾ ਹੈ। ਮੌਤ ਉੱਤੇ ਫ਼ਤਹਿ ਪਾਉਣ ਲਈ ਜੀਵ ਫਿਰ ਸਾਰੀ ਜ਼ਿੰਦਗੀ ਜਦੋ-ਜਹਿਦ ਕਰਦਾ ਰਹਿੰਦਾ ਹੈ। ਅਨੇਕਾਂ ਉਪਰਾਲਿਆਂ ਦੇ ਬਾਵਜੂਦ ਵੀ ਆਖ਼ਿਰ ਮੌਤ ਹੀ ਜਿੱਤਦੀ ਹੈ ਅਤੇ ਹਰ ਵਾਰੀ ਜੀਵ ਹੀ ਹਾਰਦਾ ਹੈ।

ਅਸਲ ਵਿੱਚ ਜੀਵਨ ਦੀ ਕਹਾਣੀ ਕੁਝ ਵੱਖਰੀ ਕਿਸਮ ਦੀ ਹੈ, ਜਿਸ ਕਰਕੇ ਇਸ ਜੀਵ ਨੂੰ ਬਿਨਾਂ ਗੁਰੂ ਤੋਂ ਸਮਝ ਨਹੀਂ ਆ ਸਕਦੀ। ਮੌਤ ਦੋ ਤਰ੍ਹਾਂ ਦੀ ਹੈ। ਇਕ ਮੌਤ ਹੈ ਸਰੀਰਕ ਮੌਤ ਅਤੇ ਦੂਜੀ ਮੌਤ ਹੈ ਅਧਿਆਤਮਿਕ ਮੌਤ, ਭਾਵ ਆਪਣੇ ਆਪ ਨਾਲੋਂ ਹੀ ਆਪਣੇ ਆਪ ਦਾ ਰਿਸ਼ਤਾ ਟੁੱਟ ਜਾਣਾ। ਇਸ ਜੀਵਨ ਨੇ ਆਪਣੇ ਆਪ ਦੇ ਮਸਲੇ ਭਾਵ ਮੂਲ ਨੂੰ ਭੁਲਾ ਕੇ ਚਾਰ ਦਿਨਾਂ ਦੀ ਸੰਸਾਰੀ ਮੌਜ ਦਾ ਨਾਮ ਜ਼ਿੰਦਗੀ ਸਮਝ ਲਿਆ ਹੈ। ਅੰਦਰੋਂ ਇਨਸਾਨੀਅਤ ਦਾ ਜਿਊਣਾ ਹੀ ਅਸਲ ਵਿਚ ਜ਼ਿੰਦਗੀ ਹੈ ਅਤੇ ਅੰਦਰੂਨੀ ਮੌਤ ਹੀ ਸਭ ਤੋਂ ਖ਼ਤਰਨਾਕ ਹੈ, ਕਿਉਂਕਿ ਇਹੋ ਮੌਤ ਹੀ ਫਿਰ ਬਾਕੀ ਮੌਤਾਂ ਦਾ ਕਾਰਨ ਬਣਦੀ ਹੈ। ਗੁਰਬਾਣੀ ਨੂੰ ਵਿਚਾਰ ਨਾਲ ਪੜ੍ਹ ਕੇ ਦੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਜਿਹੜੀ ਮੌਤ ਤੋਂ ਜਗਤ ਤਰਾਸਦਾ ਭਾਵ ਡਰਦਾ ਹੈ, ਉਹੀ ਮੌਤ ਧਾਰਮਿਕ ਜਿਊੜਿਆਂ ਲਈ ਅਨੰਦ ਬਣ ਜਾਂਦੀ ਹੈ ਅਤੇ ਆਪਣੇ ਆਪ ਤੋਂ ਆਪਣੇ ਆਪ ਦੀ ਦੂਰੀ ਜਾਂ ਰੱਬ ਦੀ ਦੂਰੀ ਭਿਆਨਕ ਮੌਤ ਬਣ ਜਾਂਦੀ ਹੈ। ਇਸ ਕਰਕੇ ਹੀ ਰੱਬੀ ਪਿਆਰ ਵਾਲੇ ਦੁਨਿਆਵੀ ਮੌਤ ਤੋਂ ਨਹੀਂ ਡਰਦੇ, ਉਹ ਤਾਂ ਸਗੋਂ ਰੱਬੀ ਵਿਛੋੜੇ ਤੋਂ ਡਰਦੇ ਹਨ, ਕਿਉਂਕਿ ਉਨ੍ਹਾਂ ਲਈ ਰੱਬੀ ਨਾਮ ਦਾ ਵਿਛੋੜਾ ਹੀ ਮੌਤ ਹੈ। ਪਾਵਨ ਬਚਨ ਹਨ—

ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥

(ਪੰਨਾ ੩੪੯)

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥

(ਪੰਨਾ ੯੬)

ਕਰਵਤੁ ਭਲਾ ਨ ਕਰਵਟ ਤੇਰੀ ॥
ਲਾਗੁ ਗਲੇ ਸੁਨੁ ਬਿਨਤੀ ਮੇਰੀ ॥

ਹਉ ਵਾਰੀ ਮੁਖੁ ਫੇਰਿ ਪਿਆਰੇ ॥
ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥

(ਪੰਨਾ ੪੮੪)

ਇਸ ਆਤਮਿਕ ਮੌਤ ਨੇ ਹੀ ਬਾਕੀ ਮੌਤਾਂ ਨਾਲ ਰਿਸ਼ਤਾ ਬਣਾ ਦੇਣਾ ਹੈ। ਇਸ ਲਈ ਸਭ ਤੋਂ ਜ਼ਰੂਰੀ ਸੀ ਆਤਮਿਕ ਜੀਵਨ। ਇਹ ਆਤਮਿਕ ਜੀਵਨ ਉਹੋ ਹੀ ਦੇ ਸਕਦਾ ਹੈ ਜਿਸ ਕੋਲ ਆਪਣੇ ਕੋਲ ਮੌਤ ਨਾ ਹੋਵੇ। ਐਸਾ ਕੇਵਲ ਪਰਮੇਸ਼ਰ ਹੀ ਹੈ ਜਿਸ ਦੀ ਕਦੇ ਨਾ ਆਤਮਿਕ ਮੌਤ ਹੁੰਦੀ ਹੈ ਅਤੇ ਨਾ ਹੀ ਦੁਨਿਆਵੀ ਮੌਤ ਹੁੰਦੀ ਹੈ। ਜੀਵ ਨੇ ਜੀਵਨ ਦੇਣ ਵਾਲੀ ਚੀਜ਼ ਦਾ ਨਾਮ ਅੰਮ੍ਰਿਤ ਰੱਖਿਆ ਹੈ। ਇਹ ਅੰਮ੍ਰਿਤ ਅਸਲ ਵਿੱਚ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਹੜਾ ਜਿਉਂਦਿਆਂ ਜੀ ਕਦੇ ਆਤਮਿਕ ਮੌਤ ਨਹੀਂ ਆਉਣ ਦਿੰਦਾ ਅਤੇ ਜਨਮ ਮਰਨ ਦੇ ਚੱਕਰਾਂ ਵਿੱਚੋਂ ਕੱਢ ਕੇ ਸਦੀਵੀ ਜੀਵਨ ਭਾਵ ਰੱਬ ਵਿੱਚ ਅਭੇਦ ਕਰ ਦਿੰਦਾ ਹੈ। ਗੁਰਬਾਣੀ ਦੇ ਪਾਵਨ ਬਚਨ ਹਨ–

ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ ॥
ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥

(ਪੰਨਾ ੬੧੬)

ਦੁਨੀਆਂ ਦੀ ਇਕ ਆਮ ਜਿਹੀ ਉਦਾਹਰਣ ਹੈ ਕਿ ਜਿਹੋ ਜਿਹਾ ਰੋਗ ਹੋਵੇ, ਉਸ ਰੋਗ ਮੁਤਾਬਿਕ ਹੀ ਦਵਾਈ ਦਿੱਤੀ ਜਾਂਦੀ ਹੈ। ਰੋਗ ਕੋਈ ਹੋਰ ਹੋਵੇ ਪਰ ਦਵਾਈ ਕੁਝ ਹੋਰ ਹੋਵੇ ਤਾਂ ਅਜਿਹੀ ਹਾਲਤ ਵਿਚ ਰੋਗ ਘਟਣਾ ਜਾਂ ਖ਼ਤਮ ਹੋਣਾ ਤਾਂ ਇਕ ਪਾਸੇ, ਸਗੋਂ ਹੋਰ ਰੋਗ ਲੱਗ ਜਾਣ ਦਾ ਵੀ ਪੂਰਾ ਪੂਰਾ ਖ਼ਤਰਾ ਹੁੰਦਾ ਹੈ। ਇਸੇ ਕਰਕੇ ਹੀ ਡਾਕਟਰ ਵੀ ਪਹਿਲਾਂ ਮਰੀਜ਼ ਦੇ ਟੈਸਟ ਕਰਵਾਉਂਦਾ ਹੈ। ਹਾਲਾਂਕਿ ਬਹੁਤੀ ਵਾਰੀ ਮਰੀਜ਼ ਟੈਸਟਾਂ ਤੋਂ ਬਚਣਾ ਹੀ ਚਾਹੁੰਦਾ ਹੈ, ਪਰ ਸਿਆਣਾ ਡਾਕਟਰ ਇਲਾਜ ਹੀ ਟੈਸਟਾਂ ਦੇ ਆਧਾਰ 'ਤੇ ਕਰਦਾ ਹੈ, ਮਰੀਜ਼ ਦੇ ਕਹਿਣ ਉੱਤੇ ਨਹੀਂ। ਇਸ ਤਰ੍ਹਾਂ ਹੀ ਧਾਰਮਿਕ ਦੁਨੀਆਂ ਵਿਚ ਵੀ ਹੈ। ਅਸਲ ਵਿਚ ਜੀਵ ਦਾ ਸਭ ਤੋਂ ਵੱਡਾ ਦੁੱਖ ਹੀ ਜੰਮਣ ਮਰਨ ਦਾ ਹੈ। ਫਿਰ ਦਵਾਈ ਵੀ ਅਜਿਹੀ ਚਾਹੀਦੀ ਹੈ ਜਿਹੜੀ ਜਨਮ ਮਰਨ ਤੋਂ ਰਹਿਤ ਕਰ ਦੇਵੇ। ਉਹ ਦਵਾਈ ਕੇਵਲ ਤੇ ਕੇਵਲ ਅੰਮ੍ਰਿਤ ਨਾਮ ਹੀ ਹੈ।

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥

(ਪੰਨਾ ੬੫੯)

ਇਸ ਲਈ ਹੀ ਤਾਂ ਗੁਰਮਤਿ ਆਤਮਾ ਦੇ ਪ੍ਰਮਾਤਮਾ ਵਿਚ ਮਿਲਾਪ ਦਾ ਨਾਮ ਹੀ ਜੀਵ ਦੀ ਮੰਜ਼ਿਲ ਮੰਨਦੀ ਹੈ। ਨਰਕ ਸਵਰਗ ਵੀ ਇਕ ਪੜਾਅ ਹੋ ਸਕਦੇ ਹਨ, ਪਰ ਮੰਜ਼ਿਲ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਹੀ ਹੈ। ਜਿਵੇਂ ਪਰਮਾਤਮਾ ਸਦੀਵੀ ਹੈ, ਉਸ ਦਾ ਨਾਮ ਵੀ ਸਦੀਵੀ ਹੈ। ਇਸ ਕਰਕੇ ਹੀ ਸੰਸਾਰ ਵਿਚ ਭਾਵੇਂ ਕੋਈ ਪੀਰ ਪੈਗੰਬਰ ਵੀ ਆਵੇ, ਭਾਵੇਂ ਕੋਈ ਰਾਜਨੀਤਕ ਪੱਧਰ 'ਤੇ ਬਹੁਤ ਸ਼ਕਤੀਸ਼ਾਲੀ ਹੋਵੇ, ਭਾਵੇਂ ਕੋਈ ਦੁਨਿਆਵੀ ਦੌਲਤ ਨਾਲ ਬਹੁਤ ਮਾਲਾ ਮਾਲ ਹੋਵੇ, ਉਸ ਦਾ ਨਾਮ ਚੰਦ ਰੋਜ਼ ਤਾਂ ਲੋਕਾਂ ਦੀ ਜ਼ੁਬਾਨ 'ਤੇ ਹੋ ਸਕਦਾ ਹੈ ਪਰ ਸਤਿਨਾਮ ਭਾਵ ਸਦਾ ਲਈ ਨਹੀਂ ਹੋ ਸਕਦਾ, ਕਿਉਂਕਿ ਬਾਕੀ ਜੀਵਾਂ ਲਈ ਤਾਂ ਰੱਬੀ ਨੇਮ ਅੱਟਲ ਹੈ ਕਿ—

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥

(ਪੰਨਾ ੧੩੮)

ਜੀਵ ਆਉਂਦਾ ਹੈ, ਚਲਾ ਜਾਂਦਾ ਹੈ। ਸਮੇਂ ਦਾ ਪ੍ਰਭਾਵ ਉਸ ਦਾ ਨਾਮ ਵੀ ਮਿਟਾ ਦਿੰਦਾ ਹੈ। ਸਦੀਵੀ ਕਾਲ ਲਈ ਕੇਵਲ ਪ੍ਰਮੇਸ਼ਰ ਦਾ ਨਾਮ ਹੀ ਹੈ। ਨਾ ਕਦੇ ਪ੍ਰਮੇਸ਼ਰ ਮਰਦਾ ਹੈ ਅਤੇ ਨਾ ਹੀ ਕਦੇ ਪ੍ਰਮੇਸ਼ਰ ਦੇ ਨਾਮ ਦੀ ਮੌਤ ਹੁੰਦੀ ਹੈ। ਇਹ ਤਾਂ ਸਗੋਂ ਜਪਣ ਵਾਲਿਆਂ ਨੂੰ ਵੀ ਅਮਰ ਕਰ ਦਿੰਦਾ ਹੈ। ਇਸ ਕਰਕੇ ਅੰਮ੍ਰਿਤ ਨਾਮ ਹੀ ਜੀਵਨ ਦੇ ਸਕਦਾ ਹੈ। ਗੁਰੂ ਪਾਤਿਸ਼ਾਹ ਜੀ ਵੀ ਇਹੋ ਪ੍ਰੇਰਨਾ ਬਖ਼ਸ਼ਿਸ਼ ਕਰਦੇ ਹਨ ਕਿ ਸੋਹਣੇ ਘੋੜੇ, ਸੋਨੇ ਚਾਂਦੀ ਦੇ ਭੰਡਾਰ ਅਤੇ ਕੱਪੜਿਆਂ ਦੇ ਅੰਬਾਰ ਆਦਿਕ ਇਨ੍ਹਾਂ ਵਿਚੋਂ ਜੀਵ ਦਾ ਮੌਤ ਤੋਂ ਬਚਾਉਣ ਵਾਲਾ ਕੋਈ ਵੀ ਸਾਥੀ ਨਹੀਂ ਹੈ। ਦੁਨੀਆਂ ਦੇ ਪਦਾਰਥ ਕੂਜਾ ਮੇਵਾ ਭਾਵ ਮਿਸ਼ਰੀ ਅਤੇ ਸੁੱਕੇ ਮੇਵੇ, ਕੀਮਤੀ ਖਾਣੇ ਕੋਈ ਵੀ ਪਦਾਰਥ ਐਸਾ ਨਹੀਂ ਜਿਸ ਦੇ ਖਾਣ ਨਾਲ ਜੀਵ ਆਤਮਿਕ ਮੌਤ ਤੋਂ ਮੁਕਤ ਹੋ ਸਕਦਾ ਹੈ। ਇਹ ਤਾਂ ਕੇਵਲ ਪ੍ਰਮੇਸ਼ਰ ਦਾ ਅੰਮ੍ਰਿਤ ਨਾਮ ਹੀ ਹੈ ਜਿਹੜਾ ਆਤਮਿਕ ਮੌਤ ਤੋਂ ਬਚਾ ਸਕਦਾ ਹੈ।

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥
ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥
ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥

(ਪੰਨਾ ੧੫੫)

ਗੁਰੂ ਪਾਤਿਸ਼ਾਹ ਜੀ ਦੀ ਮਿਹਰ ਦਾ ਸਦਕਾ ਜਦੋਂ ਕੋਈ ਜੀਵ ਰੱਬੀ ਸਿਫ਼ਤ-ਸਾਲਾਹ ਗਾਉਣ ਵਾਲਾ ਢਾਡੀ ਬਣਦਾ ਹੈ ਤਾਂ ਉਹ ਪ੍ਰਮੇਸ਼ਰ, ਜਿਸ ਦੀ ਇਹ ਸੱਚਾ ਢਾਡੀ ਸਿਫ਼ਤ-ਸਾਲਾਹ ਕਰਦਾ ਹੈ ਤਾਂ ਉਹ ਇਸ ਨਾਮ ਜਪਣ ਵਾਲੇ ਢਾਡੀ ਨੂੰ ਵੀ ਪਤਿ ਦਾ ਕਪੜਾ ਅਤੇ ਅੰਮ੍ਰਿਤ ਨਾਮ ਦਾ ਭੋਜਨ ਆਪਣੇ ਘਰ ਸੱਦ

ਕੇ ਦਿੰਦਾ ਹੈ। ਅੰਮ੍ਰਿਤ ਨਾਮ ਦਾ ਭੋਜਨ ਖਾ ਕੇ ਫਿਰ ਇਹ ਢਾਡੀ ਪ੍ਰਮੇਸ਼ਰ ਵਿਚ ਹੀ ਅਭੇਦ ਹੋ ਜਾਂਦਾ ਹੈ। ਇਸ ਦੀ ਕਦੇ ਮੌਤ ਭਾਵ ਵਿਛੋੜਾ ਨਹੀਂ ਹੁੰਦਾ।

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥

(ਪੰਨਾ ੧੫੦)

ਜਿਸ ਜੀਵ-ਇਸਤਰੀ ਨੂੰ ਪ੍ਰਮੇਸ਼ਰ ਜੀ ਨੇ ਆਪ ਤਰੁੱਠ ਕੇ ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ ਨਾਮ ਦੇ ਦਿੱਤਾ, ਇਸ ਅੰਮ੍ਰਿਤ ਨਾਮ ਦੀ ਬਰਕਤ ਨਾਲ ਹੀ ਉਸ ਨੇ ਅੰਦਰੋਂ ਮੇਰ ਤੇਰ ਦਾ ਝਗੜਾ ਨਿਬੇੜ ਦਿੱਤਾ। ਇਸ ਕਰਕੇ ਜੀਵ-ਇਸਤਰੀ ਸਦਾ ਪਰਮਾਤਮਾ ਨਾਲ ਹੀ ਅਭੇਦ ਹੋਈ ਰਹਿੰਦੀ ਹੈ ਅਤੇ ਚੰਗੇ ਭਾਗਾਂ ਵਾਲੀ ਬਣ ਜਾਂਦੀ ਹੈ।

ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ॥

(ਪੰਨਾ ੨੪੫)

ਜੋ ਜਨਮੇ ਸੇ ਰੋਗਿ ਵਿਆਪੇ॥ ਹਉਮੈ ਮਾਇਆ ਦੂਖਿ ਸੰਤਾਪੇ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ॥
ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥
ਸਾਚੈ ਸਬਦਿ ਮੁਕਤਿ ਗਤਿ ਪਾਏ॥ ਨਾਨਕ ਵਿਚਹੁ ਆਪੁ ਗਵਾਏ॥

(ਪੰਨਾ ੩੫੨)

ਜਿਹੜਾ ਵੀ ਜੀਵ ਜਨਮ ਲੈ ਕੇ ਆਉਂਦਾ ਹੈ, ਉਹ ਅਕਸਰ ਮਾਇਆ, ਹਉਮੈ, ਦੁਬਿਧਾ ਆਦਿਕ ਰੋਗਾਂ ਦਾ ਸ਼ਿਕਾਰ ਹੋ ਕੇ ਆਤਮਿਕ ਮੌਤ ਸਹੇੜ ਲੈਂਦਾ ਹੈ ਪਰ ਜਿਹੜਾ ਜੀਵ ਅੰਮ੍ਰਿਤ ਨਾਮ ਨਾਲ ਆਪਣੇ ਜੀਵਨ ਦੀ ਸਾਂਝ ਬਣਾ ਲੈਂਦਾ ਹੈ, ਉਹ ਸਦਾ ਲਈ ਇਨ੍ਹਾਂ ਰੋਗਾਂ ਤੋਂ ਹੀ ਮੁਕਤ ਨਹੀਂ ਹੁੰਦਾ ਬਲਕਿ ਨਾਮ ਅੰਮ੍ਰਿਤ ਚਖ ਕੇ ਆਪਣੇ ਅੰਦਰੋਂ ਹੰਕਾਰ ਮੁਕਾ ਕੇ ਸੱਚੇ ਸ਼ਬਦ ਰਾਹੀਂ ਰੱਬੀ ਮਿਲਾਪ ਹਾਸਿਲ ਕਰ ਲੈਂਦਾ ਹੈ।

ਜਿਵੇਂ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨਾਲ ਅਥਾਹ ਪਿਆਰ ਹੁੰਦਾ ਹੈ। ਉਹ ਆਪ ਵੀ ਬੱਚੇ ਨੂੰ ਉਹੋ ਕੁਝ ਖਾਣ ਨੂੰ ਦਿੰਦੇ ਹਨ ਜਿਸ ਨਾਲ ਬੱਚਾ ਤੰਦਰੁਸਤ ਰਹਿ ਕੇ ਆਪਣਾ ਜੀਵਨ ਸੁੱਖਾਂ ਭਰਿਆ ਗੁਜ਼ਾਰ ਸਕੇ ਅਤੇ ਉਹ ਇਹੋ ਕੁਝ ਹੀ ਖਾਣ ਲਈ ਹਦਾਇਤ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਹੀ ਮੇਰਾ ਪਿਆਰਾ ਪ੍ਰਮੇਸ਼ਰ ਜਿਹੜਾ ਸਭਨਾਂ ਦਾ ਮਾਤਾ ਪਿਤਾ ਹੈ, ਉਹ ਹਰ ਵਕਤ ਨਾਮ ਅੰਮ੍ਰਿਤ ਹੀ ਖਾਣ ਲਈ ਦਿੰਦਾ ਹੈ ਅਤੇ ਨਾਮ ਅੰਮ੍ਰਿਤ ਦਾ ਭੋਜਨ ਹੀ ਖਾਣ ਦੀ ਹਦਾਇਤ ਕਰਦਾ ਹੈ, ਜਿਸ ਨਾਲ ਰੱਬੀ ਪੁੱਤਰ ਸੁਖਾਂ ਭਰਿਆ ਜੀਵਨ ਬਤੀਤ ਕਰ ਸਕੇ। ਗੁਰਬਾਣੀ ਦਾ ਫੁਰਮਾਨ ਹੈ—

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥

(ਪੰਨਾ ੬੧੧)

ਇਸ ਅੰਮ੍ਰਿਤ ਨਾਮ ਭੋਜਨ ਦੀ ਬਰਕਤ ਦੇ ਨਾਲ ਆਤਮਿਕ ਬੁਢੇਪਾ ਅਤੇ ਆਤਮਿਕ ਮੌਤ ਨਹੀਂ ਆਉਂਦੀ। ਇਸ ਲਈ ਹਰ ਵਕਤ ਮੁੱਖ ਕਦੇ ਨਾਮ ਅੰਮ੍ਰਿਤ ਤੋਂ ਖਾਲੀ ਨਹੀਂ ਰਹਿਣ ਦੇਣਾ ਚਾਹੀਦਾ। ਹਰ ਵੇਲੇ ਹੀ ਮੁੱਖ ਵਿਚ ਅੰਮ੍ਰਿਤ ਨਾਮ ਹੋਵੇ।

ਇਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਗੁਰੂ ਕਿਰਪਾ ਨਾਲ ਹੁੰਦੀ ਹੈ ਕਿਉਂਕਿ ਗੁਰੂ ਕੋਲ ਪ੍ਰਮੇਸ਼ਰ ਦਾ ਅੰਮ੍ਰਿਤ ਨਾਮ ਹੈ। ਨਾਮ ਅੰਮ੍ਰਿਤ ਨਾਲ ਭਿੱਜੀ ਹੋਈ ਬਾਣੀ ਵੀ ਅੰਮ੍ਰਿਤ ਬਾਣੀ ਹੀ ਹੈ। ਇਹ ਤਾਂ ਸਗੋਂ ਸਭ ਕੁਝ ਧਾਰਮਿਕ ਨਿਚੋੜ ਹੈ। ਗੁਰੂ ਕ੍ਰਿਪਾ ਨਾਲ ਮਨ ਦੀ ਸਾਂਝ ਬਣਦੀ ਹੈ। ਸਾਰੀ ਜ਼ਿੰਦਗੀ ਹਿਰਦੇ ਦਾ ਕਮਲ ਖਿੜਿਆ ਰਹਿੰਦਾ ਹੈ ਅਤੇ ਅੰਤ ਜੋਤੀ ਜੋਤਿ ਵਿਚ ਸਮਾ ਜਾਂਦੀ ਹੈ।

ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥
ਗੁਰਮਤੀ ਨਾਮੁ ਨਿਰਮਲੋ ਨਿਰਮਲ ਨਾਮੁ ਧਿਆਇ ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥
ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨ।
ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥

(ਪੰਨਾ ੧੪੨੪)

ਇਕ ਸੁਆਲ ਪਾਠਕ ਦੇ ਮਨ ਵਿਚ ਸੁਭਾਵਿਕ ਹੀ ਪੈਦਾ ਹੋ ਜਾਏਗਾ ਕਿ ਹਰ ਧਰਮ ਵਾਲਾ ਇਹ ਹੋਕਾ ਲਾਉਂਦਾ ਹੈ ਕਿ ਜਿਹੜਾ ਨਾਮ ਮੇਰੇ ਗੁਰੂ ਨੇ ਮੈਨੂੰ ਦਿੱਤਾ ਹੈ, ਉਹ ਹੀ ਸਭ ਤੋਂ ਸ੍ਰੇਸ਼ਟ ਹੈ। ਉਸ ਨਾਲ ਹੀ ਮੁਕਤੀ ਹੋ ਸਕਦੀ ਹੈ। ਇਥੇ

ਵੀ ਕੁਝ ਇਸ ਤਰ੍ਹਾਂ ਦਾ ਹੀ ਪ੍ਰਤੀਤ ਹੋਵੇਗਾ ਪਰ ਕੁਝ ਕੁ ਵਿਚਾਰਾਂ ਦੀ ਸਾਂਝ ਨਾਲ ਇਹ ਦੁਬਿਧਾ ਦੂਰ ਹੀ ਨਹੀਂ ਬਲਕਿ ਸਦਾ ਲਈ ਮਿਟ ਜਾਂਦੀ ਹੈ। ਇਸ ਕਰਕੇ ਹੀ ਆਮ ਗੁਰੂ ਪੀਰਾਂ ਵਾਗੂੰ, ਸਤਿਗੁਰੂ ਜੀ ਨੇ ਸਾਨੂੰ ਆਪਣੇ ਪਵਿੱਤਰ ਨਾਮ ਨਾਲ ਨਹੀਂ ਜੋੜਿਆ ਬਲਕਿ ਪ੍ਰਮੇਸ਼ਰ ਦੇ ਨਾਮ ਨਾਲ ਹੀ ਜੋੜਿਆ ਹੈ। ਕਦੇ ਹਿਦੂ ਵੀਰ ਨੂੰ ਦੇਖੋ, ਉਹ ਸ੍ਰੀ ਰਾਮ ਚੰਦਰ ਜੀ ਦੇ ਨਾਮ ਨੂੰ ਹੀ ਪਵਿੱਤਰ ਅਤੇ ਸਰਬ ਸ੍ਰੇਸ਼ਟ ਮੰਨਦਾ ਹੈ। ਇਸ ਤਰ੍ਹਾਂ ਹੀ ਮੁਸਲਮਾਨ ਵੀਰ ਵੀ ਹਜ਼ਰਤ ਮੁਹੰਮਦ ਸਾਹਿਬ ਨੂੰ ਹੀ ਇਕੋ ਰੱਬੀ ਰਸੂਲ ਮੰਨਦਾ ਹੈ। ਹਜ਼ਰਤ ਈਸਾ ਜੀ ਦੇ ਮੰਨਣ ਵਾਲੇ ਵੀ ਇਸ ਹੀ ਵਿਚਾਰਧਾਰਾ ਦੇ ਮਾਲਕ ਹਨ। ਪਰ ਗੁਰਮਤਿ ਨੇ ਇਨ੍ਹਾਂ ਸਾਰਿਆਂ ਦਾ ਬਲਕਿ ਆਪਣਾ ਵੀ ਅਸਥਾਨ ਸਪੱਸ਼ਟ ਕੀਤਾ ਹੈ ਕਿ ਗੁਰੂ ਜਾਂ ਹੋਰ ਪੀਰ ਪੈਗੰਬਰ ਤਾਂ ਰੱਬੀ ਸੁਨੇਹਾ ਦੇਣ ਵਾਲੇ ਹਨ। ਅਸਲ ਵਿਚ ਸੁਨੇਹਾ ਸਾਡਾ ਨਹੀਂ, ਸੁਨੇਹਾ ਪ੍ਰਮੇਸ਼ਰ ਦਾ ਹੈ। ਇਸ ਲਈ ਗੁਰੂ ਜੀ ਨੇ ਸੰਸਾਰ ਨੂੰ ਸੁਨੇਹਾ ਦੇਣ ਵਾਲੇ ਨਾਲ ਜੁੜਨ ਦੀ ਬਜਾਇ ਸੁਨੇਹੇ ਦੇਣ ਵਾਲੇ ਨਾਲ ਜੁੜਨ ਦਾ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਸਤਿਗੁਰੂ ਜੀ ਨੇ ਆਪਣੇ ਨਾਲ ਸ਼ਬਦ ਦਾਸ, ਸੇਵਕ, ਗ਼ੁਲਾਮ, ਜਨ ਆਦਿਕ ਵਰਤੇ ਹਨ ਤਾਂ ਕਿ ਜੀਵ ਨਿਰੰਕਾਰ ਦੇ ਨਾਲ ਜੁੜ ਸਕੇ। ਭਾਵੇਂ "ਗੁਰੁ ਪਰਮੇਸਰੁ ਏਕੋ ਜਾਣੁ" ਦਾ ਵੀ ਪਵਿੱਤਰ ਸੰਦੇਸ਼ ਹੈ ਪਰ ਜੋੜਿਆ ਰੱਬੀ ਨਾਮ ਨਾਲ ਹੀ ਹੈ।

ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਨੇ ਪਰਮੇਸ਼ਰ ਦੇ ਦਰ ਤੋਂ ਜਿਹੜੀਆਂ ਅਮੋਲਕ ਤਿੰਨ ਵਸਤੂਆਂ ਲਿਆਂਦੀਆਂ ਸਨ, ਉਨ੍ਹਾਂ ਵਿਚੋਂ ਇਕ ਪ੍ਰਮੇਸ਼ਰ ਦਾ ਨਾਮ ਹੈ। ਭਾਈ ਗੁਰਦਾਸ ਜੀ ਦੇ ਕੁਝ ਬਚਨ ਵਿਚਾਰਨ ਦੀ ਕੋਸ਼ਿਸ਼ ਕਰੀਏ—

ਬਾਬਾ ਪੈਧਾ ਸਚਿਖੰਡਿ ਨਉਨਿਧਿ ਨਾਮੁ ਗਰੀਬੀ ਪਾਈ।

(ਵਾਰ ੧, ਪਉੜੀ ੨੪)

ਸਤਿਗੁਰੂ ਜੀ ਨੇ ਪਰਮੇਸ਼ਰ ਦਾ ਇਹ ਨਾਮ ਹੀ ਜਗਤ ਨੂੰ ਬਖ਼ਸ਼ਿਸ਼ ਕੀਤਾ ਅਤੇ ਭਵਸਾਗਰ ਤੋਂ ਤਾਰਿਆ। ਇਥੇ ਵੀ ਭਾਈ ਗੁਰਦਾਸ ਜੀ ਦੇ ਬੋਲ ਹਨ—

ਕਲਿਜੁਗਿ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ॥

(ਵਾਰ ੧, ਪਉੜੀ ੨੩)

ਜਦੋਂ ਗੁਰੂ ਨਾਨਕ ਸਾਹਿਬ ਜੀ ਸਿੱਧਾਂ ਨਾਲ ਵਿਚਾਰ-ਚਰਚਾ ਕਰਨ ਵਾਸਤੇ ਸੁਮੇਰ ਪਰਬਤ ਉੱਤੇ ਗਏ ਸਨ ਤਦ ਵੀ ਸਿੱਧ ਹੀ ਹੈਰਾਨ ਹੋ ਕੇ ਇਕ ਸੁਆਲ ਕਰਦੇ ਹਨ ਕਿ ਹੇ ਗੁਰੂ ਨਾਨਕ ਸਾਹਿਬ ਜੀਉ! ਤੁਹਾਡੇ ਕੋਲ ਅਜਿਹੀ ਕਿਹੜੀ ਦਾਤ ਹੈ ਜਿਸ ਦੀ ਤਾਕਤ ਨਾਲ ਤੁਸੀਂ ਦੁਨੀਆਂ ਦੇ ਮੋਹ ਮਮਤਾ ਦੇ ਜੰਜਾਲਾਂ ਨੂੰ ਤਿਆਗ ਕੇ ਸੰਸਾਰ ਦੇ ਭਲੇ ਲਈ ਸੁਮੇਰ ਪਰਬਤ ਵਰਗੀਆਂ ਬਿਖਮ ਥਾਵਾਂ 'ਤੇ ਵੀ ਨਿਡਰ ਹੋ ਕੇ ਵਿਚਰ ਰਹੇ ਹੋ ? ਤਾਂ ਭਾਈ ਗੁਰਦਾਸ ਜੀ ਅਨੁਸਾਰ

ਸਤਿਗੁਰੂ ਜੀ ਦਾ ਜਵਾਬ ਸੀ ਕਿ ਭਾਈ ਮੈਂ ਤਾਂ ਪ੍ਰਮੇਸ਼ਰ ਹੀ ਅਰਾਧਿਆ ਹੈ। ਇਹ ਸਾਰੀ ਬਰਕਤ ਉਸ ਨਿਰੰਕਾਰ ਦੇ ਨਾਮ ਦੀ ਹੈ। ਮੇਰੇ ਨਾਮ ਦੀ ਨਹੀਂ ਬਲਕਿ ਰੱਬੀ ਨਾਮ ਦੀ ਬਰਕਤ ਹੈ।

ਸਿਧਿ ਪੁਛਣਿ ਸੁਣਿ ਬਾਲਿਆ ! ਕਉਣੁ ਸਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।
ਆਖਨਿ ਸਿਧਿ ਸੁਣਿ ਬਾਲਿਆ ! ਅਪਨਾ ਨਾਉ ਤੁਮ ਦੇਹੁ ਬਤਾਈ।
ਬਾਬਾ ਆਖੇ ਨਾਥ ਜੀ ! ਨਾਨਕ ਨਾਮ ਜਪੇ ਗਤਿ ਪਾਈ॥

(ਵਾਰ ੧, ਪਉੜੀ ੨੮)

ਫਿਰ ਇਹੋ ਹੀ ਪਰਮੇਸ਼ਰ ਜੀ ਦਾ ਅੰਮ੍ਰਿਤ ਨਾਮ ਗੁਰੂ ਨਾਨਕ ਸਾਹਿਬ ਜੀ ਨੇ ਸਮੁੱਚੇ ਜਗਤ ਨੂੰ ਬਿਨਾਂ ਕਿਸੇ ਵਿਤਕਰੇ ਦੇ ਵਰਤਾਉਂਦਿਆਂ ਹੋਇਆਂ ਸਰੀਰਕ ਜਾਮਾ ਬਦਲਣ ਵੇਲੇ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਹਿਰਦੇ ਅੰਦਰ ਟਿਕਾਇਆ। ਇਸੇ ਲਈ ਭਾਈ ਸਾਹਿਬ ਭਾਈ ਸਤਾ ਜੀ ਅਤੇ ਭਾਈ ਸਾਹਿਬ ਭਾਈ ਬਲਵੰਡ ਜੀ ਆਖਦੇ ਹਨ ਕਿ–

ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ॥
ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ॥

(ਪੰਨਾ ੯੬੭)

ਪਰਮੇਸ਼ਰ ਦੇ ਨਾਮ ਬਾਰੇ ਭੱਟ ਜੀ ਦਾ ਪਾਵਨ ਬਚਨ ਹੈ ਕਿ ਹੇ ਗੁਰੂ ਅੰਗਦ ਸਾਹਿਬ ਜੀਓ! ਤੁਸੀਂ ਅਕਾਲ ਪੁਰਖ ਦੇ ਅੰਮ੍ਰਿਤ ਨਾਮ ਨੂੰ ਆਪਣੇ ਹਿਰਦੇ ਵਿਚ ਟਿਕਾਇਆ ਹੋਇਆ ਹੈ। ਰੂਹਾਨੀ ਨਿਰਮਲ ਵਡਿਆਈ ਹਰ ਪਾਸੇ ਪਸਰੀ ਹੋਈ ਹੈ। ਸਾਧਿਕ ਸਿਧ ਆਦਿਕ ਨੂੰ ਤੁਹਾਡਾ ਹੀ ਆਸਰਾ ਹੈ। ਹੇ ਗੁਰੂ ਅੰਗਦ ਸਾਹਿਬ ਜੀਉ! ਤੁਸੀਂ ਰਾਜਾ ਜਨਕ ਵਾਂਗ ਬੇਅੰਤ ਮਾਇਆ ਦਾ ਪ੍ਰਭਾਵ ਹੋਣ ਦੇ ਬਾਵਜੂਦ ਵੀ ਆਪ ਬਿਲਕੁਲ ਨਿਰਲੇਪ ਹੋ, ਜਿਵੇਂ ਕਮਲ ਫੁੱਲ ਜਲ ਅੰਦਰ ਨਿਰਲੇਪ ਰਹਿੰਦਾ ਹੈ।

ਤੈ ਤਉ ਦ੍ਰਿੜਿਓ ਨਾਮੁ ਅਪਾਰੁ ਬਿਮਲ ਜਾਸੁ ਬਿਥਾਰੁ
ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ॥
ਤੂ ਤਾ ਜਨਿਕ ਰਾਜਾ ਅਉਤਾਰੁ
ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ॥

(ਪੰਨਾ ੧੩੯੧)

ਇਹੋ ਪਰਮੇਸ਼ਰ ਦਾ ਅੰਮ੍ਰਿਤ ਨਾਮ ਸਤਿਗੁਰੂ ਗੁਰੂ ਅਮਰਦਾਸ ਜੀ ਮਹਾਰਾਜ ਕੋਲ ਸੀ। ਭੱਟਾਂ ਦੇ ਸਵੱਯੇ ਸੋਚ ਦਾ ਹੋਕਾ ਬਿਲਕੁਲ ਟਣਕਾ ਕੇ ਦੇ ਰਹੇ ਹਨ। ਭੱਟ

ਕਲ੍ਹ ਕਵੀ ਜੀ ਨੇ ਸਪੱਸ਼ਟ ਕੀਤਾ ਹੈ ਕਿ ਹੇ ਸੰਸਾਰੀ ਜੀਵੋ! ਉਸ ਸਭ ਤੋਂ ਸ੍ਰੇਸ਼ਟ ਪਰਮੇਸ਼ਰ ਦਾ ਅੰਮ੍ਰਿਤ ਨਾਮ ਹੀ ਜਪੋ ਜਿਸ ਦਾ ਨਾਮ ਸੰਸਾਰ ਅੰਦਰ ਕਦੇ ਨਾ ਛਲਿਆ ਜਾਣ ਵਾਲਾ ਹੈ। ਦੂਸਰੀ ਉਸ ਦੀ ਖ਼ੂਬੀ ਹੈ ਕਿ ਉਸ ਨੇ ਅਨੇਕਾਂ ਹੀ ਭਗਤਾਂ ਨੂੰ ਭਵ ਸਾਗਰ ਤੋਂ ਪਾਰ ਕੀਤਾ ਹੈ। (ਭਾਵ ਪਰਖਿਆ ਹੋਇਆ ਹੈ)

ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥
ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ॥

(ਪੰਨਾ ੧੩੯੨)

ਇਹੋ ਨਾਮ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਅਨੰਦ ਲੈਣ ਲਈ ਜਪਿਆ। ਉਸ ਹੀ ਨਾਮ ਦੀ ਬਰਕਤ ਨਾਲ ਧੰਨ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਸਾਰੀਆਂ ਸਿੱਧੀਆਂ ਦੇ ਮਾਲਕ ਬਣ ਟਿਕੇ ਹਨ। ਇਸ ਹੀ ਨਾਮ ਦੀ ਬਰਕਤ ਨਾਲ ਧੰਨ ਗੁਰੂ ਅਮਰਦਾਸ ਜੀ ਜਿਹੜੀ ਉੱਚੀ ਸੁੱਚੀ ਬੁੱਧ ਦੇ ਮਾਲਕ ਹਨ, ਉਨ੍ਹਾਂ ਦੀ ਸ਼ੋਭਾ ਵੀ ਸੰਸਾਰ ਅੰਦਰ ਫੈਲ ਰਹੀ ਹੈ। ਇਸ ਨਾਮ ਨਾਲ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰੀ ਜੀਵਾਂ ਦੀ ਬ੍ਰਿਤੀ ਉਲਟਾ ਕੇ ਪਰਮਾਰਥੀ ਬਣਾ ਦਿੱਤੀ। ਭਗਤਾਂ ਨੂੰ ਸੰਸਾਰ ਤੋਂ ਪਾਰ ਕਰਨ ਵਾਲਾ ਅਤੇ ਅਛਲ ਨਾਮ ਧੰਨ ਗੁਰੂ ਅਮਰਦਾਸ ਜੀ ਦੇ ਪਵਿੱਤਰ ਹਿਰਦੇ ਅੰਦਰ ਪ੍ਰਗਟ ਹੋਇਆ ਹੈ।

ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥
ਸਿਮਰਹਿ ਸੋਈ ਨਾਮੁ ਜਖ੍ਹ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ॥
ਸਿਮਰਹਿ ਨਖ੍ਹਤ੍ਰ ਅਵਰ ਧ੍ਰੂ ਮੰਡਲ ਨਾਰਦਾਇ ਪ੍ਰਹਲਾਦਿ ਵਰਾ॥
ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥

(ਪੰਨਾ ੧੩੯੩)

ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਉਹ ਹੀ ਨਾਮ ਪ੍ਰਗਟ ਹੋਇਆ ਹੈ ਜਿਸ ਨਾਮ ਦੀ ਬਰਕਤ ਨਾਲ ਸੂਰਜ ਚੰਦਰਮਾ ਆਦਿਕ ਖੇੜੇ ਵਿਚ ਹਨ ਅਤੇ ਪੱਥਰਾਂ ਦੇ ਸਮੂਹ ਭਾਵ (ਪੱਥਰ ਵਤ ਲੋਕ) ਪਾਰ ਹੋ ਗਏ ਹਨ। ਨੌਂ ਨਾਥ, ਸ਼ਿਵ ਅਤੇ ਉਸ ਦੇ ਪੁੱਤਰ ਸਨਕ ਆਦਿਕ ਚਉਰਾਸੀ ਸਿਧ ਅਤੇ ਅੰਬਰੀਕ ਵਰਗੇ ਰਿਸ਼ੀ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ। ਉਸ ਨਾਮ ਦੀ ਹੀ ਬਰਕਤ ਨਾਲ ਕ੍ਰਿਸ਼ਨ ਜੀ ਦੇ ਭਗਤ ਊਧੋ ਅਤੇ ਅਕੂਰ ਵਰਗੇ, ਭਗਤ ਤ੍ਰਿਲੋਚਨ ਜੀ, ਭਗਤ ਨਾਮਦੇਵ ਜੀ, ਭਗਤ ਕਬੀਰ ਸਾਹਿਬ ਜੀ ਵਰਗੇ ਮਹਾਨ ਪਰਮ ਪੁਰਖ ਵੀ ਰੱਬ ਵਿਚ ਅਭੇਦ ਹੋਏ ਅਤੇ ਉਸ ਦੇ ਨਾਮ ਦੀ ਹੀ ਮਹਿਮਾ ਸੰਸਾਰ ਵਿਚ ਪ੍ਰਗਟ ਕਰ ਗਏ ਹਨ। ਅਜਿਹਾ ਪਵਿੱਤਰ ਨਾਮ ਜਿਨ੍ਹਾਂ ਦੇ ਹਿਰਦੇ ਵਿਚ ਵਸ ਗਿਆ ਹੈ, ਉਸ ਨਾਲ ਉਨ੍ਹਾਂ ਦਾ

ਜੀਵਨ ਸਕਾਰਥਾ ਹੋ ਗਿਆ ਹੈ। ਇਸ ਨਾਮ ਦੀ ਲੋਚਾ ਮਨੁੱਖ, ਦੇਵਤੇ, ਗਣ, ਗੰਧਰਬ, ਛੇ ਭੇਖ ਆਦਿਕ ਕਰਦੇ ਹਨ।

ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ॥
ਸੁਰਿ ਨਰ ਗਣ ਗਧੰਰਬ ਛਿਅ ਦਰਸਨ ਆਸਾਸੈ॥
ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰ ਧ੍ਯਾਇਅਓ॥
ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ॥

(ਪੰਨਾ ੧੩੯੩)

ਕਵੀ ਭੱਟ ਕਲ੍ਯ ਜੀ ਦੋਵੇਂ ਹੱਥ ਜੋੜ ਕੇ ਅਰਾਧਦੇ ਹੋਏ ਆਖਦੇ ਹਨ ਕਿ ਹੇ ਭੱਲਿਆਂ ਦੀ ਕੁਲ ਵਿਚੋਂ ਸਭ ਤੋਂ ਵੱਧ ਪ੍ਰਗਟ ਹੋਏ ਬਾਬਾ ਤੇਜ ਭਾਨ ਜੀ ਦੇ ਸਪੁੱਤਰ ਧੰਨ ਗੁਰੂ ਅਮਰਦਾਸ ਜੀਉ! ਤੁਹਾਨੂੰ ਉਹ ਨਾਮ ਪ੍ਰਾਪਤ ਹੋਇਆ ਹੈ ਜਿਹੜਾ ਭਗਤਾਂ ਨੂੰ ਜਨਮ ਮਰਨ ਤੋਂ ਮੁਕਤ ਕਰਨ ਵਾਲਾ ਹੈ।

ਉਪਰੋਕਤ ਵਿਚਾਰ ਤੋਂ ਜ਼ਾਹਰ ਹੈ ਕਿ ਇਹ ਰੱਬੀ ਅੰਮ੍ਰਿਤ ਨਾਮ ਗੁਰੂ ਪਾਤਿਸ਼ਾਹ ਜੀ ਰਾਹੀਂ ਪ੍ਰਗਟ ਹੋਇਆ ਸਾਡੇ ਕੋਲ ਹੈ। ਇਸ ਨਾਮ ਨਾਲ ਹੀ ਸਾਰੀ ਕੁਦਰਤਿ ਦੀ ਹੋਂਦ ਬਣੀ ਹੋਈ ਹੈ। ਇਹ ਸਾਰੀ ਨਾਮ ਦੀ ਹੀ ਸਮਰੱਥਾ ਹੈ।

ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥

(ਜਪੁ ਜੀ ਸਾਹਿਬ)

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥

(ਪੰਨਾ ੨੮੪)

ਜਿਹੜਾ ਅੰਮ੍ਰਿਤ ਨਾਮ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਪ੍ਰਾਪਤ ਕੀਤਾ ਸੀ, ਉਹੋ ਹੀ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਨੂੰ ਬਖ਼ਸ਼ਿਸ਼ ਹੋਇਆ ਅਤੇ ਇਹੋ ਹੀ ਅੰਮ੍ਰਿਤ ਨਾਮ ਧੰਨ ਗੁਰੂ ਅਮਰਦਾਸ ਮਹਾਰਾਜ ਰਾਹੀਂ ਸਤਿਗੁਰੂ ਗੁਰੂ ਰਾਮਦਾਸ ਮਹਾਰਾਜ ਕੋਲ ਕਦੇ ਨਾ ਨਾਸ਼ ਹੋਣ ਵਾਲੇ ਖ਼ਜ਼ਾਨੇ ਦੇ ਰੂਪ ਵਿਚ ਪ੍ਰਤੱਖ ਰੂਪ ਵਿਚ ਹੈ। ਭਾਵ ਜਦੋਂ ਗੁਰੂ ਰਾਮਦਾਸ ਮਹਾਰਾਜ ਦੀ ਤਖ਼ਤ 'ਤੇ ਬਿਰਾਜਣ ਦੀ ਵਾਰੀ ਆਈ ਤਾਂ ਜਿਵੇਂ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਨਹੀਂ ਬਦਲੀ, ਕੇਵਲ ਜਾਮਾ ਬਦਲਿਆ ਹੈ, ਉਸੇ ਤਰ੍ਹਾਂ ਹੀ ਅੰਮ੍ਰਿਤ ਨਾਮ ਵੀ ਉਹੋ ਹੀ ਹੈ। ਪਾਵਨ ਬਚਨ ਹਨ—

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥
ਲਹਣੈ ਪੰਥੁ ਧਰਮ ਕਾ ਕੀਆ ॥
ਅਮਰਦਾਸ ਭਲੇ ਕਉ ਦੀਆ ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਉ ॥
ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਉ ॥

(ਪੰਨਾ ੧੪੦੧)

ਭਟ ਕਵੀ ਕਲਸਹਾਰ ਜੀ ਸਪੱਸ਼ਟ ਕਰਦੇ ਹਨ ਕਿ ਮੈਂ ਉਸ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦੇ ਪਵਿੱਤਰ ਗੁਣ ਗਾਉਂਦਾ ਹਾਂ ਜਿਨ੍ਹਾਂ ਨੂੰ ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ ਨਾਮ ਅਨੁਭਵ ਹੋਇਆ ਹੈ। ਇਹ ਉਹੋ ਹੀ ਨਾਮ ਹੈ ਜਿਹੜਾ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਗੁਰੂ ਰਾਮਦਾਸ ਮਹਾਰਾਜ ਜੀ ਨੇ ਪ੍ਰਾਪਤ ਕੀਤਾ ਹੈ, ਜਿਹੜਾ ਗੁਰੂ ਨਾਨਕ ਸਾਹਿਬ ਜੀ ਲੁਕਾਈ ਨੂੰ ਵਰਤਾਉਣ ਲਈ ਨਿਰੰਕਾਰ ਜੀ ਕੋਲੋਂ ਪ੍ਰਾਪਤ ਕਰਕੇ ਗੁਰੂ ਅੰਗਦ ਸਾਹਿਬ ਜੀ ਰਾਹੀਂ, ਫਿਰ ਗੁਰੂ ਅਮਰਦਾਸ ਜੀ ਰਾਹੀਂ, ਹੁਣ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਹਿਰਦੇ ਟਿਕਿਆ ਹੋਇਆ ਹੈ।

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥
ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥

(ਪੰਨਾ ੧੩੯੬)

ਸਤਿਗੁਰੂ ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਵੀ ਮੂਰਤਿ ਪੰਚ ਪ੍ਰਮਾਣ ਪੁਰਖੁ ਆਖਿਆ ਹੈ ਕਿਉਂਕਿ ਅਕਾਲ ਪੁਰਖ ਜੀ ਨੇ ਆਪ ਹੀ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਹੋ ਕੇ ਗੁਰੂ ਨਾਨਕ ਸਾਹਿਬ ਅਖਵਾਇਆ। ਉਸ ਗੁਰੂ ਨਾਨਕ ਪਾਤਿਸ਼ਾਹ ਜੀ ਤੋਂ ਹੀ ਧੰਨ ਗੁਰੂ ਅੰਗਦ ਸਾਹਿਬ ਜੀ ਪ੍ਰਗਟ ਹੋਏ ਹਨ। ਤੱਤ ਨਾਲ ਤੱਤ ਮਿਲ ਜਾਣ ਕਰਕੇ ਕੋਈ ਵੀ ਫ਼ਰਕ ਨਹੀਂ ਭਾਵ ਜੋਤਿ ਜੋਤਿ ਨਾਲ ਹੀ ਰਲ ਮਿਲ ਇਕ ਹੋ ਗਈ। ਧੰਨ ਗੁਰੂ ਅੰਗਦ ਸਾਹਿਬ ਜੀ ਨੇ ਸਰੀਰਕ ਚੋਲਾ ਤਿਆਗਣ ਵੇਲੇ ਧੰਨ ਗੁਰੂ ਅਮਰਦਾਸ ਜੀ ਨੂੰ ਗੁਰੂ-ਤਖ਼ਤ 'ਤੇ ਸੁਸ਼ੋਭਿਤ ਕੀਤਾ ਅਤੇ ਇਸ ਤਰ੍ਹਾਂ ਹੀ ਧੰਨ ਗੁਰੂ ਅਮਰਦਾਸ ਜੀ ਨੇ ਇਹੋ ਗੁਰਿਆਈ ਦਾ ਛਤਰ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਬਖ਼ਸ਼ਿਸ਼ ਕੀਤਾ। ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਨੂੰ ਪ੍ਰਾਪਤ ਕਰਕੇ ਭੱਟ ਕਵੀ ਮਥਰਾ ਜੀ ਇਹ ਬਚਨ ਆਖਦੇ ਹਨ ਕਿ ਪੰਚਮ ਪਿਤਾ ਧੰਨ ਗੁਰੂ ਅਰਜਨ ਪਾਤਿਸ਼ਾਹ ਜੀ ਦੇ ਦਰਸ਼ਨ ਕਰਕੇ ਆਤਮਿਕ ਜੀਵਨ ਹਾਸਿਲ ਕਰੋ ਭਾਵ ਇਨ੍ਹਾਂ ਅੰਦਰ ਵੀ ਉਹੋ ਹੀ ਅੰਮ੍ਰਿਤ

ਨਾਮ ਦਾ ਖ਼ਜ਼ਾਨਾ ਹੈ ਜਿਹੜਾ ਗੁਰੂ ਨਾਨਕ ਪਾਤਿਸ਼ਾਹ ਜੀ ਤੋਂ ਚਲ ਕੇ ਇਥੋਂ ਤੱਕ ਪਹੁੰਚਿਆ ਹੈ। ਪਾਵਨ ਬਚਨ ਹਨ—

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥

(ਪੰਨਾ ੧੪੦੮)

ਹਰੀ ਪਰਮੇਸ਼ਰ ਜੀ ਨੇ ਆਪ ਕਿਰਪਾ ਕਰਕੇ ਜਗਤ ਨੂੰ ਹਨੇਰੇ ਵਿਚੋਂ ਕੱਢਣ ਵਾਸਤੇ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਜੋਤਿ ਦਾ ਪੰਜਵਾਂ ਚੋਲਾ ਆਪ ਹੀ ਬਣਾਇਆ ਹੈ। ਸਤਿਕਾਰਯੋਗ ਭੱਟ ਮਥੁਰਾ ਜੀ ਆਖਦੇ ਹਨ ਕਿ ਉਨ੍ਹਾਂ ਲੋਕਾਂ ਦੇ ਕਰੋੜਾਂ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਗਿਆ ਜਿਨ੍ਹਾਂ ਨੇ ਗੁਰੂ ਅਰਜਨ ਪਾਤਿਸ਼ਾਹ ਜੀ ਕੋਲੋਂ ਅੰਮ੍ਰਿਤ ਨਾਮ ਪ੍ਰਾਪਤ ਕੀਤਾ ਹੈ। ਭੱਟ ਜੀ ਆਖਦੇ ਹਨ ਕਿ ਧਾਰਮਿਕ ਦੁਨੀਆਂ ਵਿਚ ਸ਼ੰਕਾ ਧਾਰਮਿਕ ਵਿਰਸੇ ਨੂੰ ਬਰਬਾਦ ਕਰਨ ਵਾਲਾ ਹੁੰਦਾ ਹੈ, ਇਸ ਲਈ ਇਸ ਗੱਲ ਵਿਚ ਰਤੀ ਮਾਤਰ ਵੀ ਸ਼ੰਕਾ ਨਾ ਕਰੀਂ ਸਗੋਂ ਵਿਸ਼ਵਾਸ ਕਰੀਂ ਕਿ ਹਰੀ ਅਤੇ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਕੋਈ ਫ਼ਰਕ ਜਾਂ ਵਿਤਕਰਾ ਹੈ ਨਹੀਂ, ਗੁਰੂ ਪਾਤਿਸ਼ਾਹ ਜੀ ਦੇ ਹਿਰਦੇ ਵਿਚ ਤਾਂ ਸਗੋਂ ਪੂਰਨ ਪ੍ਰਤੱਖ ਤੌਰ 'ਤੇ ਹਰੀ ਨੇ ਨਿਵਾਸ ਕੀਤਾ ਹੋਇਆ ਹੈ।

ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥

(ਪੰਨਾ ੧੪੦੯)

ਉਪਰੋਕਤ ਸਮੁੱਚੀ ਵਿਚਾਰ ਦਾ ਤੱਤ ਭਾਵ ਇਕ ਵਾਰੀ ਫਿਰ ਯਾਦ ਕਰ ਲਈਏ ਕਿ ਅੰਮ੍ਰਿਤ ਨਾਮ ਗੁਰੂ ਨਾਨਕ ਪਾਤਿਸ਼ਾਹ ਜੀ ਰਾਹੀਂ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ ਅਤੇ ਗੁਰੂ ਰਾਮਦਾਸ ਪਾਤਸ਼ਾਹ ਜੀ ਰਾਹੀਂ ਗੁਰੂ ਅਰਜਨ ਸਾਹਿਬ ਜੀ ਕੋਲ ਪਹੁੰਚਿਆ ਹੈ। ਗੁਰੂ ਅਰਜਨ ਸਾਹਿਬ ਜੀ ਨੇ ਇਹੋ ਅੰਮ੍ਰਿਤ ਨਾਮ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਰੂਪੀ ਥਾਲ ਵਿਚ ਰੱਖ ਦਿੱਤਾ ਹੈ। ਜਿਸ ਵੀ ਜੀਵ ਨੇ ਆਪਣੇ ਆਪ ਨੂੰ ਆਤਮਿਕ ਮੌਤ ਤੋਂ ਬਚਾਅ ਕੇ

ਸਦਾ ਲਈ ਆਤਮਾ ਨੂੰ ਪਰਮਾਤਮਾ ਦਾ ਰੂਪ ਬਣਾਉਣਾ ਹੈ, ਉਸ ਲਈ ਜ਼ਰੂਰੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਵਿਚ ਪਏ ਅੰਮ੍ਰਿਤ ਨਾਮ ਨੂੰ ਛੱਕ ਲਵੇ। ਫਿਰ ਉਸ ਦੀ ਆਤਮਾ ਕਦੇ ਵੀ ਜਨਮ ਮਰਨ ਦੀ ਭਟਕਣਾ ਵਿਚ ਨਹੀਂ ਭਟਕੇਗੀ।

ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ॥
ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ॥
ਬਿਨੁ ਨਾਵੈ ਜਿ ਹੋਰੁ ਖਾਣਾ ਤਿਤੁ ਰੋਗੁ ਲਗੈ ਤਨਿ ਧਾਇ॥
ਨਾਨਕ ਰਸ ਕਸ ਸਬਦੁ ਸਲਾਹਣਾ ਆਪੇ ਲਏ ਮਿਲਾਇ॥

(ਪੰਨਾ ੧੨੫੦)

ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ॥
ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ॥

(ਪੰਨਾ ੬੧੬)

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥
ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ॥
ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ॥
ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ॥
ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ॥

(ਪੰਨਾ ੩੧੮)

ਅੰਮ੍ਰਿਤ ਨਾਮ ਹੀ ਅੰਮ੍ਰਿਤ ਭਾਵ ਮੌਤ ਤੋਂ ਮੁਕਤ ਕਰ ਸਕਦਾ ਹੈ।

ਜਿਥੇ ਭੋਜਨ ਤੋਂ ਬਿਨਾਂ ਮੌਤ ਹੋ ਜਾਂਦੀ ਹੈ, ਉਥੇ ਕਦੀ ਕਦੀ ਭੋਜਨ ਨਾਲ ਵੀ ਮੌਤ ਹੋ ਜਾਂਦੀ ਹੈ। ਇਸ ਲਈ ਸਤਿਗੁਰੂ ਜੀ ਨੇ ਜਿਥੇ ਭੋਜਨ ਬਖ਼ਸ਼ਿਆ ਹੈ, ਉਥੇ ਉਹ ਭੋਜਨ ਬਖ਼ਸ਼ਿਆ ਹੈ ਜਿਸ ਨਾਲ ਫੂਡ ਪੁਆਇਜ਼ਨ ਨਹੀਂ ਹੁੰਦਾ ਭਾਵ ਖਾਣਾ ਜ਼ਹਿਰ ਨਹੀਂ ਬਣਦਾ ਬਲਕਿ ਆਪ ਅੰਮ੍ਰਿਤ ਨਾਮ ਹੈ ਅਤੇ ਅੰਮ੍ਰਿਤ ਹੀ ਕਰ ਲੈਂਦਾ ਹੈ।

ਠਾਕੁਰ ਕਾ ਪਇਓ

ਧਰਮ ਦੀ ਦੁਨੀਆਂ ਅੰਦਰ ਨਾਮ ਦੀ ਬਹੁਤ ਚਰਚਾ ਹੁੰਦੀ ਹੈ। ਜਿੰਨੀ ਨਾਮ ਦੀ ਚਰਚਾ ਹੈ, ਓਨੀ ਹੀ ਨਾਮ ਦੇ ਵਾਸਤੇ ਅਗਿਆਨਤਾ ਵੀ ਹੈ। ਧਰਮ ਦੀ ਦੁਨੀਆਂ ਦਾ ਬਹੁਤਾ ਅਜਿਹਾ ਹਿੱਸਾ ਹੈ ਜਿਸ ਨੂੰ ਇਹ (ਬੋਧ) ਗਿਆਨ ਨਹੀਂ ਕਿ ਨਾਮ ਕਿਸ ਦਾ ਜਪਣਾ ਹੈ। ਗ਼ਰੀਬ ਨਿਵਾਜ ਦਾ ਵੀ ਇਕ ਅੰਮ੍ਰਿਤ ਬਚਨ ਬਹੁਤ ਪਿਆਰਾ ਹੈ ਕਿ ਵੱਡੇ ਵੇਲੇ ਭਾਵ ਅੰਮ੍ਰਿਤ ਵੇਲੇ ਕਿਸ ਦਾ ਨਾਮ ਜਪਣਾ ਚਾਹੀਦਾ ਹੈ? ਤਾਂ ਜਵਾਬ ਵੀ ਨਾਲ ਹੀ ਮਿਲਦਾ ਹੈ ਕਿ ਉਸ ਵਕਤ ਨਾਮ ਪਰਮੇਸ਼ਰ ਦਾ ਜਪਣਾ ਚਾਹੀਦਾ ਹੈ ਕਿਉਂਕਿ ਰੱਬ ਵਿਚ ਹੀ ਸਭ ਕੁਝ ਪੈਦਾ ਕਰਨ ਦੀ ਅਤੇ ਮਿਟਾ ਦੇਣ ਦੀ ਸਮਰੱਥਾ ਹੈ।

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥

(ਪੰਨਾ ੧੪੨੦)

ਸੰਸਾਰ ਦੇ ਭੁੱਲੜ ਲੋਕ ਇਕ ਪੱਥਰ ਨੂੰ ਹੀ ਜਾਂ ਕਿਸੇ ਨਾ ਕਿਸੇ ਰੂਪ ਵਿਚ ਇਕ ਕ੍ਰਿਤ ਨੂੰ ਹੀ ਕਰਤੇ ਦਾ ਰੂਪ ਜਾਣ ਕੇ ਪੂਜਦੇ ਰਹੇ ਹਨ ਪਰ ਇਹ ਹਕੀਕਤ ਹੈ ਕਿ ਜਿਹੜੇ ਲੋਕ ਇਸ 'ਤੇ ਭਰੋਸਾ ਕਰਦੇ ਹਨ ਕਿ ਇਹ ਪੱਥਰ ਜਾਂ ਕਿਰਤ ਸਾਨੂੰ ਪਰਮੇਸ਼ਰ ਨਾਲ ਮਿਲਾ ਸਕਦੀ ਹੈ, ਉਹ ਬਹੁਤ ਵੱਡੇ ਭੁਲੇਖੇ ਵਿਚ ਹਨ। ਉਨ੍ਹਾਂ ਪਾਰ ਤਾਂ ਕੀ ਹੋਣਾ ਹੈ ਸਗੋਂ ਯਕੀਨਨ ਹੀ ਡੁੱਬ ਜਾਣਗੇ। ਗੁਰਵਾਕ ਹੈ :—

ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥

(ਪੰਨਾ ੧੩੭੧)

ਜਿਹੋ ਜਿਹੇ ਦੇਵਤੇ ਦੀ ਮਨੁੱਖ ਇਬਾਦਤ ਕਰਦਾ ਹੈ, ਆਖ਼ਿਰ ਉਹ ਉਸ ਜਿਹਾ ਹੀ ਬਣ ਜਾਂਦਾ ਹੈ। ਗੁਰੂ ਪਾਤਿਸ਼ਾਹ ਜੀ ਨੇ ਪਾਵਨ ਬਚਨ ਬਖ਼ਸ਼ੇ ਹਨ ਕਿ ਜਿਹੜੇ ਲੋਕ ਸ਼ਿਵ ਜੀ ਦੀ ਇਬਾਦਤ ਇਸ ਲਈ ਕਰਦੇ ਹਨ ਕਿ ਉਹ ਇਕ ਦਿਨ ਨਿਰੰਕਾਰ ਵਿਚ ਅਭੇਦ ਹੋ ਸਕਦੇ ਹਨ ਤਾਂ ਗੁਰੂ ਜੀ ਨੇ ਇਹ ਭੁਲੇਖਾ ਦੂਰ ਕਰ ਦਿੱਤਾ ਹੈ।

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥

(ਪੰਨਾ ੮੭੪)

ਕਬੀਰ ਸਾਹਿਬ ਬਚਨ ਆਖਦੇ ਹਨ ਕਿ ਕੋਈ ਤਰੱਕੀ ਕਰੇ ਤਾਂ ਖ਼ੁਸ਼ੀ ਹੁੰਦੀ ਹੈ ਪਰ ਜੇਕਰ ਕੋਈ ਮਿਹਨਤ ਕਰਕੇ ਜ਼ਿੰਦਗੀ ਬਰਬਾਦ ਕਰੇ ਤਾਂ ਦੁੱਖ ਹੋਣਾ ਚਾਹੀਦਾ ਹੈ। ਭਾਵ ਜੇ ਕੋਈ ਮਨੁੱਖਾ ਜਾਮਾ ਧਾਰਨ ਕਰਕੇ ਰੱਬ ਬਣਨ ਦੀ ਬਜਾਇ ਗਧਾ ਜਾਂ ਗਧੀ ਦਾ ਜਨਮ ਧਾਰਨ ਕਰੇ ਤਾਂ ਦੁੱਖ ਹੋਣਾ ਚਾਹੀਦਾ ਹੈ, ਕਿਉਂਕਿ ਮਨੁੱਖਾ ਜਨਮ ਪਾ ਕੇ ਗਧੀ ਬਣਨਾ ਜੀਵਨ ਦਾ ਬਿਲਕੁਲ ਦੂਜਾ ਨੀਵਾਂ ਪੱਖ ਹੈ ਪਰ ਅਜਿਹਾ ਤਾਂ ਹੁੰਦਾ ਹੈ ਜੇਕਰ ਕੋਈ ਰੱਬ ਦੀ ਬੰਦਗੀ ਛੱਡ ਕੇ ਅਹੋਈ ਮਾਤਾ ਦੀ ਪੂਜਾ ਕਰਦਾ ਰਹੇ। ਬਚਨ ਹਨ :—

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥

(ਪੰਨਾ ੧੩੭੦)

ਕੋਈ ਭੁੱਲਿਆ ਹੋਇਆ ਦਰੱਖ਼ਤਾਂ ਦੀ ਪੂਜਾ ਕਰਦਾ ਹੈ, ਕੋਈ ਪੱਥਰਾਂ ਨੂੰ ਪੂਜਦਾ ਹੈ, ਕੋਈ ਮੂਰਤੀਆਂ ਨੂੰ ਪੂਜਦਾ ਹੈ ਭਾਵ ਅਨੇਕ ਤਰ੍ਹਾਂ ਦੀ ਝੂਠੀ ਪੂਜਾ ਵਿਚ ਲੋਕ ਭਟਕ ਕੇ ਸੱਚੇ ਰੱਬ ਦੀ ਇਬਾਦਤ ਤੋਂ ਵਿਛੜ ਕੇ ਦੁੱਖ ਪਾ ਰਹੇ ਹਨ। ਸਭ ਤੋਂ ਸ੍ਰੇਸ਼ਟ ਰੱਬ ਦਾ ਨਾਮ ਹੀ ਹੈ।

ਰਹਿਮਤਾਂ ਦੇ ਦਾਤੇ ਸਤਿਗੁਰੂ ਜੀ ਨੇ ਜਿਥੇ ਆਪ ਇਕ ਰੱਬ ਦੀ ਇਬਾਦਤ ਨਾਲ ਸੰਸਾਰ ਨੂੰ ਜੋੜਿਆ, ਉਥੇ ਇਕ ਨਾਲ ਜੁੜੀਆਂ ਹੋਈਆਂ ਮਹਾਨ ਪਵਿੱਤਰ ਰੱਬੀ ਰੂਹਾਂ ਦੇ ਪਵਿੱਤਰ ਬੋਲ ਵੀ ਇਕੱਤਰ ਕੀਤੇ। ਭਾਵੇਂ ਕਿ ਉਨ੍ਹਾਂ ਸਮਿਆਂ ਅੰਦਰ ਭੁੱਲੜ ਲੋਕ ਹੋਰ ਕਈ ਤਰ੍ਹਾਂ ਦੀ ਪੂਜਾ ਪਾਠ ਵਿਚ ਉਲਝੇ ਹੋਏ ਸਨ ਪਰ ਫਿਰ ਵੀ ਕੁਝ ਅਜਿਹੇ ਵੀ ਸਨ ਜਿਨ੍ਹਾਂ ਨੇ ਇਕ ਨੂੰ ਹੀ ਪਛਾਣ ਕੇ ਆਪਣੇ ਜੀਵਨ ਦਾ ਆਧਾਰ ਬਣਾਇਆ ਹੋਇਆ ਸੀ ਅਤੇ ਇਕ ਰੱਬੀ ਨਾਮ ਦਾ ਹੀ ਉਹ ਹੋਕਾ ਦਿੰਦੇ ਸਨ। ਭਗਤ ਕਬੀਰ ਸਾਹਿਬ ਜੀ ਦੇ ਕਿੰਨੇ ਪਿਆਰੇ ਬਚਨ ਹਨ ਕਿ ਮੈਨੂੰ ਰੱਬੀ ਬੰਦਗੀ ਕਰਨ ਕਰਕੇ ਦੇਵੀ ਦੇਵਤਿਆਂ ਦੇ ਪੁਜਾਰੀ ਮੇਰੇ ਨਾਲ ਵਿਰੋਧਤਾ ਕਰਦੇ ਹਨ, ਜਿਸ ਕਰਕੇ ਉਨ੍ਹਾਂ ਨੇ ਮੇਰੀ ਜੀਵਨ-ਲੀਲਾ ਦਾ ਹੀ ਅੰਤ ਕਰਨਾ ਚਾਹਿਆ। ਹੋਰ ਭਾਵੇਂ ਕੋਈ ਸੰਗੀ ਸਾਥੀ ਇਨ੍ਹਾਂ ਮੁਸ਼ਕਲਾਂ ਵੇਲੇ ਕੰਮ ਨਹੀਂ ਆਉਂਦਾ ਲੇਕਿਨ ਰੱਬੀ ਨਾਮ ਤਾਂ ਸਗੋਂ ਅਉਖੀ ਘੜੀ ਵੇਲੇ ਦਾ ਮਦਦਗਾਰ ਹੁੰਦਾ ਹੈ। ਆਖਿਰ ਰੱਬ ਦੇ ਨਾਮ ਦੀ ਹੀ ਜਿੱਤ ਹੋਈ। ਇਨ੍ਹਾਂ ਦੇਵੀ ਦੇਵਤਿਆਂ ਦੇ ਪੁਜਾਰੀ ਆਪਣੀ ਮਾਤਾ

ਤੋਂ, ਆਪਣੇ ਦੇਵੀ ਦੇਵਤਿਆਂ ਤੋਂ ਮੇਰੇ ਜੀਵਨ ਵਿਚ ਕੋਈ ਵਿਘਨ ਨਹੀਂ ਪਾ ਸਕੇ। ਜਿਸ ਦੀ ਇਬਾਦਤ ਮੈਂ ਕਰਦਾ ਸਾਂ, ਇਨ੍ਹਾਂ ਦੀ ਪਹੁੰਚ ਉਥੇ ਤੱਕ ਨਹੀਂ ਹੋ ਸਕਦੀ।

ਗੰਗ ਗੁਸਾਇਨਿ ਗਹਿਰ ਗੰਭੀਰ ॥
ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥
ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥
ਕਹਿ ਕੰਬੀਰ ਕੋਊ ਸੰਗ ਨ ਸਾਥ ॥
ਜਲ ਥਲ ਰਾਖਨ ਹੈ ਰਘੁਨਾਥ ॥

(ਪੰਨਾ ੧੧੬੨)

ਮੇਰਾ ਪ੍ਰਮੇਸ਼ਰ ਜੀ ਤਾਂ ਜਲ, ਥਲ ਹਰ ਥਾਂ 'ਤੇ ਰਖਵਾਲਾ ਹੈ। ਉਸ ਦੇ ਹੁਕਮ ਵਿਚ ਤੁਰਨ ਵਾਲੀ ਗੰਗਾ ਮੈਨੂੰ ਕਿਵੇਂ ਸਜ਼ਾ ਦੇ ਸਕਦੀ ਸੀ ? ਅਨੇਕਾਂ ਦੇਵੀ ਦੇਵਤੇ ਤਾਂ ਸਗੋਂ ਉਸ ਦੇ ਘਰ ਦੇ ਸੇਵਕ ਬਣ ਕੇ ਸੇਵਾ ਕਰ ਰਹੇ ਹਨ। ਪਵਿੱਤਰ ਬਚਨ ਹਨ—

ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥
ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥

(ਪੰਨਾ ੧੧੬੨)

ਮੈਂ ਤਾਂ ਕੇਵਲ ਰੱਬ ਦਾ ਨਾਮ ਹੀ ਮੰਗਦਾ ਹਾਂ। ਮੈਨੂੰ ਹੋਰ ਕਿਸੇ ਦੇਵੀ ਦੇਵਤੇ ਨਾਲ ਕੋਈ ਵਾਸਤਾ ਨਹੀਂ, ਕਿਉਂਕਿ ਉਸ ਦੇ ਦਰ 'ਤੇ ਤਾਂ ਕਰੋੜਾਂ ਸੂਰਜ ਆਪਣੇ ਚਾਨਣ ਨਾਲ ਉਸ ਦੀ ਸੇਵਾ ਕਰਦੇ ਹਨ। ਕਰੋੜਾਂ ਹੀ ਸ਼ਿਵ, ਕੈਲਾਸ਼ ਅਤੇ ਬ੍ਰਹਮਾ ਵੇਦ ਉਚਾਰ ਰਹੇ ਹਨ। ਕਰੋੜਾਂ ਹੀ ਦੁਰਗਾ ਵਰਗੇ ਉਸ ਦੀ ਮਾਲਸ਼ ਭਾਵ ਚਾਕਰੀ ਕਰਦੇ ਹਨ। ਜਿਸ ਦੀ ਚਾਕਰੀ ਸਾਰੇ ਦੇਵੀ-ਦੇਵਤੇ ਕਰਦੇ ਹਨ, ਮੈਂ ਉਸ ਸਭ ਕੁਝ ਦੇ ਮਾਲਿਕ ਨਾਲ ਆਪਣੀ ਜੀਵਨ-ਸਾਂਝ ਬਣਾਈ ਹੋਈ ਹੈ। ਇਸ ਕਰਕੇ ਹੀ ਸਤਿਗੁਰੂ ਜੀ ਨੇ ਜਿਹੜਾ ਨਾਮ ਰੱਖਿਆ ਹੈ, ਉਹ ਕਿਸੇ ਦੇਵੀ ਦੇਵਤੇ ਜਾਂ ਵਕਤੀ ਹਾਕਮ ਜਾਂ ਕਿਸੇ ਹੋਰ ਦਾ ਨਹੀਂ ਬਲਕਿ ਠਾਕੁਰ ਭਾਵ ਪਰਮੇਸ਼ਰ ਦਾ ਨਾਮ ਹੀ ਰੱਖਿਆ ਹੈ।

ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ॥

(ਪੰਨਾ ੩੮੨)

ਹਜ਼ੂਰ ਸੱਚੇ ਪਾਤਿਸ਼ਾਹ ਜੀ ਨੇ ਤਾਂ ਇਥੋਂ ਤੱਕ ਕਿਰਪਾ ਕੀਤੀ ਹੈ ਕਿ ਜਿਸ ਕ੍ਰਿਸ਼ਨ ਨੂੰ ਲੋਕ ਭਗਵਾਨ ਕਹਿ ਕੇ ਪੂਜਦੇ ਹਨ, ਉਹ ਖ਼ੁਦ ਹੀ ਸਦਾ ਅਵਤਾਰ ਭਾਵ ਜੰਮਣ ਮਰਨ ਵਿਚ ਹੈ, ਫਿਰ ਉਸ ਦਾ ਲੜ ਪਕੜਨ ਵਾਲਾ ਕਿਵੇਂ ਸੰਸਾਰ ਤੋਂ ਪਾਰ ਹੋ ਸਕਦਾ ਹੈ ?

ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥

(ਪੰਨਾ ੫੫੯)

ਇਨ੍ਹਾਂ ਦੇਵੀ ਦੇਵਤਿਆਂ ਨੇ ਕਿਸੇ ਨੂੰ ਤਾਂ ਕੀ ਪਵਿਤਰ ਕਰਨਾ ਸੀ, ਸਗੋਂ ਕਿਸੇ ਅਖੌਤੀ ਸ਼ੂਦਰ ਦੇ ਮੰਦਿਰ ਵਿਚ ਜਾਣ ਨਾਲ ਇਨ੍ਹਾਂ ਦਾ ਮੰਦਿਰ ਹੀ ਅਤੇ ਦੇਵਤਾ ਹੀ ਅਪਵਿੱਤਰ ਹੋ ਜਾਂਦਾ ਸੀ ਪਰ ਮੇਰੇ ਠਾਕੁਰ ਦਾ ਨਾਮ ਅਜਿਹਾ ਹੈ ਜਿਸ ਨੇ ਅਖੌਤੀ ਸ਼ੂਦਰਾਂ ਦੀ ਤਾਂ ਗੱਲ ਹੀ ਛੱਡੀਏ, ਉਸ ਦੇ ਨਾਮ ਨੇ ਤਾਂ ਪਤਿਤਾਂ ਨੂੰ ਵੀ ਪਵਿੱਤਰ ਕਰ ਦਿੱਤਾ ਹੈ। ਪਾਵਨ ਬਚਨ ਹਨ :—

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ॥
ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ॥
ਠਾਕੁਰ ਐਸੋ ਨਾਮੁ ਤੁਮ੍ਹਾਰੋ॥
ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ॥੧॥ ਰਹਾਉ॥
ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ॥

(ਪੰਨਾ ੪੯੮)

ਠਾਕੁਰ ਦੇ ਸੇਵਕ ਵਿਚ ਛੇ ਨਿਸ਼ਾਨੀਆਂ ਹੋਣੀਆਂ ਚਾਹੀਦੀਆਂ ਹਨ, ਫਿਰ ਮੇਰਾ ਠਾਕੁਰ ਆਪਣੇ ਸੇਵਕ ਲਈ ਬਖ਼ਸ਼ਿਸ਼ਾਂ ਦੇ ਅੰਬਾਰ ਲਾ ਦਿੰਦਾ ਹੈ। ਸਭ ਤੋਂ ਪਹਿਲੀ ਨਿਸ਼ਾਨੀ ਹੈ ਕਿ ਉਹ ਆਗਿਆਕਾਰੀ ਹੋਵੇ। ਦੂਜੀ ਨਿਸ਼ਾਨੀ ਹੈ ਕਿ ਉਹ ਸਾਰੇ ਜੀਵਨ-ਕਾਲ ਲਈ ਰੱਬੀ ਬੰਦਗੀ ਵਾਲਾ ਹੋਵੇ। ਤੀਜੀ ਨਿਸ਼ਾਨੀ ਹੈ ਕਿ ਮਨ ਦੀ ਪ੍ਰਤੀਤ ਪੱਕੀ ਹੋਵੇ, ਕਿਉਂਕਿ ਪ੍ਰਤੀਤ ਅਤੇ ਪ੍ਰੀਤ ਦੀ ਬਹੁਤ ਗਹਿਰੀ ਦੋਸਤੀ ਹੈ ਜਾਂ ਦੂਜੇ ਸ਼ਬਦਾਂ ਵਿਚ ਪ੍ਰੀਤ ਟੁੱਟਦੀ ਹੀ ਉਦੋਂ ਹੈ ਜਦੋਂ ਪ੍ਰਤੀਤ ਟੁੱਟਦੀ ਹੈ। ਠਾਕੁਰ ਦੇ ਸੇਵਕ ਦੀ ਚੌਥੀ ਨਿਸ਼ਾਨੀ ਹੈ ਕਿ ਉਹ ਜੀਵਨ ਨੂੰ ਪਵਿੱਤਰ ਢੰਗ ਨਾਲ ਗੁਜ਼ਾਰਦਾ ਹੈ। ਸੇਵਕ ਵਿਚ ਪੰਜਵਾਂ ਗੁਣ ਹੈ ਕਿ ਉਹ ਆਪਣੇ ਮਾਲਕ

ਭਾਵ ਠਾਕੁਰ ਨੂੰ ਸਦਾ ਆਪਣੇ ਅੰਗ ਸੰਗ ਸਮਝਦਾ ਹੈ ਜਿਸ ਦਾ ਸਦਕਾ ਸੇਵਕ ਵਿਚ ਇਹ ਛੇਵਾਂ ਗੁਣ ਆ ਜਾਂਦਾ ਹੈ ਕਿ ਉਹ ਸਦਾ ਹੀ ਨਾਮ ਦੀ ਮੌਜ ਵਿਚ ਰਹਿੰਦਾ ਹੈ। ਬਸ ਛੇ ਨਿਸ਼ਾਨੀਆਂ ਰੱਬੀ ਰਹਿਮਤ ਨਾਲ ਸੇਵਕ ਧਾਰਨ ਕਰ ਲਵੇ ਤਾਂ ਫਿਰ ਬਾਕੀ ਮਾਲਿਕ ਦੀਆਂ ਬਖ਼ਸ਼ਿਸ਼ਾਂ ਹੀ ਬਖਸ਼ਿਸ਼ਾਂ ਹਨ। ਪਾਵਨ ਬਚਨ ਹਨ:—

ਠਾਕੁਰ ਕਾ ਸੇਵਕੁ ਆਗਿਆਕਾਰੀ ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥
ਠਾਕੁਰ ਕਉ ਸੇਵਕੁ ਜਾਨੈ ਸੰਗਿ ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥

(ਪੰਨਾ ੨੯੫)

ਜਿਸ ਤੋਂ ਅੱਗੇ ਰੱਬੀ ਰਹਿਮਤਾਂ ਹਨ। ਅਜਿਹਾ ਠਾਕੁਰ ਮੁਕਤਿ ਕੀ ਬਰੀਆ ਕਹਾ ਭੁਪਾਲੀ ਵਾਂਗੂ ਅਲੋਪ ਨਹੀਂ ਹੋ ਜਾਂਦਾ ਸਗੋਂ ਉਹ ਜੀਵਨ ਕਾਲ ਵਿਚ ਹੀ ਆਪਣੇ ਸੇਵਕ ਦੀ ਸੰਭਾਲ ਕਰਦਾ ਹੈ। ਅਜਿਹੇ ਠਾਕੁਰ ਕਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਖ਼ਸ਼ਿਸ਼ ਕੀਤਾ ਹੋਇਆ ਹੈ।

ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥
ਅਪੁਨੇ ਜਨ ਕਾ ਪਰਦਾ ਢਾਕੈ ॥
ਅਪਨੇ ਸੇਵਕ ਕੀ ਸਰਪਰ ਰਾਖੈ ॥
ਅਪਨੇ ਦਾਸ ਕਉ ਦੇਇ ਵਡਾਈ ॥
ਅਪਨੇ ਸੇਵਕ ਕਉ ਨਾਮੁ ਜਪਾਈ ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥
ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥
ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥
ਪ੍ਰਭ ਕੇ ਸੇਵਕ ਊਚ ਤੇ ਊਚੇ ॥

(ਪੰਨਾ ੨੯੫)

ਅਜਿਹੇ ਠਾਕੁਰ ਦੇ ਸੇਵਕ ਤੱਕ ਕਿਸੇ ਵਿਸ਼ੇ ਵਿਕਾਰ ਦੀ ਪਹੁੰਚ ਨਹੀਂ ਹੋ ਸਕਦੀ, ਕਿਸੇ ਦੁਨਿਆਵੀ ਆਫ਼ਤ ਦੀ ਪਹੁੰਚ ਨਹੀਂ ਹੋ ਸਕਦੀ ਅਤੇ ਨਾ ਹੀ

ਕਿਸੇ ਪੁੰਨ ਪਾਪ ਜਾਂ ਦੁਸ਼ਮਣਾਂ ਦੀ ਪਹੁੰਚ ਹੋ ਸਕਦੀ ਹੈ ਕਿਉਂਕਿ ਪ੍ਰਭੂ ਨੇ ਆਪਣੇ ਸੇਵਕ ਨੂੰ ਅੰਦਰੋਂ ਬਹੁਤ ਉੱਚਾ ਕਰ ਦਿੱਤਾ ਹੈ। ਇਸ ਲਈ ਹੀ ਤਾਂ ਅਜਿਹੇ ਠਾਕੁਰ ਦੇ ਨਾਮ ਨਾਲ ਜੀਵ ਨੂੰ ਜੋੜਿਆ ਹੈ ਜਿਹੜਾ ਆਪ ਵੀ ਉੱਚਾ ਅਤੇ ਉਸ ਦਾ ਨਾਮ ਵੀ ਉੱਚਾ ਹੈ। ਫਿਰ ਆਪਣੇ ਨਾਮ ਨਾਲ ਜੁੜੇ ਹੋਏ ਨੂੰ ਵੀ ਉੱਚਾ ਕਰ ਲੈਂਦਾ ਹੈ।

ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ ॥

(ਪੰਨਾ ੪੦੪)

ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥

(ਜਪੁ ਜੀ ਸਾਹਿਬ)

ਅਜਿਹੇ ਸੇਵਕ ਨੂੰ ਸੰਸਾਰ ਵੰਡਿਆ ਨਜ਼ਰ ਨਹੀਂ ਆਉਂਦਾ। ਉਸ ਨੂੰ ਤਾਂ ਸਗੋਂ ਹਰ ਪਾਸੇ ਆਪਣਾ ਠਾਕੁਰ ਨਜ਼ਰ ਆਉਂਦਾ ਹੈ। ਹਰ ਪਾਸੇ ਉਸ ਦਾ ਹੀ ਪਸਾਰਾ ਹੈ।

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥

(ਪੰਨਾ ੨੯੨)

ਇਸ ਕਰਕੇ ਹੀ ਸਤਿਗੁਰੂ ਜੀ ਨੇ ਜੀਵ ਨੂੰ ਕਿਸੇ ਦੇਵੀ ਦੇਵਤੇ ਦੇ ਨਾਮ ਨਾਲ ਜਾਂ ਆਪਣੇ ਹੀ ਸਰੀਰਕ ਨਾਮਾਂ ਨਾਲ ਜਿਹੜੇ ਉਨ੍ਹਾਂ ਨੂੰ ਸੰਸਾਰਕ ਤੌਰ 'ਤੇ ਮਿਲੇ ਸਨ, ਜਿਵੇਂ ਪਹਿਲੇ ਜਾਮੇ ਦਾ ਨਾਮ ਧੰਨ ਗੁਰੂ ਨਾਨਕ ਸਾਹਿਬ ਜੀ ਹੈ। ਦੂਜੇ ਜਾਮੇ ਦਾ ਨਾਮ ਧੰਨ ਗੁਰੂ ਅੰਗਦ ਸਾਹਿਬ ਜੀ ਹੈ। ਇਸ ਤਰ੍ਹਾਂ ਹੀ ਦਸ ਜਾਮਿਆਂ ਦੇ ਨਾਮ ਹਨ ਪਰ ਕਿਸੇ ਵੀ ਸਰੀਰਕ ਜਾਮੇ ਨਾਲ ਨਹੀਂ ਜੋੜਿਆ ਬਲਕਿ ਰੱਬੀ ਨਾਮ ਨਾਲ ਜੋੜ ਕੇ ਸਪੱਸ਼ਟ ਕੀਤਾ ਕਿ ਇਹ ਸਭ ਕੁਝ ਰੱਬ ਦਾ ਹੀ ਖਿਲਾਰਾ ਖਿਲਾਰਿਆ ਹੋਇਆ ਹੈ ਅਤੇ ਇਸ ਖਿਲਾਰੇ ਵਿਚੋਂ ਜਿਸ ਵੀ ਜੀਵ ਨੇ ਰੱਬ ਨਾਲ ਜੁੜਨਾ ਹੋਵੇ, ਉਸ ਕੋਲ ਰੱਬੀ ਨਾਮ ਭਾਵ ਠਾਕੁਰ ਦਾ ਨਾਮ ਹੀ ਹੋਣਾ ਚਾਹੀਦਾ ਹੈ। ਨਾਮ ਅਤੇ ਨਾਮੀ ਵਿਚ ਅੰਤਰ ਨਹੀਂ ਹੁੰਦਾ। ਅਸੀਂ ਆਮ ਕਰਕੇ ਜ਼ਿੰਦਗੀ ਵਿੱਚ ਦੇਖਦੇ ਹਾਂ ਕਿ ਜਿਸ ਨਾਲ ਕੰਮ ਹੋਵੇ, ਉਸੇ ਨੂੰ ਹੀ ਮਿਲਣਾ ਪੈਂਦਾ ਹੈ। ਇਹ ਨਹੀਂ ਹੋ ਸਕਦਾ ਕਿ ਕੰਮ ਕਿਸੇ ਨਾਲ ਹੋਵੇ ਅਤੇ ਅਸੀਂ ਕਿਸੇ ਹੋਰ ਨੂੰ ਹੀ ਮਿਲ ਲਈਏ। ਕੰਮ ਸਾਨੂੰ ਰੱਬ ਨਾਲ ਹੈ ਕਿਉਂਕਿ ਉਸ ਤੋਂ ਹੀ ਵਿਛੜ ਕੇ ਆਏ ਹਾਂ ਅਤੇ ਉਸ ਦੇ ਹੀ ਮਿਲਾਪ ਲਈ ਮਨੁੱਖਾ ਦੇਹੀ ਪ੍ਰਾਪਤ ਹੋਈ ਹੈ। ਦੂਜੀ ਵਿਚਾਰ ਹੈ ਕਿ ਜਿਸ ਨੂੰ ਮਿਲਣਾ ਹੋਵੇ ਫਿਰ ਨਾਮ ਵੀ ਉਸ ਦਾ ਹੀ ਹੋਣਾ ਚਾਹੀਦਾ ਹੈ। ਮਿਲਣ ਕਿਸੇ ਨੂੰ ਚੱਲੇ ਹਾਂ ਅਤੇ ਜੇਬ ਵਿਚ ਐਡਰੈੱਸ ਕਿਸੇ ਹੋਰ ਨਾਮ ਦਾ ਪਾ ਲਿਆ ਤਾਂ

ਇਸ ਤਰ੍ਹਾਂ ਮੰਜ਼ਿਲ ਨਹੀਂ ਮਿਲੇਗੀ ਬਲਕਿ ਭਟਕਣਾ ਵਿਚ ਵਾਧਾ ਹੋ ਸਕਦਾ ਹੈ। ਇਸ ਲਈ ਰੱਬੀ ਬਚਨ ਹਨ ਕਿ—

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥

(ਪੰਨਾ ੬੬੭)

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥

(ਪੰਨਾ ੪੬੫)

ਸਤਿਗੁਰੂ ਜੀ ਨੇ ਕਰਮ-ਕਾਂਡਾਂ ਦੇ ਭਰਮ ਵਿਚੋਂ ਕੱਢ ਕੇ ਸੱਚੇ ਨਾਮ ਦਾ ਧਰਮ ਜੀਵ ਨੂੰ ਬਖ਼ਸ਼ਿਸ਼ ਕੀਤਾ। ਅਜਿਹੇ ਠਾਕੁਰ ਦੇ ਨਾਮ ਦਾ ਭੋਜਨ ਕਰਨ ਵਾਲਾ ਇਕ ਚੰਗੇ ਸੱਚੇ ਸੁੱਚੇ ਜੀਵਨ ਵਾਲਾ ਹੁੰਦਾ ਹੈ ਅਤੇ ਅੰਤ ਪ੍ਰਮੇਸ਼ਰ ਰੂਪ ਹੋ ਜਾਂਦਾ ਹੈ।

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥

(ਪੰਨਾ ੭੨੮)

ਇਕ ਵਾਰੀ ਇਕ ਧਰਮਸ਼ਾਲਾ ਵਿਚ ਤਿੰਨ ਯਾਤਰੀ ਠਹਿਰੇ ਹੋਏ ਸਨ। ਪੁਰਾਤਨ ਸਮੇਂ ਅੰਦਰ ਅਜੋਕੇ ਸਮੇਂ ਵਾਂਗ ਆਵਾਜਾਈ ਦੇ ਬਹੁਤੇ ਸਾਧਨ ਨਾ ਹੋਣ ਕਰਕੇ ਅਕਸਰ ਲੋਕ ਧਰਮਸ਼ਾਲਾ ਆਦਿਕ ਨੂੰ ਰੈਣ ਬਸੇਰੇ ਲਈ ਵਰਤ ਲੈਂਦੇ ਸਨ। ਇਨ੍ਹਾਂ ਯਾਤਰੀਆਂ ਦੀ ਵਿਚਾਰਾਂ ਦੀ ਸਾਂਝ ਵੀ ਹੋ ਗਈ। ਤਿੰਨਾਂ ਨੇ ਇਸ ਸ਼ਹਿਰ ਵਿਚ ਆਉਣ ਦਾ ਕਾਰਨ ਵੀ ਦੱਸਿਆ। ਹੈਰਾਨੀ ਦੀ ਗੱਲ ਹੋਈ ਕਿ ਤਿੰਨੇ ਹੀ ਬੰਦੇ ਰਾਜ ਦਰਬਾਰ ਲਈ ਆਏ ਹੋਏ ਸਨ। ਦੂਜੇ ਦਿਨ ਤਿਆਰ ਹੋ ਕੇ ਰਾਜ ਦਰਬਾਰ ਚਲੇ ਗਏ ਪਰ ਉਨ੍ਹਾਂ ਵਿਚੋਂ ਇਕ ਨੂੰ ਬਹੁਤ ਹੀ ਅਦਬ ਸਤਿਕਾਰ ਮਿਲਿਆ। ਰਾਜੇ ਨੇ ਆਪਣੇ ਬਰਾਬਰ ਬਿਠਾਇਆ, ਚੰਗੀ ਸੇਵਾ ਕੀਤੀ ਪਰ ਦੂਜੇ ਵਿਚਾਰੇ ਦਰਬਾਰ ਵਿਚ ਭਾਲੇ ਹੋਏ ਵੀ ਨਾ ਲੱਭੇ। ਸ਼ਾਮ ਦੇ ਵਕਤ ਇਨ੍ਹਾਂ ਤਿੰਨਾਂ ਵਿਚੋਂ ਭਾਵੇਂ ਇਕ ਰਾਜੇ ਦੇ ਘਰ ਹੀ ਠਹਿਰ ਗਿਆ ਸੀ ਪਰ ਫਿਰ ਵੀ ਉਹ ਆਪਣੇ ਸਾਥੀਆਂ ਨੂੰ ਧਰਮਸ਼ਾਲਾ ਵਿਚ ਮਿਲਣ ਗਿਆ। ਬਾਕੀ ਦੋਵੇਂ ਯਾਤਰੀ ਬਹੁਤ ਹੈਰਾਨ ਸਨ ਕਿ ਗਏ ਤਾਂ ਅਸੀਂ ਵੀ ਰਾਜ ਦਰਬਾਰ ਹੀ ਸਾਂ ਪਰ ਨਾ ਸਾਨੂੰ ਕੋਈ ਮਾਣ-ਸਨਮਾਨ ਮਿਲਿਆ ਅਤੇ ਨਾ ਹੀ ਰਾਜੇ ਦੇ ਕੋਲ ਬੈਠਣਾ। ਬੈਠਣਾ ਤਾਂ ਇਕ ਪਾਸੇ, ਅਸੀਂ ਤਾਂ ਦੂਰ ਖਲੋ ਕੇ ਵੀ ਰਾਜੇ ਦੇ ਦਰਸ਼ਨ ਨਾ ਕਰ ਸਕੇ ਅਤੇ ਨਾ ਹੀ ਆਪਣੀ ਵੇਦਨਾ (ਦੁੱਖ) ਦੱਸ ਸਕੇ। ਆਖ਼ਿਰ ਉਨ੍ਹਾਂ ਨੇ ਪੁੱਛ ਹੀ ਲਿਆ ਕਿ ਤੂੰ ਅਜਿਹਾ ਕੀ ਕੀਤਾ ਸੀ ਜਿਸ ਨਾਲ ਤੇਰੇ ਅਤੇ ਸਾਡੇ ਵਰਤਾਵ ਵਿਚ ਏਨਾ ਫ਼ਰਕ ਆਇਆ ਹੈ। ਉਸ ਮਿੱਤਰ ਨੇ ਕਿਹਾ ਕਿ ਮੇਰੇ ਕੋਲ ਇਕ ਚਿੱਠੀ ਸੀ ਜਿਸ ਉੱਤੇ

ਨਾਮ ਲਿਖਿਆ ਹੋਇਆ ਸੀ। ਬਾਕੀ ਦੋ ਦੋਸਤ ਵੀ ਬੋਲੇ ਕਿ ਚਿੱਠੀ ਤਾਂ ਸਾਡੇ ਕੋਲ ਵੀ ਸੀ ਅਤੇ ਉਸ ਉੱਤੇ ਵੀ ਨਾਮ ਲਿਖੇ ਹੋਏ ਹਨ। ਉਸ ਮਿੱਤਰ ਨੇ ਦੋਵੇਂ ਚਿੱਠੀਆਂ ਦੇਖੀਆਂ। ਹੈਰਾਨੀ ਹੋਈ ਕਿ ਐਡਰੈੱਸ (ਪਤਾ) ਭਾਵੇਂ ਰਾਜ ਦਰਬਾਰ ਦਾ ਹੀ ਸੀ ਪਰ ਉਨ੍ਹਾਂ ਚਿੱਠੀਆਂ ਉੱਤੇ ਨਾਮ ਰਾਜੇ ਦੇ ਨੌਕਰਾਂ ਦੇ ਸਨ। ਜਿਹੜੇ ਆਪ ਹੀ ਨੌਕਰ ਸਨ ਉਹ ਰਾਜੇ ਨੂੰ ਕਿਵੇਂ ਮਿਲਾ ਸਕਦੇ ਸਨ। ਤੀਸਰੇ ਦੋਸਤ ਨੇ ਕਿਹਾ ਕਿ ਭਰਾਵੋ, ਆਪਾਂ ਸਾਰਿਆਂ ਨੂੰ ਕੰਮ ਭਾਵੇਂ ਰਾਜ ਦਰਬਾਰ ਨਾਲ ਹੀ ਸੀ। ਸਾਡੇ ਕੋਲ ਚਿੱਠੀਆਂ ਵੀ ਸਨ ਪਰ ਤੁਹਾਡੀਆਂ ਚਿੱਠੀਆਂ 'ਤੇ ਨਾਮ ਨੌਕਰਾਂ ਦੇ ਹਨ ਅਤੇ ਮੇਰੀ ਚਿੱਠੀ ਉੱਤੇ ਨਾਮ ਰਾਜੇ ਦਾ ਲਿਖਿਆ ਹੋਇਆ ਸੀ। ਨੌਕਰਾਂ ਨਾਲ ਸਾਂਝ ਰੱਖਣ ਵਾਲਾ ਨੌਕਰ ਤੱਕ ਪਹੁੰਚ ਸਕਦਾ ਹੈ ਪਰ ਮਾਲਿਕ ਦੇ ਨਾਮ ਨਾਲ ਸਾਂਝ ਰੱਖਣ ਵਾਲਾ ਮਾਲਿਕ ਤੱਕ ਪਹੁੰਚ ਸਕਦਾ ਹੈ।

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥

(ਪੰਨਾ ੨੨੯)

ਭਾਵ ਕਿ ਅਣਜਾਣ ਲੋਕ ਦਾਸੀ ਭਾਵ ਮਾਇਆ ਦੀ ਸੇਵਾ ਤਾਂ ਕਰ ਰਹੇ ਹਨ ਪਰ ਮਾਇਆ ਦਾ ਮਾਲਿਕ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਛਪੜ ਦੇ ਪਾਣੀ ਨੂੰ ਰਿੜਕ ਕੇ ਮੱਖਣ ਦੀ ਆਸ ਰੱਖੀ ਬੈਠਾ ਹੋਵੇ।

ਕਿਰਤ ਦਾ ਲੜ ਪਕੜ ਕੇ ਕਰਤੇ ਤੱਕ ਪਹੁੰਚਣਾ ਅਸੰਭਵ ਹੈ। ਭੁੱਲੜ ਸੰਸਾਰ ਕਿਰਤ ਨੂੰ ਕਰਤਾ ਸਮਝ ਕੇ ਪੂਜਦਾ ਰਹਿੰਦਾ ਹੈ ਪਰ ਸੱਚ ਹਕੀਕਤ ਹੈ ਕਿ ਕਿਰਤ ਦੀ ਥਾਂ ਕਰਤੇ ਦੀ ਟੇਕ ਲੈਣ ਵਾਲਾ ਕਰਤੇ ਦਾ ਰੂਪ ਹੋ ਜਾਂਦਾ ਹੈ। ਇਸ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਕਿਰਤ ਦੀ ਪੂਜਾ ਨਹੀਂ ਬਲਕਿ ਕਰਤੇ ਦੇ ਨਾਮ ਦੀ ਟੇਕ ਦੇਣ ਵਾਸਤੇ ਠਾਕੁਰ ਦੇ ਨਾਮ ਨਾਲ ਹੀ ਜੋੜਿਆ ਜਾਂਦਾ ਹੈ।

'ਠਾਕੁਰ' ਸ਼ਬਦ ਦੇ ਅਰਥ ਭਾਈ ਕਾਹਨ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿਚ ਤਿੰਨ ਕੀਤੇ ਹਨ। ਪਹਿਲਾ ਅਰਥ ਹੈ ਦੇਵਤਾ, ਦੂਜਾ ਸੁਆਮੀ, ਰਾਜਾ ਅਤੇ ਤੀਜਾ ਅਰਥ ਹੈ ਰਾਜਪੂਤਾਂ ਦੀ ਖ਼ਾਸ ਪਦਵੀ। ਗੁਰਬਾਣੀ ਵਿਚ ਵੀ ਠਾਕੁਰ ਬਹੁਤੀ ਵਾਰੀ ਮਾਲਿਕ, ਸੁਆਮੀ ਦੇ ਅਰਥਾਂ ਵਿਚ ਹੀ ਆਇਆ ਹੈ, ਪਰ ਫਿਰ ਵੀ ਚਲਾਕ ਲੋਕਾਂ ਨੇ ਠਾਕੁਰ ਸ਼ਬਦ ਨੂੰ ਪੱਥਰ ਨਾਲ ਜੋੜ ਦਿੱਤਾ। ਕਬੀਰ ਸਾਹਿਬ ਜੀ ਨੇ ਪੱਥਰ ਨੂੰ ਠਾਕੁਰ ਸਮਝ ਕੇ ਪੂਜਣ ਵਾਲਿਆਂ ਨੂੰ ਤਾੜਨਾ ਕੀਤੀ ਹੈ ਕਿ ਜਿਹੜੇ

ਲੋਕ ਬਾਜ਼ਾਰੋਂ ਪੱਥਰ ਖ਼ਰੀਦ ਕੇ ਉਸ ਨੂੰ ਹੀ ਠਾਕੁਰ ਸਮਝ ਕੇ ਪੂਜਦੇ ਹਨ, ਉਹ ਲੋਕ ਕਦੇ ਜ਼ਿੰਦਗੀ ਦੇ ਮਨੋਰਥ ਦਾ ਦੂਜਾ ਕਿਨਾਰਾ ਨਹੀਂ ਲੱਭ ਸਕਦੇ, ਉਹ ਤਾਂ ਸਦਾ ਭੁੱਲੇ ਭਟਕੇ ਰਹਿੰਦੇ ਹਨ। ਕਬੀਰ ਸਾਹਿਬ ਜੀ ਦੇ ਬਚਨ ਹਨ—

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥

(ਪੰਨਾ ੧੩੭੧)

ਭਗਤ ਕਬੀਰ ਜੀ ਦੇ ਬਚਨਾਂ ਵਿਚ ਹੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਸਪੱਸ਼ਟ ਕਰ ਦਿੱਤਾ ਹੈ ਅਤੇ ਦੋਵੇਂ ਠਾਕੁਰਾਂ ਦੀ ਤੁਲਨਾ ਕੀਤੀ ਹੈ ਕਿ ਹੇ ਭੁੱਲੜ ਪੱਥਰ ਪੂਜਕ ਵੀਰ! ਇਕ ਪਾਸੇ ਤੇਰਾ ਸਮਝਿਆ ਹੋਇਆ ਪੱਥਰ ਠਾਕੁਰ ਹੈ ਅਤੇ ਦੂਜੇ ਸ਼ਬਦਾਂ ਵਿਚ ਮੇਰਾ ਅਸਲ ਮਾਲਿਕ ਪ੍ਰਮੇਸ਼ਰ ਜੀ ਠਾਕੁਰ ਹੈ। ਦੋਨਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸਤਿਗੁਰੂ ਜੀ ਨੇ ਕਿਰਪਾ ਕਰ ਦਿੱਤੀ ਤਾਂ ਕਿ ਕੋਈ ਕਬੀਰ ਸਾਹਿਬ ਦੇ ਠਾਕੁਰ ਪ੍ਰਤੀ ਸ਼ੰਕਾ ਨਾ ਰੱਖ ਸਕੇ।

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥
ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥
ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੨॥

(ਪੰਨਾ ੧੧੬੦)

ਸੋ ਠਾਕੁਰ ਤੋਂ ਭਾਵ ਪਰਮ ਪਿਤਾ ਪਰਮੇਸ਼ਰ ਦਾ ਨਾਮ ਰੱਖਿਆ ਹੈ।

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ.....

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਰੂਪ ਥਾਲ ਵਿਚ ਤਿੰਨ ਵਸਤੂਆਂ ਹਨ—ਸਤ, ਸੰਤੋਖ, ਵੀਚਾਰੋ ਅਤੇ ਅੰਮ੍ਰਿਤ ਨਾਮ ਠਾਕੁਰ ਕਾ। ਪਹਿਲੀਆਂ ਦੋ ਵਸਤੂਆਂ ਨਾਲ ਹਜ਼ੂਰ ਸੱਚੇ ਪਾਤਿਸ਼ਾਹ ਜੀ ਨੇ ਕੋਈ ਵਿਸ਼ੇਸ਼ਣ ਨਹੀਂ ਲਾਇਆ ਕਿਉਂਕਿ ਸਾਰੀ ਦੁਨੀਆਂ ਦਾ ਹੀ ਸਤ ਇਕੋ ਤਰ੍ਹਾਂ ਦਾ ਹੈ, ਸਤ ਦੇ ਕੋਈ ਦੋ ਰੂਪ ਨਹੀਂ। ਉਸ ਤਰ੍ਹਾਂ ਹੀ ਸੰਤੋਖ ਦਾ ਵੀ ਇਕੋ ਹੀ ਰੂਪ ਹੈ। ਕੋਈ ਕਿਸੇ ਦੇਸ਼, ਧਰਮ, ਮਜ਼੍ਹਬ, ਕੁਲ, ਜਾਤ ਬਿਰਾਦਰੀ ਦਾ ਹੋ ਸਕਦਾ ਹੈ ਪਰ ਸਤ ਤੇ ਸੰਤੋਖ ਨੂੰ ਕੋਈ ਨਹੀਂ ਕਹਿ ਸਕਦਾ ਕਿ ਸੰਤੋਖ ਕਿਸੇ ਦੇਸ਼ ਧਰਮ ਜਾਂ ਨਸਲ ਨਾਲ ਸੰਬੰਧ ਰੱਖਦਾ ਹੈ। ਸਤ ਸੰਤੋਖ ਸਭ ਦਾ ਹੀ ਇਕੋ ਜਿਹਾ ਹੈ। ਕਿਸੇ ਦਾ ਵੀ ਵੱਡਾ ਛੋਟਾ, ਉੱਚਾ

ਨੀਵਾਂ ਨਹੀਂ ਹੋ ਸਕਦਾ। ਪਰ ਜਦੋਂ ਨਾਮ ਦੀ ਗੱਲ ਚਲਦੀ ਹੈ ਤਾਂ ਹਰ ਧਰਮ ਦਾ, ਹਰ ਮੁਰਸ਼ਿਦ ਦਾ ਆਪਣਾ ਨਾਮ ਹੈ। ਧਰਮ ਦੀ ਦੁਨੀਆਂ ਵਿਚ ਨਾਮ ਦੇ ਬਾਰੇ ਵਿੱਚ ਬਹੁਤ ਹੀ ਭਿੰਨਤਾ ਹੈ। ਸਤਿਗੁਰੂ ਜੀ ਨੇ ਕਿਰਪਾ ਕਰਕੇ ਨਾਮ ਨਾਲ ਦੋ ਵਿਸ਼ੇਸ਼ਣ ਲਗਾ ਕੇ ਨਾਮ ਦੀ ਵਿਸ਼ੇਸ਼ਤਾ ਪ੍ਰਗਟ ਕੀਤੀ ਹੈ ਕਿ ਨਾਮ ਕਿਸ ਦਾ ਹੋਵੇ ਅਤੇ ਨਾਮ ਦੀ ਖ਼ੂਬੀ ਕੀ ਹੋਵੇ। 'ਅੰਮ੍ਰਿਤ ਨਾਮ ਠਾਕੁਰ ਕਾ ਪਇਓ' ਦਾ ਅਰਥ ਹੈ ਕਿ ਨਾਮ ਉਹ ਹੋਵੇ ਜਿਹੜਾ ਆਪ ਮ੍ਰਿਤੂ ਨਾਲ ਸੰਬੰਧ ਰੱਖਣ ਵਾਲਾ ਨਾ ਹੋਵੇ ਤਦ ਹੀ ਤਾਂ ਜਪਣ ਵਾਲਾ ਮੌਤ ਤੋਂ ਮੁਕਤ ਹੋ ਸਕਦਾ ਹੈ। ਪਹਿਲੀ ਵਿਸ਼ੇਸ਼ਤਾ ਹੈ ਕਿ ਅੰਮ੍ਰਿਤ ਨਾਮ ਹੈ। ਦੂਜੀ ਵਿਸ਼ੇਸ਼ਤਾ ਹੈ ਕਿ ਨਾਮ ਕਿਸ ਦਾ ਹੋਵੇ ਤਾਂ ਸਪੱਸ਼ਟ ਹੈ ਕਿ ਨਾਮ ਠਾਕੁਰ ਦਾ ਹੋਵੇ ਭਾਵ ਕਿਸੇ ਆਮ ਦਾ ਨਹੀਂ ਬਲਕਿ ਪ੍ਰਮੇਸ਼ਰ ਦਾ ਖ਼ੁਦ ਦਾ ਨਾਮ ਹੈ।

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ......

ਜਿਸ ਕਾ ਸਭਸੁ ਅਧਾਰੋ

ਸਮੁੱਚੀ ਦੁਨੀਆਂ ਵਿੱਚ ਹਰ ਚੀਜ਼ ਨੂੰ ਕਿਸੇ ਨਾ ਕਿਸੇ ਚੀਜ਼ ਦਾ ਸਹਾਰਾ ਹੈ। ਜਿਹੜੀ ਚੀਜ਼ ਦਾ ਸਹਾਰਾ ਜਿੰਨਾ ਅਡੋਲ ਹੋਵੇਗਾ, ਓਨੀ ਹੀ ਉਸ ਦੇ ਜੀਵਨ ਵਿੱਚ ਅਡੋਲਤਾ ਹੋਵੇਗੀ। ਜਿਵੇਂ ਜਿਹੜੇ ਦਰੱਖ਼ਤਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ, ਉਹ ਉਤਨਾ ਹੀ ਝੱਖੜਾਂ ਹਨੇਰੀਆਂ ਵਿੱਚ ਅਡੋਲ ਰਹਿੰਦਾ ਹੈ। ਜਿਹੜੇ ਮਕਾਨ ਦੀ ਨੀਂਹ ਬਹੁਤ ਡੂੰਘੀ ਹੋਵੇ, ਉਸ ਦੀ ਉਪਰਲੀ ਉਸਾਰੀ ਨੂੰ ਓਨਾ ਹੀ ਡਿੱਗਣ ਦਾ ਡਰ ਘਟ ਜਾਂਦਾ ਹੈ। ਭੁੱਲੜ ਲੋਕ ਬੇਸਹਾਰਿਆਂ ਨੂੰ ਸਹਾਰਾ ਬਣਾ ਲੈਂਦੇ ਹਨ। ਜਦੋਂ ਜ਼ਿੰਦਗੀ ਦੀਆਂ ਮਜਬੂਰੀਆਂ ਦਾ ਝੱਖੜ ਝੁਲਦਾ ਹੈ ਤਾਂ ਬੇਸਹਾਰਾ ਕਿਵੇਂ ਸਹਾਰਾ ਦੇ ਸਕਦਾ ਹੈ ? ਫਿਰ ਅਜਿਹੇ ਸਹਾਰਾ ਤੱਕਣ ਵਾਲੇ ਲੋਕ ਆਖ਼ਿਰ ਪਛਤਾਵਾ ਕਰਦੇ ਹਨ।

"ਸਭਸੁ" ਸ਼ਬਦ ਦਾ ਅਰਥ ਅਸੀਂ ਬਹੁਤ ਵਾਰੀ ਸਤ, ਸੰਤੋਖ ਅਤੇ ਵਿਚਾਰ ਦਾ ਆਧਾਰ ਹੀ ਕਰ ਦਿੰਦੇ ਹਾਂ ਭਾਵ ਕਿ ਨਾਮ ਹੀ ਇਨ੍ਹਾਂ ਸਭ ਚੀਜ਼ਾਂ ਦਾ ਆਧਾਰ ਹੈ ਜਦਕਿ ਸਾਹਿਬ ਸਿੰਘ ਜੀ ਹੋਰਾਂ ਨੇ ਸਭਸੁ ਦਾ ਅਰਥ ਹਰ ਇਕ ਚੀਜ਼ ਦਾ ਅਧਾਰ ਬਣਾਇਆ ਹੈ। ਗੁਰਬਾਣੀ ਦਾ ਪਾਠ ਕਰਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਾਮ ਹੀ ਸਭ ਕੁਝ ਦਾ ਆਧਾਰ ਭਾਵ ਆਸਰਾ ਹੈ। ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਬਚਨ ਹਰ ਰੋਜ਼ ਪੜ੍ਹਦੇ ਹਾਂ ਕਿ—

ਸਾਚਾ ਨਾਮੁ ਮੇਰਾ ਆਧਾਰੋ ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥

(ਅਨੰਦੁ ਸਾਹਿਬ)

ਗੁਰੂ ਰਾਮਦਾਸ ਜੀ ਵੀ ਇਹੋ ਬਚਨ ਕਰਦੇ ਹਨ—

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥

(ਸੋਹਿਲਾ ਸਾਹਿਬ)

ਪੁਰਾਣੇ ਸਮੇਂ ਅੰਦਰ ਧਰਮ ਦੀ ਦੁਨੀਆਂ ਦਾ ਇਕ ਖ਼ਿਆਲ ਬਹੁਤ ਪ੍ਰਚਲਿਤ ਸੀ ਕਿ ਧਰਤੀ ਦੇ ਥੱਲੇ ਇਕ ਬੈਲ ਖਲੋਤਾ ਹੈ ਜਿਸ ਨੇ ਆਪਣੇ ਸਿੰਗਾਂ ਉੱਤੇ ਧਰਤੀ ਦਾ ਭਾਰ ਸੰਭਾਲਿਆ ਹੋਇਆ ਹੈ। ਧੰਨ ਗੁਰੂ ਨਾਨਕ ਸਾਹਿਬ ਜੀ

ਮਹਾਰਾਜ ਨੇ ਬਾ-ਦਲੀਲ ਬਚਨ ਕੀਤੇ ਕਿ ਜੇਕਰ ਧਰਤੀ ਦਾ ਭਾਰ ਇਕ ਬੈਲ ਸੰਭਾਲਦਾ ਹੈ ਤਾਂ ਫਿਰ ਬੈਲ ਦਾ ਭਾਰ ਕੋਈ ਹੋਰ ਧਰਤੀ ਸੰਭਾਲਦੀ ਹੋਵੇਗੀ ਅਤੇ ਉਸ ਧਰਤੀ ਦੇ ਭਾਰ ਲਈ ਇਕ ਹੋਰ ਬੈਲ ਹੋਵੇਗਾ ਭਾਵ ਇਹ ਸਿਲਸਿਲਾ ਛੋਟਾ ਨਹੀਂ ਅਤੇ ਨਾ ਹੀ ਇਹ ਸੱਚ ਹੈ। ਸੱਚ ਤਾਂ ਅਸਲ ਵਿੱਚ ਇਹ ਹੈ ਕਿ ਪਰਮਾਤਮਾ ਨੇ ਹੀ ਆਪਣੇ ਸਹਾਰੇ ਇਕ ਧਰਤੀ ਹੀ ਨਹੀਂ ਬਲਕਿ ਸਮੁੱਚੀ ਕਾਇਨਾਤ ਸੰਭਾਲੀ ਹੋਈ ਹੈ। ਅੰਧ ਵਿਸ਼ਵਾਸ ਦੀ ਦੁਨੀਆਂ ਲਈ ਇਹ ਕਿੰਨੇ ਕਰਾਂਤੀਕਾਰੀ ਬਚਨ ਹਨ ਕਿ—

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

(ਜਪੁ ਜੀ ਸਾਹਿਬ)

ਲੋਕ ਪ੍ਰਲੋਕ ਭਾਵ ਹਰ ਪਾਸੇ ਇਕ ਹੀ ਸਹਾਰਾ ਹੈ ਅਤੇ ਇਹੋ ਸਭ ਦਾ ਸਹਾਰਾ ਹੈ।

ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ ਸਾਹਿਬੁ ਏਕ ॥

(ਪੰਨਾ ੧੧੬੭)

ਨਿਰੰਕਾਰ ਹੀ ਸਾਰੀ ਕਾਇਨਾਤ ਪੈਦਾ ਕਰਕੇ ਆਪ ਹੀ ਉਸ ਦੀ ਸੰਭਾਲ ਕਰ ਰਿਹਾ ਹੈ। ਕਬੀਰ ਸਾਹਿਬ ਨੇ ਨਿਰੇ ਅਕਲਾਂ ਦੇ ਵਪਾਰੀਆਂ ਨੂੰ ਧਰਮ ਦੀ ਵਿਚਾਰ ਸਮਝਾਉਂਦਿਆਂ ਹੋਇਆਂ ਬਚਨ ਆਖੇ ਹਨ ਕਿ ਦਸ, ਭਲਾ ਤਾਰਿਆਂ ਦਾ ਚਿਤੇਰਾ ਕੌਣ ਹੈ ? ਅਕਾਸ਼ ਕਿਸ ਦੇ ਸਹਾਰੇ ਖਲੋਤਾ ਹੈ ? ਇਹ ਗੱਲ ਨਿਰੀ ਅਕਲਾਂ ਦੇ ਸਹਾਰਿਆਂ ਨਾਲ ਗੱਲਾਂ ਕਰਨ ਵਾਲਿਆਂ ਨੂੰ ਸਮਝ ਨਹੀਂ ਪੈਂਦੀ ਬਲਕਿ ਇਸ ਭੇਦ ਦਾ ਉਹੋ ਹੀ ਵਾਕਫ਼ ਹੁੰਦਾ ਹੈ ਜਿਹੜਾ ਖ਼ੁਦ ਨਾਮ ਨੂੰ ਸਹਾਰਾ ਬਣਾ ਕੇ ਗੁਰਮੁਖ ਬਣ ਜਾਂਦਾ ਹੈ। ਉਹ ਹੀ ਭਾਗਾਂ ਵਾਲਾ ਅਤੇ ਸਿਆਣਾ ਹੁੰਦਾ ਹੈ—

ਓਇ ਜੁ ਦੀਸਹਿ ਅੰਬਰਿ ਤਾਰੇ ॥
ਕਿਨਿ ਓਇ ਚੀਤੇ ਚੀਤਨਹਾਰੇ ॥
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥
ਬੂਝੈ ਬੂਝਨਹਾਰੁ ਸਭਾਗਾ ॥੧॥ਰਹਾਉ ॥
ਸੂਰਜ ਚੰਦੁ ਕਰਹਿ ਉਜੀਆਰਾ ॥
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥

ਕਹੁ ਕਬੀਰ ਜਾਨੈਗਾ ਸੋਇ॥
ਹਿਰਦੈ ਰਾਮੁ ਮੁਖਿ ਰਾਮੈ ਹੋਇ॥੩॥੨੯॥

(ਪੰਨਾ ੩੨੯)

ਧਰਮੀ ਪੁਰਖ ਦੇ ਜੀਵਨ ਵਿੱਚ ਅਡੋਲਤਾ ਦਾ ਕਾਰਨ ਉਸ ਦਾ ਵਿਸ਼ਵਾਸ ਹੁੰਦਾ ਹੈ। ਜਿਸ ਅੰਦਰ ਇਹ ਵਿਸ਼ਵਾਸ ਪੈਦਾ ਹੋ ਜਾਵੇ ਕਿ ਜੋ ਕੁਝ ਪ੍ਰਮਾਤਮਾ ਕਰਦਾ ਹੈ, ਉਹੋ ਕੁਝ ਹੁੰਦਾ ਹੈ ਤਾਂ ਜੀਵ ਕਦੇ ਝੁਰਦਾ ਨਹੀਂ ਬਲਕਿ ਰੱਬੀ ਮੌਜ ਵਿਚ ਅਨੰਦ ਲੈਂਦਾ ਹੈ। ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਪਰਮਾਤਮਾ ਹੀ ਸਭ ਦਾ ਮਾਲਿਕ ਹੈ, ਉਹ ਹੀ ਅਤਿ ਦਾ ਸੁੰਦਰ ਹੈ, ਸਭ ਦਾ ਸਹਾਰਾ ਪ੍ਰਮਾਤਮਾ ਹੀ ਹੈ।

ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ॥
ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ॥

(ਪੰਨਾ ੩੦੧)

ਤੂ ਇਕੋ ਦਾਤਾ ਸਭਸ ਦਾ ਹਰਿ ਪਹਿ ਅਰਦਾਸਿ॥
ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ ਸੋ ਜਨੁ ਸਾਬਾਸਿ॥

(ਪੰਨਾ ੫੪੯)

ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ॥
ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ॥

(ਪੰਨਾ ੬੭੦)

ਧੰਨ ਗੁਰੂ ਰਾਮਦਾਸ ਸਾਹਿਬ ਜੀ ਦਾ ਪਾਵਨ ਫ਼ੁਰਮਾਨ ਹੈ ਕਿ ਸਾਰੇ ਜੀਵ ਤੇਰੇ ਪੈਦਾ ਕੀਤੇ ਹੋਣ ਕਰਕੇ ਇਹ ਜੀਵ ਤੇਰੇ ਹੀ ਹਨ ਅਤੇ ਇਹ ਸਾਰੇ ਜੀਵਨ ਤੇਰੇ ਹੀ ਦਰ ਤੋਂ ਮੰਗਦੇ ਹਨ। ਤੇਰੀ ਹੀ ਇਬਾਦਤ ਕਰਦੇ ਹਨ। ਤੂੰ ਸਭਨਾਂ ਦਾ ਮਾਲਿਕ ਹੋਣ ਕਰਕੇ ਸਭ ਨੂੰ ਦਾਤਾਂ ਦਿੰਦਾ ਹੈਂ।

ਹਰਿ ਤੂਹੈ ਦਾਤਾ ਸਭਸ ਦਾ ਸਭਿ ਜੀਅ ਤੁਮ੍ਾਰੇ॥
ਸਭਿ ਤੁਧੈ ਨੋ ਆਰਾਧਦੇ ਦਾਨੁ ਦੇਹਿ ਪਿਆਰੇ॥

(ਪੰਨਾ ੧੩੧੮)

ਸੋ ਨਾਮ ਕੇਵਲ ਸਤ ਅਤੇ ਸੰਤੋਖ ਦਾ ਹੀ ਅਧਾਰ ਨਹੀਂ ਬਲਕਿ ਹਰ ਚੀਜ਼ ਦਾ ਹੀ ਸਹਾਰਾ ਅਸਲ ਵਿੱਚ ਨਾਮ ਹੈ। ਪੰਚਮ ਪਿਤਾ ਜੀ ਦੇ ਪਾਵਨ ਬੋਲ ਹਨ :—

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥

(ਪੰਨਾ ੨੮੪)

ਗੁਰਮਤਿ ਅਨੁਸਾਰ ਗੁਰਸਿੱਖੀ ਅੰਦਰ ਇਹ ਵਿਚਾਰ ਬਿਲਕੁਲ ਪ੍ਰਗਟ ਹੋ ਜਾਂਦਾ ਹੈ ਕਿ ਸਭ ਕੁਝ ਨਾਮ ਦੇ ਆਸਰੇ ਹੈ ਜਾਂ ਨਾਮ ਸਭ ਕੁਝ ਦਾ ਆਧਾਰ ਹੈ, ਸੋ ਇਸ ਕਰਕੇ ਗੁਰਸਿੱਖੀ ਅੰਦਰ ਨਾਮ ਦੀ ਟੇਕ ਲਈ ਗਈ ਹੈ। ਅਨੇਕਾਂ ਥਾਵਾਂ 'ਤੇ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਬਖ਼ਸ਼ਿਆ ਉਪਦੇਸ਼ ਨਾਮ ਜਪਣ ਲਈ ਹੀ ਸੀ। ਸਿਧ ਗੋਸ਼ਟਿ ਦਾ ਤੱਤ ਸਾਰ ਜਾਂ ਸਾਰੀ ਸਿੱਧਾਂ ਦੀ ਵਿਚਾਰ-ਚਰਚਾ ਦਾ ਮੂਲ ਨਾਮ 'ਤੇ ਹੀ ਅਧਾਰਿਤ ਕਰਕੇ ਸਤਿਗੁਰੂ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ ਸੀ। ਗੁਰੂ ਅੰਗਦ ਸਾਹਿਬ ਜੀ ਨੇ ਆਪ ਹੀ ਦੇਵੀ ਦੇਵਤਿਆਂ ਦੀ ਇਬਾਦਤ ਤਿਆਗ ਕੇ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਚਰਨ ਸ਼ਰਨ ਕਬੂਲ ਕਰ ਲਈ ਸੀ, ਕਿਉਂਕਿ ਜੋ ਸੁਖ ਨਾਮ ਅਧਾਰ ਬਣਾ ਕੇ ਬਣਿਆ ਸੀ, ਉਹ ਸੁਖ ਹੋਰ ਥਾਵਾਂ 'ਤੇ ਪ੍ਰਾਪਤ ਨਹੀਂ ਹੋਇਆ ਸੀ। ਗੁਰੂ ਅਮਰਦਾਸ ਜੀ ਦੇ ਅੰਦਰ ਭਲੇ ਗੁਣ ਪ੍ਰਵੇਸ਼ ਕਰ ਗਏ ਜਦੋਂ ਉਹਨਾਂ ਸਾਚਾ ਨਾਮ ਮੇਰਾ ਅਧਾਰੋ ਦਾ ਮੁਕਾਮ ਹਾਸਿਲ ਕਰ ਲਿਆ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀਆਂ ਤਾਂ ਦੋ ਤਸਵੀਰਾਂ ਹਰ ਸ਼ਰਧਾਲੂ ਨੂੰ ਨਾਮ ਦਾ ਆਸਰਾ ਲੈਣ ਲਈ ਪ੍ਰੇਰਿਤ ਕਰਦੀਆਂ ਹਨ। ਇਕ ਤਸਵੀਰ ਉਹ ਹੈ ਜਦੋਂ ਆਪਣਾ ਅਤੇ ਆਪਣੀ ਪਿਆਰੀ ਨਾਨੀ ਦਾ ਪੇਟ ਭਰਨ ਲਈ ਘੁੰਗਣੀਆਂ ਵੇਚਣੀਆਂ, ਪਰ ਕੁਰੱਖ਼ਤ ਲੋਕ ਘੁੰਗਣੀਆਂ ਵੇਚ ਕੇ ਵੀ ਗੁਜ਼ਾਰਾ ਨਹੀਂ ਸਨ ਕਰਨ ਦਿੰਦੇ। ਅਨਾਥ ਹੋਣ ਕਰਕੇ ਉਨ੍ਹਾਂ ਦੀ ਕੋਈ ਗੱਲ ਵੀ ਨਹੀਂ ਸੀ ਪੁੱਛਦਾ ਤਾਂ ਕਿ ਕੁਝ ਮੰਗ ਨਾ ਲਵੇ ਅਤੇ ਆਪਣਾ ਕੋਈ ਦੁਖੜਾ ਹੀ ਨਾ ਸੁਣਾ ਦੇਵੇ। ਦੂਸਰੀ ਤਸਵੀਰ ਉਹ ਹੈ ਕਿ 'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ' ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਕੀਤਾ ਪਰ ਟੇਕ ਨਾਮ ਦੀ ਹੀ ਰੱਖੀ ਜਿਸ ਕਰਕੇ ਨਾਮ ਦੀ ਟੇਕ ਰੱਖਣ ਵਾਲੇ ਰਾਹਾਂ ਵਿਚ ਭਟਕਣ ਵਾਲੇ ਨਹੀਂ ਹੁੰਦੇ, ਉਹ ਤਾਂ ਸਗੋਂ ਪ੍ਰਮੇਸ਼ਰ ਦਾ ਹੀ ਰੂਪ ਹੋ ਜਾਂਦੇ ਹਨ। 'ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥'

ਦੇ ਪਵਿੱਤਰ ਮਹਾਂਵਾਕ ਅਨੁਸਾਰ ਬਾਬਾ ਜੇਠਾ ਜੀ ਵੀ ਪ੍ਰਮੇਸ਼ਰ ਸਰੂਪ ਹੋ ਗਏ ਸਨ। ਉਨ੍ਹਾਂ ਨੂੰ ਫਿਰ ਕੋਈ ਜੇਠਾ ਅਨਾਥ ਕਹਿ ਕੇ ਨਹੀਂ ਪੁਕਾਰਦਾ ਸੀ। ਫਿਰ ਤਾਂ ਸਗੋਂ—

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥

(ਪੰਨਾ ੯੬੮)

ਸਿੱਖਾਂ ਅਤੇ ਸੰਗਤਾਂ ਨੇ ਪਾਰਬ੍ਰਹਮ ਕਰਕੇ ਨਮਸਕਾਰ ਕੀਤੀ। ਇਹ ਸਭ ਕੁਝ ਨਾਮ ਅਧਾਰ ਟੇਕ ਦਾ ਹੀ ਤਾਂ ਕਮਾਲ ਸੀ। ਗੁਰੂ ਅਰਜਨ ਪਾਤਿਸ਼ਾਹ ਜੀ ਦੇ ਮਿਠੜੇ ਬੋਲ 'ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥' ਸਾਰੀ ਜ਼ਿੰਦਗੀ ਇਹ ਅੰਮ੍ਰਿਤ ਬੋਲ ਗਾਏ ਹੀ ਨਹੀਂ ਬਲਕਿ ਤੱਤੀ ਤਵੀ 'ਤੇ ਬੈਠ ਕੇ ਵੀ ਇਹੋ ਮੰਗ ਕੀਤੀ ਸੀ—

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

(ਪੰਨਾ ੩੯੪)

ਇਸ ਤਰ੍ਹਾਂ ਹੀ ਛੇਵੇਂ ਪਾਤਿਸ਼ਾਹ, ਸੱਤਵੇਂ ਪਾਤਿਸ਼ਾਹ, ਅੱਠਵੇਂ ਪਾਤਿਸ਼ਾਹ, ਨੌਵੇਂ ਪਾਤਿਸ਼ਾਹ ਅਤੇ ਗੁਰੂ ਕਲਗੀਧਰ ਪਿਤਾ ਜੀ ਨੇ ਵੀ ਨਾਮ ਦੀ ਹੀ ਟੇਕ ਆਪ ਰੱਖ ਕੇ ਅੱਗੋਂ ਨਾਮ ਦੀ ਹੀ ਟੇਕ ਰੱਖਣ ਦਾ ਉਪਦੇਸ਼ ਦਿੱਤਾ।

ਸਿੱਖ ਇਤਿਹਾਸ ਵਿਚ ਅਥਾਹ ਕੁਰਬਾਨੀ ਨਾਮ ਦੀ ਟੇਕ ਰੱਖਣ ਵਾਲੇ ਗੁਰਮੁਖਿਆਂ ਦੀਆਂ ਹੀ ਤਾਂ ਗਾਥਾਵਾਂ ਹਨ। ਵਕਤੀ ਹਾਕਮ ਨੇ ਪਰਖ ਦੇ ਸਾਧਨ ਭਾਵੇਂ ਕਈ ਵਾਰੀ ਬਦਲ ਕੇ ਦੇਖ ਲਏ ਪਰ ਕੁਰਬਾਨੀਆਂ ਦੇ ਵਣਜਾਰਿਆਂ ਨੇ ਕਦੇ ਨਾਮ ਦੀ ਟੇਕ ਨਹੀਂ ਬਦਲੀ। ਹਾਕਮਾਂ ਨੇ ਕਦੇ ਤੱਤੀਆਂ ਤਵੀਆਂ ਵਰਤੀਆਂ, ਕਦੇ ਆਰੇ ਵਰਤੇ, ਕਦੇ ਉਬਲਦੀਆਂ ਦੇਗਾਂ ਵਰਤੀਆਂ, ਕਦੇ ਖੋਪਰ ਉਤਾਰੇ, ਕਦੇ ਬੰਦ ਬੰਦ ਕਟੇ, ਕਦੇ ਚਰਖੜੀਆਂ 'ਤੇ ਚਾੜ੍ਹੇ, ਕਦੇ ਧਰਤੀ ਵਿਚ ਗੱਡੇ, ਕਦੇ ਫਾਂਸੀ ਦੇ ਰੱਸੇ ਗਲ ਵਿਚ ਪਾਏ, ਕਦੇ ਅੱਗ ਨਾਲ ਸਾੜੇ, ਕਦੇ ਬੱਚਿਆਂ ਦੇ ਕਲੇਜੇ ਮੂੰਹ ਵਿਚ ਪਾਏ, ਕਦੇ ਬੱਚਿਆਂ ਦੇ ਟੋਟੇ ਟੋਟੇ ਕਰਕੇ ਹਾਰ ਪਰੋ ਕੇ ਸਿਦਕੀ ਬੀਬੀਆਂ ਦੇ ਗਲੇ ਵਿਚ ਪਾਏ, ਕਦੇ ਮਸਤ ਹਾਥੀ ਨਾਲ ਲੜਾ ਕੇ ਵੇਖਿਆ, ਘਲੂਘਾਰਿਆਂ ਦੇ ਰੂਪ ਵਿਚ ਸਿੱਖੀ ਦਾ ਘਾਣ ਕਰਕੇ ਦੇਖਿਆ, ਕਦੇ ਘਰ ਉਜਾੜ ਕੇ ਵੇਖਿਆ ਭਾਵ ਹਰ ਤਰੀਕਾ ਵਰਤ ਕੇ ਵੇਖਿਆ ਪਰ ਨਾਮ ਦੀ ਟੇਕ ਕਦੇ ਕਮਜ਼ੋਰ ਸਾਬਿਤ ਨਹੀਂ ਹੋਈ। ਪੂਰਨ ਤੌਰ 'ਤੇ ਸਿਰਫ਼ ਇਕ ਗਾਥਾ ਪ੍ਰਤੱਖ ਸਬੂਤ ਬਣ ਜਾਂਦੀ ਹੈ।

ਗੁਰਦਾਸਪੁਰ ਦੇ ਇਲਾਕੇ ਵਿੱਚ ਇਕ ਪਰਿਵਾਰਿਕ ਜੋੜਾ ਰਹਿੰਦਾ ਸੀ। ਪਤੀ ਭਾਈ ਰੱਤਾ ਕੇਵਲ ਨਾਂ ਦਾ ਹੀ ਰੱਤਾ ਨਹੀਂ ਸਗੋਂ ਅੰਦਰੋਂ ਵੀ ਨਾਮ ਨਾਲ ਰੱਤਾ ਹੋਇਆ ਸੀ। ਬੀਬੀ ਹੁਕਮੀ ਵੀ ਕੇਵਲ ਨਾਮ ਦੀ ਹੁਕਮੀ ਨਹੀਂ ਸੀ ਸਗੋਂ ਸੱਚ ਵਿੱਚ ਅਤੇ ਰੱਬੀ ਹੁਕਮ ਵਿੱਚ ਤੁਰਨ ਵਾਲੀ ਸੀ। ਰੱਬੀ ਰਹਿਮਤ ਨਾਲ ਇਸ ਪਰਿਵਾਰ ਵਿੱਚ ਇਕ ਨਵਾਂ ਫੁੱਲ ਖਿੜਿਆ ਭਾਵ ਇਕ ਪੁੱਤਰ ਦਾ ਜਨਮ ਹੋਇਆ। ਮਾਪਿਆਂ ਨੇ ਗੁਰਮਤਿ ਦੀਆਂ ਲੋਰੀਆਂ ਦੇ ਕੇ ਪਾਲਣਾ ਸ਼ੁਰੂ ਕੀਤਾ ਹੀ ਸੀ ਕਿ ਮਾਤਾ ਦੇ ਸੁਆਸਾਂ ਦੀ ਪੂੰਜੀ ਮੁੱਕ ਗਈ। ਮਾਂ ਦਾ ਸਾਇਆ ਭਾਵੇਂ ਉਠ ਗਿਆ ਸੀ ਪਰ ਫਿਰ ਵੀ ਘਰ ਵਿਚ ਪਿਤਾ ਦਾ ਆਸਰਾ ਨਜ਼ਰ ਆਉਂਦਾ ਸੀ। ਕੁਝ ਇਕ ਜ਼ਿੰਦਗੀਆਂ ਉਹ ਹੁੰਦੀਆਂ ਹਨ ਜਿਹੜੀਆਂ ਧਰਮ ਦੀ ਦੁਨੀਆਂ ਦੀਆਂ ਉਦਾਹਰਨਾਂ ਬਣਦੀਆਂ ਹਨ। ਰੱਬੀ ਵਿਸ਼ਵਾਸ ਵਾਲਿਆਂ ਲਈ ਪ੍ਰਤੱਖ ਸਬੂਤ ਹੁੰਦੀਆਂ ਹਨ। ਜ਼ਿੰਦਗੀ ਦੇ ਅਨੇਕਾਂ ਝੱਖੜਾਂ ਵਿਚ ਵੀ ਕਦਮਾਂ ਦੀ ਸਾਬਤੀ ਜ਼ਾਹਿਰ ਕਰ ਦਿੰਦੀ ਹੈ ਕਿ ਭਾਵੇਂ ਵਕਤ ਨੇ ਬਹੁਤ ਦੁੱਖ ਝੋਲੀ ਵਿਚ ਪਾਏ ਹਨ, ਪਰ ਨਾਮ ਦੀ ਟੇਕ ਰੱਖਣ ਵਾਲਿਆਂ ਨੇ **'ਇਹ ਭੀ ਦਾਤ ਤੇਰੀ ਦਾਤਾਰ'** ਕਹਿ ਕੇ ਸਵੀਕਾਰ ਕੀਤਾ।

ਪਿਤਾ ਦੇ ਨਾਲ ਲਾਡ ਪਿਆਰ ਨਾਲ ਜੀਵਨ ਗੁਜ਼ਾਰਨਾ ਸ਼ੁਰੂ ਹੀ ਕੀਤਾ ਸੀ ਕਿ ਮੌਤ ਦੇ ਮਜ਼ਬੂਤ ਹੱਥਾਂ ਨੇ ਪਿਤਾ ਦੇ ਜੀਵਨ ਦਾ ਵੀ ਅੰਤ ਕਰ ਦਿੱਤਾ। ਮਜ਼੍ਹਬੀ ਘਰਾਣੇ ਵਿਚੋਂ ਹੋਣ ਕਰਕੇ ਘਰ ਵੀ ਕੋਈ ਬਹੁਤ ਅਮੀਰਤ ਵਾਲਾ ਨਹੀਂ ਸੀ ਸਗੋਂ ਹਰ ਰੋਜ਼ ਦੀ ਰੋਜ਼ੀ ਵੀ ਦਿਹਾੜੀ ਦੇ ਸਿਰ 'ਤੇ ਹੀ ਚਲਦੀ ਸੀ। ਵਕਤ ਦੇ ਹਾਲਾਤ ਨੇ ਹੱਸਣ ਖੇਡਣ ਵਾਲੀ ਜ਼ਿੰਦਗੀ ਨੂੰ ਮਾਂ ਦੀ ਗੋਦ ਵਿਚੋਂ ਚੁੱਕ ਕੇ ਫੁੱਟਪਾਥ ਦੀ ਗੋਦ ਦਿੱਤੀ। ਪਿਤਾ ਦੇ ਸਾਏ ਦੀ ਥਾਂ ਨੀਲੇ ਅਕਾਸ਼ ਦੀ ਛੱਤ ਦਾ ਸਹਾਰਾ ਸੀ। ਖਾਣ ਲਈ ਧੱਕੇ ਜਾਂ ਲੋਕਾਂ ਦੀਆਂ ਝਿੜਕਾਂ, ਪੀਣ ਲਈ ਆਪਣੇ ਹੀ ਅੱਥਰੂਆਂ ਦਾ ਪਾਣੀ ਅਤੇ ਪਹਿਨਣ ਲਈ ਗ਼ਮਾਂ ਦੀ ਗੋਦੜੀ ਮਿਲੀ। ਇਕ ਗ਼ਰੀਬੀ, ਦੂਜਾ ਮਾਤਾ ਪਿਤਾ ਨਹੀਂ, ਤੀਜਾ ਅਖੌਤੀ ਤੌਰ 'ਤੇ ਜਾਤ ਵੀ ਨੀਵੀਂ। ਇਨ੍ਹਾਂ ਸਾਰੀਆਂ ਗੱਲਾਂ ਨੇ ਸੋਚਣ ਲਈ ਮਜਬੂਰ ਕੀਤਾ ਕਿ ਇਨਾ ਵੱਡਾ ਜ਼ਿੰਦਗੀ ਦਾ ਸਫ਼ਰ ਕਿਵੇਂ ਤਹਿ ਹੋਵੇਗਾ ? ਤਾਂ ਅਜਿਹੀ ਡੂੰਘੀ ਸੋਚ ਵਿਚੋਂ ਮਾਪਿਆਂ ਦੀ ਦ੍ਰਿੜ੍ਹ ਕਰਵਾਈ ਨਾਮ ਦੀ ਟੇਕ ਯਾਦ ਆ ਗਈ। ਬੱਸ ਫਿਰ ਸ਼ਬਦ ਗਾਉਣ ਲੱਗ ਪਏ। ਬੇਸਹਾਰੀ ਜ਼ਿੰਦਗੀ ਨੂੰ ਸ਼ਬਦ ਦਾ ਸਹਾਰਾ ਮਿਲ ਗਿਆ। ਹਿਰਦੇ ਦੀ ਵੇਦਨਾ ਨਾਲ ਪੜ੍ਹੇ ਹੋਏ ਸ਼ਬਦ ਸੁਣਨ ਵਾਲਿਆਂ ਦੇ ਅੰਦਰ ਪਿਆਰ ਅਤੇ ਟਿਕਾਅ ਪੈਦਾ ਕਰ ਦਿੰਦੇ ਸਨ। ਜਿਥੇ ਵੀ ਕਿਧਰੇ ਦੀਵਾਨ ਲੱਗਣ, ਸ਼ਬਦ ਪੜ੍ਹਨ ਚਲਾ ਜਾਣਾ। ਕਦੇ ਵਕਤ ਮਿਲ ਜਾਣਾ, ਕਦੇ ਕਦਾਈਂ ਨਿਰਾਸਤਾ ਪੱਲੇ ਪੈਣੀ, ਪਰ ਇਸ ਤਰ੍ਹਾਂ ਗੁਜ਼ਰਾਨ ਦਾ ਸਿਲਸਿਲਾ ਚੱਲਣ ਲੱਗ ਪਿਆ।

ਇਸ ਤਰ੍ਹਾਂ ਹੀ ਡੰਗ ਟਪਾਊ ਜ਼ਿੰਦਗੀ ਦੇ ਦਿਨ ਕਟਦਿਆਂ ਇਕ ਦਿਨ ਇਕ ਦੀਵਾਨ ਵਿਚ ਗਏ। ਸ਼ਬਦ ਪੜ੍ਹਨ ਲਈ ਵਕਤ ਮੰਗਿਆ। ਰੱਬ ਦੀ ਰਹਿਮਤ ਹੋਈ। ਇਸ ਦੀਵਾਨ ਵਿਚ ਕੇਵਲ ਵਕਤ ਹੀ ਨਹੀਂ ਮਿਲਿਆ ਬਲਕਿ ਬਹੁਤ ਕੁਝ ਉਹ ਵੀ ਮਿਲਿਆ ਜਿਸ ਦਾ ਕਦੇ ਕਿਆਸ ਵੀ ਨਹੀਂ ਕੀਤਾ ਸੀ। ਇਥੇ ਸ਼ਬਦ ਪੜ੍ਹਨ ਮਗਰੋਂ ਭਾਈ ਲਛਮਣ ਸਿੰਘ ਧਾਰੋਵਾਲੀ ਪੰਥ ਦਰਦੀ ਮਿਲੇ। ਛੋਟੀ ਜਿਹੀ ਉਮਰ ਹੋਣ ਕਰਕੇ ਭਾਈ ਲਛਮਣ ਸਿੰਘ ਨੇ ਇਸ ਬੱਚੇ ਦੇ ਮਾਪਿਆਂ ਦੀ ਤਾਰੀਫ਼ ਕੀਤੀ ਕਿਉਂਕਿ ਛੋਟੀ ਉਮਰ ਵਿਚ ਜਿਹੜੇ ਗੁਣ ਵੇਖੇ ਸਨ, ਉਹ ਚੰਗੇ ਮਾਤਾ ਪਿਤਾ ਦੀ ਛੋਹ ਦਾ ਸੁਨੇਹਾ ਦਿੰਦੇ ਸਨ। ਸ: ਲਛਮਣ ਸਿੰਘ ਧਾਰੋਵਾਲੀ ਨੇ ਬਚਨ ਆਖੇ ਕਿ ਭਲਿਆ, ਤੇਰੀ ਮਾਂ ਕਿੰਨੀ ਸੁਭਾਗੀ ਹੈ, ਤੇਰਾ ਪਿਤਾ ਕਿੰਨਾ ਭਾਗਸ਼ਾਲੀ ਹੈ ਜਿਨ੍ਹਾਂ ਨੇ ਇੰਨੀ ਸੋਹਣੀ ਤੈਨੂੰ ਸ਼ਬਦ ਪੜ੍ਹਨ ਦੀ ਜਾਚ ਸਿਖਾਈ ਹੈ। ਲਛਮਣ ਸਿੰਘ ਜੀ ਕਹਿੰਦੇ ਗਏ, ਬੱਚੇ ਦੇ ਸੁਣ ਸੁਣ ਕੇ ਅੱਖਾਂ ਵਿਚੋਂ ਅਥਰੂ ਵਹਿੰਦੇ ਗਏ ਪਰ ਜਦੋਂ ਲਛਮਣ ਸਿੰਘ ਜੀ ਨੇ ਰੋਣ ਦਾ ਕਾਰਨ ਪੁੱਛਿਆ ਤਾਂ ਬੱਚੇ ਨੇ ਗਿੜਗਿੜਾ ਕੇ ਕਿਹਾ ਕਿ ਸੁਭਾਗੇ ਹੋਣਾ ਤਾਂ ਇਕ ਪਾਸੇ, ਮੈਨੂੰ ਤਾਂ ਵੈਸੇ ਵੀ ਮਾਤਾ ਪਿਤਾ ਦਾ ਪਿਆਰ ਨਹੀਂ ਮਿਲਿਆ। ਪੰਘੂੜੇ ਵਿਚੋਂ ਨਿਕਲ ਕੇ ਹਾਲੇ ਚੰਗੀ ਤਰ੍ਹਾਂ ਜ਼ਿੰਦਗੀ ਨੇ ਕਦਮ ਵੀ ਨਹੀਂ ਸੰਭਾਲੇ ਸਨ ਕਿ ਮੇਰੇ ਨਾਲ ਅਨਾਥ ਸ਼ਬਦ ਜੁੜ ਗਿਆ ਸੀ। ਭਾਈ ਲਛਮਣ ਸਿੰਘ ਜੀ ਦੇ ਹਿਰਦੇ ਵਿਚ ਤਾਂ ਪਹਿਲਾਂ ਹੀ ਕੌਮੀ ਅਤੇ ਗੁਰਸਿੱਖੀ ਪ੍ਰੀਤੀ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਭਾਈ ਲਛਮਣ ਸਿੰਘ ਦੀਆਂ ਅੱਖਾਂ ਵੀ ਸੱਜਲ ਹੋ ਗਈਆਂ। ਬੱਚੇ ਨੂੰ ਘੁੱਟ ਕੇ ਗਲ ਨਾਲ ਲਾਇਆ ਅਤੇ ਇਕ ਬਚਨ ਆਖਿਆ ਕਿ ਮੈਨੂੰ ਰੱਬ ਨੇ ਔਲਾਦ ਨਹੀਂ ਬਖ਼ਸ਼ੀ। ਸਾਡੇ ਘਰ ਔਲਾਦ ਦੀ ਥੁੜ ਹੈ ਅਤੇ ਤੇਰੇ ਕੋਲ ਮਾਪੇ ਨਹੀਂ। ਆ ਆਪਾਂ ਦੋਵੇਂ ਇਕ ਦੂਜੇ ਦੀ ਭੁੱਖ ਮਿਟਾ ਲਈਏ। ਮੈਨੂੰ ਅੱਜ ਗੁਰੂ ਦਰਬਾਰ ਵਿਚੋਂ ਪੁੱਤ ਮਿਲ ਗਿਆ। ਬੱਚਾ ਕਹਿਣ ਲੱਗਾ ਕਿ ਮੈਨੂੰ ਵੀ ਗੁਰੂ ਦਰਬਾਰ ਵਿਚੋਂ ਮਾਤਾ-ਪਿਤਾ ਮਿਲ ਗਏ।

ਭਾਈ ਲਛਮਣ ਸਿੰਘ ਜੀ ਬਹੁਤ ਖ਼ੁਸ਼ ਸਨ। ਵਾਰ ਵਾਰ ਗੁਰੂ ਪਾਤਿਸ਼ਾਹ ਜੀ ਦਾ ਸ਼ੁਕਰ ਕਰਦੇ ਥੱਕਦੇ ਨਹੀਂ ਸਨ। ਹਿਰਦੇ ਵਿਚ ਗੁਰਬਾਣੀ ਦਾ ਨਿਵਾਸ ਹੋਣ ਕਰਕੇ ਅਤੇ ਦੂਜਾ ਭਾਈ ਲਛਮਣ ਸਿੰਘ ਦੇ ਘਰੋਂ ਪਿਆਰ ਮਿਲਣ ਕਰਕੇ ਅੰਮ੍ਰਿਤ ਛੱਕ ਕੇ 18 ਸਾਲਾਂ ਦੀ ਉਮਰ ਵਿਚ ਗੁਰੂ ਵਾਲੇ ਬਣ ਗਏ ਅਤੇ ਮੰਗਲ ਸਿੰਘ ਬਣ ਗਏ। ਇਹ 1913 ਦੀ ਬਾਤ ਹੈ।

ਗੁਜ਼ਰਾਨ ਲਈ ਫ਼ੌਜ ਵਿਚ ਭਰਤੀ ਹੋ ਗਏ। ਫ਼ੌਜ ਵਿਚ ਕਿਰਪਾਨ ਪਹਿਨਣ 'ਤੇ ਇਤਰਾਜ਼ ਕੀਤਾ ਗਿਆ। ਵਕਤ ਦੇ ਅਫ਼ਸਰ ਨੇ ਫ਼ੌਜੀ ਕਾਨੂੰਨ ਅਨੁਸਾਰ ਮਾਰਸ਼ਲ ਲਾਅ ਦੇ ਸਹਾਰੇ ਨਾਲ ਕੁਝ ਸਮਾਂ ਸਜ਼ਾ ਦੇ ਕੇ ਨੌਕਰੀ ਤੋਂ ਕੱਢ ਦਿੱਤਾ।

ਜਿਸ ਦਾ ਗੁਰੂ ਨਾਲ ਅਥਾਹ ਪਿਆਰ ਹੋਵੇ, ਉਸ ਦਾ ਗੁਰੂ ਦੇ ਕਕਾਰਾਂ ਭਾਵ ਪ੍ਰੇਮ-ਨਿਸ਼ਾਨੀਆਂ ਨਾਲ ਵੀ ਅਥਾਹ ਪਿਆਰ ਹੁੰਦਾ ਹੈ, ਜਿਸ ਦਾ ਸਦਕਾ ਰੁਜ਼ਗਾਰ ਨੂੰ ਤਾਂ ਠੋਕਰ ਮਾਰ ਦਿੱਤੀ ਪਰ ਕਕਾਰਾਂ ਪ੍ਰਤੀ ਪਿਆਰ ਬਰਕਰਾਰ ਰੱਖਿਆ। ਸੰਗਤਾਂ ਨੇ ਕਿਰਪਾਨ ਬਹਾਦਰ ਦਾ ਖ਼ਿਤਾਬ ਦਿੱਤਾ। ਭਾਈ ਲਛਮਣ ਸਿੰਘ ਜੀ ਨੇ ਚੰਗੇ ਗੁਰਮੁਖ ਪਰਿਵਾਰ ਭਾਈ ਬੂਟਾ ਸਿੰਘ ਰੰਘੜ, ਨੰਗਲ ਨਿਵਾਸੀ ਦੀ ਬੇਟੀ ਨਰਾਇਣ ਕੌਰ ਨਾਲ ਸ਼ਾਦੀ ਕਰ ਦਿੱਤੀ।

ਨਰਾਇਣ ਕੌਰ ਭਾਵੇਂ ਪਤਨੀ ਦੇ ਰੂਪ ਵਿਚ ਘਰ ਆਈ ਸੀ। ਨਰਾਇਣ ਕੌਰ ਦੇ ਘਰ ਆਉਣ ਦੀ ਖ਼ੁਸ਼ੀ ਹਾਲੇ ਪੂਰੀ ਵੀ ਨਹੀਂ ਹੋਈ ਸੀ ਅਤੇ ਗ੍ਰਿਹਸਥੀ ਜੀਵਨ ਦੀ ਸ਼ੁਰੂਆਤ ਵੀ ਨਹੀਂ ਕੀਤੀ ਸੀ ਕਿ ਨਰਾਇਣ ਕੌਰ ਦੀਆਂ ਖ਼ੁਸ਼ੀਆਂ ਨੂੰ ਮਹੰਤ ਨਰੈਣ ਦਾਸ ਨੇ ਕਿਰਕਿਰਾ ਕਰ ਦਿੱਤਾ। ਨਨਕਾਣਾ ਸਾਹਿਬ ਦਾ ਮਹੰਤ ਪਾਪੀ ਬਹੁਤ ਪਾਪ ਕਮਾ ਰਿਹਾ ਸੀ। ਇਸ ਅਸਥਾਨ ਦੀ ਪਵਿੱਤਰਤਾ ਲਈ ਭਾਈ ਲਛਮਣ ਸਿੰਘ ਜੀ ਸਭ ਤੋਂ ਅੱਗੇ ਹੋ ਕੇ ਸੇਵਾ ਨਿਭਾ ਰਹੇ ਸਨ। ਸ਼ਾਦੀ ਤੋਂ ਅਗਲੇ ਦਿਨ ਹੀ ਸ਼ਹਾਦਤ ਦੇਣ ਦੇ ਹਾਲਾਤ ਬਣ ਗਏ। ਜਿਨ੍ਹਾਂ ਨੇ ਨਾਮ ਦੀ ਟੇਕ ਰੱਖੀ ਸੀ, ਉਨ੍ਹਾਂ ਨੂੰ ਜ਼ਿੰਦਗੀ ਦਾ ਮੋਹ, ਵਿਕਾਰਾਂ ਦੀ ਭੁੱਖ, ਦੁਨਿਆਵੀ ਸੁੱਖ ਅਤੇ ਰਿਸ਼ਤੇਦਾਰੀ ਦੇ ਬੰਧਨ ਰੋਕ ਨਹੀਂ ਸਕਦੇ। ਸ਼ਾਦੀ ਤੋਂ ਸ਼ਹਾਦਤ ਵੱਲ ਕਦਮ ਵੱਧ ਗਏ ਅਤੇ ਆਪਣੇ ਧਰਮੀ ਪਿਤਾ ਵਾਂਗ ਹੀ ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰਤਾ ਲਈ ਆਪਣਾ ਆਪ ਕੁਰਬਾਨ ਕਰਕੇ ਸ਼ਹੀਦੀ-ਜਾਮ ਪੀ ਲਿਆ। ਇਹ ਅਸਲ ਸਹਾਰਾ ਹੈ ਜਿਹੜਾ ਆਪ ਵੀ ਨਹੀਂ ਡੋਲਦਾ ਅਤੇ ਸਹਾਰਾ ਲੈਣ ਵਾਲੇ ਨੂੰ ਵੀ ਕਦੇ ਡੋਲਣ ਨਹੀਂ ਦਿੰਦਾ।

ਮਨੁੱਖ ਦੀ ਜ਼ਿੰਦਗੀ ਦਾ ਹਰ ਦਿਨ ਇਕ ਪ੍ਰੀਖਿਆ ਦਾ ਦਿਨ ਹੁੰਦਾ ਹੈ। ਹਰ ਰੋਜ਼ ਮਾਇਆ, ਵਿਕਾਰ, ਮੋਹ ਮਮਤਾ, ਹੰਕਾਰ ਇਹ ਇਕ ਹਠਲੀ ਫ਼ੌਜ ਹੈ ਜਿਸ ਦੇ ਵਿਰੁੱਧ ਨਾਮ ਦਾ ਸਹਾਰਾ ਲੈ ਕੇ ਹੀ ਪ੍ਰੀਖਿਆ ਨੂੰ ਪਾਸ ਕੀਤਾ ਜਾ ਸਕਦਾ ਹੈ। ਧਰਮ ਦੇ ਰਾਹ 'ਤੇ ਤੁਰਨ ਵਾਲੇ ਵੱਡੇ ਵੱਡੇ ਧਰਮੀ ਲੋਕ ਵੀ ਕਿਧਰੇ ਨਾ ਕਿਧਰੇ ਮਾਇਆ ਜਾਂ ਵਿਕਾਰਾਂ ਦੀ ਲਪੇਟ ਵਿੱਚ ਆ ਕੇ ਜੀਵਨ ਦੀ ਬਾਜ਼ੀ ਹਾਰ ਜਾਂਦੇ ਹਨ। ਇਸ ਕਰਕੇ ਗੁਰੂ ਪਾਤਿਸ਼ਾਹ ਜੀ ਨੇ ਤਿੰਨ ਵਸਤੂਆਂ ਵਿਚੋਂ ਇਕ ਵਸਤੂ ਨਾਮ ਦੀ ਰੱਖੀ ਹੈ। ਇਹ ਨਾਮ ਹੀ ਸਭ ਕੁਝ ਦਾ ਸੱਚਾ ਸਹਾਰਾ ਹੈ। ਇਸ ਆਸਰੇ ਰਹਿਣ ਵਾਲਾ ਸਪੱਸ਼ਟ ਅਸਲੀਅਤ ਨੂੰ ਸਮਝ ਲੈਂਦਾ ਹੈ। ਗੁਰਬਾਣੀ ਦੇ ਪਵਿੱਤਰ ਬਚਨ ਹਨ—

ਬਿਰਥਾ ਭਰਵਾਸਾ ਲੋਕ ॥ ਠਾਕੁਰ ਪ੍ਰਭ ਤੇਰੀ ਟੇਕ ॥

ਅਵਰ ਛੂਟੀ ਸਭ ਆਸ ॥ ਅਚਿੰਤ ਠਾਕੁਰ ਭੇਟੇ ਗੁਣਤਾਸ ॥੧ ॥
ਏਕੋ ਨਾਮੁ ਧਿਆਇ ਮਨ ਮੇਰੇ ॥
ਕਾਰਜੁ ਤੇਰਾ ਹੋਵੈ ਪੂਰਾ,
ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧ ॥ ਰਹਾਉ ॥
ਤੁਮ ਹੀ ਕਾਰਨ ਕਰਨ ॥ ਚਰਨ ਕਮਲ ਹਰਿ ਸਰਨ ॥
ਮਨਿ ਤਨਿ ਹਰਿ ਓਹੀ ਧਿਆਇਆ ॥ ਆਨੰਦ ਹਰਿ ਰੂਪ ਦਿਖਾਇਆ ॥੨ ॥
ਤਿਸ ਹੀ ਕੀ ਓਟ ਸਦੀਵ ॥ ਜਾ ਕੇ ਕੀਨੇ ਹੈ ਜੀਵ ॥
ਸਿਮਰਤ ਹਰਿ ਕਰਤ ਨਿਧਾਨ ॥ ਰਾਖਨਹਾਰ ਨਿਦਾਨ ॥੩ ॥
ਸਰਬ ਕੀ ਰੇਣ ਹੋਵੀਜੈ ॥ ਆਪੁ ਮਿਟਾਇ ਮਿਲੀਜੈ ॥
ਅਨਦਿਨੁ ਧਿਆਈਐ ਨਾਮੁ ॥ ਸਫਲ ਨਾਨਕ ਇਹੁ ਕਾਮੁ ॥੪ ॥੩੩ ॥੪੪ ॥

(ਪੰਨਾ ੮੯੬)

ਜੇ ਕੋ ਖਾਵੈ

ਹਰ ਇਕ ਜੀਵਤ ਚੀਜ਼ ਦੀ ਕੋਈ ਨਾ ਕੋਈ ਖ਼ੁਰਾਕ ਨਿਸਚਿਤ ਹੈ। ਹਰ ਇਕ ਜੀਵ ਇਸ ਖ਼ੁਰਾਕ ਦੀ ਪ੍ਰਾਪਤੀ ਵਾਸਤੇ ਕਿਸੇ ਨਾ ਕਿਸੇ ਉੱਦਮ ਵਿਚ ਲੱਗਿਆ ਨਜ਼ਰ ਆਉਂਦਾ ਹੈ। ਖ਼ੁਰਾਕ ਦੇ ਤਿੰਨ ਪੱਖ ਹੁੰਦੇ ਹਨ। ਜਦੋਂ ਕੋਈ ਜੀਵ ਛੋਟਾ ਹੁੰਦਾ ਹੈ ਤਾਂ ਅਕਸਰ ਮਾਂ ਉਸ ਦੀ ਖ਼ੁਰਾਕ ਦਾ ਪ੍ਰਬੰਧ ਕਰਦੀ ਹੈ। ਜਿਵੇਂ ਮਨੁੱਖ ਦੀ ਹੀ ਉਦਾਹਰਣ ਲੈ ਲਈਏ, ਬੱਚਾ ਹੈ ਤਾਂ ਮਾਂ ਸਾਰਾ ਪ੍ਰਬੰਧ ਕਰਦੀ ਹੈ। ਇਸ ਨੂੰ ਕਿਹੜੀ ਖ਼ੁਰਾਕ, ਕਿਸ ਵੇਲੇ ਅਤੇ ਕਿੰਨੀ ਦੇਣੀ ਹੈ, ਇਹ ਮਾਂ ਦੀ ਹੀ ਜ਼ਿੰਮੇਵਾਰੀ ਹੈ। ਬੱਚੇ ਨੂੰ ਖ਼ੁਦ ਦੀ ਖ਼ੁਰਾਕ ਦਾ ਅਹਿਸਾਸ ਨਹੀਂ ਹੁੰਦਾ। ਦੂਜਾ ਪੱਖ ਹੈ ਕਿ ਬੱਚਾ ਵੱਡਾ ਹੋ ਗਿਆ। ਹੁਣ ਆਪਣੀ ਮਰਜ਼ੀ ਨਾਲ ਖਾਣ ਲੱਗ ਪਿਆ ਪਰ ਮਾਂ ਹਾਲੇ ਵੀ ਜ਼ਿੰਮੇਵਾਰੀ ਨਿਭਾਉਂਦੀ ਹੈ, ਖ਼ੁਰਾਕ ਆਪ ਸਾਫ਼ ਸੁਥਰੀ ਤਿਆਰ ਕਰਕੇ ਦਿੰਦੀ ਹੈ। ਤੀਜਾ ਪੱਖ ਹੈ ਕਿ ਇਹ ਆਪ ਵੀ ਆਪਣੇ ਬੱਚਿਆਂ ਲਈ ਫਿਰ ਖ਼ੁਰਾਕ ਦਾ ਪ੍ਰਬੰਧ ਕਰਦਾ ਹੈ।

ਖਾਣਾ ਜਿੰਨੇ ਮਰਜ਼ੀ ਪਿਆਰ ਨਾਲ ਅਤੇ ਚੰਗੇ ਤੋਂ ਚੰਗਾ ਬਣਾਇਆ ਹੋਵੇ ਪਰ ਜਿੰਨਾ ਚਿਰ ਖਾਧਾ ਨਹੀਂ ਜਾਂਦਾ, ਓਨਾ ਚਿਰ ਤੱਕ ਭੁੱਖ ਵੀ ਨਹੀਂ ਮਿਟਦੀ ਅਤੇ ਤਾਕਤ ਵੀ ਪ੍ਰਾਪਤ ਨਹੀਂ ਹੁੰਦੀ। ਇਸ ਲਈ ਹਰ ਮਾਂ ਕੇਵਲ ਪ੍ਰਸ਼ਾਦਾ ਪਾਣੀ ਤਿਆਰ ਹੀ ਨਹੀਂ ਕਰਦੀ ਬਲਕਿ ਆਪ ਛਕਾਉਣ ਦੀ ਵੀ ਭਾਵਨਾ ਰੱਖਦੀ ਹੈ। ਭੁੱਖੇ ਬੰਦੇ ਅੰਦਰ ਭਟਕਣਾ ਵਧ ਜਾਂਦੀ ਹੈ ਅਤੇ ਤਾਕਤ ਘੱਟ ਜਾਂਦੀ ਹੈ। ਸਤਿਗੁਰੂ ਜੀ ਨੇ ਤਾਂ ਕੇਵਲ ਭੋਜਨ ਤਿਆਰ ਹੀ ਨਹੀਂ ਕੀਤਾ ਬਲਕਿ ਥਾਲ ਵਿਚ ਪਰੋਸ ਕੇ ਵੀ ਰੱਖ ਦਿੱਤਾ ਹੈ। ਥਾਲ ਵਿਚ ਭੋਜਨ ਖਾਣ ਲਈ ਹੀ ਪਰੋਸਿਆ ਜਾਂਦਾ ਹੈ। ਸਤਿਗੁਰੂ ਜੀ ਨੇ ਨਾਲ ਹੀ ਬਚਨ ਵੀ ਆਖ ਦਿੱਤੇ ਹਨ—

ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥
ਨੀਦ ਪਈ ਸੁਖ ਸਹਜ ਘਰੁ ਆਇਆ ॥੧॥ ਰਹਾਉ ॥
ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥
ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੨॥
ਨਾਨਕ ਗੁਰ ਪੂਰੇ ਸਰਨਾਈ ॥
ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥੩॥੯॥੨੬॥

(ਪੰਨਾ ੮੦੭)

ਹੇ ਭਾਈ! ਇਹ ਭੋਜਨ ਰੱਜ ਰੱਜ ਕੇ ਖਾਵਹੁ, ਕਿਉਂਕਿ ਇਸ ਦੇ ਨਾਲ ਅੰਮ੍ਰਿਤ ਨਾਮ ਹੋਣ ਕਰਕੇ ਰੋਗ ਖ਼ਤਮ ਹੋ ਜਾਂਦੇ ਹਨ। ਸੁਖ ਸਹਜ ਪੈਦਾ ਹੋ ਜਾਂਦਾ ਹੈ। ਉਹ ਜਿਹੜੀ ਰੱਬੀ ਮੌਜ ਵਿਚ ਬੇਪ੍ਰਵਾਹੀ ਦੀ ਨੀਂਦ ਭਾਵ ਬੇਫ਼ਿਕਰੀ ਪੈਦਾ ਹੁੰਦੀ ਹੈ, ਉਹ ਸੱਚਾ ਸੁੱਖ ਪ੍ਰਾਪਤ ਹੁੰਦਾ ਹੈ। ਗੁਰੂ ਪੂਰੇ ਦੀ ਸ਼ਰਨ ਵਿਚ ਨਾਮ ਦੀ ਪੈਜ ਰੱਖ ਲਈ ਜਾਂਦੀ ਹੈ। ਗ਼ਰੀਬ ਨਿਵਾਜ ਸਤਿਗੁਰੂ ਜੀ ਦੀ ਰਹਿਮਤ ਹੈ ਕਿ ਅਨੇਕਾਂ ਵਾਰੀ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਗੁਰਬਾਣੀ ਵਿੱਚ ਖੋਹਲਿਆ ਗਿਆ ਹੈ। ਇਸ ਦੇ ਨਾਲ ਹੀ ਅਨੇਕਾਂ ਵਾਰੀ ਸਰੀਰਕ ਵਰਤਾਰੇ ਵਰਤਾ ਕੇ ਵੀ ਇਨ੍ਹਾਂ ਸੁਆਲਾਂ ਦੇ ਸੌਖੇ ਢੰਗ ਨਾਲ ਹੱਲ ਲੱਭ ਕੇ ਦੱਸੇ ਜਾਂਦੇ ਹਨ, ਜਿਵੇਂ ਅਨੰਦਪੁਰ ਦੀ ਪਵਿੱਤਰ ਧਰਤੀ ਉੱਤੇ ਸਤਿਗੁਰੂ ਕਲਗੀਧਰ ਪਿਤਾ ਜੀ ਨੇ ਇਕ ਕੌਤਕ ਵਰਤਾਇਆ ਸੀ। ਸਤਿਗੁਰੂ ਜੀ ਨੇ ਇਕ ਦਿਨ ਪੂਰੇ ਲੰਗਰ ਬੰਦ ਰੱਖੇ। ਸਿਰਫ਼ ਪਰਦੇਸੀ ਲੋਕਾਂ ਲਈ ਲੰਗਰ ਚੱਲਦਾ ਸੀ ਪਰ ਜਿਹੜੇ ਗੁਰਸਿੱਖ ਦਰਬਾਰੀ ਰੂਪ ਵਿਚ ਸਤਿਗੁਰੂ ਜੀ ਕੋਲ ਪੱਕੇ ਤੌਰ 'ਤੇ ਵਿਚਰਦੇ ਸਨ, ਉਨ੍ਹਾਂ ਲਈ ਸਾਹਿਬ ਜੀ ਨੇ ਇਕ ਦਿਨ ਲਈ ਲੰਗਰ ਬੰਦ ਕਰ ਦਿੱਤਾ। ਗੁਰਸਿੱਖੀ ਦਾ ਤਾਂ ਕਰਮ ਹੀ ਇਹ ਹੈ ਕਿ ਗੁਰੂ ਹੁਕਮ ਵਿਚ ਤੁਰਨਾ ਹੈ।

ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ॥

(ਵਾਰ ੨੮, ਪਉੜੀ ੧੦)

ਸੋ ਗੁਰਸਿੱਖਾਂ ਨੇ ਪ੍ਰਸ਼ਾਦਾ ਨਾ ਛਕਿਆ। ਦੂਜੇ ਦਿਨ ਸਵੇਰੇ ਦੀ ਨਿਤ ਦੀ ਦਰਬਾਰ ਦੀ ਮਰਯਾਦਾ ਤੋਂ ਮਗਰੋਂ ਸਤਿਗੁਰੂ ਜੀ ਦੇ ਹੁਕਮ ਨਾਲ ਸ਼ਰਦਾਈ ਤਿਆਰ ਹੋਈ। ਪੰਗਤਾਂ ਲੱਗ ਗਈਆਂ। ਇਕ ਦਿਨ ਦੀ ਪਹਿਲਾਂ ਭੁੱਖ ਸੀ, ਸ਼ਰਦਾਈ ਵਰਤਾਈ ਵੀ ਗਈ (ਬਦਾਮ, ਕਾਜੂ, ਕਾਲੀ ਮਿਰਚ, ਮਗਜ਼, ਮਿਠਾ ਆਦਿਕ ਰਗੜ ਕੇ ਦੁੱਧ ਵਿਚ ਮਿਲਾ ਕੇ ਬਣਾਇਆ ਇਕ ਕਿਸਮ ਦਾ ਸ਼ਰਬਤ) ਪਰ ਸਤਿਗੁਰੂ ਜੀ ਨੇ ਹੁਕਮ ਕਰ ਦਿੱਤਾ ਕਿ ਸ਼ਰਦਾਈ ਦਾ ਘੁੱਟ ਭਰਨਾ ਜ਼ਰੂਰ ਹੈ ਪਰ ਅੰਦਰ ਲੈ ਕੇ ਨਹੀਂ ਜਾਣੀ। ਘੁੱਟ ਭਰ ਕੇ ਚੂਲੀ ਬਾਹਰ ਕਰ ਦੇਣੀ ਹੈ। ਸਾਰਾ ਬਾਟਾ ਇਸ ਤਰ੍ਹਾਂ ਹੀ ਖ਼ਤਮ ਕਰਨਾ ਹੈ। ਗੁਰਸਿੱਖਾਂ ਨੇ ਇਸ ਤਰ੍ਹਾਂ ਹੀ ਕੀਤਾ ਤਾਂ ਸਾਹਿਬ ਜੀ ਆਖਣ ਲੱਗੇ ਕਿ ਅੱਜ ਤਾਂ ਭੁੱਖ ਬਿਲਕੁਲ ਮਿਟ ਗਈ ਹੋਵੇਗੀ ਕਿਉਂਕਿ ਰੱਜ ਰੱਜ ਕੇ ਤੁਸਾਂ ਸ਼ਰਦਾਈ ਪੀਤੀ ਹੈ। ਗੁਰਸਿੱਖਾਂ ਨੇ ਹੈਰਾਨੀ ਨਾਲ ਬਚਨ ਕੀਤੇ ਕਿ ਪਾਤਿਸ਼ਾਹ ਜੀ! ਭੁੱਖ ਤਾਂ ਛੱਕਣ ਨਾਲ ਮਿਟਣੀ ਹੈ। ਅਸੀਂ ਤਾਂ ਚੂਲੀਆਂ ਕੀਤੀਆਂ ਹਨ। ਤਾਂ ਸਾਹਿਬ ਜੀ ਨੇ ਬਚਨ ਆਖੇ ਕਿ ਭਾਈ, ਇਹ ਕੌਤਕ ਹੀ ਵਰਤਾਇਆ ਸੀ ਤਾਂ ਕਿ ਇਹ ਵਿਚਾਰ ਖੋਲ੍ਹੀ ਜਾ ਸਕੇ ਕਿ ਜੇਕਰ ਗੁਰਬਾਣੀ ਦੀਆਂ ਵੀ ਚੂਲੀਆਂ ਹੀ ਕੀਤੀਆਂ ਜਾਣ ਤਾਂ ਭੁੱਖ ਨਹੀਂ ਮਿਟਦੀ। ਜਿਵੇਂ ਸ਼ਰਦਾਈ ਪੀਣ ਨਾਲ ਰਸ ਤਾਂ ਆਇਆ ਅਤੇ ਇਹ ਪਤਾ ਲੱਗਾ ਹੈ ਕਿ ਸ਼ਰਦਾਈ ਵਿਚ ਸੁੱਕੇ ਮੇਵੇ

ਬਦਾਮ, ਮਿੱਠਾ ਆਦਿਕ ਪਦਾਰਥ ਪਾਏ ਹੋਏ ਹਨ ਪਰ ਭੁੱਖ ਨਹੀਂ ਮਿਟੀ, ਕਿਉਂਕਿ ਚੂਲੀਆਂ ਕੀਤੀਆਂ ਹਨ, ਖਾਧਾ ਜਾਂ ਪੀਤਾ ਨਹੀਂ। ਗੁਰਬਾਣੀ ਦਾ ਨਿਰਾ ਪਾਠ ਕਰਨਾ ਵੀ ਅਜਿਹਾ ਹੀ ਹੈ। ਕੁਝ ਸਮੇਂ ਲਈ ਰੱਸ ਤਾਂ ਆਉਂਦਾ ਹੈ ਪਰ ਇਹ ਜ਼ਿੰਦਗੀ ਦੀ ਤਾਕਤ ਨਹੀਂ ਬਣ ਸਕਦਾ ਕਿਉਂਕਿ ਤਾਕਤ ਤਾਂ ਖਾਣ ਨਾਲ ਬਣਦੀ ਹੈ। ਨਿਰਾ ਮੂੰਹ ਤੱਕ ਤਾਂ ਰਸ ਹੀ ਹੁੰਦਾ ਹੈ। ਖਾਣ ਦਾ ਅਰਥ ਸੀ ਕਿ ਜਿਵੇਂ ਭੋਜਨ ਸੁਆਦ ਹੋਵੇ ਤਾਂ ਮਨੁੱਖ ਅਨੰਦ ਨਾਲ ਛੱਕਦਾ ਹੈ, ਇਸ ਤਰ੍ਹਾਂ ਹੀ ਗੁਰਬਾਣੀ ਰਸ ਲੈ ਲੈ ਕੇ ਪੜ੍ਹਨੀ ਅਤੇ ਉਸ ਅਨੁਸਾਰ ਫਿਰ ਜੀਵਨ ਦੀ ਕਮਾਈ ਵੀ ਕਰਨੀ ਇਹ ਮਾਨੋ ਭੋਜਨ ਖਾਣਾ ਹੈ। ਨਿਰਾ ਰਸ ਲੈ ਕੇ ਗੁਰੂ-ਬਚਨਾਂ ਅਨੁਸਾਰ ਜੀਵਨ ਨਾ ਗੁਜ਼ਾਰਨਾ ਨਿਰਾ ਚੂਲੀਆਂ ਕਰਨ ਦੇ ਬਰਾਬਰ ਹੈ। ਇਕ ਗੱਲ ਹੋਰ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਖਾਣ ਲਈ ਭੋਜਨ ਮੁੱਖ ਪਾਉਣਾ ਜ਼ਰੂਰੀ ਹੈ ਅਤੇ ਰਸ ਲੈਣ ਲਈ ਵੀ ਭੋਜਨ ਮੁਖ ਪਾਉਣਾ ਜ਼ਰੂਰੀ ਹੈ। ਇਸ ਤਰ੍ਹਾਂ ਹੀ ਗੁਰਬਾਣੀ ਦਾ ਪਾਠ ਰਸ ਲਈ ਵੀ ਅਤੇ ਇਹ ਖੁਰਾਕ ਖਾਣ ਲਈ ਵੀ ਬਹੁਤ ਜ਼ਰੂਰੀ ਹੈ ਪਾਠ ਕਰਨਾ ਪਰ ਪਾਠ ਕਰਕੇ ਗੁਰੂ-ਬਚਨਾਂ ਦੀ ਕਮਾਈ ਹੀ ਅਸਲ ਵਿਚ ਭੋਜਨ ਛੱਕਣ ਦੀ ਕਹਾਣੀ ਹੈ। ਅਜੋਕੇ ਸਮੇਂ ਅੰਦਰ ਪਾਠ ਬਹੁਤ ਹੋ ਰਹੇ ਹਨ ਪਰ ਖਿਮਾ ਕਰਨਾ, ਬਹੁਤ ਵਾਰੀ ਚੂਲੀਆਂ ਹੀ ਹੋ ਰਹੀਆਂ ਹਨ, ਭੋਜਨ ਖਾ ਨਹੀਂ ਰਹੇ, ਜਿਸ ਕਰਕੇ ਸਾਡੀ ਹਾਲਤ ਦਿਨ ਪ੍ਰਤੀ ਦਿਨ ਮਾੜੀ ਹੁੰਦੀ ਜਾ ਰਹੀ ਹੈ। ਅਸੀਂ ਕੇਵਲ ਧਰਮ ਦੀਆਂ ਰਸਮਾਂ ਕਰ ਰਹੇ ਹਾਂ ਪਰ ਧਰਮੀ ਬਣ ਨਹੀਂ ਰਹੇ। ਧਰਮੀ ਦਿੱਸਦੇ ਹਾਂ ਪਰ ਅੰਦਰੋਂ ਧਰਮੀ ਨਹੀਂ। ਭਾਈ ਗੁਰਦਾਸ ਜੀ ਦਾ ਇਕ ਬਚਨ ਬਹੁਤ ਪਿਆਰਾ ਹੈ ਅਤੇ ਸਾਡੀ ਅੰਦਰੂਨੀ ਹਾਲਤ ਵੀ ਹੈ।

ਜਿਉ ਘੁਣ ਖਾਧੀ ਲਕੜੀ ਵਿਣੁ ਤਾਣਿ ਨਿਤਾਣੀ।
ਜਾਣੁ ਡਰਾਵਾ ਖੇਤ ਵਿਚਿ ਨਿਰਜੀਉ ਪਰਾਣੀ।
ਜਿਉ ਧੂਅਰੁ ਝੜਵਾਲ ਦੀ ਕਿਉ ਵਰਸੈ ਪਾਣੀ।
ਜਿਉ ਥਣ ਗਲ ਵਿਚਿ ਬਕਰੀ ਦੁਹਿ ਦੁਧੁ ਨਾ ਆਣੀ।
ਡਾਕੇ ਅੰਦਰਿ ਡਾਕਵਾਲੁ ਤਿਸ ਕਿਆ ਨੀਸਾਣੀ॥
ਜਿਉ ਚੰਮੁ ਚਟੈ ਗਾਇ ਮਹਿ ਉਹ ਭਰਮਿ ਭੁਲਾਣੀ।

ਭਾਈ ਗੁਰਦਾਸ ਜੀ ਆਖਦੇ ਹਨ ਕਿ ਜਿਵੇਂ ਘੁਣ ਦੀ ਖਾਧੀ ਲਕੜੀ ਬਾਹਰੋਂ ਤਾਂ ਸਾਬਤ ਦਿੱਸਦੀ ਹੈ ਪਰ ਅੰਦਰੋਂ ਖੋਖਲੀ ਹੁੰਦੀ ਹੈ। ਖੇਤ ਵਿਚ ਡਰਨਾ ਗੱਡਿਆ ਹੁੰਦਾ ਹੈ। ਉਸ ਦਾ ਸਿਰ, ਮੂੰਹ, ਲੱਤਾਂ ਬਾਹਾਂ ਸਾਰਾ ਕੁਝ ਬਣਾ ਕੇ ਕੱਪੜੇ ਵੀ ਪਾਏ ਹੁੰਦੇ ਹਨ ਪਰ ਅੰਦਰੋਂ ਜਾਨ ਨਹੀਂ ਹੁੰਦੀ। ਕੇਵਲ ਦੇਖਣ ਮਾਤਰ ਲਈ ਖੇਤ ਦਾ ਰਾਖਾ ਪ੍ਰਤੀਤ ਹੁੰਦਾ ਹੈ। ਜਿਵੇਂ ਧੂੰਆਂ ਇਕੱਠਾ ਹੋ ਕੇ ਜਦੋਂ ਉਪਰ ਉਠਦਾ ਹੈ ਤਾਂ ਬਦਲ ਵਾਂਗ ਲੱਗਦਾ ਹੈ ਪਰ ਇਹ ਧੂੰਆਂ ਪਾਣੀ ਬਰਸਾ ਕੇ ਕਿਸੇ ਦੀ ਕੋਈ ਆਸ

ਪੂਰੀ ਨਹੀਂ ਕਰ ਸਕਦਾ। ਕਿਸੇ ਕਿਸੇ ਬੱਕਰੀ ਦੇ ਗਲ ਦੇ ਥੱਲੇ ਦੋ ਦੁੱਧ ਦੇਣ ਵਾਲੇ ਥਣਾਂ ਵਰਗੇ ਹੀ ਥਣ ਹੁੰਦੇ ਹਨ ਪਰ ਕੋਈ ਉਨ੍ਹਾਂ ਥਣਾਂ ਨੂੰ ਘੁੱਟਦਾ ਨਹੀਂ। ਸਭ ਨੂੰ ਪਤਾ ਹੈ ਕਿ ਇਨ੍ਹਾਂ ਵਿਚੋਂ ਦੁੱਧ ਦੀ ਪ੍ਰਾਪਤੀ ਨਹੀਂ ਹੋਣੀ। ਜਿਹੜਾ ਮਨੁੱਖ ਗੁਰੂ ਦੀ ਗੋਦ ਭਾਵ ਧਰਮਸ਼ਾਲਾ (ਗੁਰਦੁਆਰਾ ਸਾਹਿਬ) ਜਾ ਕੇ ਵੀ ਨਿਰੀ ਧਨ ਦੀ ਲਾਲਸਾ ਰੱਖਦਾ ਹੈ, ਗੁਰੂ ਬਚਨਾਂ ਦੇ ਭੋਜਨ ਨਾਲ ਸਾਂਝ ਨਹੀਂ ਬਣਾਉਂਦਾ, ਉਹ ਉਪਰੋਕਤ ਨਿਸ਼ਾਨੀਆਂ ਵਾਂਗ ਹੀ ਹੈ। ਕਰਮ ਕਰ ਰਿਹਾ ਹੈ ਪਰ ਉਸ ਦਾ ਕਰਮ ਅਜਿਹਾ ਹੈ ਜਿਵੇਂ ਕੋਈ ਗੁਆਲਾ ਕਿਸੇ ਗਾਂ ਮੱਝ ਦਾ ਬੱਚਾ ਮਰ ਜਾਵੇ ਤਾਂ ਉਹ ਭੁਲੇਖਾ ਦੇਣ ਲਈ ਉਸ ਵੱਛੇ ਜਾਂ ਕੱਟੇ ਦੀ ਖਲ ਲਾਹ ਕੇ, ਉਸ ਵਿਚ ਤੂੜੀ ਭਰ ਕੇ ਉਸ ਤਰ੍ਹਾਂ ਦਾ ਹੀ ਆਕਾਰ ਬਣਾ ਦਿੰਦਾ ਹੈ। ਭੁੱਲੜ ਗਾਂ ਜਾਂ ਮੱਝ ਉਸ ਨੂੰ ਹੀ ਜਿਊਂਦਾ ਸਮਝ ਲੈਂਦੀ ਹੈ ਪਰ ਇਹ ਤਾਂ ਕੇਵਲ ਬਾਹਰੋਂ ਹੀ ਹੈ, ਅੰਦਰੋਂ ਉਹ ਖ਼ਾਲੀ ਹੀ ਹੁੰਦਾ ਹੈ । ਇਸ ਤਰ੍ਹਾਂ ਹੀ ਜਿਹੜੇ ਪੁਰਖ ਨਾਮ ਦਾ ਜਾਂ ਗੁਰੂ ਜੀ ਦੁਆਰਾ ਤਿਆਰ ਕੀਤਾ ਭੋਜਨ ਨਹੀਂ ਖਾਂਦੇ ਤਾਂ ਉਨ੍ਹਾਂ ਦੀ ਅਵਸਥਾ ਅਜਿਹੀ ਹੀ ਹੁੰਦੀ ਹੈ।

ਜਿਨ੍ਹਾਂ ਨੇ ਇਹ ਭੋਜਨ ਛੱਕਿਆ ਹੁੰਦਾ ਹੈ, ਉਹ ਅੰਦਰੋਂ ਬਹੁਤ ਤਾਕਤਵਰ ਹੁੰਦੇ ਹਨ। ਜਦੋਂ ਕਦੇ ਕੋਈ ਮੁਸੀਬਤ ਵੀ ਆਵੇ ਤਾਂ ਅਜਿਹੇ ਅੰਦਰੂਨੀ ਤਾਕਤ ਵਾਲੇ ਅਡੋਲ ਰਹਿੰਦੇ ਹਨ। ਅਜਿਹੇ ਹਿੰਮਤੀ ਧਰਮੀਆਂ ਦੀ ਰੱਬ ਵੀ ਬਹੁੜੀ ਕਰਦਾ ਹੈ ਅਤੇ ਮੁਸ਼ਕਿਲ ਵੇਲੇ ਸਹਾਈ ਹੁੰਦਾ ਹੈ। ਅੰਮ੍ਰਿਤ ਬਚਨ ਵੀ ਹਨ :—

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥

(ਪੰਨਾ ੭੦)

ਸੂਰਜ ਪ੍ਰਕਾਸ਼ ਦੇ ਕਰਤਾ ਨੇ ਗੁਰੂ ਕਲਗੀਧਰ ਜੀ ਦੇ ਜੀਵਨ ਵਿਚੋਂ ਇਕ ਬਹੁਤ ਹੀ ਪਿਆਰੀ ਗਾਥਾ ਲਿਖੀ ਹੈ। ਮੁਲਤਾਨ ਤੁਲੰਬੇ ਦੇ ਇਲਾਕੇ ਵਿਚ ਦੋ ਪੁਰਖ ਰੂਪੇ ਨਾਮ ਨਾਲ ਮਸ਼ਹੂਰ ਸਨ। ਇਕ ਭਾਈ ਰੂਪਾ ਗੁਰੂ ਕਾ ਸਿੱਖ ਸੀ। ਉਸ ਦੀ ਈਮਾਨਦਾਰੀ, ਭਲਾ ਸੁਭਾਅ, ਹਰ ਇਕ ਦੇ ਕੰਮ ਆਉਣ ਦੀ ਬ੍ਰਿਤੀ ਕਰਕੇ ਉਸ ਦੀ ਵਡਿਆਈ ਅਤੇ ਮਸ਼ਹੂਰੀ ਸੀ। ਦੂਜਾ ਰੂਪਾ ਇਕ ਡਾਕੂਆਂ ਦੇ ਟੋਲੇ ਦਾ ਸਰਦਾਰ ਸੀ। ਭਾਈ ਰੂਪਾ ਭਲਾ ਸੁਭਾਅ ਹੋਣ ਕਰਕੇ ਹਰ ਇਕ ਦੇ ਦੁੱਖ ਸੁੱਖ ਦਾ ਸਾਂਝੀ ਬਣਦਾ ਸੀ। ਇਸੇ ਇਲਾਕੇ ਵਿੱਚ ਇਕ ਕਾਜ਼ੀ ਰਹਿੰਦਾ ਸੀ। ਇਹ ਸਿੱਖੀ ਦੀ ਖ਼ੁਸ਼ਬੋ ਖਿਲਰਦੀ ਵੇਖ ਕੇ ਅੰਦਰੋਂ ਅੰਦਰੀ ਬਹੁਤ ਸੜਦਾ ਰਹਿੰਦਾ ਸੀ। ਕਾਜ਼ੀ ਨੇ ਇਸ ਇਲਾਕੇ ਦੇ ਕੋਤਵਾਲ ਨਾਲ ਮਿਲ ਕੇ ਕਿਸੇ ਨਾ ਕਿਸੇ ਤਰ੍ਹਾਂ ਭਾਈ ਰੂਪੇ ਨੂੰ ਖੁਆਰ ਕਰਨ ਦੀ ਸਕੀਮ ਬਣਾਈ।

ਡਾਕੂ ਰੂਪੇ ਨੇ ਮੁਲਤਾਨ ਸ਼ਹਿਰ ਵਿਚ ਡਾਕਾ ਮਾਰਿਆ। ਧਨ ਪਦਾਰਥ ਲੁੱਟ ਕੇ ਲੈ ਗਿਆ। ਕਾਜ਼ੀ ਨੇ ਮੌਕਾ ਸੰਭਾਲ ਕੇ ਕੋਤਵਾਲ ਨਾਲ ਸਲਾਹ ਕਰਕੇ ਭਾਈ ਰੂਪੇ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਭਾਈ ਰੂਪੇ ਨੇ ਬਹੁਤ ਸਮਝਾਇਆ ਕਿ ਮੈਂ ਡਾਕੂਆਂ ਵਾਲੇ ਕੰਮ ਕਰਨੇ ਤਾਂ ਇਕ ਪਾਸੇ, ਮੈਂ ਤਾਂ ਡਾਕੂਆਂ ਦਾ ਪ੍ਰਛਾਵਾਂ ਵੀ ਨਹੀਂ ਲੈਂਦਾ। ਪਰ ਕੋਤਵਾਲ ਕੁਝ ਰਿਸ਼ਵਤ ਅਤੇ ਕੁਝ ਚੁੱਕ ਹੋਣ ਕਰਕੇ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ ਸੀ। ਕੋਤਵਾਲ ਨੇ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਵਿਚ ਕੁਝ ਗਵਾਹੀਆਂ ਵੀ ਝੂਠੀਆਂ ਭੁਗਤਾ ਦਿੱਤੀਆਂ ਪਰ ਹਾਕਮ ਹੈਰਾਨ ਸੀ ਕਿ ਜਿਸ ਦਾ ਕਈ ਸ਼ਹਿਰਾਂ ਵਿਚ ਵਪਾਰ ਚਲਦਾ ਹੈ, ਚੰਗਾ ਨਾਮਣਾ ਖੱਟਿਆ ਹੋਇਆ ਹੈ, ਚਿਹਰੇ 'ਤੇ ਨੂਰਾਨੀ ਚਮਕ ਹੈ ਅਤੇ ਸਭ ਤੋਂ ਵੱਡੀ ਗੱਲ ਹੈ ਕਿ ਗੁਰੂ ਜੀ ਦਾ ਸਿੱਖ ਹੋਣ ਦੇ ਨਾਤੇ ਇਹ ਝੂਠ ਨਹੀਂ ਬੋਲ ਰਿਹਾ, ਕਿਉਂਕਿ ਸਿੱਖ ਕਦੇ ਝੂਠ ਨਹੀਂ ਬੋਲਦੇ। ਹਾਕਮ ਨੇ ਭਾਈ ਰੂਪੇ ਨੂੰ ਪੁੱਛਿਆ ਕਿ ਤੇਰਾ ਕੋਈ ਗਵਾਹ ਹੈ? ਤਾਂ ਭਾਈ ਰੂਪੇ ਨੇ ਆਖਿਆ ਕਿ ਇਸ ਕੋਤਵਾਲ ਨੇ ਤਾਂ ਹਾਕਮੀ ਨਸ਼ੇ ਵਿਚ ਝੂਠੀਆਂ ਗਵਾਹੀਆਂ ਦਿਵਾ ਦਿੱਤੀਆਂ ਹਨ ਪਰ ਮੈਂ ਅਜਿਹਾ ਨਹੀਂ ਕਰ ਸਕਦਾ। ਮੇਰਾ ਤਾਂ ਜੋ ਕੁਝ ਵੀ ਕਰੇਗਾ ਉਹ ਗੁਰੂ ਹੀ ਕਰੇਗਾ। ਮੈਨੂੰ ਤਾਂ ਉਸ ਉੱਤੇ ਹੀ ਮਾਣ ਤੇ ਭਰੋਸਾ ਹੈ। ਮੈਂ ਮਰ ਸਕਦਾ ਹਾਂ ਪਰ ਅਜਿਹਾ ਕੁਕਰਮ ਨਹੀਂ ਕਰ ਸਕਦਾ। ਹਾਕਮ ਨੇ ਫ਼ੈਸਲਾ ਦੋ ਚਾਰ ਦਿਨ ਰੋਕ ਲਿਆ ਤਾਂ ਕਿ ਕੇਸ ਦੀ ਹੋਰ ਘੋਖ ਪੜਤਾਲ ਕੀਤੀ ਜਾ ਸਕੇ। ਸਤਿਗੁਰੂ ਜੀ ਹਰ ਸੰਕਟ ਵੇਲੇ ਸਹਾਈ ਹੁੰਦੇ ਹਨ। ਸਿੱਖ ਨੇ ਚਿੱਤ ਲਾ ਕੇ ਅਰਦਾਸ ਕੀਤੀ ਕਿ ਮਹਾਰਾਜ! ਆਪ ਜੀ ਦੇ ਬਚਨ ਹਨ ਕਿ—

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥

(ਪੰਨਾ ੧੪੨੯)

ਅੱਜ ਫਿਰ ਅਦਾਲਤ ਲੱਗੀ। ਹਾਕਮ ਨੇ ਭਾਈ ਰੂਪੇ ਨੂੰ ਅੱਜ ਸਜ਼ਾ ਸੁਣਾਉਣੀ ਸੀ। ਉਸ ਹਾਕਮ ਕੋਲ ਇਕ ਮਨੁੱਖ ਚਿੱਠੀ ਲੈ ਕੇ ਪਹੁੰਚਿਆ ਕਿ ਤੁਲੰਬੇ ਦੇ ਹਾਕਮ ਨੇ ਚਿੱਠੀ ਦਿੱਤੀ ਹੈ ਕਿ ਡਾਕੂ ਰੂਪਾ ਆਪਣੇ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੇ ਮੁਲਤਾਨ ਦੇ ਡਾਕੇ ਨੂੰ ਕਬੂਲਿਆ ਹੀ ਨਹੀਂ ਬਲਕਿ ਸਾਮਾਨ ਵੀ ਦੇ ਦਿੱਤਾ ਹੈ। ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਡਾਕੂ ਰੂਪੇ ਦੇ ਭੁਲੇਖੇ ਭਾਈ ਰੂਪੇ ਨੂੰ ਪਕੜਿਆ ਹੋਇਆ ਹੈ। ਭਾਈ ਰੂਪਾ ਤਾਂ ਅਤਿ ਦਾ ਸ਼ਰੀਫ਼, ਈਮਾਨਦਾਰ ਅਤੇ ਨੇਕ ਇਨਸਾਨ ਹੈ। ਇਸ ਨੂੰ ਕੋਈ ਖੇਚਲ ਦੇਣੀ ਬਦੀ ਜਾਂ ਪਾਪ ਕਮਾਉਣ ਦੇ ਬਰਾਬਰ ਹੈ। ਸੋ ਜੇਕਰ ਭਾਈ ਰੂਪਾ ਤੁਹਾਡੇ ਕੋਲ ਹੈ ਤਾਂ ਇਸ ਨੂੰ ਛੱਡ ਦੇਵੋ। ਹਾਕਮ ਨੇ ਖ਼ਤ ਪੜ੍ਹ ਕੇ ਭਾਈ ਰੂਪੇ ਨੂੰ ਅਦਬ ਸਤਿਕਾਰ ਨਾਲ ਵਿਦਾ ਕੀਤਾ। ਭਾਈ ਰੂਪੇ ਨੇ ਘਰ ਆ ਕੇ ਗੁਰੂ ਜੀ ਦੇ ਸ਼ੁਕਰ ਵਿਚ ਅਰਦਾਸ ਕੀਤੀ ਅਤੇ ਦੂਲਚੇ

ਨਾਮ ਦੇ ਮਸੰਦ ਰਾਹੀਂ ਗੁਰੂ ਘਰ ਲਈ ਕੁਝ ਭੇਟਾਵਾਂ ਵੀ ਭੇਜੀਆਂ ਅਤੇ ਗੁਰੂ ਪਾਤਿਸ਼ਾਹ ਜੀ ਦਾ ਵਾਰ ਵਾਰ ਸ਼ੁਕਰ ਕੀਤਾ। ਅੰਦਰੂਨੀ ਖ਼ੁਰਾਕ ਨਾਲ ਹੀ ਜੀਵ ਅਡੋਲ ਰਹਿ ਸਕਦਾ ਹੈ। ਮੁਸੀਬਤ ਦਾ ਟਾਕਰਾ ਕਰਕੇ ਧਰਮ ਦੀ ਦੁਨੀਆਂ ਅਤੇ ਆਪਣੇ ਆਪ ਨੂੰ ਵੀ ਬੇਦਾਗ਼ ਰੱਖ ਸਕਦਾ ਹੈ।

ਕਵੀ ਸੰਤੋਖ ਸਿੰਘ ਜੀ ਦੇ ਇਕ ਥਾਵੇਂ ਬਹੁਤ ਪਿਆਰੇ ਬਚਨ ਹਨ ਕਿ ਗੁਰੂ ਜੀ ਦੇ ਮਿਠੜੇ ਬੋਲ ਅਸਲ ਵਿਚ ਉਸ ਚੂਰਨ ਵਰਗੇ ਹਨ ਜਿਸ ਦੇ ਖਾਣ ਨਾਲ ਹੰਕਾਰ ਰੂਪ ਰੋਗ ਦੂਰ ਹੋ ਜਾਂਦਾ ਹੈ। ਮੇਰੀ ਅਜਿਹੇ ਗੁਰੂ ਜੀ ਨੂੰ ਨਮਸਕਾਰ ਹੈ।

ਸ੍ਰੀ ਗੁਰੂ ਬਚਨ ਸੁ ਚੂਰਨੰ ਖਾਇ ਕਮਾਇ ਜਾਹਿ॥
ਉਦਰ ਰੋਗ ਹਉਮੈ ਹਰਯੋ ਨਮਸਕਾਰ ਮੈ ਤਾਹਿ॥

ਸਤਿਗੁਰੂ ਜੀ ਇਸੇ ਲਈ ਹੀ ਤਾਂ ਅਜਿਹੇ ਭੋਜਨ ਦੀ ਵਰਤੋਂ ਲਈ ਪ੍ਰੇਰਨਾ ਦਿੰਦੇ ਹਨ—

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ॥

(ਪੰਨਾ ੬੧੧)

ਗੁਰਮਤਿ ਦੀ ਇਕ ਹੋਰ ਵਿਚਾਰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਇਹ ਸਭ ਕੁਝ ਦਾ ਖਿਲਾਰਾ ਇਕ ਵਿਚੋਂ ਹੀ ਪੈਦਾ ਹੋਇਆ ਹੈ। ਉਹ ਇਕ ਹੀ ਸਮੁੱਚੀ ਕਾਇਨਾਤ ਦਾ ਮਾਲਕ ਹੈ। ਉਸ ਇਕ ਪ੍ਰਮੇਸ਼ਰ ਵੱਲੋਂ ਆਪਣੀ ਲੁਕਾਈ ਨੂੰ ਆਪਣੇ ਘਰ ਦਾ ਰਾਹ ਦੱਸਣ ਲਈ ਭੇਜੇ ਪੀਰ ਪੈਗੰਬਰ ਗੁਰੂ ਭਾਵੇਂ ਸਭ ਲਈ ਸਨ ਪਰ ਫਿਰ ਵੀ ਉਨ੍ਹਾਂ ਨੇ ਆਪਣੀ ਮਨੌਤ ਵਾਲੇ ਲੋਕਾਂ ਲਈ ਹੀ ਦਰਵਾਜ਼ਾ ਖੋਲ੍ਹਿਆ। ਹਿੰਦੂ ਧਰਮ ਇਕ ਸ਼੍ਰੇਣੀ ਨੂੰ ਧਰਮ ਦਾ ਕੋਈ ਹੱਕ ਹੀ ਨਹੀਂ ਦਿੰਦਾ। ਮੁਸਲਮਾਨ ਵੀ ਮੱਕੇ ਅੰਦਰ ਕੇਵਲ ਮੁਸਲਮਾਨ ਨੂੰ ਹੀ ਆਉਣ ਦਿੰਦਾ ਹੈ। ਦੂਜਿਆਂ ਲਈ ਇਹ ਖ਼ੁਦਾ ਦਾ ਘਰ ਹੋਣ ਦੇ ਬਾਵਜੂਦ ਵੀ ਬੰਦ ਹੈ। ਈਸਾਈ ਧਰਮ ਦੀ ਵੀ ਇਹੋ ਧਾਰਨਾ ਹੈ ਕਿ ਹਜ਼ਰਤ ਈਸਾ ਜੀ ਦੀ ਈਸਾਈ ਧਰਮ ਧਾਰਨ ਕਰਕੇ ਪੈਦਾ ਹੋਈ ਅਸੀਸ ਹੀ ਪਾਰ ਕਰ ਸਕਦੀ ਹੈ। ਪਰ ਸਿੱਖ ਧਰਮ ਤਾਂ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਧਾਰਨੀ ਹੋਣ ਕਰਕੇ ਹਰ ਇਕ ਲਈ ਦਰਵਾਜ਼ਾ ਖੁੱਲ੍ਹਾ ਰੱਖਦਾ ਹੈ, ਉਪਦੇਸ਼ ਵੀ ਹਰ ਇਕ ਲਈ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥

(ਪੰਨਾ ੭੪੭)

ਇਸ ਲਈ ਹੀ ਗੁਰਬਾਣੀ ਦਾ ਇਹ ਭੋਜਨ 'ਜੇ ਕੋ ਖਾਵੈ' ਦੇ ਮਹਾਂਵਾਕ ਅਨੁਸਾਰ ਜੋ ਕੋਈ ਵੀ ਖਾ ਲਵੇ, ਉਹ ਭਾਵੇਂ ਕਿਸੇ ਵੀ ਦੇਸ਼, ਕਬੀਲੇ, ਜਾਤ,

ਗੋਤ, ਬਰਾਦਰੀ ਦਾ ਹੋਵੇ, ਉਸ ਅੰਦਰ ਇਹ ਭੋਜਨ ਧਰਮ ਦੀ ਖ਼ੁਰਾਕ ਬਣ ਕੇ ਤਾਕਤ ਪੈਦਾ ਕਰੇਗਾ। ਸੰਸਾਰਿਕ ਬੁਰੀਆਂ ਤਾਕਤਾਂ ਦੇ ਮੁਕਾਬਲੇ ਡੱਟ ਖਲੋਣ ਦੀ ਤਾਕਤ ਪੈਦਾ ਹੋ ਜਾਵੇਗੀ। ਅਜਿਹਾ ਪੁਰਖ ਹਰ ਥਾਂ ਅਡੋਲ ਹੀ ਨਹੀਂ ਖਲੋਂਦਾ ਬਲਕਿ ਜਿੱਤ ਵੀ ਪ੍ਰਾਪਤ ਕਰਦਾ ਹੈ।

ਧਰਮ ਦੀ ਦੁਨੀਆਂ ਵਿਚ ਪੁਰਾਣੇ ਗ੍ਰੰਥ ਵੇਦ ਮੰਨੇ ਜਾਂਦੇ ਹਨ ਪਰ ਸਭ ਤੋਂ ਪਹਿਲਾਂ ਉਨ੍ਹਾਂ ਨੇ ਹੀ ਦੁਬਿਧਾ ਆਦਿਕ ਦੇ ਬਖੇੜੇ ਪਾ ਕੇ ਇਕ ਮਨੁੱਖਤਾ ਦੀ ਮਾਲਾ ਦੇ ਮੋਤੀਆਂ ਨੂੰ ਬਿਖੇਰਿਆ। ਵੇਦ ਕੇਵਲ ਤਿੰਨ ਵਰਨਾਂ ਲਈ ਹੀ ਹੈ, ਚੌਥਾ ਵਰਨ ਪੜ੍ਹ ਸੁਣ ਲਵੇ ਤਾਂ ਬਹੁਤ ਵੱਡਾ ਪਾਪ ਹੋ ਜਾਂਦਾ ਹੈ। ਜਦਕਿ ਧਾਰਮਿਕ ਬਚਨ ਹਮੇਸ਼ਾ ਮਾੜੇ ਕੰਮਾਂ ਤੋਂ ਤੋਬਾ ਅਤੇ ਚੰਗੇ ਕੰਮਾਂ ਦੀ ਪ੍ਰੇਰਨਾ ਲਈ ਹੁੰਦੇ ਹਨ, ਪਰ ਇਥੇ ਸਗੋਂ ਪਾਪ ਹੀ ਉਦੋਂ ਹੁੰਦਾ ਹੈ ਜਦੋਂ ਕੋਈ ਚੌਥੇ ਵਰਨ ਭਾਵ ਸ਼ੂਦਰ ਆਦਿਕ ਇਹ ਵੇਦ ਬਾਣੀ ਪੜ੍ਹ ਸੁਣ ਲੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਜਿਹੜਾ ਵੀ ਪੁਰਖ ਭਾਵੇਂ ਇਸਤਰੀ, ਪੰਡਿਤ ਤੋਂ ਚੰਡਾਲ ਤੱਕ ਕੋਈ ਵੀ ਪੜ੍ਹ ਸੁਣ ਲਵੇ ਤਾਂ ਇਸ ਬਾਣੀ ਅੰਦਰ ਇਹ ਤਾਕਤ ਹੈ ਕਿ ਸਭ ਦਾ ਪਾਰ ਉਤਾਰਾ ਕਰ ਦਿੰਦੀ ਹੈ। ਸਾਰੇ ਪਾਪਾਂ ਭਾਵ ਬੁਰੇ ਕਰਮਾਂ ਨੂੰ ਮਿਟਾ ਕੇ, ਚੰਗੇ ਕੰਮਾਂ ਲਈ ਗਿਆਨ ਪੈਦਾ ਕਰਕੇ, ਵਿਕਾਰਾਂ ਦਾ ਨਾਸ ਕਰਕੇ ਦੈਵੀ ਗੁਣਾਂ ਦਾ ਪ੍ਰਕਾਸ਼ ਕਰਦੀ ਹੈ। ਮਨ ਨਿਮਰਤਾ ਦਾ ਧਾਰਨੀ ਹੋ ਕੇ ਪ੍ਰੇਮਾ ਭਗਤੀ ਵਿਚ ਲੀਨ ਹੋ ਕੇ ਪ੍ਰਮੇਸ਼ਰ ਰੂਪ ਹੋ ਜਾਂਦਾ ਹੈ। ਇਥੇ ਤਾਂ ਗੁਰਮੁਖਾਂ ਦੀ ਸੇਵਾ, ਸੰਤਾਂ ਦਾ ਸੰਗ, ਨਾਮ ਦਾ ਰੰਗ ਅਤੇ ਚੰਗੀ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ। ਬ੍ਰਹਮ ਦਾ ਗਿਆਨ ਦਇਆ ਅਤੇ ਆਤਮਿਕ ਹੁਲਾਰੇ ਲਈ ਕੀਰਤਨ ਦੀ ਧੁੰਨ ਪ੍ਰਾਪਤ ਹੁੰਦੀ ਹੈ। ਜੇ ਕੋਈ ਵੀ ਪੁਰਖ ਚਾਰ ਪਦਾਰਥਾਂ ਦੀ ਪ੍ਰਾਪਤੀ ਅਤੇ ਜਗਤ-ਉਧਾਰ ਦੀ ਕਾਮਨਾ ਰੱਖਦਾ ਹੈ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਬਾਣੀ ਮਨ ਲਾ ਕੇ ਪੜ੍ਹੇ ਜਾਂ ਸੁਣੇ ਤਾਂ ਉਸ ਦਾ ਲੋਕ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ। ਇਹ ਸਾਰੀ ਵਿਚਾਰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਅੰਕਿਤ ਕੀਤੀ ਹੋਈ ਹੈ। ਪੰਥ ਪ੍ਰਕਾਸ਼ ਦੇ ਬਚਨ ਹਨ-

ਬੇਦ ਮਹਿ ਬਖੇਰੇ ਹੈਂ, ਘਨੇਰੇ ਜਗ ਆਦਿ ਕੇਰੇ,
ਔਰ ਇਤਿਹਾਸ ਕ੍ਰਮ ਤੁ ਭੇਦ ਭਾਰ ਹੈ॥
ਸ੍ਰੀ ਗੁਰੂ ਗ੍ਰੰਥ ਮਾਹਿ ਏਕ ਭੀ ਬਿਖੇਰਾ ਨਾਹਿ,
ਕੇਵਲ ਮੁਕਤਿ ਪਥ ਕੇਵਲ ਉਚਾਰ ਹੈ॥
ਬੇਦ ਅਧਿਕਾਰ ਤੀਨ ਵਰਨ ਕੋ ਉਤਾਰੇ ਪਾਰਿ,
ਔਰ ਕੋਊ ਪਢੈ ਸੁਨੈ ਹਰੋਇ ਪਾਪੀ ਭਾਰ ਹੈ॥
ਯਾਵਤ ਹੈ ਨਰ ਨਾਰਿ ਦੂਜੇ ਤੇ ਚੰਡਾਰ,
ਤੱਕ ਗੁਰੂ ਗ੍ਰੰਥ ਜੀਤੇ ਹੋਤ ਸਭਿ ਕੋ ਉਧਾਰ ਹੈ॥
ਅਘ ਓਘ ਨਾਸੈ ਪੁੰਨ ਪੁੰਜ ਪ੍ਰਕਾਸੈ,

ਕਾਮ ਆਦਿਕ ਬਿਨਾਸੇ ਔ ਹੁਲਾਸੈ ਦੈਵੀ ਗੁਨ ਹੈ ॥
ਹੋਇ ਮਨ ਨੀਵਾ ਧੀਮਾ ਸੀਮਾ ਪ੍ਰੇਮ ਭਗਤੀ ਕੀ,
ਸ਼ਕਤੀ ਸਰਬ ਜਸ ਜਗਤੀ ਪੈ ਪੁਨ ਹੈ ॥
ਸਾਧ ਸੇਵ ਸੰਤ ਸੰਗਿ ਨਾਮ ਰੰਗ ਸੁੱਧ ਬੁਧਿ,
ਬ੍ਰਹਮ ਗਯਾਨ ਦਯਾ ਸੁਤ ਕੀਰਤਨ ਧੁਨ ਹੈ ॥
ਚਾਹੇ ਚਾਰ ਫਲ ਜੌਊ ਜਗ ਤੇ ਉਧਾਰ ਜਨ,
ਨਿਤ ਪ੍ਰਤਿ ਗੁਰੂ ਗ੍ਰੰਥ ਜੀ ਕੋ ਪਢੈਂ ਸੁਨ ਹੈ ॥

(ਪੰਥ ਪ੍ਰਕਾਸ਼, ਪੰਨਾ-੬੫੮)

ਅਜੋਕੇ ਸਮੇਂ ਅੰਦਰ ਵੱਡਾ ਦੁਖਾਂਤ ਇਸ ਗੱਲ ਦਾ ਹੈ ਕਿ ਹਰ ਜੀਵ ਇਹ ਆਸ ਰੱਖਦਾ ਹੈ ਕਿ ਮੇਰੀ ਭੁੱਖ ਮਿਟੇ ਕਿਉਂਕਿ ਭੁੱਖ ਹੀ ਤਾਂ ਭਟਕਣਾ ਦਾ ਕਾਰਨ ਬਣਦੀ ਹੈ, ਪਰ ਭੋਜਨ ਕਿਸੇ ਦਾ ਖਾਧਾ ਹੋਇਆ ਹੋਵੇ, ਖਾਵੇ ਕੋਈ, ਪਾਠ ਕੋਈ ਕਰੇ, ਸਿਮਰਨ ਕੋਈ ਕਰੇ, ਸਤਿਗੁਰੂ ਜੀ ਦੀ ਸਿੱਖੀ ਕੋਈ ਹੋਰ ਕਮਾਵੇ ਪਰ ਤ੍ਰਿਪਤੀ ਮੈਨੂੰ ਪ੍ਰਾਪਤ ਹੋਵੇ। ਇਸ ਗੱਲ ਕਰਕੇ ਹੀ ਅੱਜ ਪਾਠਾਂ ਦੀਆਂ ਲੜੀਆਂ ਲੱਗੀਆਂ ਹੋਈਆਂ ਹਨ ਅਤੇ ਹਰ ਕੋਈ ਪੈਸੇ ਦੇ ਕੇ ਪਾਠ ਕਰਵਾ ਕੇ ਤ੍ਰਿਪਤ ਹੋਣਾ ਚਾਹੁੰਦਾ ਹੈ। ਇਹ ਇਸ ਤਰ੍ਹਾਂ ਹੀ ਹੈ ਜਿਵੇਂ ਕੋਈ ਅਮੀਰ ਚਾਹੇ ਕਿ ਮੈਨੂੰ ਖਾਣ ਦੀ ਖੇਚਲ ਨਾ ਹੋਵੇ, ਖਾ ਕੋਈ ਲਵੇ ਪਰ ਭੁੱਖ ਅਤੇ ਭਟਕਣਾ ਮੇਰੀ ਮਿਟ ਜਾਵੇ, ਇਹ ਅਣਹੋਣੀ ਬਾਤ ਹੈ। ਜਿਸ ਨੇ ਵੀ ਭੁੱਖ ਮਿਟਾਉਣੀ ਹੈ, ਉਸ ਨੂੰ ਹੀ ਬਾਣੀ ਪੜ੍ਹਨੀ ਜਾਂ ਚਿੱਤ ਲਾ ਕੇ ਸੁਣਨੀ ਪਵੇਗੀ ਤਦ ਕੋਈ ਵੀ ਸ਼ੰਕਾ ਨਹੀਂ ਕਿ ਉਸ ਦਾ ਹਰ ਤਰੀਕੇ ਉਧਾਰ ਹੋਵੇਗਾ। ਗੁਰਬਾਣੀ ਦਾ ਫ਼ੈਸਲਾ ਹੈ ਕਿ ਜਿਹੜਾ ਵੀ ਪੜ੍ਹਦਾ ਸੁਣਦਾ ਹੈ ਭਾਵੇਂ ਕੋਈ ਵੀ ਹੋਵੇ, ਆਪਣਾ ਉਧਾਰ ਕਰ ਲੈਂਦਾ ਹੈ।

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥

(ਪੰਨਾ ੩੩੫)

ਸੰਸਾਰ ਅੰਦਰ ਕੋਈ ਵੀ ਮਨੁੱਖ ਇਸ ਪਾਵਨ ਪਵਿੱਤਰ ਥਾਲ ਵਿਚ ਪਈਆਂ ਵਸਤੂਆਂ ਖਾ ਲਵੇ ਤਾਂ ਉਸ ਦਾ ਹਿਰਦਾ ਹਰ ਪੱਖ ਤੋਂ ਬਲਵਾਨ ਹੋ ਜਾਂਦਾ ਹੈ। ਅਸਲ ਵਿਚ ਸਰਬ ਕਲਾ ਸਮਰਥ ਸੁਆਮੀ ਦੇ ਸਿਮਰਨ ਵਿਚ ਤਾਕਤ ਹੀ ਇੰਨੀ ਹੈ ਕਿ ਹਰ ਬੰਧਨ ਤੋਂ ਉਹ ਖ਼ਲਾਸੀ ਦਿਵਾ ਦਿੰਦੀ ਹੈ। ਪੰਚਮ ਪਾਤਿਸ਼ਾਹ ਜੀ ਦੀ ਪਵਿੱਤਰ ਅਸੀਸ ਹੈ—

ਰਾਮ ਨਾਮ ਕਉ ਨਮਸਕਾਰ ॥ ਜਾਸੁ ਜਪਤ ਹੋਵਤ ਉਧਾਰ ॥੧॥ ਰਹਾਉ ॥
ਜਾ ਕੈ ਸਿਮਰਨਿ ਮਿਟਹਿ ਧੰਧ ॥ ਜਾ ਕੈ ਸਿਮਰਨਿ ਛੂਟਹਿ ਬੰਧ ॥
ਜਾ ਕੈ ਸਿਮਰਨਿ ਮੂਰਖ ਚਤੁਰ ॥ ਜਾ ਕੈ ਸਿਮਰਨਿ ਕੁਲਹ ਉਧਰ ॥੧॥

ਜਾ ਕੈ ਸਿਮਰਨਿ ਭਉ ਦੁਖ ਹਰੈ ॥ ਜਾ ਕੈ ਸਿਮਰਨਿ ਅਪਦਾ ਟਰੈ ॥
ਜਾ ਕੈ ਸਿਮਰਨਿ ਮੁਚਤ ਪਾਪ ॥ ਜਾ ਕੈ ਸਿਮਰਨਿ ਨਹੀ ਸੰਤਾਪ ॥੨॥
ਜਾ ਕੈ ਸਿਮਰਨਿ ਰਿਦ ਬਿਗਾਸ ॥ ਜਾ ਕੈ ਸਿਮਰਨਿ ਕਵਲਾ ਦਾਸਿ ॥
ਜਾ ਕੈ ਸਿਮਰਨਿ ਨਿਧਿ ਨਿਧਾਨ ॥ ਜਾ ਕੈ ਸਿਮਰਨਿ ਤਰੇ ਨਿਦਾਨ ॥੩॥
ਪਤਿਤ ਪਾਵਨੁ ਨਾਮੁ ਹਰੀ ॥ ਕੋਟਿ ਭਗਤ ਉਧਾਰੁ ਕਰੀ ॥
ਹਰਿ ਦਾਸ ਦਾਸਾ ਦੀਨੁ ਸਰਨ ॥ ਨਾਨਕ ਮਾਥਾ ਸੰਤ ਚਰਨ ॥੪॥੨॥

(ਪੰਨਾ ੯੮੬)

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਬਚਨ ਪਿਆਰ ਨਾਲ ਪੜ੍ਹੀਏ—

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥

(ਪੰਨਾ ੬੪੫)

ਭੋਜਨ ਵੀ ਪਵਿੱਤਰ ਹੈ। ਪਵਿੱਤਰ ਤਰੀਕੇ ਨਾਲ ਪਵਿੱਤਰ ਗੁਰੂ-ਮਾਂ ਨੇ ਪਵਿੱਤਰ ਮਨਸਾ (ਭਾਵਨਾ) ਨਾਲ ਤਿਆਰ ਕਰਕੇ ਪਿਆਰ ਨਾਲ ਅਵਾਜ਼ ਵੀ ਮਾਰੀ ਹੈ ਕਿ 'ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥'

ਜੇ ਕੋ ਭੁੰਚੈ

ਹਰ ਜੀਵ ਦੀ ਸਭ ਤੋਂ ਵੱਧ ਭੱਜ ਦੌੜ ਪੇਟ ਪੂਰਤੀ ਲਈ ਹੈ। ਮਨੁੱਖ ਵੀ ਸਾਰੀ ਮੁਸ਼ੱਕਤ ਰੋਟੀ ਪ੍ਰਸ਼ਾਦੇ ਲਈ ਹੀ ਕਰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਜਿਸ ਵਾਸਤੇ ਇੰਨੇ ਉਪਰਾਲੇ ਅਤੇ ਯਤਨ ਹਨ, ਉਹ ਹੀ ਰੋਟੀ ਪ੍ਰਸ਼ਾਦਾ ਕਦੇ ਧਿਆਨ ਨਾਲ ਨਹੀਂ ਛੱਕਦਾ। ਦੁਨੀਆਂ ਦਾ ਦਸਤੂਰ ਹੈ ਕਿ ਜਿਹੜਾ ਮਨੁੱਖ ਜਿੰਨੀ ਵੱਧ ਰੋਟੀ ਕਮਾਉਂਦਾ ਹੈ, ਉਹ ਓਨੀ ਹੀ ਘੱਟ ਅਤੇ ਬੇਸੁਆਦੀ ਖਾਂਦਾ ਹੈ। ਜਿਹੜਾ ਜਿੰਨੀ ਘੱਟ ਰੋਟੀ ਕਮਾਉਂਦਾ ਹੈ, ਓਨੀ ਹੀ ਉਹ ਵੱਧ ਅਤੇ ਸੁਆਦ ਨਾਲ ਛੱਕਦਾ ਹੈ। ਬਿਲਕੁਲ ਇਹੋ ਹੀ ਕਹਾਣੀ ਮਨੁੱਖ ਦੇ ਆਧਿਆਤਮਿਕ ਜੀਵਨ ਦੀ ਹੈ। ਜਿੰਨੀਆਂ ਰੱਬ ਨੇ ਮਨੁੱਖ ਨੂੰ ਵੱਧ ਸਹੂਲਤਾਂ ਅਤੇ ਸੁੱਖ ਦਿੱਤੇ ਹਨ, ਓਨਾ ਹੀ ਮਨੁੱਖ ਦੁਨੀਆਂ ਵਿਚ ਵੱਧ ਦੁਖੀ ਅਤੇ ਬੇਰਸਾ ਹੋ ਗਿਆ ਹੈ। ਜਿੰਨੀ ਤਾਕਤ ਮਨੁੱਖ ਕੋਲ ਰੱਬੀ ਬੰਦਗੀ ਦਾ ਰਸ ਲੈਣ ਲਈ ਹੈ, ਓਨਾ ਹੀ ਮਨੁੱਖ ਰੱਬੀ ਰਸ ਤੋਂ ਵਾਂਝਾ ਹੋ ਕੇ ਦੁਨਿਆਵੀ ਰਸਾਂ ਕਸਾਂ ਦਾ ਗ਼ੁਲਾਮ ਹੋਇਆ ਫਿਰਦਾ ਹੈ।

'ਭੁੰਚੈ' ਸ਼ਬਦ ਦਾ ਅਰਥ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਅੰਦਰ ਕੀਤੇ ਹਨ– "ਟੇਡਾ ਹੋਣਾ, ਪਾਲਣਾ, ਝੁਕਣਾ, ਖਾਣਾ, ਭਜਨ ਕਰਨਾ, ਭੋਗਣਾ, ਅਨੰਦ ਲੈਣਾ" ਆਦਿਕ। ਇਸ ਤਰ੍ਹਾਂ ਹੀ ਡਾਕਟਰ ਗੁਰਚਰਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਅੰਦਰ ਅਰਥ ਕੀਤੇ ਹਨ– "ਖਾ, ਸੇਵਨ ਕਰ, ਭੋਗ।" "ਜੇ ਕੋ ਖਾਵੈ ਜੇ ਕੋ ਭੁੰਚੈ" ਸ਼ਬਦ ਦੀ ਪੰਕਤੀ ਪੜ੍ਹਿਆਂ ਸੁਭਾਵਿਕ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਥੇ ਭੁੰਚੈ ਸ਼ਬਦ ਦਾ ਅਰਥ ਭੋਗਣਾ ਭਾਵ ਰਸ ਲੈਣਾ ਜਾਂ ਰਸ ਮਾਨਣਾ ਬਣ ਜਾਂਦੇ ਹਨ।

ਭੋਜਨ ਨਾਲ ਬੰਦਾ ਕੇਵਲ ਪੇਟ ਹੀ ਨਹੀਂ ਭਰਦਾ ਬਲਕਿ ਪੇਟ ਭਰਨ ਲਈ ਖਾਧੇ ਭੋਜਨ ਦਾ ਅਨੰਦ ਵੀ ਮਾਨਣਾ ਚਾਹੁੰਦਾ ਹੈ। ਸ਼ਾਇਦ ਇਹੋ ਕਾਰਨ ਹੋਵੇਗਾ ਕਿ ਕਦੇ ਸਬਜ਼ੀ ਦੀ ਮਸ਼ਹੂਰੀ ਨਹੀਂ ਵੇਖੀਦੀ, ਜਿੰਨੀ ਮਸ਼ਹੂਰੀ ਖਾਣੇ ਨੂੰ ਸਵਾਦ ਬਣਾਉਣ ਵਾਲੇ ਮਸਾਲਿਆਂ ਦੀ ਹੁੰਦੀ ਹੈ। ਬੰਦੇ ਦਾ ਮਨ ਹਰ ਇਕ ਚੀਜ਼ ਵਿਚੋਂ ਰਸ ਮਾਨਣਾ ਚਾਹੁੰਦਾ ਹੈ। ਬੇਰਸੀ ਕੋਈ ਵੀ ਚੀਜ਼ ਇਸ ਨੂੰ ਪਸੰਦ ਨਹੀਂ ਹੁੰਦੀ। ਦੇਖਣ ਦਾ ਰਸ, ਸੁਣਨ ਦਾ ਰਸ, ਪਹਿਨਣ ਦਾ ਰਸ, ਖਾਣ ਦਾ ਰਸ, ਪੀਣ ਦਾ ਰਸ, ਬੋਲਣ ਦਾ ਰਸ, ਰਹਿਣ ਦਾ ਰਸ, ਅਨੇਕਾਂ ਥਾਵਾਂ 'ਤੇ ਜਾਣ ਦਾ ਰਸ, ਲੋਕਾਂ ਨੂੰ ਮਿਲਣ ਦਾ ਰਸ, ਵਿਸ਼ੇ ਵਿਕਾਰਾਂ ਦਾ ਰਸ, ਧਨ ਇਕੱਠਾ ਕਰਨ ਦਾ ਰਸ, ਹਉਮੈ ਭਾਵ ਆਪਣੇ ਆਪ ਦੀ ਵਡਿਆਈ ਦਾ ਰਸ ਭਾਵ ਅਨੇਕਾਂ ਰਸ ਹਨ।

ਜਦੋਂ ਇਹੋ ਜਿਹੇ ਦੁਨਿਆਵੀ ਰਸਾਂ ਕਸਾਂ ਨਾਲ ਜ਼ਿੰਦਗੀ ਭਰਪੂਰ ਹੋ ਗਈ ਤਾਂ ਸਾਹਿਬ ਜੀ ਪੁੱਛਦੇ ਹਨ ਕਿ ਤੇਰੀ ਜ਼ਿੰਦਗੀ ਦਾ ਅਸਲ ਮਕਸਦ ਰੱਬੀ ਰਸ ਲੈਣਾ ਸੀ, ਪਰ ਉਸ ਰਸ ਵਾਸਤੇ ਤਾਂ ਜ਼ਿੰਦਗੀ ਵਿਚ ਕੋਈ ਥਾਂ ਹੀ ਨਹੀਂ–

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥

(ਪੰਨਾ ੧੫)

ਨਾਮ-ਰਸ ਨੂੰ ਛੱਡ ਕੇ ਹੋਰ ਦੁਨੀਆਂ ਦਾ ਕੋਈ ਵੀ ਰਸ ਅਜਿਹਾ ਨਹੀਂ ਜਿਹੜਾ ਜੀਵ ਨੂੰ ਤ੍ਰਿਪਤ ਅਤੇ ਰੱਬੀ ਦਰਗਾਹ ਵਿਚ ਸੁਰਖ਼ਰੂ ਕਰ ਸਕਦਾ ਹੋਵੇ। ਇਹ ਦੋਵੇਂ ਗੱਲਾਂ ਕੇਵਲ ਰੱਬ ਦਾ ਨਾਮ-ਰਸ ਹੀ ਕਰ ਸਕਦਾ ਹੈ। ਗੁਰਬਾਣੀ ਦੀ ਪਵਿੱਤਰ ਵਿਚਾਰ ਹੈ ਕਿ–

ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥

(ਪੰਨਾ ੧੮੦)

ਜਦੋਂ ਤੱਕ ਬੰਦਾ ਗੁਰਬਾਣੀ ਅੰਦਰ ਦਿੱਤੇ ਹੋਏ ਤਿੰਨ ਪਦਾਰਥਾਂ ਦੇ ਭੋਜਨ ਨੂੰ ਰਸ ਨਾਲ ਤੇ ਅਨੰਦ ਨਾਲ ਨਹੀਂ ਮਾਣਦਾ, ਓਨਾ ਚਿਰ ਇਸ ਦੇ ਅੰਦਰੋਂ ਦੁਨਿਆਵੀ ਰਸਾਂ ਕਸਾਂ ਦੀ ਗ਼ੁਲਾਮੀ ਖ਼ਤਮ ਨਹੀਂ ਹੁੰਦੀ।

ਰਾਰਾ ਰਸੁ ਨਿਰਸ ਕਰਿ ਜਾਨਿਆ ॥
ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥

(ਪੰਨਾ ੩੪੨)

ਜਿਵੇਂ ਅਨਜਾਣ ਬੰਦਾ ਕੇਵਲ ਖਾਣੇ ਨਾਲ ਪੇਟ ਭਰ ਲੈਂਦਾ ਹੈ ਪਰ ਰਸ ਨਹੀਂ ਮਾਣਦਾ, ਇਸ ਤਰ੍ਹਾਂ ਹੀ ਹੁਣ ਧਾਰਮਿਕ ਦੁਨੀਆਂ ਵਿਚ ਹੋ ਰਿਹਾ ਹੈ। ਜੀਵ ਧਰਮ ਦੇ ਕਰਮ, ਪਾਠ ਪੂਜਾ, ਸਿਮਰਨ ਆਦਿਕ ਕਰਦਾ ਤਾਂ ਬਹੁਤ ਹੈ ਪਰ ਰਸ ਨਾਲ ਨਹੀਂ ਕਰਦਾ ਜਿਸ ਕਰਕੇ ਨਾ ਹੀ ਰੱਬੀ ਰਸ ਆਉਂਦਾ ਹੈ ਅਤੇ ਨਾ ਹੀ ਦੁਨਿਆਵੀ ਰਸ ਖ਼ਤਮ ਹੁੰਦੇ ਹਨ। ਰੱਬੀ ਰਸ ਲੈਣ ਆਇਆ ਵਣਜਾਰਾ ਦੁਨਿਆਵੀ ਰਸਾਂ ਕਸਾਂ ਵਿਚ ਹੀ ਉਲਝ ਕੇ ਜੋਗੀ ਬਣਨ ਦੀ ਬਜਾਇ ਭੋਗੀ ਅਤੇ ਰੋਗੀ ਹੋ ਕੇ ਹੀ ਜੀਵਨ ਗੁਜ਼ਾਰ ਜਾਂਦਾ ਹੈ।

ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ॥
ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ॥

(ਪੰਨਾ ੨੧੮)

ਆਮ ਜ਼ਿੰਦਗੀ ਦੀ ਉਦਾਹਰਣ ਹੈ ਕਿ ਜਿਸ ਨਾਲ ਬਹੁਤ ਪਿਆਰ ਹੋਵੇ, ਆਪਾਂ ਆਪ ਵੀ ਉਸ ਦੇ ਘਰ ਜਾਣਾ ਚਾਹੁੰਦੇ ਹਾਂ ਅਤੇ ਉਸ ਨੂੰ ਵੀ ਆਪਣੇ ਘਰ ਬੁਲਾਉਣਾ ਚਾਹੁੰਦੇ ਹਾਂ। ਜਦੋਂ ਕਦੇ ਆਪਣੇ ਪਿਆਰੇ ਨੂੰ ਆਪਣੇ ਘਰ ਆਉਣ ਦਾ ਸੱਦਾ ਦੇਈਏ ਤਾਂ ਆਮ ਕਰਕੇ ਆਪਾਂ ਚਾਰ ਚੀਜ਼ਾਂ ਲਾਜ਼ਮੀ ਦੇਖਦੇ ਹਾਂ। ਸਭ ਤੋਂ ਪਹਿਲੀ ਚੀਜ਼ ਹੈ ਕਿ ਜਦੋਂ ਕਿਸੇ ਨੂੰ ਘਰ ਬੁਲਾਈਏ ਤਾਂ ਆਪਾਂ ਖ਼ੁਦ ਘਰ ਰਹਿ ਕੇ ਉਸ ਦੀ ਉਡੀਕ ਕਰਦੇ ਹਾਂ। ਐਸਾ ਨਹੀਂ ਹੁੰਦਾ ਕਿ ਘਰ ਬੁਲਾ ਕੇ ਆਪ ਜਿੰਦਰਾ ਮਾਰ ਕੇ ਕਿਸੇ ਹੋਰ ਪਾਸੇ ਤੁਰ ਜਾਈਏ। ਇਹ ਉਸ ਆਉਣ ਵਾਲੇ ਮਹਿਮਾਨ ਦੀ ਬਹੁਤ ਹੀ ਵੱਡੀ ਤੌਹੀਨ (ਬੇਅਦਬੀ) ਹੈ। ਦੂਜੀ ਚੀਜ਼ ਇਹ ਵੇਖਦੇ ਹਾਂ ਕਿ ਅੱਜ ਸਾਡਾ ਘਰ ਬਹੁਤ ਸ਼ਿੰਗਾਰਿਆ ਹੋਇਆ ਹੋਵੇ। ਨਵਾਂ ਬਿਸਤਰਾ ਵਿਛਾਉਂਦੇ ਹਾਂ, ਦਰਵਾਜ਼ਾ ਸ਼ਿੰਗਾਰਦੇ ਹਾਂ, ਘਰ ਦੀ ਹਰ ਚੀਜ਼ ਸੁੰਦਰ ਢੰਗ ਨਾਲ ਟਿਕਾਣੇ 'ਤੇ ਰੱਖ ਕੇ ਸਾਡੀ ਹਰ ਤਰੀਕੇ ਕੋਸ਼ਿਸ਼ ਹੁੰਦੀ ਹੈ ਕਿ ਘਰ ਸ਼ੋਭਨੀਕ ਹੋਵੇ। ਤੀਜੀ ਚੀਜ਼ ਇਹ ਵੇਖਦੇ ਹਾਂ ਕਿ ਉਸ ਲਈ ਖਾਣਾ, ਪੀਣਾ ਅਤੇ ਹੋਰ ਸਹੂਲਤਾਂ ਹੋਣ ਅਤੇ ਆਉਣ ਵਾਲੇ ਦੀ ਜੇ ਮਰਜ਼ੀ ਪਤਾ ਹੋਵੇ ਤਾਂ ਉਸ ਅਨੁਸਾਰ ਹੀ ਭੋਜਨ ਬਣਾਉਂਦੇ ਹਾਂ। ਚੌਥੀ ਚੀਜ਼ ਇਹ ਹੁੰਦੀ ਹੈ ਕਿ ਉਸ ਨਾਲ ਗੱਲਾਂ ਬਾਤਾਂ ਕਰਦੇ ਹਾਂ। ਕੁਝ ਉਸ ਦੀਆਂ ਸੁਣਦੇ ਹਾਂ, ਕੁਝ ਆਪਣੀਆਂ ਸੁਣਾਉਂਦੇ ਹਾਂ, ਸਾਰਾ ਦੁੱਖ ਸੁਖ ਸਾਂਝਾ ਕਰਦੇ ਹਾਂ, ਬਹੁਤ ਹੀ ਸੁੱਖ ਮਹਿਸੂਸ ਕਰਦੇ ਹਾਂ। ਅਜਿਹੇ ਮਾਹੌਲ ਵਿਚ ਥੋੜੇ ਦੋ ਚਾਰ ਦਿਨ ਵੀ ਸਾਰੀ ਜ਼ਿੰਦਗੀ ਲਈ ਅਭੁੱਲ ਯਾਦ ਬਣ ਜਾਂਦੇ ਹਨ। ਪਰ ਇਹੋ ਗੱਲ ਹੁਣ ਧਾਰਮਿਕ ਦੁਨੀਆਂ ਵਿਚ ਵੇਖੀਏ। ਇਕ ਪਾਸੇ ਤਾਂ ਰੱਬ ਨੂੰ ਆਪਣੇ ਹਿਰਦੇ ਘਰ ਵਿਚ ਵਸਣ ਲਈ ਪਿਆਰ ਦਾ ਸੱਦਾ ਦਿੰਦੇ ਹਾਂ।

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ,
ਹਰਿ ਕਰਿ ਕਿਰਪਾ ਮਨਿ ਵਸੁ ਜੀਉ॥

(ਪੰਨਾ ੧੭੩)

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥
ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ
ਬਿਨੁ ਪਿਰ ਕਿਉ ਸੁਖੁ ਪਾਈਐ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ,
ਜਿਉ ਮਿਲੈ ਤਿਵੈ ਮਿਲਾਈਐ॥

(ਪੰਨਾ ੨੪੪)

ਪਰ ਦੂਜੇ ਪਾਸੇ ਅਸੀਂ ਆਪ ਹੀ ਘਰ ਤੋਂ ਚਲੇ ਜਾਂਦੇ ਹਾਂ। ਸਾਡਾ ਚਲੇ ਜਾਣ ਦਾ ਅਰਥ ਹੈ ਕਿ ਸਾਡਾ ਧਿਆਨ ਹਮੇਸ਼ਾ ਹੀ ਭਟਕਦਾ ਰਹਿੰਦਾ ਹੈ। ਇਕ ਪਾਸੇ ਗੁਰਬਾਣੀ ਦਾ ਪਾਠ, ਕੀਰਤਨ, ਕਥਾ ਹੋ ਰਹੀ ਹੋਵੇ, ਦੂਜੇ ਪਾਸੇ ਸਾਰਾ ਹੀ ਵਕਤ ਅਸੀਂ ਆਪਣੇ ਹਿਰਦੇ ਘਰ ਤੋਂ ਕੋਹਾਂ ਦੂਰ ਰਹਿੰਦੇ ਹਾਂ। ਇਹ ਇਸ ਤਰ੍ਹਾਂ ਹੀ ਹੈ ਜਿਵੇਂ ਕਿਸੇ ਨੂੰ ਘਰ ਬੁਲਾ ਕੇ ਆਪ ਚਲੇ ਜਾਈਏ। ਦੂਜੀ ਚੀਜ਼ ਹੈ ਕਿ ਘਰ ਨੂੰ ਸ਼ਿੰਗਾਰਨਾ। ਹੈਰਾਨੀ ਦੀ ਗੱਲ ਹੈ ਕਿ ਸਾਡਾ ਅੰਦਰ ਪਹਿਲੇ ਹੀ ਮੈਲ ਦਾ ਭਰਿਆ ਹੋਇਆ ਹੁੰਦਾ ਹੈ ਅਤੇ ਉਪਰੋਂ ਉਸ ਨੂੰ ਹੋਰ ਮੈਲਾ ਕਰਦੇ ਹਾਂ। ਦੁਨਿਆਵੀ ਕੰਮ ਕਰਦਿਆਂ ਬੰਦਾ ਓਨਾ ਹੰਕਾਰ ਨਹੀਂ ਕਰਦਾ ਜਿੰਨਾ ਹੰਕਾਰ ਧਾਰਮਿਕ ਕੰਮ ਕਰਦਿਆਂ ਕਰਦਾ ਹੈ। ਵਿਕਾਰਾਂ ਨਾਲ, ਈਰਖਾ ਨਾਲ, ਨਿੰਦਾ ਚੁਗਲੀ, ਝੂਠ ਫ਼ਰੇਬ ਆਦਿਕ ਨਾਲ ਬਾਹਰੋਂ ਭਾਵੇਂ ਸਾਫ਼ ਦਿਸਦੇ ਹੋਈਏ ਪਰ ਅੰਦਰ ਬਹੁਤ ਹੀ ਮੈਲਾ ਕਰ ਲੈਂਦੇ ਹਾਂ। ਘਰ ਨੂੰ ਸ਼ਿੰਗਾਰਨਾ ਹੈ ਨਿਮਰਤਾ ਨਾਲ, ਪ੍ਰੇਮ ਪਿਆਰ ਨਾਲ, ਸ਼ਰਧਾ ਭਾਵਨਾ ਦੇ. ਨਾਲ ਪਰ ਇਸ ਦੀ ਬਜਾਇ ਹੋਰ ਗੰਦਾ ਕਰ ਲੈਂਦੇ ਹਾਂ। ਅਜਿਹੇ ਗੰਦ ਦੇ ਭਰੇ ਹਿਰਦੇ ਵਿਚ ਰੱਬ ਕਿਵੇਂ ਵਸ ਸਕਦਾ ਹੈ ? ਗੁਰਬਾਣੀ ਦੇ ਬਚਨ ਹਨ—

> **ਰਾਜਨ ਕਉਨੁ ਤੁਮਾਰੈ ਆਵੈ ॥**
> **ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ਰਹਾਉ ॥**
> **ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥**
> **ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰਿ ਮੈ ਮਾਨਿਆ ॥੨॥**
> **ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥**
> **ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੩॥੯॥**
>
> (ਪੰਨਾ ੧੧੦੫)

ਅਸੀਂ ਸਿਰਫ਼ ਰੱਬ ਦੇ ਮਿਲਾਪ ਦੀਆਂ ਗੱਲਾਂ ਕਰਦੇ ਹਾਂ ਪਰ ਮਿਲਾਪ ਦੀ ਤਾਂਘ ਨਹੀਂ ਰੱਖਦੇ।

ਤੀਜੀ ਚੀਜ਼ ਹੈ ਕਿ ਆਪਾਂ ਮਹਿਮਾਨ ਦੀ ਖ਼ੁਸ਼ੀ ਲੈਣ ਵਾਸਤੇ ਸਭ ਕੁਝ ਉਸ ਦੀ ਮਰਜ਼ੀ ਦਾ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, ਲੇਕਿਨ ਸੱਚ ਦੀ ਜ਼ਿੰਦਗੀ ਅੰਦਰ ਅਸੀਂ ਇਕ ਵੀ ਚੀਜ਼ ਆਪਣੇ ਪਿਆਰੇ ਦੀ ਮਰਜ਼ੀ ਦੀ ਨਹੀਂ ਰੱਖਦੇ। ਉਸ ਨੂੰ ਚੰਗੀ ਰਹਿਤ ਚੰਗੀ ਲੱਗਦੀ ਹੈ, ਉਹ ਸਾਡੇ ਕੋਲ ਨਹੀਂ। ਇਸ ਨੂੰ ਰੱਬੀ ਬੋਲ ਚੰਗੇ ਲੱਗਦੇ ਹਨ ਭਾਵ ਨਿਤਨੇਮ ਹੋਵੇ, ਉਹ ਸਾਡੇ ਕੋਲ ਨਹੀਂ। ਉਸ ਨੂੰ ਅੰਮ੍ਰਿਤ ਚੰਗਾ ਲੱਗਦਾ ਹੈ, ਉਹ ਸਾਡੇ ਕੋਲ ਨਹੀਂ। ਉਸ ਨੂੰ ਨਾਮ ਚੰਗਾ ਲੱਗਦਾ ਹੈ, ਭਗਤੀ ਚੰਗੀ ਲੱਗਦੀ ਹੈ, ਪਰ ਅਜਿਹੀ ਇਕ ਵੀ ਚੀਜ਼ ਆਪਾਂ ਆਪਣੇ ਪਿਆਰੇ ਦੇ ਪਿਆਰ ਲਈ ਨਹੀਂ ਰੱਖਦੇ, ਫਿਰ ਉਸ ਨਾਲ ਮੇਲ ਮਿਲਾਪ ਕਿਵੇਂ ਹੋ ਸਕਦਾ ਹੈ ?

ਰਹਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ॥ (ਪਾ: ੧੦)

ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ॥

(ਪੰਨਾ ੪੦੪)

ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥

(ਪੰਨਾ ੭੨੬)

ਚੌਥੀ ਚੀਜ਼ ਹੈ ਉਸ ਨਾਲ ਪਰਸਪਰ ਵਿਚਾਰ ਕਰਨੀ। ਧਰਮ ਦੀ ਦੁਨੀਆਂ ਵਿਚ ਅਸੀਂ ਜਦੋਂ ਵੀ ਪਾਠ, ਸਹਿਜ ਪਾਠ, ਅਖੰਡ ਪਾਠ ਆਦਿਕ ਕਰਵਾਉਂਦੇ ਹਾਂ ਤਾਂ ਉਸ ਨੂੰ ਭਾਵ ਗੁਰੂ ਜੀ ਨੂੰ ਹੀ ਆਖਦੇ ਹਾਂ ਕਿ ਤੁਸੀਂ ਬੋਲੀ ਜਾਵੋ, ਮੇਰੇ ਕੋਲ ਕੋਈ ਵਕਤ ਨਹੀਂ, ਬਲਕਿ ਕਿਸੇ ਤਰੀਕੇ ਨਾਲ ਚੰਗੀ ਤਰ੍ਹਾਂ ਸੇਵਾ ਵੀ ਨਹੀਂ ਕਰ ਸਕਦੇ, ਫਿਰ ਮਿਲਾਪ ਦੀ ਆਸ ਕਿਵੇਂ ਪੂਰੀ ਹੋ ਸਕਦੀ ਹੈ ? ਉਪਰੋਕਤ ਵਿਚਾਰ ਦਾ ਭਾਵ ਹੈ ਕਿ ਅਸੀਂ ਕਰਮ ਵੀ ਕਮਾ ਰਹੇ ਹਾਂ ਪਰ ਰਸ ਨਾ ਲੈਣ ਦੇ ਕਾਰਨ, ਉਨ੍ਹਾਂ ਨੂੰ ਨਾ ਮਾਨਣ ਦੇ ਕਾਰਨ, ਬਿਨਾਂ ਹੀ ਭੁੰਚਣ ਤੋਂ ਵਕਤ ਬਰਬਾਦ ਕਰ ਰਹੇ ਹਾਂ। ਜਿਨ੍ਹਾਂ ਨੇ ਆਤਮਿਕ ਰਸ ਜਾਣ ਲਿਆ, ਮਾਣ ਲਿਆ, ਉਨ੍ਹਾਂ ਨੂੰ ਯਕੀਨਨ ਮਿਲਾਪ ਹੁੰਦਾ ਹੈ।

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥

ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥

(ਪੰਨਾ ੨੫੨)

ਭਾਈ ਗੁਰਦਾਸ ਜੀ ਨੇ ਬਹੁਤ ਪਿਆਰਾ ਬਚਨ ਸਮਝਾਇਆ ਹੈ ਕਿ ਦੁਨੀਆਂ ਦੇ ਹੋਰ ਰੰਗ ਰਸਾਂ ਵਿਚ ਆਪਣੇ ਜੀਵਨ ਦਾ ਸਮਾਂ ਬਰਬਾਦ ਨਾ ਕਰੀਏ ਕਿਉਂਕਿ ਇਹ ਝੂਠੇ ਹੀ ਹਨ। ਹੋਰ ਸੁਆਦਲੇ ਪਦਾਰਥ ਵੀ ਅਸਲ ਵਿਚ ਵਿਸ ਗੰਦਲਾਂ ਹੀ ਹਨ ਪਰ ਸਾਨੂੰ ਬੋਧ ਨਾ ਹੋਣ ਕਰਕੇ ਪਿਆਰੇ ਲੱਗਦੇ ਹਨ। ਸੰਸਾਰਿਕ ਰਾਗ ਨਾਦ ਉਹ ਸੁਖ ਕਦੇ ਵੀ ਨਹੀਂ ਦੇ ਸਕਦੇ ਜੋ ਸੁਖ ਗੁਰ-ਸ਼ਬਦ ਕੀਰਤਨ ਵਿਚੋਂ ਪ੍ਰਾਪਤ ਹੁੰਦਾ ਹੈ। ਗੁਰਮਤਿ ਕਾਰਜਾਂ ਤੋਂ ਬਗ਼ੈਰ ਬਾਕੀ ਕਰਮ ਵੀ ਮਾੜਾ ਫਲ ਹੀ ਝੋਲੀ ਪਾਉਂਦੇ ਹਨ। ਗੁਰਮੁਖਿ ਗਾਡੀ ਰਾਹ ਤੋਂ ਬਿਨਾਂ ਹੋਰ ਕੱਚੇ ਰਸਤਿਆਂ 'ਤੇ ਮਨੁੱਖ ਹਮੇਸ਼ਾ ਕਾਮ ਕਰੋਧ ਆਦਿਕ ਠੱਗਾਂ ਹੱਥੋਂ ਠੱਗਿਆ ਜਾਂਦਾ ਹੈ। ਸਭ ਤੋਂ ਸ੍ਰੇਸ਼ਟ ਹੈ ਰੱਬੀ ਪ੍ਰੀਤ। ਜਿਹੜਾ ਜੀਵ ਇਸ ਪ੍ਰੀਤ ਦਾ ਰਸ ਮਾਣਦਾ ਹੈ, ਉਹ ਇਕ ਦਿਨ ਸੱਚਾ ਰੂਪ ਹੋ ਕੇ ਸੱਚ ਵਿੱਚ ਹੀ ਸਮਾ ਜਾਂਦਾ ਹੈ। ਭਾਵ ਨਾਮ ਰਸ ਮਾਣ ਕੇ ਹੀ ਸਾਈਂ ਦੀ ਦਰਗਾਹ ਵਿਚ ਮਿਲਾਪ ਹੁੰਦਾ ਹੈ।

ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ।
ਹੋਰਤੁ ਸਾਦਿ ਨ ਲਗੀਐ ਹੋਇ ਵਿਸੁਲ ਗੰਦਾ।
ਹੋਰਤੁ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ।
ਹੋਰਤੁ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ।
ਹੋਰਤੁ ਪੰਥਿ ਨ ਚਲੀਐ ਠਗੁ ਚੋਰੁ ਮੁਹੰਦਾ।
ਪੀਰ ਮੁਰੀਦਾਂ ਪਿਰਹੜੀ ਸਚੁ ਸਚਿ ਮਿਲੰਦਾ॥੨੧॥

(ਵਾਰ ੨੭, ਪਉੜੀ ੧੧)

ਗੁਰ ਇਤਿਹਾਸ ਦੀਆਂ ਦੋ ਸਾਖੀਆਂ ਆਪਣੇ ਖ਼ਿਆਲ ਵਿਚ ਲਿਆਈਏ ਤਾਂ ਸਾਨੂੰ ਸਹਿਜੇ ਹੀ ਇਹ ਪ੍ਰਗਟ ਹੋ ਜਾਵੇਗਾ ਕਿ ਅਸਲ ਵਿਚ ਭੁੰਚਣਾ ਕਿੰਨਾ ਜ਼ਰੂਰੀ ਹੈ ਭਾਵ ਰਸ ਮਾਣ ਕੇ ਗੁਣ ਗਾਉਣੇ ਕਿੰਨੇ ਜ਼ਰੂਰੀ ਹਨ। ਪਹਿਲੀ ਸਾਖੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੀ ਦੇ ਵਕਤ ਦੀ ਹੈ। ਜਦੋਂ ਭਾਈ ਗੋਪਾਲਾ ਸ੍ਰੀ ਹਰਿ ਗੋਬਿੰਦਪੁਰੇ ਵਿਚ ਗੁਰੂ ਜੀ ਦੇ ਕਹਿਣ 'ਤੇ ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗ ਪਿਆ। ਸਾਰਾ ਪਾਠ ਕਰਦਾ ਗਿਆ। ਆਖ਼ਿਰ 'ਤੇ ਫੁਰਨਾ ਆ ਗਿਆ ਕਿ ਜੇਕਰ ਸਤਿਗੁਰੂ ਜੀ ਖ਼ੁਸ਼ ਹੋ ਕੇ ਮੈਨੂੰ ਪੁੱਛਣ ਕਿ ਭਾਈ ਗੋਪਾਲਿਆ, ਮੰਗ ਕੀ ਮੰਗਦਾ ਹੈਂ ਤਾਂ ਮੈਂ ਗੁਰੂ ਜੀ ਦੇ ਤਬੇਲੇ ਵਿਚ ਖਲੋਤਾ ਕੀਮਤੀ ਘੋੜਾ ਮੰਗਾਂਗਾ। ਪਾਠ ਦੀ ਸਮਾਪਤੀ ਹੋਈ। ਨਿਰੰਕਾਰ ਦੀ ਬਾਣੀ ਨਾਲ ਰਿਸ਼ਤਾ ਬਣਾ ਦੇਣਾ ਸੀ ਪਰ ਸੰਸਾਰ ਦੇ ਫੁਰਨੇ ਨੇ ਮੁੜ ਸੰਸਾਰ ਨਾਲ ਹੀ ਰਿਸ਼ਤਾ ਬਣਾ ਦਿੱਤਾ। ਸਾਹਿਬ ਜੀ ਨੇ ਘੋੜਾ ਤਾਂ ਬਖ਼ਸ਼ਿਸ਼ ਕਰ ਦਿੱਤਾ ਪਰ ਨਾਲ ਹੀ ਇਹ ਤਾੜਨਾ ਵੀ ਕੀਤੀ ਕਿ ਜੇਕਰ ਸੁਰਤਿ ਨੂੰ ਜਪੁ ਜੀ ਸਾਹਿਬ ਦੀ ਬੁੱਕਲ ਵਿਚ ਹੀ ਰੱਖ ਕੇ ਗੁਰਬਾਣੀ ਦਾ ਰਸ ਮਾਣਦਾ ਰਹਿੰਦਾ ਤਾਂ ਪਾਠ ਕਰਦਿਆਂ ਕਈ ਵਾਰੀ ਪੰਕਤੀ ਪੜ੍ਹੀ ਹੋਵੇਗੀ ਕਿ "ਸਚਖੰਡਿ ਵਸੈ ਨਿਰੰਕਾਰੁ" ਅਤੇ ਅੱਜ ਸੁਰਤਿ ਨੇ ਸਚਖੰਡ ਵਿਚ ਵਸਦੇ ਨਿਰੰਕਾਰ ਨਾਲ ਅਟੁੱਟ ਸਾਂਝ ਬਣਾ ਲੈਣੀ ਸੀ। ਦੂਜੀ ਗੱਲ ਜੇ ਫੁਰਨਾ ਕੁਝ ਮੰਗਣ ਦਾ ਆ ਵੀ ਗਿਆ ਸੀ ਤਾਂ ਫਿਰ ਗੁਰੂ 'ਤੇ ਹੀ ਛੱਡ ਦਿੰਦਾ ਕਿ "ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥" ਫਿਰ ਵੀ ਗੁਰੂ ਨੇ ਨਾਨਕ ਨਦਰੀ ਨਦਰਿ ਨਿਹਾਲ ਕਰ ਦੇਣਾ ਸੀ। ਗੁਰਬਾਣੀ ਦਾ ਪਾਠ ਕਰਿਆਂ ਮਿਲੇਗਾ ਤਾਂ ਹਰ ਹਾਲਤ ਵਿਚ ਪਰ ਅਸੀਂ ਕੇਵਲ ਸੰਸਾਰੀ ਪਦਾਰਥ ਹੀ ਮੰਗਦੇ ਰਹਿੰਦੇ ਹਾਂ। ਕਿਧਰੇ 'ਪ੍ਰੇਮ ਖੇਲਨ ਕਾਲ ਚਾਉ' ਪੈਦਾ ਕਰਕੇ ਪਾਠ ਕਰੀਏ ਤਾਂ ਪ੍ਰੀਤ ਸਾਨੂੰ ਪ੍ਰੀਤਮ ਦੇ ਦੇਸ ਲੈ ਜਾ ਸਕਦੀ ਹੈ। ਸੁਲਤਾਨਪੁਰ ਲੋਧੀ ਵਿਖੇ ਵੀ ਕਾਜ਼ੀ ਅਤੇ ਨਵਾਬ ਦੌਲਤ ਖ਼ਾਂ ਦਾ ਕੇਵਲ ਅੱਖਰਾਂ ਦੀ ਨਮਾਜ਼ ਪੜ੍ਹਨਾ ਕਬੂਲ ਨਹੀਂ ਹੋਇਆ ਸੀ।

ਸੂਰਜ ਪ੍ਰਕਾਸ਼ ਦੇ ਕਰਤਾ ਨੇ ਦੂਜੀ ਸਾਖੀ ਲਿਖੀ ਹੈ ਕਿ ਇਕ ਸਿੱਖ ਸ੍ਰੀ ਅਨੰਦਪੁਰ ਸਾਹਿਬ ਆਇਆ ਅਤੇ ਬੇਨਤੀ ਕਰਨ ਲੱਗਾ ਕਿ ਪਾਤਿਸ਼ਾਹ ਜੀ! ਘਰੋਗੀ ਮਜਬੂਰੀਆਂ ਅਤੇ ਹਾਲਾਤ ਨੇ ਪੜ੍ਹਨ ਨਹੀਂ ਦਿੱਤਾ। ਹੁਣ ਮੇਰਾ ਮਨ ਗੁਰਬਾਣੀ ਦਾ ਪਾਠ ਕਰਨ ਲਈ ਬਹੁਤ ਲੋਚਾ ਰੱਖਦਾ ਹੈ ਪਰ ਮੈਨੂੰ ਪੜ੍ਹਨਾ ਨਹੀਂ ਆਉਂਦਾ। ਆਪ ਜੀ ਕੋਈ ਕਿਰਪਾ ਕਰੋ ਜੀ। ਤਾਂ ਕਲਗੀਧਰ ਦਸਮੇਸ਼ ਪਿਤਾ ਜੀ ਨੇ ਇਕ ਸਿਆਣੇ ਸਿੱਖ ਦੀ ਡਿਊਟੀ ਲਗਾ ਦਿੱਤੀ ਕਿ ਇਸ ਗੁਰਸਿੱਖ ਨੂੰ ਪਹਿਲੇ ਗੁਰਮੁਖੀ ਅੱਖਰਾਂ ਦਾ ਗਿਆਨ ਦੇ ਕੇ ਫਿਰ ਗੁਰਬਾਣੀ ਦਾ ਪਾਠ ਸਿਖਾਉਣਾ ਹੈ। ਪਾਠੀ ਸਿੰਘ ਨੇ ਬਹੁਤ ਹੀ ਮਿਹਨਤ ਨਾਲ ਪਹਿਲਾਂ ਗੁਰਮੁਖੀ ਅੱਖਰਾਂ ਦਾ ਗਿਆਨ ਕਰਵਾਇਆ, ਫਿਰ ਗੁਰਬਾਣੀ ਦੀ ਸੰਥਿਆ ਦੇਣੀ ਸ਼ੁਰੂ ਕੀਤੀ। ਪਹਿਲੇ ਦਿਨ ਹੀ ਅਨੰਦੁ ਸਾਹਿਬ ਦੀ ਪਹਿਲੀ ਪਉੜੀ—

> ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
> ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
> ਰਾਗ ਰਤਨ ਪਰਿਵਾਰ ਪਰੀਆ ਸਬਦ ਗਾਵਣ ਆਈਆ॥
> ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
> ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥

(ਅਨੰਦੁ ਸਾਹਿਬ)

ਦਾ ਪਾਠ ਕਰਵਾਇਆ। ਪ੍ਰਮੇਸ਼ਰ ਦੀ ਮਿਹਰ ਹੋਈ। ਗਿਆਨ ਅਤੇ ਧਿਆਨ ਦਾ ਮਿਲਾਪ ਹੋ ਗਿਆ, ਜਿਸ ਸਦਕਾ ਗੁਰਬਾਣੀ ਦਾ ਰਸ ਕੇਵਲ ਜ਼ੁਬਾਨ ਤੱਕ ਹੀ ਨਹੀਂ ਬਲਕਿ ਸੁਰਤਿ ਵਿਚ ਝਿਮ ਝਿਮ ਅੰਮ੍ਰਿਤ ਵਰਸਣ ਲੱਗ ਪਿਆ। ਉਸ ਦੇ ਅੰਦਰ "ਵਾਹਿਗੁਰੂ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ" ਦੀ ਅਵਸਥਾ ਬਣ ਗਈ। ਹਰ ਰੋਜ਼ ਇਸ ਪੰਗਤੀ ਨੂੰ ਗੁਣ ਗੁਣਾ ਕੇ ਰਸ ਮਾਣਦਾ ਰਿਹਾ। ਇਸ ਅਵਸਥਾ ਵਿਚ ਕਈ ਦਿਨ ਬਤੀਤ ਹੋ ਗਏ। ਪਾਠੀ ਸਿੰਘ ਨੇ ਗੁਰੂ ਕਲਗੀਧਰ ਜੀ ਨੂੰ ਬੇਨਤੀ ਕੀਤੀ ਕਿ ਉਹ ਸੰਥਿਆ ਵਾਲਾ ਸਿੱਖ ਮੁੜ ਕੇ ਨਹੀਂ ਆਇਆ। ਸਤਿਗੁਰੂ ਜੀ ਨੇ ਸੁਨੇਹਾ ਭੇਜ ਕੇ ਉਸ ਨੂੰ ਬੁਲਾ ਕੇ ਪੁੱਛਿਆ ਕਿ ਭਾਈ, ਤੂੰ ਸੰਥਿਆ ਲੈਣ ਕਿਉਂ ਨਹੀਂ ਆਉਂਦਾ? ਤਾਂ ਸਿੱਖ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਗਰੀਬ ਨਿਵਾਜ਼ ਜੀਉ! ਜੋ ਕੁਝ ਪਰਮ ਸੁਖ ਇਸ ਇਕ ਹੀ ਸ਼ਬਦ ਨੂੰ ਪੜ੍ਹ ਕੇ ਮਿਲਿਆ ਹੈ, ਉਸ ਲਈ ਕਿਰਪਾ ਕਰਿਓ ਜੀ ਕਿ ਹਰ ਸੁਆਸ ਉਹ ਪਰਮ ਰਸ ਮਾਣਦਾ ਹੀ ਰਹਾਂ। ਮੈਨੂੰ ਇਸ ਤੋਂ ਅੱਗੇ ਵੀ ਕੋਈ ਸੰਥਿਆ ਹੈ, ਉਸ ਬਾਰੇ ਪਤਾ ਨਹੀਂ ਸੀ। ਸਤਿਗੁਰੂ ਜੀ ਨੇ ਘੁੱਟ ਕੇ ਗਲਵਕੜੀ ਵਿਚ ਲਿਆ ਅਤੇ ਬਚਨ ਆਖੇ ਕਿ ਸਿੱਖਾ! ਜਿੰਨੇ ਪਿਆਰ ਨਾਲ ਤੂੰ ਸ਼ਬਦ ਨੂੰ ਮਾਣਿਆ ਹੈ,

ਉਸ ਨਾਲ ਤੈਨੂੰ ਪਰਮ ਸੁੱਖ ਮਿਲ ਗਿਆ ਹੈ। ਇਹ ਤੇਰੇ ਹੀ ਅੰਦਰ ਦੀ ਅਵਸਥਾ ਸੀ। ਆਮ ਬੰਦਾ ਸਿਰਫ਼ ਜਾਨਣ ਤੱਕ ਹੀ ਰੁੱਕ ਜਾਂਦਾ ਹੈ ਪਰ ਜਾਨਣਾ ਬਹੁਤ ਖ਼ਤਰਨਾਕ ਵੀ ਹੋ ਸਕਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਮਾਨਣ ਤੋਂ ਪਹਿਲੀ ਅਵਸਥਾ ਜਾਨਣਾ ਹੀ ਹੈ ਪਰ ਜਿੰਨਾ ਚਿਰ ਤੱਕ ਮਾਣਦਾ ਨਹੀਂ, ਓਨਾ ਚਿਰ ਤੱਕ ਜਾਨਣਾ ਹੰਕਾਰ ਪੈਦਾ ਕਰਕੇ ਖ਼ੁਆਰੀ ਦੇ ਰਾਹ ਤੋਰ ਦਿੰਦਾ ਹੈ। ਮਾਨਣ ਵਾਲਾ ਖ਼ੁਆਰੀ ਤੋਂ ਬੱਚ ਕੇ ਅੰਦਰਲੇ ਟਿਕਾਅ ਨੂੰ ਹਾਸਿਲ ਕਰ ਲੈਂਦਾ ਹੈ। ਇਸ ਲਈ ਹੀ ਪੰਚਮ ਗੁਰਦੇਵ ਜੀ ਦੀ ਅਰਦਾਸ ਹੈ ਕਿ—

> ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥
> ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ॥
>
> (ਪੰਨਾ ੬੧੫)

> ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ॥
> ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ॥੧॥
> ਜਾ ਕਉ ਆਇਓ ਏਕੁ ਰਸਾ॥
> ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ॥ ਰਹਾਉ॥
> ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ॥
> ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ॥੨॥
> ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ॥
> ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ॥੩॥
> ਦੀਨ ਦੋਇਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ॥
> ਓਤਿ ਪੋਤਿ ਨਾਨਕ ਸੰਗਿ ਰਵਿਆ ਜਿਉ ਮਾਤਾ ਬਾਲ ਗੋਪਾਲਾ॥੪॥੭॥
>
> (ਪੰਨਾ ੬੭੨)

ਪੰਚਮ ਪਿਤਾ ਜੀ ਮਹਾਰਾਜ ਕਿਰਪਾ ਕਰਦੇ ਹਨ ਕਿ ਜਿਨ੍ਹਾਂ ਪਦਾਰਥਾਂ ਲਈ ਜੀਵ ਦੌੜ ਭੱਜ ਕਰਦਾ ਹੈ, ਉਨ੍ਹਾਂ ਵਿਚੋਂ ਕੋਈ ਵੀ ਚੀਜ਼ ਪ੍ਰਮੇਸ਼ਰ ਜੀ ਦੇ ਨਾਮ ਅੰਮ੍ਰਿਤ ਦੀ ਬਰਾਬਰਤਾ ਨਹੀਂ ਕਰ ਸਕਦੀ। ਇਸ ਦੀ ਅਸਲ ਵਿਚ ਕਦਰ ਉਹੀ ਮਨੁੱਖ ਕਰਦਾ ਹੈ ਜਿਸ ਉੱਤੇ ਗੁਰੂ ਮਿਹਰਵਾਨ ਹੋ ਕੇ ਇਹ ਦਾਤ ਬਖ਼ਸ਼ਿਸ਼ ਕਰਦਾ ਹੈ। ਨਾਮ-ਰਸ ਹੀ ਅਜਿਹਾ ਹੁੰਦਾ ਹੈ ਕਿ ਜਿਸ ਨਾਲ ਖਾਣ ਪੀਣ ਅਤੇ ਹੋਰ ਦੁਨਿਆਵੀ ਭੁੱਖਾਂ ਹੀ ਖ਼ਤਮ ਹੋ ਜਾਂਦੀਆਂ ਹਨ। ਉਸ ਦੇ ਚਿੱਤ ਵਿਚ ਭੁੱਖਾਂ ਦਾ ਟਿਕਾਅ ਨਹੀਂ ਬਲਕਿ ਨਾਮ-ਰਸ ਦਾ ਟਿਕਾਅ ਹੋ ਜਾਂਦਾ ਹੈ। "ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥" ਦੀ ਅਵਸਥਾ ਬਣ ਜਾਂਦੀ ਹੈ। ਉਸ ਦੇ ਤਨ ਅਤੇ ਮਨ ਦਾ ਖੇੜਾ ਬਣ ਜਾਂਦਾ ਹੈ। ਜਿਸ ਨੂੰ ਨਾਮ-ਰਸ ਦੀ ਇਕ ਬੂੰਦ ਵੀ ਪ੍ਰਾਪਤ ਹੋ ਜਾਵੇ, ਉਸ ਪੁਰਖ ਦੇ ਅਧਿਆਤਮਿਕ ਜੀਵਨ ਦੀ ਨਾ ਹੀ ਕੋਈ ਕੀਮਤ ਪਾ

ਸਕਦਾ ਹੈ ਅਤੇ ਨਾ ਹੀ ਕੋਈ ਉਸ ਦੀ ਹਾਲਤ ਬਿਆਨ ਕਰ ਸਕਦਾ ਹੈ। ਨਾਮ-ਰਸ ਦੀ ਸਾਰੀ ਖੇਡ ਹੀ ਅਸਲ ਵਿਚ ਬਖ਼ਸ਼ਿਸ਼ ਦੀ ਹੈ। ਆਪਣੀ ਕਿਸੇ ਘਾਲ ਸੇਵਾ ਨਾਲ ਨਹੀਂ ਬਲਕਿ ਉਹ ਤਾਂ ਅਚਿੰਤ ਹੀ ਪ੍ਰਾਪਤ ਹੁੰਦੀ ਹੈ। ਹਾਂ, ਇਸ ਦਾ ਇਕ ਮਾਰਗ ਜ਼ਰੂਰੀ ਹੈ ਕਿ ਜੇਕਰ ਮਨੁੱਖ ਗੁਰੂ ਜੀ ਦੇ ਉਪਦੇਸ਼ ਨੂੰ ਕਮਾ ਕੇ ਅਮਲੀ ਜੀਵਨ ਬਣਾਵੇ ਅਤੇ ਮਾਲਿਕ ਦੀ ਖ਼ੁਸ਼ੀ ਦਾ ਪਾਤਰ ਬਣੇ ਤਾਂ ਰਹਿਮਤਾਂ ਦੀ ਬਰਸਾਤ ਹੁੰਦੀ ਹੈ। ਮਿਹਰ ਤੋਂ ਬਿਨਾਂ ਤਾਂ ਕਿਸੇ ਵਿਦਵਾਨ ਦਾ ਬਚਨ ਹੈ—

ਸ਼ਮ੍ਹਾ-ਏ-ਹੱਕ ਸੇ ਜੋ ਮੁਨੱਵਰ ਹੋ, ਯਹ ਵਹੁ ਮਹਿਫ਼ਲ ਨ ਥੀ।
ਬਾਰਸ਼ੇ-ਰਹਿਮਤ ਹੂਈ ਲੇਕਿਨ ਜ਼ਮੀਂ ਕਾਬਿਲ ਨ ਥੀ। (ਇਕਬਾਲ)

ਉਹ ਪ੍ਰਭੂ ਤਾਂ ਸਦਾ ਹੀ ਮਿਹਰਵਾਨ ਸੁਭਾਅ ਦਾ ਮਾਲਿਕ ਹੈ। ਗ਼ਰੀਬਾਂ ਉੱਤੇ ਕਿਰਪਾ ਕਰਨ ਵਾਲਾ ਹੈ। ਨਾਮ-ਰਸ ਦੇ ਧਾਰਨੀ ਨੂੰ ਇਹ ਵੀ ਭਰੋਸਾ ਹੋ ਜਾਂਦਾ ਹੈ ਕਿ "ਮਾਤਾ ਪਿਤਾ ਕੰਠਿ ਲਾਇ ਰਾਖੈ" ਵਾਂਗ ਪ੍ਰਮੇਸ਼ਰ ਸਾਨੂੰ ਸਦਾ ਹੀ ਆਪਣੇ ਚੇਤੇ ਵਿਚ ਰੱਖ ਕੇ ਸਾਡੀ ਪ੍ਰਤਿਪਾਲਣਾ ਕਰਦਾ ਰਹਿੰਦਾ ਹੈ। ਨਾਮ-ਰਸ ਦੀ ਕਦੇ ਤੋਟ ਨਹੀਂ ਆਉਣ ਦਿੰਦਾ। ਇਸ ਲਈ

ਅੰਮ੍ਰਿਤੁ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ॥
ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ॥

(ਪੰਨਾ ੮੭)

ਸਾਧ ਕੈ ਸੰਗਿ ਆਵਹਿ ਬਸਿ ਪੰਚਾ॥ ਸਾਧਸੰਗਿ ਅੰਮ੍ਰਿਤ ਰਸੁ ਭੁੰਚਾ॥

(ਪੰਨਾ ੨੭੧)

ਤਨ ਕਰਮ ਕਮਾਉਂਦਾ ਹੈ, ਮਨ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਜਿਹੜੇ ਵੀ ਕਰਮ ਕਮਾਉਣ ਲਈ ਤਨ ਅਤੇ ਮਨ ਇਕੱਠੇ ਨਾ ਹੋਣ, ਉਹ ਬਹੁਤ ਵਾਰੀ ਗ਼ਲਤ ਹੋ ਜਾਂਦੇ ਹਨ ਜਾਂ ਬੇਕਾਰ ਹੋ ਜਾਂਦੇ ਹਨ। ਜਿਵੇਂ ਤਨ ਗੱਡੀ ਚਲਾ ਰਿਹਾ ਹੈ ਪਰ ਜੇਕਰ ਮਨ ਕਿਧਰੇ ਉਡਾਰੀ ਮਾਰ ਗਿਆ ਤਾਂ ਚੰਦ ਕਦਮਾਂ ਦੀ ਖੇਡ ਹੈ, ਕਿਧਰੇ ਨਾ ਕਿਧਰੇ ਐਕਸੀਡੈਂਟ ਕਰ ਲਵੇਗਾ। ਕਿਸੇ ਦੀ ਗੱਲ ਸੁਣ ਰਿਹਾ ਹੋਵੇ ਅਤੇ ਮਨ ਕਿਧਰੇ ਹੋਰ ਚਲਾ ਜਾਏ ਤਾਂ ਗੱਲ ਦੀ ਸਮਝ ਨਹੀਂ ਆਵੇਗੀ। ਕੋਈ ਦਰਜ਼ੀ ਕੱਪੜੇ ਸੀਉਂ ਰਿਹਾ ਹੋਵੇ, ਕੋਈ ਸੁਨਿਆਰਾ ਗਹਿਣਾ ਘੜ ਰਿਹਾ ਹੋਵੇ, ਕੋਈ ਪੜ੍ਹ ਰਿਹਾ ਹੋਵੇ, ਹੋਰ ਕੋਈ ਕਿਸੇ ਵੀ ਕਿਸਮ ਦਾ ਕਾਰੀਗਰ ਆਪਣਾ ਕੰਮ ਕਰ ਰਿਹਾ ਹੋਵੇ ਤਾਂ ਉਹ ਤਦ ਹੀ ਸਾਕਾਰ ਰੂਪ ਵਿਚ ਹੋਵੇਗਾ ਜੇਕਰ ਤਨ ਅਤੇ ਮਨ ਦੀ ਇਕੱਤਰਤਾ ਹੈ। ਹੈਰਾਨੀ ਦੀ ਗੱਲ ਹੈ ਕਿ ਸਾਨੂੰ ਇਨ੍ਹਾਂ ਦੁਨਿਆਵੀ ਕਰਮਾਂ ਦਾ ਪਤਾ ਹੋਣ ਦੇ ਬਾਵਜੂਦ ਵੀ ਅਸੀਂ ਬਹੁਤੀ ਵਾਰੀ ਧਾਰਮਿਕ ਕੰਮ ਕਰਦਿਆਂ ਹੋਇਆਂ ਕੇਵਲ ਤਨ ਨਾਲ ਹੀ ਕਰਦੇ ਹਾਂ, ਮਨ ਬਹੁਤੀ ਵਾਰ ਗ਼ੈਰਹਾਜ਼ਰ ਹੁੰਦਾ ਹੈ, ਜਿਸ ਕਰਕੇ ਤਨ ਇਕ ਕਿਰਿਆ ਭਾਵੇਂ ਕਰੀ ਜਾਂਦਾ ਹੈ ਪਰ

ਮਨ ਉੱਤੇ ਇਨ੍ਹਾਂ ਚੀਜ਼ਾਂ ਦਾ ਅਸਰ ਨਹੀਂ ਹੁੰਦਾ। ਧਰਮ ਦਾ ਬਹੁਤਾ ਪੱਖ ਮਨ ਨਾਲ ਹੀ ਸੰਬੰਧਿਤ ਹੈ। ਸਤਿਗੁਰੂ ਜੀ ਨੇ ਬਹੁਤ ਥਾਵਾਂ 'ਤੇ ਮਨ ਨੂੰ ਹੀ ਸੰਬੋਧਨ ਕੀਤਾ ਹੈ। ਜਿਸ ਘੜੀ ਵੀ ਬੰਦੇ ਦਾ ਮਨ ਅਤੇ ਤਨ ਇਕੱਠੇ ਧਰਮ ਕਮਾਉਣ ਲੱਗ ਪੈਣ ਤਾਂ ਫਿਰ ਮਨ ਰੱਬੀ ਰਸ ਦਾ ਧਾਰਨੀ ਹੋ ਜਾਵੇਗਾ। ਅੰਦਰੂਨੀ ਰਸ ਹੀ ਫਿਰ ਤਨ ਨੂੰ ਅਡੋਲ ਕਰਕੇ ਰੱਖਦਾ ਹੈ। ਕੋਈ ਦੁਨੀਆਂ ਵਿਚ ਥੋੜ੍ਹਾ ਜਿਹਾ ਦੁੱਖ ਵੀ ਨਹੀਂ ਸਹਾਰ ਸਕਦਾ। ਉਹ ਕੁਰਲਾ ਉਠਦਾ ਹੈ, ਪਰ ਕੋਈ ਬੰਦ ਬੰਦ ਕਟਵਾ ਰਿਹਾ ਹੈ, ਖੋਪਰੀ ਲੁਹਾ ਰਿਹਾ ਹੈ, ਆਰੇ ਨਾਲ ਚੀਰਿਆ ਜਾ ਰਿਹਾ ਹੈ, ਚਰਖੜੀਆਂ 'ਤੇ ਚੜ੍ਹਾਇਆ ਜਾ ਰਿਹਾ ਹੈ, ਕਹਿਰਾਂ ਦੀ ਗਰਮੀ ਸਰਦੀ ਵੀ ਅਸਰ ਨਹੀਂ ਕਰਦੀ। ਇਹ ਤਨ ਦਾ ਫ਼ਰਕ ਨਹੀਂ ਬਲਕਿ ਮਨ ਦਾ ਫ਼ਰਕ ਹੈ, ਕਿਉਂਕਿ ਮਨ ਰੱਬੀ ਰਸ ਦਾ ਧਾਰਨੀ ਹੋ ਜਾਂਦਾ ਹੈ। ਜੀਵਨ ਵਿਚ ਅਡੋਲ ਉਹੋ ਹੀ ਹੋਵੇਗਾ ਜਿਸ ਦਾ ਮਨ ਰੱਬੀ ਰਸ ਨੂੰ ਭੁੰਚਣ ਵਾਲਾ ਬਣ ਜਾਵੇ।

ਮਾਂ ਨੇ ਭੋਜਨ ਤਿਆਰ ਕਰ ਦਿੱਤਾ ਹੈ। ਕਸੂਰ ਜਾਂ ਕੋਈ ਕਮੀ ਮਾਂ ਵਿਚ ਨਹੀਂ, ਕਮੀ ਹੈ ਤਾਂ ਰਸ ਲੈ ਕੇ ਭੋਜਨ ਖਾਣ ਵਾਲੇ ਵਿਚ ਹੀ ਹੈ। ਉਹ ਜਿਤਨੇ ਅਨੰਦ ਨਾਲ ਬਾਣੀ ਪੜ੍ਹੇਗਾ, ਉਤਨਾ ਹੀ ਅੰਦਰੋਂ ਅਡੋਲ ਰਹੇਗਾ। ਗੁਰੂ ਜੀ ਦੀ ਬਖ਼ਸ਼ਿਸ਼ ਹੈ—

ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥

(ਪੰਨਾ ੨੯੪)

ਗੁਰਬਾਣੀ ਵਿਚ ਕਿੰਨਾ ਪਿਆਰਾ ਸੱਚ ਬਿਆਨ ਕੀਤਾ ਹੋਇਆ ਹੈ ਅਤੇ ਉਹ ਸਾਰੀ ਮਨੁੱਖਤਾ ਉੱਤੇ ਲਾਗੂ ਹੁੰਦਾ ਹੈ। ਕੋਈ ਅਜਿਹਾ ਨਹੀਂ ਕਹਿ ਸਕਦਾ ਕਿ ਮੈਂ ਕਿਸੇ ਦੇਸ਼, ਗੋਤ, ਜਾਤ, ਅਮੀਰ, ਗ਼ਰੀਬ ਆਦਿਕ ਦਾ ਵਿਤਕਰਾ ਹੋਣ ਕਰਕੇ ਇਸ ਦਾ ਧਾਰਨੀ ਨਹੀਂ ਹੋ ਸਕਦਾ। ਪਾਵਨ ਵਿਚਾਰ ਹੈ ਕਿ ਜੇਕਰ ਕੋਈ ਦਹੀਂ ਮਟਕੀ ਵਿਚ ਪਾ ਕੇ ਰਿੜਕਦਾ ਹੋਵੇ ਤਾਂ ਯਕੀਨਨ ਉਹ ਕਦੇ ਨਾ ਕਦੇ ਮੱਖਣ ਭਾਵ ਤੱਤ ਤੱਕ ਪਹੁੰਚ ਜਾਵੇਗਾ ਪਰ ਜੇਕਰ ਕੋਈ ਪਾਣੀ ਪਾ ਕੇ ਰਿੜਕ ਰਿਹਾ ਹੋਵੇ ਤਾਂ ਭਾਵੇਂ ਸਾਰੀ ਜ਼ਿੰਦਗੀ ਵੀ ਰਿੜਕਦਾ ਰਹੇ, ਉਸ ਵਿਚੋਂ ਕਦੇ ਵੀ ਤੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਦੋਂ ਵੀ ਮਟਕੀ ਅੰਦਰ ਦੇਖੇਗਾ ਤਾਂ ਪਾਣੀ ਹੀ ਪਾਣੀ ਹੋਵੇਗਾ। ਦਹੀਂ ਤਾਂ ਆਪਣਾ ਰੂਪ ਰਿੜਕਣ ਨਾਲ ਬਦਲਾ ਲੈਂਦਾ ਹੈ ਭਾਵ ਲੱਸੀ ਅਤੇ ਮੱਖਣ ਦਾ ਰੂਪ ਬਣ ਜਾਂਦਾ ਹੈ ਪਰ ਪਾਣੀ ਲੰਮਾ ਸਮਾਂ ਰਿੜਕਣ ਤੋਂ ਬਾਅਦ ਵੀ ਪਾਣੀ ਹੀ ਰਹਿੰਦਾ ਹੈ, ਇਹ ਆਪਣਾ ਕੋਈ ਰੂਪ ਨਹੀਂ ਬਦਲਾਉਂਦਾ। ਹਾਲਾਂਕਿ ਦੁੱਧ ਰਿੜਕਣ ਵਾਲਾ ਅਤੇ ਪਾਣੀ ਰਿੜਕਣ ਵਾਲਾ ਦੁਨੀਆਂ ਦੀਆਂ ਨਜ਼ਰਾਂ ਵਿਚ ਦੋਵੇਂ ਕੋਈ ਕਰਮ ਕਮਾਉਂਦੇ ਨਜ਼ਰ ਆਉਂਦੇ ਹਨ ਪਰ ਜਦੋਂ ਅਸਲੀਅਤ ਪ੍ਰਗਟ ਹੋਵੇਗੀ ਤਾਂ ਪਾਣੀ ਵਾਲਾ ਪਛਤਾਏਗਾ ਕਿ ਮੈਂ ਸਾਰੀ

ਜ਼ਿੰਦਗੀ ਕਰਮ-ਕਾਂਡ ਹੀ ਕਰਦਾ ਰਿਹਾ ਪਰ ਦੂਜੇ ਪਾਸੇ ਦਹੀਂ ਰਿੜਕਣ ਵਾਲਾ ਆਪ ਵੀ ਮੱਖਣ ਭਾਵ ਤੱਤ ਦਾ ਧਾਰਨੀ ਹੋ ਜਾਵੇਗਾ ਅਤੇ ਲੋਕਾਂ ਦੀ ਵੀ ਥੋੜ੍ਹੀ ਬਹੁਤ ਲੋੜ ਪੂਰੀ ਕਰੇਗਾ। ਗੁਰਬਾਣੀ ਦੇ ਪਵਿੱਤਰ ਬਚਨ ਹਨ—

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥

(ਪੰਨਾ ੬੩੫)

ਭਗਤ ਕਬੀਰ ਸਾਹਿਬ ਜੀ ਇਸ ਲਈ ਹੀ ਬਚਨ ਕਰਦੇ ਹਨ ਕਿ ਜਿਨ੍ਹਾਂ ਨੇ ਕਰਮ-ਕਾਂਡ ਤਿਆਗ ਕੇ ਸੱਚ ਵਿਚੋਂ ਰੱਬੀ ਰਸ ਲੈ ਕੇ ਆਤਮਿਕ ਆਨੰਦ ਮਾਣਿਆ ਹੈ, ਉਨ੍ਹਾਂ ਨੇ ਮੱਖਣ ਖਾਧਾ ਹੈ ਅਤੇ ਬਾਕੀ ਸੰਸਾਰ ਕੇਵਲ ਛਾਛਿ ਹੀ ਭਾਵ ਲੱਸੀ ਹੀ ਪੀ ਰਿਹਾ ਹੈ—

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥
ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥

(ਪੰਨਾ ੧੩੬੫)

ਇਸ ਲਈ ਉਧਾਰ ਕਰਨ ਲਈ ਦੁਨੀਆਂ ਦੇ ਹਰ ਰਸ ਕਸ ਤੋਂ ਉੱਚਾ ਉਠ ਕੇ ਆਤਮਾ ਪ੍ਰਮਾਤਮਾ ਦੇ ਦਰ 'ਤੇ ਕਬੂਲ ਕਰਵਾਉਣ ਲਈ ਅਤਿਅੰਤ ਜ਼ਰੂਰੀ ਹੈ ਕਿ "ਜੇ ਕੋ ਖਾਵੈ, ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥"

ਤਿਸ ਕਾ ਹੋਇ ਉਧਾਰੋ

ਜਗਤ ਇਕ ਰਣ-ਭੂਮੀ ਹੈ। ਇਥੇ ਆਏ ਹਰ ਜੀਵ ਨੂੰ ਜੀਵਨ ਦੀ ਜੰਗ ਲੜਨੀ ਪੈਂਦੀ ਹੈ। ਸੰਸਾਰੀ ਜੰਗ ਵਿੱਚ ਤਿੰਨ ਤਰ੍ਹਾਂ ਦੇ ਲੋਕ ਮਿਲਦੇ ਹਨ। ਇਕ ਉਹ ਜਿਹੜੇ ਹੱਥ ਖੜੇ ਕਰਕੇ ਹਾਰ ਮੰਨ ਲੈਂਦੇ ਹਨ। ਅਜਿਹੇ ਲੋਕਾਂ ਦਾ ਕੋਈ ਨਾਮ ਨਹੀਂ ਜਾਣਦਾ, ਇਹ ਰੁਲ ਜਾਂਦੇ ਹਨ। ਦੂਜੀ ਤਰ੍ਹਾਂ ਦੇ ਲੋਕ ਉਹ ਹਨ ਜਿਹੜੇ ਜੰਗ ਲੜਨ ਤਾਂ ਲੱਗੇ ਸਨ ਪਰ ਹਾਰ ਗਏ। ਹਾਰੇ ਹੋਏ ਲੋਕ ਵੀ ਦੁਖੀਏ ਹੀ ਹੁੰਦੇ ਹਨ। ਕਈਆਂ ਨੂੰ ਗ਼ੁਲਾਮ ਹੋਣਾ ਪੈਂਦਾ ਹੈ, ਕੈਦੀ ਹੋਣਾ ਪੈਂਦਾ ਹੈ। ਤੀਜੀ ਤਰ੍ਹਾਂ ਦੇ ਉਹ ਲੋਕ ਹਨ ਜਿਹੜੇ ਜੰਗ ਜਿੱਤ ਜਾਂਦੇ ਹਨ। ਉਨ੍ਹਾਂ ਨੂੰ ਹਰ ਕੋਈ ਸਲਾਮਾਂ ਕਰਦਾ ਹੈ। ਤਖ਼ਤ ਪ੍ਰਾਪਤ ਹੁੰਦੇ ਹਨ। ਲੋਕਾਂ ਵਿਚ ਸ਼ੋਭਾ ਉਪਮਾ ਹੁੰਦੀ ਹੈ। ਇਤਿਹਾਸ ਵੀ ਹਮੇਸ਼ਾ ਜਿੱਤੇ ਹੋਏ ਲੋਕਾਂ ਦਾ ਹੀ ਹੁੰਦਾ ਹੈ। ਹਾਰੇ ਹੋਏ ਲੋਕ ਆਪਣਾ ਇਤਿਹਾਸ ਨਹੀਂ ਲਿਖਵਾਉਂਦੇ ਬਲਕਿ ਜਿੱਤੇ ਹੋਏ ਲੋਕ ਹੀ ਆਪਣਾ ਇਤਿਹਾਸ ਲਿਖਵਾਉਂਦੇ ਹਨ। ਇਹ ਤਾਂ ਸੰਸਾਰਿਕ ਕਹਾਣੀ ਹੈ ਪਰ ਧਾਰਮਿਕ ਦੁਨੀਆਂ ਅੰਦਰ ਵੀ ਅਜਿਹੇ ਤਿੰਨ ਤਰ੍ਹਾਂ ਦੇ ਲੋਕ ਹੀ ਨਜ਼ਰ ਆਉਂਦੇ ਹਨ। ਇਕ ਉਹ ਹਨ ਜਿਹੜੇ ਵਿਸ਼ੇ ਵਿਕਾਰਾਂ ਅੱਗੇ ਝੁਕ ਗਏ। ਤ੍ਰਿਸ਼ਨਾ, ਈਰਖਾ ਅਤੇ ਹੋਰ ਜ਼ਿੰਦਗੀ ਦੀਆਂ ਮਜਬੂਰੀਆਂ ਵੱਲ ਦੇਖ ਕੇ ਹੱਥ ਖੜੇ ਕਰ ਗਏ। ਉਹ ਜੰਗਲਾਂ ਵਿਚ ਚਲੇ ਗਏ। ਉਹਨਾਂ ਸੰਸਾਰ ਤੋਂ ਕਿਨਾਰਾ ਕਰਨ ਦੀ ਕੋਸ਼ਿਸ਼ ਕੀਤੀ। ਦੂਜੇ ਉਹ ਲੋਕ ਹਨ ਜਿਹੜੇ ਸੰਸਾਰਿਕ ਜ਼ਿੰਮੇਵਾਰੀਆਂ ਦਾ ਭਾਰ ਲੈ ਕੇ ਤੁਰਨਾ ਤਾਂ ਚਾਹੁੰਦੇ ਹਨ ਪਰ ਕਿਸੇ ਨੂੰ ਕਾਮ ਨੇ ਹਰਾ ਦਿੱਤਾ, ਕਿਸੇ ਨੂੰ ਕ੍ਰੋਧ ਨੇ ਹਾਰਨ ਲਈ ਮਜਬੂਰ ਕਰ ਦਿੱਤਾ, ਕਿਸੇ ਨੇ ਲੋਭ ਤੋਂ ਹਾਰ ਮੰਨ ਲਈ। ਕੋਈ ਮੋਹ ਅੱਗੇ, ਕੋਈ ਹੰਕਾਰ ਅੱਗੇ, ਕੋਈ ਤ੍ਰਿਸ਼ਨਾ ਅੱਗੇ, ਕੋਈ ਈਰਖਾ ਅੱਗੇ ਭਾਵ ਜ਼ਿੰਦਗੀ ਦੇ ਅਨੇਕਾਂ ਦੁਸ਼ਮਣਾਂ ਅੱਗੇ ਉਨ੍ਹਾਂ ਨੂੰ ਹਾਰ ਦੇਖਣੀ ਪਈ। ਅਜਿਹੇ ਲੋਕ ਧਰਮ ਤੋਂ ਕਿਨਾਰਾ ਕਰਕੇ ਧੰਦੇ ਨਾਲ ਹੀ ਸਾਰਾ ਜੀਵਨ ਗੁਜ਼ਾਰ ਗਏ।

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ॥

(ਪੰਨਾ ੬੪੪)

ਤੀਜੀ ਤਰ੍ਹਾਂ ਦੇ ਉਹ ਲੋਕ ਹਨ ਜਿਨ੍ਹਾਂ ਨੇ ਜ਼ਿੰਦਗੀ ਦੇ ਹਰ ਮੈਦਾਨ ਵਿਚ ਆਈ ਔਕੜ ਦਾ ਮੁਕਾਬਲਾ ਕਰਕੇ ਇਕ ਵੱਖਰਾ ਰਾਹ ਬਣਾਇਆ। ਅਜਿਹੇ ਲੋਕ ਹੀ ਬਾਕੀ ਸੰਸਾਰ ਲਈ ਪ੍ਰੇਰਨਾ-ਸਰੋਤ ਬਣਦੇ ਹਨ ਅਤੇ ਅਜਿਹੇ ਲੋਕ ਹੀ ਮੰਜ਼ਿਲਾਂ ਪ੍ਰਾਪਤ ਕਰਦੇ ਹਨ।

ਕਿਸੇ ਵੀ ਜੰਗ ਲੜਨ ਲਈ ਦੋ ਚੀਜ਼ਾਂ ਦਾ ਹੋਣਾ ਬਹੁਤ ਜ਼ਰੂਰੀ ਹੈ—ਇਕ ਤਾਕਤ ਤੇ ਦੂਜੀ ਤਕਨੀਕ ਜਾਂ ਇਕ ਤਾਕਤ ਤੇ ਦੂਜਾ ਤਰੀਕਾ। ਤਾਕਤ ਹੋਵੇ ਪਰ ਤਰੀਕਾ ਨਾ ਹੋਵੇ ਤਾਂ ਯਕੀਨਨ ਹਾਰ ਹੈ। ਤਰੀਕਾ ਤਾਂ ਹੈ ਪਰ ਤਾਕਤ ਨਹੀਂ ਤਦ ਵੀ ਹਾਰ ਹੀ ਮਿਲੇਗੀ। ਆਮ ਜ਼ਿੰਦਗੀ ਅੰਦਰ ਵੀ ਦੇਖਦੇ ਹਾਂ ਕਿ ਜਦੋਂ ਜੁਆਨੀ ਪਹਿਰੇ ਵਿਚ ਤਾਕਤ ਹੁੰਦੀ ਹੈ ਪਰ ਉਸ ਵਕਤ ਤਰੀਕਾ ਨਹੀਂ ਹੁੰਦਾ। ਜ਼ਿੰਦਗੀ ਤਜਰਬੇ ਤੋਂ ਸਖਣੀ ਨਾਦਾਨ ਹੁੰਦੀ ਹੈ। ਬ੍ਰਿਧ ਅਵਸਥਾ ਵਿਚ ਤਰੀਕਾ ਤਾਂ ਹੈ, ਹਰ ਤਰ੍ਹਾਂ ਦਾ ਤਜਰਬਾ ਤਾਂ ਹੈ ਪਰ ਤਾਕਤ ਨਹੀਂ ਹੁੰਦੀ। ਧਾਰਮਿਕ ਖੇਤਰ ਅੰਦਰ ਗੁਰੂ ਪਾਤਿਸ਼ਾਹ ਜੀ ਨੇ ਦੋਵੇਂ ਦਾਤਾਂ ਬਖ਼ਸ਼ਿਸ਼ ਕੀਤੀਆਂ ਹਨ। **'ਜੇ ਕੋ ਖਾਵੈ ਜੇ ਕੋ ਭੁੰਚੈ'** ਨਾਲ ਤਾਕਤ ਆਉਣੀ ਹੈ। ਗੁਰਬਾਣੀ ਦੀ ਸਮੁੱਚੀ ਵਿਚਾਰ ਮਨੁੱਖ ਨੂੰ ਮਾਨਸਿਕ ਪੱਧਰ 'ਤੇ ਬਲਵਾਨ ਕਰਦੀ ਹੈ। ਜੇਕਰ ਗੁਰਬਾਣੀ ਦਾ ਪਾਠ ਕੀਤਾ ਹੀ ਨਹੀਂ, ਗੁਰਬਾਣੀ ਦਾ ਰਸ ਆਇਆ ਹੀ ਨਹੀਂ, ਤਾਂ ਮਨ ਅਡੋਲ ਨਹੀਂ ਰਹਿ ਸਕਦਾ। ਕਦੇ ਪੈਸੇ ਦੀ ਮੋਹ ਮਮਤਾ, ਕਦੇ ਪਰਿਵਾਰਕ ਮੋਹ ਮਮਤਾ, ਕਦੇ ਦੁੱਖ ਦਾ ਡਰ ਜਾਂ ਸੁੱਖ ਦੀ ਲਾਲਸਾ ਜ਼ਿੰਦਗੀ ਦੇ ਨਿਸ਼ਾਨੇ ਬਦਲ ਦਿੰਦੇ ਹਨ। ਬਲਵਾਨ ਮਨ ਹੀ ਹਰ ਹਾਲਤ ਵਿਚ ਰਾਜ਼ੀ ਰਹਿ ਕੇ ਸ਼ੁਕਰ ਕਰ ਸਕਦਾ ਹੈ।

ਦੂਜਾ ਨੁਕਤਾ ਜੰਗ ਜਿੱਤਣ ਲਈ ਤਰੀਕਾ ਹੈ। ਬੰਦਾ ਹਰ ਉਸ ਚੀਜ਼ ਦਾ ਤਿਆਗ ਕਰ ਸਕਦਾ ਹੈ ਜਿਹੜੀ ਬਾਹਰੋਂ ਹੋਵੇ ਪਰ ਜਿਹੜੀ ਅੰਦਰੋਂ ਹੀ ਹੋਵੇ ਤਾਂ ਉਸ ਦਾ ਤਿਆਗ ਨਹੀਂ ਬਲਕਿ ਵਰਤਣ ਦੀ ਜੁਗਤਿ ਨਾਲ ਉਸ ਜ਼ਹਿਰ ਨੂੰ ਅੰਮ੍ਰਿਤ ਬਣਾ ਸਕਦਾ ਹੈ। ਜਿਵੇਂ ਮਨੁੱਖ ਇਸਤਰੀ ਦਾ ਤਿਆਗ ਕਰ ਸਕਦਾ ਹੈ, ਕਿਉਂਕਿ ਇਸਤਰੀ ਬਾਹਰੋਂ ਹੈ, ਪਰ ਕਾਮ ਦਾ ਤਿਆਗ ਨਹੀਂ ਕਰ ਸਕਦਾ ਕਿਉਂਕਿ ਕਾਮ ਇਸ ਦੇ ਅੰਦਰ ਹੈ। ਦੁਸ਼ਮਣ ਦਾ ਤਿਆਗ ਕਰ ਸਕਦਾ ਹੈ, ਪਰ ਕ੍ਰੋਧ ਦਾ ਨਹੀਂ, ਕਿਸੇ ਚੀਜ਼ ਦਾ ਤਿਆਗ ਹੋ ਸਕਦਾ ਹੈ ਪਰ ਲੋਭ ਦਾ ਨਹੀਂ। ਇਸ ਤਰ੍ਹਾਂ ਹੀ ਚੰਗਾ ਬਿਸਤਰਾ ਤਿਆਗਿਆ ਜਾ ਸਕਦਾ ਹੈ, ਚੰਗਾ ਖਾਣਾ ਤਿਆਗਿਆ ਜਾ ਸਕਦਾ ਹੈ ਪਰ ਨੀਂਦ ਅਤੇ ਭੁੱਖ ਨਹੀਂ ਤਿਆਗ ਸਕਦਾ, ਕਿਉਂਕਿ ਇਹ ਸਭ ਕੁਝ ਅੰਦਰ ਹੀ ਹੈ। ਸਤਿਗੁਰੂ ਜੀ ਨੇ ਤਰੀਕਾ ਸਮਝਾਇਆ ਕਿ ਭਾਈ, ਕਾਮ ਨਾਲ ਨਾ ਲੜ, ਕਿਉਂਕਿ ਕਾਮ ਤਿਆਗਿਆ ਨਹੀਂ ਜਾ ਸਕਦਾ। ਹਾਂ, ਗੁਰੂ ਜੀ ਕੋਲੋਂ ਤਰੀਕਾ ਸਿਖ ਕੇ ਘਰ ਗ੍ਰਿਹਸਥੀ ਵਸਾ, ਕਿਉਂਕਿ ਗ੍ਰਿਹਸਥੀ ਵਿਚ ਹੀ ਉਦਾਸ ਰਹਿਣਾ ਸਿੱਖ ਕੇ ਕਾਮ ਨੂੰ ਜਿੱਤਿਆ ਜਾ ਸਕਦਾ ਹੈ। ਕ੍ਰੋਧ ਨੂੰ ਬੀਰ ਰਸ ਵਿਚ ਤਬਦੀਲ ਕਰਕੇ ਦੁਸ਼ਮਣ ਅਤੇ ਦੁਸ਼ਮਣੀ ਮਾਰੀ ਜਾ ਸਕਦੀ ਹੈ। ਭੋਜਨ ਦਾ ਤਿਆਗ ਕਰਨ ਦੀ ਥਾਂ ਗੁਰੂ ਕੇ ਲੰਗਰ ਵਿਚੋਂ ਥੋੜ੍ਹਾ ਸਵੈ, ਥੋੜ੍ਹਾ ਹੀ ਖਾਵਹਿ ਦੀ ਅਵਸਥਾ ਬਣਾਈ ਜਾ ਸਕਦੀ ਹੈ।

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥

(ਪੰਨਾ ੪੬੭)

ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥

(ਪੰਨਾ ੬੬੧)

ਜਿਸ ਪੁਰਖ ਦੇ ਕੋਲ ਗੁਰਬਾਣੀ ਦੇ ਭੋਜਨ ਦੀ ਤਾਕਤ ਹੈ ਅਤੇ ਗੁਰਬਾਣੀ ਅਨੁਸਾਰ ਤੁਰਨ ਦਾ ਤਰੀਕਾ ਹੈ ਜਾਂ ਗੁਰੂ ਜੀ ਦੇ ਇਤਿਹਾਸਕ ਕਾਰਨਾਮੇ ਕੋਲ ਹਨ ਤਾਂ ਉਹ ਪੁਰਖ ਜਿੱਤ ਜਾਂਦਾ ਹੈ।

ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥

(ਪੰਨਾ ੭੪)

'ਤਿਸ ਕਾ ਹੋਇ ਉਧਾਰੋ' ਦਾ ਅਰਥ ਹੈ ਕਿ ਉਹ ਹੀ ਪੁਰਖ ਵਿਸ਼ੇ ਵਿਕਾਰਾਂ ਤੋਂ ਆਪਣੇ ਆਪ ਨੂੰ ਬਚਾਅ ਕੇ ਰੱਖ ਸਕਦਾ ਹੈ ਜਿਸ ਕੋਲ ਇਹ ਗੁਰੂ-ਬਖ਼ਸ਼ੀਆਂ ਦਾਤਾਂ ਹਨ। ਕੁਝ ਕੁ ਗੁਰਬਾਣੀ ਦੇ ਹਵਾਲੇ ਹਨ :—

ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥
ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥
ਸਤਿਗੁਰਿ ਪੂਰੈ ਕੀਨੀ ਦਾਤਿ ॥
ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥
ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥
ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥

(ਪੰਨਾ ੬੮੧)

ਸਤਿਗੁਰੂ ਜੀ ਕਿਰਪਾ ਕਰਕੇ ਵੱਡੀ ਤਾਕਤ—ਮਾਇਆ ਕੋਲੋਂ ਬਚਾਅ ਲੈਂਦੇ ਹਨ। ਮਾਇਆ ਦੀ ਤਾਕਤ ਦਾ ਅਸਰ ਖ਼ਤਮ ਕਰਨ ਵਾਸਤੇ ਸਤਿਗੁਰੂ ਜੀ ਨੇ ਨਾਮ ਦਾ ਮੰਤਰ ਦੇ ਦਿੱਤਾ। ਇਸ ਮੰਤਰ ਦੀ ਖ਼ੂਬੀ ਹੈ ਕਿ ਨਾ ਇਹ ਕਦੇ ਨਾਸ਼ ਹੁੰਦਾ ਹੈ ਅਤੇ ਨਾ ਹੀ ਕਦੇ ਗੁਆਚਦਾ ਹੈ। ਸਦੀਵ ਸੰਗੀ ਹੈ। ਮੇਰੀ ਉੱਚੀ ਆਤਮਿਕ ਅਵਸਥਾ ਬਣਾਉਣ ਲਈ ਗੁਰੂ ਜੀ ਨੇ ਮੈਨੂੰ ਨਾਮ ਦੀ ਕੀਰਤੀ ਨਾਲ ਜੋੜ ਦਿੱਤਾ ਹੈ। ਜਿਨ੍ਹਾਂ ਭਗਤਾਂ ਨੇ ਗੁਰੂ ਪਾਤਿਸ਼ਾਹ ਜੀ ਦੇ ਉਪਦੇਸ਼ ਰੂਪ ਚਰਨ ਕਮਲਾਂ ਨਾਲ ਆਪਣੀ ਜ਼ਿੰਦਗੀ ਦਾ ਰਿਸ਼ਤਾ ਬਣਾ ਲਿਆ ਹੈ, ਉਨ੍ਹਾਂ ਨੂੰ ਸਦਾ ਸੁੱਖ ਪ੍ਰਾਪਤ ਹੋ ਜਾਂਦਾ ਹੈ, ਕਿਉਂਕਿ ਅਜਿਹੇ ਭਗਤਾਂ ਦੀ ਲਾਜ ਪਤਿ ਦਾ

ਰਖਵਾਲਾ ਆਪ ਪਰਮੇਸ਼ਰ ਬਣ ਜਾਂਦਾ ਹੈ।

ਉਹ ਪੁਰਖ ਜ਼ਿੰਦਗੀ ਦੀ ਜੰਗ ਕਿਵੇਂ ਹਾਰ ਸਕਦਾ ਹੈ ਭਾਵ ਉਸ ਦਾ ਤਾਂ ਯਕੀਨਨ ਹੀ ਉਧਾਰ ਹੋਵੇਗਾ ਜਿਸ ਉੱਤੇ ਮਾਲਿਕ ਨੇ ਰਹਿਮਤ ਕਰਕੇ ਦੂਤ ਦੁਸ਼ਮਣ ਦੂਰ ਕਰ ਦਿੱਤੇ ਅਤੇ ਉਸ ਦਾ ਪ੍ਰਤਾਪ ਇੰਨਾ ਹੈ ਕਿ ਜਿਹੜਾ ਵੀ ਉਸ ਦੀ ਬੰਦਗੀ ਦਾ ਸਹਾਰਾ ਤੱਕਣ ਵਾਲੇ ਨੂੰ ਹਰਾਉਣਾ ਚਾਹੁੰਦਾ ਹੈ ਤਾਂ ਪ੍ਰਮੇਸ਼ਰ ਅਜਿਹੇ ਦੁਸ਼ਟ ਦਾ ਹੀ ਨਾਸ਼ ਕਰ ਦਿੰਦਾ ਹੈ ਭਾਵ ਉਹ ਆਪਣੇ ਹੀ ਅਧਿਆਤਮਿਕ ਦੁਖਾਂ ਦੇ ਕਾਰਨ ਆਤਮਿਕ ਮੌਤ ਮਰ ਜਾਂਦਾ ਹੈ । ਰੱਬ ਦੇ ਪਿਆਰੇ ਦੀ ਤਾਂ ਅਰਦਾਸ ਹੀ ਇਹੋ ਹੁੰਦੀ ਹੈ ਕਿ ਹੇ ਹਰੀ ਮੁਰਾਰੀ ਪ੍ਰਮੇਸ਼ਰ ਜੀ! ਮੇਰਾ ਮਦਦਗਾਰ ਬਣ, ਮੇਰਾ ਹੱਥ ਫੜ, ਮੈਨੂੰ ਤੇਰਾ ਹੀ ਸਹਾਰਾ ਹੈ। ਉਹ ਨਿਰੰਕਾਰ ਫਿਰ ਅਜਿਹੇ ਪੁਰਖ ਦੀ ਪੁਕਾਰ ਕਦੇ ਬਿਰਥੀ ਨਹੀਂ ਜਾਣ ਦਿੰਦਾ ਬਲਕਿ ਆਪਣੇ ਸੁਭਾਅ ਦੀ ਪਹਿਚਾਣ ਕਰਕੇ ਉਸ ਦੇ ਸਾਰੇ ਦੁਖਾਂ ਦਾ ਨਾਸ਼ ਕਰਕੇ ਆਤਮਿਕ ਅਨੰਦ ਬਖ਼ਸ਼ਿਸ਼ ਕਰ ਦਿੰਦਾ ਹੈ।

ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ॥
ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ॥੧॥
ਨਿਰਖਉ ਤੁਮਰੀ ਓਰਿ ਹਰਿ ਨੀਤ॥
ਮੁਰਾਰਿ ਸਹਾਇ ਹੋਹੁ ਦਾਸ ਕਉ ਕਰੁ ਗਹਿ ਉਧਰਹੁ ਮੀਤ॥ ਰਹਾਉ॥
ਸੁਣੀ ਬੇਨਤੀ ਠਾਕੁਰਿ ਮੇਰੈ ਖਸਮਾਨਾ ਕਰਿ ਆਪਿ॥
ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ॥੨॥੧੩॥੪੪॥

(ਪੰਨਾ ੬੮੧)

"ਉਧਾਰੋ" ਸ਼ਬਦ ਦਾ ਅਰਥ ਬਹੁਤ ਵਾਰੀ ਅਸੀਂ ਮਰਨ ਮਗਰੋਂ ਦੀ ਅਵਸਥਾ ਨਾਲ ਜੋੜ ਦਿੰਦੇ ਹਾਂ। ਗੁਰਬਾਣੀ ਦੀ ਵਿਚਾਰ ਪ੍ਰਲੋਕ ਨੂੰ ਪਿਛੇ ਰੱਖ ਕੇ ਸਭ ਤੋਂ ਪਹਿਲਾਂ ਗੱਲ ਲੋਕ ਦੀ ਕਰਦੀ ਹੈ। ਪ੍ਰਲੋਕ ਦੀ ਮੁਕਤੀ ਨੂੰ ਜਾਂ ਸੁਰਗ ਨਰਕ ਦੀ ਵਿਚਾਰ ਨੂੰ ਗੁਰਮੁਖ ਕਦੇ ਜ਼ਿੰਦਗੀ ਦਾ ਨਿਸ਼ਾਨਾ ਨਹੀਂ ਮੰਨਦੇ। ਅੰਮ੍ਰਿਤ ਬਚਨ ਹਨ :—

ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥

(ਪੰਨਾ ੩੨੫)

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥

(ਪੰਨਾ ੧੦੭੮)

'ਉਧਾਰੋ' ਸ਼ਬਦ ਸਮਝਣ ਲਈ ਤਿੰਨ ਸ਼ਬਦ ਹੋਰ ਸਮਝਣੇ ਚਾਹੀਦੇ ਹਨ— ਤਿਆਗ, ਨਿਰਾਸ਼ ਅਤੇ ਆਸ। ਗੁਰਮਤਿ ਅਨੁਸਾਰ ਸੰਸਾਰ ਦਾ ਤਿਆਗ ਨਹੀਂ

ਕਰਨਾ। ਬੰਦਾ ਥਾਂ ਬਦਲ ਲੈਂਦਾ ਹੈ, ਕੱਪੜੇ ਬਦਲ ਲੈਂਦਾ ਹੈ ਪਰ ਜਿਹੜਾ ਮਨ ਬਦਲਾਉਣਾ ਸੀ, ਉਹ ਉਸ ਤਰ੍ਹਾਂ ਦੀ ਹੀ ਅਵਸਥਾ ਦਾ ਮਾਲਿਕ ਰਹਿੰਦਾ ਹੈ। ਨਿਰਾਸ਼ ਅਤੇ ਆਸ ਨਾਲ ਮਨ ਬਦਲਦਾ ਹੈ। ਨਿਰਾਸ਼ ਜਗ ਵਿਚ ਰਹਿਣਾ, ਜਗਤ ਦੀ ਹਰ ਆਸ ਝੂਠੀ ਅਤੇ ਧੋਖੇਬਾਜ਼ ਹੈ। ਇਹ ਆਸ ਭਾਵੇਂ ਕਿਸੇ ਦੁਨਿਆਵੀ ਰਿਸ਼ਤੇ ਦੀ ਹੋਵੇ, ਭਾਵੇਂ ਧਨ ਦੀ ਹੋਵੇ, ਭਾਵੇਂ ਆਪਣੇ ਤਨ ਦੀ ਵੀ ਕਿਉਂ ਨਾ ਹੋਵੇ ਪਰ ਇਹ ਆਸ ਇਕ ਝੂਠੀ ਆਸ ਹੀ ਹੈ।

ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥
ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ
ਸਾ ਨਿਹਫਲ ਆਸ ਸਭ ਬਿਰਥੀ ਜਾਈ॥

(ਪੰਨਾ ੮੫੯)

ਗੁਰਮੁਖ ਦੁਨੀਆਂ ਦੀ ਆਸ ਵੱਲੋਂ ਹਮੇਸ਼ਾ ਨਿਰਾਸ਼ ਹੋ ਕੇ ਜੀਵਨ ਗੁਜ਼ਾਰਦਾ ਹੈ। ਜਿਸ ਆਸ ਨੇ ਕੱਲ੍ਹ ਝੂਠੀ ਨਿਕਲਣਾ ਹੈ, ਉਹ ਅੱਜ ਹੀ ਉਸ ਦਾ ਸਹਾਰਾ ਲੈ ਕੇ ਨਹੀਂ ਚੱਲਦਾ ਜਿਸ ਕਰਕੇ ਕਦੇ ਡਾਵਾਂਡੋਲ ਨਹੀਂ ਹੁੰਦਾ। ਹਾਂ, ਇਕ ਆਸ ਗੁਰਮੁਖ ਕਦੇ ਵੀ ਟੁੱਟਣ ਨਹੀਂ ਦਿੰਦਾ ਅਤੇ ਨਾ ਹੀ ਇਹ ਆਸ ਕਦੇ ਨਿਰਾਸ਼ ਕਰਦੀ ਹੈ। ਇਹ ਆਸ ਪ੍ਰਮੇਸ਼ਰ ਦੀ ਹੈ। ਪ੍ਰਮੇਸ਼ਰ ਕਦੇ ਮਰਦਾ ਨਹੀਂ, ਕਦੇ ਮੁਕਰਦਾ ਨਹੀਂ। ਉਸ ਦੀ ਕਦੇ ਵੀ ਦਾਤ ਮੁਕਦੀ ਨਹੀਂ। ਉਹ ਕਦੇ ਔਗੁਣ ਚਿਤਾਰਦਾ ਨਹੀਂ, ਜਿਸ ਕਰਕੇ ਰੱਬੀ ਟੇਕ ਵਾਲਾ ਕਦੇ ਭਟਕਦਾ ਨਹੀਂ। ਮਨ ਦੀ ਪਹਿਲੀ ਅਵਸਥਾ ਹਰ ਚੀਜ਼ ਨੂੰ ਆਪਣੇ ਅਧੀਨ ਕਰਕੇ ਹੁਕਮੀ ਬਿਰਤੀ ਪੈਦਾ ਕਰਨ ਦੀ ਹੁੰਦੀ ਹੈ ਪਰ ਜਦੋਂ ਮਨ ਗੁਰਮੁਖ ਬਣਦਾ ਹੈ ਤਾਂ ਇਹ ਆਪ ਗੁਰੂ ਦਾ ਗ਼ੁਲਾਮ ਹੋ ਕੇ ਹੁਕਮ ਮੰਨਣ ਦੀ ਅਵਸਥਾ ਬਣਾ ਲੈਂਦਾ ਹੈ। ਮਨ ਕਰਕੇ ਮੁਕਤ ਹੋਣਾ, ਮਨ ਕਰਕੇ ਉਧਾਰ ਹੋਣਾ ਹੀ ਅਸਲ ਵਿਚ ਉਧਾਰ ਹੋਣਾ ਹੈ। ਸਿਆਣੇ ਲੋਕਾਂ ਨੇ ਇਹ ਵੀ ਕਹਾਵਤਾਂ ਬਣਾ ਦਿੱਤੀਆਂ ਕਿ ਜੈਸਾ ਅੰਨ ਤੈਸਾ ਮਨ। ਜਿਹੋ ਜਿਹਾ ਅੰਨ ਭਾਵ ਖ਼ੁਰਾਕ ਖਾਂਦੇ ਹਾਂ, ਉਹ ਕੇਵਲ ਤਨ 'ਤੇ ਹੀ ਨਹੀਂ ਬਲਕਿ ਮਨ 'ਤੇ ਵੀ ਅਸਰ ਕਰਦੀ ਹੈ, ਤਦੇ ਹੀ ਜਗਤ ਗੁਰੂ ਬਾਬਾ ਜੀ ਨੇ ਬਚਨ ਸਮਝਾਏ ਹਨ—

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਪੰਨਾ ੧੬)

ਜੇਕਰ ਗੁਰੂ-ਮਾਂ ਦਾ ਤਿਆਰ ਕੀਤਾ ਹੋਇਆ ਭੋਜਨ ਹੋਵੇ, ਤਾਂ ਉਸ ਦੇ ਖਾਣ ਨਾਲ ਤਨ ਵੀ ਅਰੋਗ ਹੋਵੇਗਾ ਅਤੇ ਮਨ ਵਿਚ ਵੀ ਵਿਕਾਰ ਨਹੀਂ ਬਲਕਿ ਨਿਰੰਕਾਰ ਹੀ ਹੋਵੇਗਾ।

'ਉਧਾਰੋ' ਲਈ ਇਕ ਵਿਚਾਰ ਹੋਰ ਵਿਚਾਰ ਲੈਣੀ ਚਾਹੀਦੀ ਹੈ ਕਿ ਹਰ ਵਾਰੀ ਆਤਮਾ ਤੇ ਪ੍ਰਮਾਤਮਾ ਵਿਚ ਮਿਲਾਪ ਲਈ ਬਚਨ ਆਉਂਦੇ ਹਨ ਕਿ 'ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥' ਇਸ ਦਾ ਭਾਵ ਬਿਲਕੁਲ ਸਪੱਸ਼ਟ ਹੈ ਕਿ ਜਿਹੋ ਜਿਹਾ ਰੱਬ ਹੈ, ਉਹੋ ਜਿਹਾ ਆਪਣੇ ਮੂਲ ਦੀ ਪਹਿਚਾਣ ਕਰਕੇ ਆਪ ਵੀ ਜੋਤਿ ਰੂਪ ਹੋਣਾ ਪਵੇਗਾ ਤਦ ਹੀ "ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ" ਹੋ ਸਕਦਾ ਹੈ। ਰੱਬ ਗੁਣਾਂ ਦਾ ਇਕ ਖ਼ਜ਼ਾਨਾ ਹੈ ਅਤੇ ਜੀਵ ਨੂੰ ਵੀ ਉਹ ਗੁਣ ਧਾਰਨ ਕਰਨੇ ਪੈਣਗੇ ਜਿਹੜੇ ਇਸ ਨੂੰ ਪ੍ਰਮੇਸ਼ਰ ਦਾ ਰੂਪ ਬਣਾ ਸਕਣਗੇ। ਉਹ ਰੱਬੀ ਗੁਣ ਸਭ ਤੋਂ ਸੌਖੇ ਢੰਗ ਨਾਲ ਸਾਹਿਬ ਜੀ ਨੇ ਮੂਲ ਮੰਤ੍ਰ ਵਿਚ ਸਮਝਾਏ ਹਨ ਕਿ-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਨ੍ਹਾਂ ਰੱਬੀ ਗੁਣਾਂ ਨੂੰ ਵਾਰ ਵਾਰ ਚੇਤਾ ਕਰਕੇ ਆਪਣੇ ਅੰਦਰ ਅਜਿਹੇ ਗੁਣ ਧਾਰਨ ਕਰਨੇ ਹਨ। ਜਿਸ ਦਿਨ ਜੀਵ ਅੰਦਰ ਇਹ ਗੁਣ ਪ੍ਰਗਟ ਹੋ ਜਾਂਦੇ ਹਨ ਜਿਵੇਂ ਪ੍ਰਮੇਸ਼ਰ ਨੂੰ ਕੋਈ ਬੰਧਨ ਨਹੀਂ, ਕੋਈ ਦੁੱਖ ਸੁੱਖ, ਹਰਖ ਸੋਗ ਨਹੀਂ, ਉਸ ਤਰ੍ਹਾਂ ਦੀ ਹੀ ਅਵਸਥਾ ਜੀਵ ਦੀ ਬਣ ਜਾਂਦੀ ਹੈ।

ਨਾ ਓਹੁ ਮਰਤਾ ਨਾ ਹਮ ਡਰਿਆ॥
ਨਾ ਓਹੁ ਬਿਨਸੈ ਨਾ ਹਮ ਕੜਿਆ॥
ਨਾ ਓਹੁ ਨਿਰਧਨੁ ਨਾ ਹਮ ਭੂਖੇ॥
ਨਾ ਓਸੁ ਦੂਖੁ ਨ ਹਮ ਕਉ ਦੂਖੇ॥੧॥
ਅਵਰੁ ਨ ਕੋਊ ਮਾਰਨਵਾਰਾ॥
ਜੀਅਉ ਹਮਾਰਾ ਜੀਉ ਦੇਨਹਾਰਾ॥੧॥ਰਹਾਉ॥
ਨਾ ਉਸੁ ਬੰਧਨ ਨਾ ਹਮ ਬਾਧੇ॥
ਨਾ ਉਸੁ ਧੰਧਾ ਨਾ ਹਮ ਧਾਧੇ॥
ਨਾ ਉਸੁ ਮੈਲੁ ਨ ਹਮ ਕਉ ਮੈਲਾ॥
ਓਸੁ ਅਨੰਦੁ ਤ ਹਮ ਸਦ ਕੇਲਾ॥੨॥
ਨਾ ਉਸੁ ਸੋਚੁ ਨ ਹਮ ਕਉ ਸੋਚਾ॥
ਨਾ ਉਸੁ ਲੇਪੁ ਨ ਹਮ ਕਉ ਪੋਚਾ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥
ਜਾ ਉਹੁ ਨਿਰਮਲੁ ਤਾਂ ਹਮ ਜਚਨਾ॥੩॥

ਹਮ ਕਿਛੁ ਨਾਹੀ ਏਕੈ ਓਹੀ॥
ਆਗੈ ਪਾਛੈ ਏਕੋ ਸੋਈ॥
ਨਾਨਕ ਗੁਰਿ ਖੋਏ ਭ੍ਰਮ ਭੰਗਾ॥
ਹਮ ਓਇ ਮਿਲਿ ਹੋਏ ਇਕ ਰੰਗਾ॥੪॥੩੨॥੮੩॥

(ਪੰਨਾ ੩੯੧)

ਸੇਵਕ ਤੇ ਮਾਲਕ ਬਰਾਬਰ ਹੋ ਕੇ ਵੀ ਇਕ ਵਿਚਾਰ ਹਮੇਸ਼ਾ ਚੇਤਾ ਰੱਖਣੀ ਹੈ ਕਿ "ਹਮ ਕਿਛੁ ਨਾਹੀ ਏਕੈ ਓਹੀ॥ ਆਗੈ ਪਾਛੈ ਏਕੋ ਸੋਈ॥" ਬੰਦੇ ਨੇ ਰੱਬ ਵਰਗਾ ਬਣਨਾ ਹੈ ਪਰ ਬੰਦਾ ਬਹੁਤ ਵਾਰੀ ਕੋਸ਼ਿਸ਼ ਕਰਦਾ ਹੈ ਕਿ ਰੱਬ ਹੀ ਮੇਰੇ ਵਰਗਾ ਬਣ ਜਾਵੇ। ਇਸ ਕਰਕੇ ਹੀ ਬਹੁਤ ਵਾਰੀ ਸਾਡੀ ਅਰਦਾਸ ਵੀ ਅਸਲ ਵਿਚ ਰੱਬ ਨੂੰ ਇਕ ਆਪਣੇ ਅਨੁਸਾਰ ਚੱਲਣ ਦੀ ਸਲਾਹ ਹੀ ਹੁੰਦੀ ਹੈ, ਜਦਕਿ ਸਾਡੇ ਅੰਦਰ ਔਗੁਣਾਂ ਦਾ ਵਾਸਾ ਹੁੰਦਾ ਹੈ। ਇਹ ਔਗੁਣ ਹੀ ਸਾਡੇ ਬੰਧਨ ਬਣਦੇ ਹਨ।

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥

(ਪੰਨਾ ੫੯੫)

ਇਸ ਲਈ ਇਥੇ ਹੀ ਉਧਾਰ ਕਰਨਾ ਹੈ ਭਾਵ ਹਰ ਤਰ੍ਹਾਂ ਦੇ ਬੰਧਨ ਤੋਂ ਖ਼ਲਾਸੀ ਹਾਸਿਲ ਕਰਨੀ ਹੈ। ਗੁਰੂ ਤੇਗ਼ ਬਹਾਦਰ ਮਹਾਰਾਜ ਜੀ ਕਿਰਪਾ ਕਰਦੇ ਹਨ ਕਿ ਅਸਲ ਵਿਚ ਮੁਕਤ ਕੌਣ ਹੈ।

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥

(ਪੰਨਾ ੧੪੨੭)

ਜਿਸ ਮਨੁੱਖ ਦੀ ਸੋਚ ਉਸਤਤਿ ਅਤੇ ਨਿੰਦਾ ਦੀ ਕੈਦ ਤੋਂ ਮੁਕਤਿ ਹੋ ਗਈ ਅਤੇ ਸੋਨਾ ਲੋਹਾ ਇਕ ਹੋ ਗਿਆ ਭਾਵ ਸੋਨਾ ਪਾ ਕੇ ਉਹ ਹੰਕਾਰ ਦਾ ਰਸ ਨਹੀਂ ਪੈਦਾ ਹੋਣ ਦਿੰਦਾ, ਅਜਿਹਾ ਪੁਰਖ ਜਿਊਂਦੇ ਜੀਅ ਹੀ ਮੁਕਤਿ ਹੋ ਜਾਂਦਾ ਹੈ। ਗੁਰਦੇਵ ਜੀ ਨੇ ਨਾਲ ਹੀ ਇਕ ਹੋਰ ਸਲੋਕ ਬਖ਼ਸ਼ਿਸ਼ ਕੀਤਾ ਹੈ ਕਿ—

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥

(ਪੰਨਾ ੧੪੨੭)

ਮਨੁੱਖੀ ਸੋਚ ਹੈ ਕਿ ਆਪਣਿਆਂ ਭਾਵ ਜਿਨ੍ਹਾਂ ਨੂੰ ਉਹ ਮਿੱਤਰ ਸਮਝਦਾ ਹੈ ਉਨ੍ਹਾਂ ਕੋਲੋਂ ਖ਼ੁਸ਼ੀ ਮਿਲੇ ਅਤੇ ਵੈਰੀਆਂ ਕੋਲੋਂ ਹਮੇਸ਼ਾ ਦੁੱਖ ਦੀ ਹੀ ਆਸ ਹੁੰਦੀ ਹੈ ਪਰ

ਜਿਸ ਮਨੁੱਖ ਨੇ ਹਰਖ ਸੋਗ ਇਕ ਬਰਾਬਰ ਸਮਝ ਕੇ ਰੱਬੀ ਦਾਤ ਜਾਣ ਲਈ, ਉਸ ਦੀ ਸੋਚ ਵਿਚ ਵੈਰੀ ਮੀਤ ਇਕ ਸਮਾਨ ਹੋ ਜਾਂਦੇ ਹਨ। ਉਸ ਲਈ ਤਾਂ "**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**" ਦੀ ਅਵਸਥਾ ਬਣ ਜਾਂਦੀ ਹੈ। ਉਹ ਪੁਰਖ ਅਸਲ ਵਿਚ ਮੁਕਤ ਕਹਾਉਣ ਦਾ ਹੱਕ ਰੱਖਦਾ ਹੈ। ਪਰ ਇਹ ਸਾਰੀ ਵਿਚਾਰ ਥਾਲ ਵਿਚ ਪਈਆਂ ਤਿੰਨ ਵਸਤੂਆਂ ਦੇ ਭੋਜਨ ਨੂੰ "**ਜੇ ਕੋ ਖਾਵੈ, ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ**" ਨਾਲ ਹੀ ਹੋਣਾ ਹੈ। ਨਹੀਂ ਤਾਂ ਆਸਾ ਮਨਸਾ ਦੇ ਜਾਲ ਵਿਚ ਸਾਰਾ ਸੰਸਾਰ ਹੀ ਫਸਿਆ ਹੋਇਆ ਜੀਵਨ ਰੂਪ ਹੀਰੇ ਦੀਆਂ ਕੌਡੀਆਂ ਬਣਾ ਰਿਹਾ ਹੈ।

ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ॥
ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ॥
ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ॥
ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ॥
ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ॥

(ਪੰਨਾ ੬੫੧)

ਆਤਮਾ ਅਤੇ ਸਰੀਰ ਦੋ ਵੱਖੋ ਵੱਖਰੇ ਅੰਗ ਹਨ। ਗੁਰੂ ਤੋਂ ਵਿਛੜੇ ਇਹ ਸਪੱਸ਼ਟ ਨਹੀਂ ਕਰ ਸਕਦੇ ਕਿ ਆਤਮਾ ਸਰੀਰ ਤੋਂ ਵੱਖਰੀ ਹੈ। ਗੁਰਮੁਖ ਸਰੀਰ ਨੂੰ ਆਤਮਾ ਦੇ ਰਹਿਣ ਦਾ ਕੋਠਾ ਸਮਝਦਾ ਹੈ ਪਰ ਮਨਮੁਖ ਬੰਦਾ ਸਰੀਰ ਨੂੰ ਹੀ ਸਭ ਕੁਝ ਸਮਝਦਾ ਹੈ। ਗੁਰਮੁਖਾਂ ਨੇ ਇਹ ਭੋਜਨ ਖਾ ਕੇ ਇੰਨੀ ਬਲਵਾਨਤਾ ਹਾਸਿਲ ਕਰ ਲਈ ਕਿ ਉਨ੍ਹਾਂ ਲਈ ਸਰੀਰਕ ਕਸ਼ਟ ਕਦੇ ਆਤਮਾ ਦਾ ਕਸ਼ਟ ਨਹੀਂ ਬਣਦਾ।

ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਸ਼ਹੀਦ ਕਰਨ ਲੱਗੇ ਤਾਂ ਉਸ ਵਕਤ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਦੇ ਪੰਨਿਆ ਉੱਤੇ ਬਹੁਤ ਸੋਹਣੇ ਢੰਗ ਨਾਲ ਕੀਤਾ ਹੈ। ਗਿਆਨੀ ਜੀ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਗ੍ਰਿਫ਼ਤਾਰ ਕੀਤੇ ਸੱਤ ਸੌ ਸਿੱਖਾਂ ਵਿਚੋਂ ਹਰ ਰੋਜ਼ ਸੌ ਸਿੱਖਾਂ ਦਾ ਕਤਲ ਕੀਤਾ ਜਾਂਦਾ ਸੀ। ਸੱਤ ਦਿਨ ਗਲੀਆਂ ਵਿਚ ਪਾਣੀ ਨਹੀਂ, ਲਹੂ ਹੀ ਵਗਦਾ ਰਿਹਾ। ਗੱਡਿਆਂ 'ਤੇ ਸਮਾਨ ਢੋਣ ਦੀ ਬਜਾਇ ਸਿੱਖਾਂ ਦੇ ਸਿਰ ਢੋਏ ਜਾਂਦੇ ਸਨ, ਸਰੀਰ ਢੋਏ ਜਾਂਦੇ ਸਨ। ਬੰਦਾ ਸਿੰਘ ਜੀ ਸੱਤ ਦਿਨ ਦੀ ਕਤਲੇਆਮ ਨੂੰ ਵੇਖ ਕੇ ਵੀ ਡੋਲਣ ਦੀ ਬਜਾਇ ਅਡੋਲ ਹੀ ਸਨ। ਅਗਲੇ ਦਿਨ ਫ਼ੈਸਲਾ ਕੀਤਾ ਗਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਪੁੱਤਰ ਸ਼ਹੀਦ ਕੀਤਾ ਜਾਵੇ। ਪਿਆਰ ਵਾਲਿਉ! ਅਸੀਂ ਆਮ ਦੁਨੀਆਦਾਰਾਂ ਨੂੰ ਦੇਖਦੇ ਹਾਂ ਕਿ ਚਾਰ ਕੁ

ਸਾਲਾਂ ਦਾ ਬੱਚਾ ਕਿੰਨਾ ਪਿਆਰਾ ਹੁੰਦਾ ਹੈ। ਮਾਤਾ ਪਿਤਾ ਆਪਣੇ ਬੱਚਿਆਂ ਨੂੰ ਗੋਦ ਵਿਚ ਚੁੱਕ ਚੁੱਕ ਕੇ ਲੋਰੀਆਂ ਦਿੰਦੇ ਬਹੁਤ ਵੇਖੇ ਹੋਣਗੇ ਪਰ ਬਾਬਾ ਜੀ ਅੱਜ ਇਕ ਵੱਖਰਾ ਇਤਿਹਾਸ ਸਿਰਜਣ ਲੱਗੇ ਹਨ ਕਿ ਬੱਚੇ ਨੂੰ ਗੋਦ ਵਿਚ ਬਿਠਾ ਕੇ ਸੁਖ ਨਹੀਂ ਬਲਕਿ ਕਹਿਰ ਦਾ ਦੁੱਖ ਦੇਖਣ ਲੱਗੇ ਹਨ। ਜ਼ਾਲਮਾਂ ਦਾ ਛੁਰਾ ਚੱਲਿਆ, ਅਜੇ ਸਿੰਘ ਦਾ ਕਲੇਜਾ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਤੁੰਨ ਦਿੱਤਾ। ਔਲਾਦ ਦਾ ਨਿੱਕਾ ਜਿਹਾ ਦੁੱਖ ਵੀ ਸਹਾਰ ਨਹੀਂ ਹੁੰਦਾ ਪਰ ਇਥੇ ਤਾਂ ਕਲੇਜਾ ਮੂੰਹ ਵਿਚ ਪੁਆ ਕੇ ਵੀ ਸਿਦਕੀ ਸੂਰਮਾ ਰੱਬੀ ਪਿਆਰ ਵਿਚ ਜੁੜਿਆ ਬੈਠਾ ਸੀ।

ਆਖ਼ਿਰ ਫ਼ਰਖ਼ਸੀਅਰ ਦੇ ਹੁਕਮ ਅਨੁਸਾਰ ਬਾਬਾ ਬੰਦਾ ਸਿੰਘ ਜੀ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ ਗਈਆਂ। ਜੰਬੂਰਾਂ ਨਾਲ ਮਾਸ ਨੋਚ ਨੋਚ ਕੇ ਕੋਲ ਹੀ ਢੇਰੀ ਲਾ ਰਹੇ ਸਨ ਤਾਂ ਬਾਬਾ ਜੀ ਦੀ ਅਡੋਲਤਾ ਵੇਖ ਕੇ ਕਿਸੇ ਨੇ ਸੁਆਲ ਕੀਤਾ ਕਿ ਜਿਹੜਾ ਕੱਲ੍ਹ ਮਿਰਗਣੀ ਦਾ ਸ਼ਿਕਾਰ ਕਰਨ ਵੇਲੇ ਮਰੇ ਮਿਰਗਣੀ ਦੇ ਬੱਚੇ ਦੇਖ ਕੇ ਘਰ ਪਰਿਵਾਰ ਛੱਡ ਕੇ ਵੈਰਾਗੀ ਬਣ ਗਿਆ ਸੀ, ਅੱਜ ਉਸ ਦੇ ਸਾਹਮਣੇ ਲਹੂ ਦੀਆਂ ਨਦੀਆਂ ਵੀ ਵਹਾ ਕੇ ਵੇਖ ਲਈਆਂ ਪਰ ਉਹ ਨਾ ਡੋਲਿਆ। ਉਸ ਦੇ ਸਾਹਮਣੇ ਉਸ ਦੇ ਹੀ ਪੁੱਤਰ ਦਾ ਕਤਲ ਕੀਤਾ ਅਤੇ ਕਲੇਜਾ ਮੂੰਹ ਵਿਚ ਪਾਇਆ ਪਰ ਉਹ ਨਾ ਡੋਲਿਆ। ਉਸ ਦੀਆਂ ਅੱਖਾਂ ਕੱਢ ਕੇ ਮਾਸ ਨੋਚਿਆ ਜਾ ਰਿਹਾ ਹੈ, ਤਾਂ ਇਸ ਦੀ ਅਡੋਲਤਾ ਦਾ ਕਾਰਨ ਪੁੱਛਣਾ ਚਾਹੀਦਾ ਹੈ। ਬਾਬਾ ਬੰਦਾ ਸਿੰਘ ਜੀ ਨੇ ਜਵਾਬ ਦਿੱਤਾ ਸੀ ਕਿ ਭਾਈ, ਮੇਰੀ ਅਵਸਥਾ ਗੁਰੂ ਪਾਤਿਸ਼ਾਹ ਜੀ ਨੇ ਮਿਹਰ ਕਰਕੇ ਐਸੀ ਬਣਾ ਦਿੱਤੀ ਹੈ ਕਿ ਜਿਵੇਂ ਇਕ ਬੰਦਾ ਮਕਾਨ ਵਿਚ ਰਹਿੰਦਾ ਹੈ ਅਤੇ ਜੇ ਉਸ ਮਕਾਨ 'ਤੇ ਕੋਈ ਠੋਕਰ ਮਾਰੇ, ਉਸ ਨੂੰ ਭੰਨੇ ਤੋੜੇ ਤਾਂ ਘਰ ਦਾ ਮਾਲਿਕ ਮਕਾਨ ਤੋਂ ਬਾਹਰ ਭਾਵ ਆਪਣੇ ਆਪ ਨੂੰ ਵੱਖ ਕਰ ਲੈਂਦਾ ਹੈ, ਇਸ ਤਰ੍ਹਾਂ ਹੀ ਮੈਂ ਆਪਣਾ ਮਨ ਗੁਰੂ ਚਰਨਾਂ ਵਿਚ ਟਿਕਾ ਦਿੱਤਾ ਹੈ। ਤੜਪ ਕੇਵਲ ਮਨ ਮਹਿਸੂਸ ਕਰਦਾ ਹੈ, ਪਰ ਮਨ ਤਾਂ ਗੁਰੂ ਚਰਨਾਂ ਨਾਲ ਜੁੜ ਕੇ ਅਨੰਦ ਲੈ ਰਿਹਾ ਹੈ ਅਤੇ ਤਨ ਦੀਆਂ ਬੋਟੀਆਂ ਨੋਚਣ ਨਾਲ ਮੇਰੀ ਅਵਸਥਾ ਉੱਤੇ ਕੋਈ ਅਸਰ ਨਹੀਂ ਹੁੰਦਾ। ਇਹ ਪ੍ਰਤੱਖ ਮਿਸਾਲ ਹੈ "ਤਿਸ ਕਾ ਹੋਇ ਉਧਾਰੋ॥" ਕਿਸੇ ਵਿਦਵਾਨ ਪੁਰਖ ਦਾ ਬਹੁਤ ਪਿਆਰਾ ਬਚਨ ਹੈ ਕਿ ਮਨ ਦੀ ਗ਼ੁਲਾਮੀ ਮੁਨੀ, ਪੰਡਿਤ, ਜੋਗੀ, ਤਪੀਸ਼ਰ ਅਤੇ ਬ੍ਰਹਮਚਾਰੀ ਕਰਦੇ ਵੇਖੇ ਜਾ ਸਕਦੇ ਹਨ। ਖ਼ਾਨ, ਸੁਲਤਾਨ, ਪੈਗ਼ੰਬਰ ਆਦਿਕ ਵੀ ਅਜਿਹੇ ਹੀ ਹਨ। ਵੱਡੇ ਵੱਡੇ ਜੋਧਿਆਂ ਦਾ ਬਲ ਮਨ ਅੱਗੇ ਨਿਰਬਲ ਹੋ ਜਾਂਦਾ ਹੈ। ਇਥੋਂ ਤੱਕ ਕਿ ਇਸ ਦੀ ਗੁਲਾਮੀ ਤੋਂ ਮਨੁੱਖ, ਇਸਤਰੀ, ਗ਼ਰੀਬ, ਅਮੀਰ ਭਾਵ ਬਹੁਤ ਲੋਕ ਆਜ਼ਾਦ ਨਹੀਂ ਹੋ ਸਕੇ। ਲੋਕਾਈ ਦਾ ਬਹੁਤਾ ਹਿੱਸਾ ਮਨ

ਦੇ ਅਧੀਨ ਆ ਜਾਂਦਾ ਹੈ ਪਰ ਗਿਆਨੀ ਪੁਰਖ ਦੀ ਅਵਸਥਾ ਮਨ ਦੀ ਗ਼ੁਲਾਮੀ ਕਰਨਾ ਨਹੀਂ ਬਲਕਿ ਮਨ ਨੂੰ ਹੀ ਗ਼ੁਲਾਮ ਕਰਨਾ ਹੈ।

ਮਨ ਕੇ ਅਧੀਨ ਮੁਨੀ ਪੰਡਿਤ ਤਪੀਸਰ ਔ,
ਮਨ ਕੇ ਅਧੀਨ ਜੋਗੀ ਜਤੀ ਬ੍ਰਹਮਚਾਰੀ ਹੈ॥
ਮਨ ਕੇ ਅਧੀਨ ਪੀਰ ਮੀਰ ਖਾਨ ਸੁਲਤਾਨ,
ਮਨ ਕੇ ਅਧੀਨ ਪੈਗੰਬਰ ਚਾਰ ਯਾਰੀ ਹੈ॥
ਮਨ ਕੇ ਅਧੀਨ ਸੁਰ ਬਲੀ ਨਿਰਬਲ ਔ,
ਮਨ ਕੇ ਅਧੀਨ ਰਾਉ ਰੰਕ ਨਰ ਨਾਰੀ ਹੈ॥
ਔਰ ਸਭ ਸਿਸਟਿ ਏਕ ਮਨ ਕੇ ਅਧੀਨ ਵਰਤੈ,
ਗਿਆਨੀ ਜੀ ਕੋ ਗਤੀ ਸੋ ਤੋ ਮਨ ਸੇ ਨਿਆਰੀ ਹੈ॥

ਏਹ ਵਸਤੁ ਤਜੀ ਨਹ ਜਾਈ

ਜਿਹੜੀ ਵੀ ਚੀਜ਼ ਜਿਊਣ ਦਾ ਸਹਾਰਾ ਬਣ ਜਾਵੇ, ਉਸ ਦਾ ਤਿਆਗ ਨਹੀਂ ਕੀਤਾ ਜਾ ਸਕਦਾ। ਜੀਵਨ-ਅਧਾਰ ਦਾ ਤਿਆਗ ਕਰਨਾ ਮੌਤ ਨੂੰ ਗਲਵਕੜੀ ਪਾਉਣ ਦੇ ਬਰਾਬਰ ਹੁੰਦਾ ਹੈ। ਜਿਵੇਂ ਪਾਣੀ ਜਿਊਣ ਲਈ ਜ਼ਰੂਰੀ ਹੈ, ਉਸ ਦਾ ਤਿਆਗ ਨਹੀਂ ਕੀਤਾ ਜਾ ਸਕਦਾ। ਭੋਜਨ ਜ਼ਰੂਰੀ ਹੈ, ਸੁਆਸ ਜ਼ਰੂਰੀ ਹਨ, ਖ਼ੂਨ ਜ਼ਰੂਰੀ ਹੈ। ਇਹ ਸਭ ਕੁਝ ਜ਼ਿੰਦਗੀ ਦਾ ਚਰਖਾ ਚੱਲਣ ਲਈ ਅਤਿਅੰਤ ਲੋੜੀਂਦੇ ਪਦਾਰਥ ਹਨ। ਧਾਰਮਿਕ ਦੁਨੀਆ ਦੀ ਜ਼ਿੰਦਗੀ ਜਿਊਣ ਲਈ ਰੱਬੀ ਯਾਦ ਦਾ ਹੋਣਾ ਜਾਂ ਥਾਲ ਵਿਚ ਪਰੋਸੇ ਭੋਜਨ ਦਾ ਛੱਕਣਾ ਬਹੁਤ ਹੀ ਜ਼ਰੂਰੀ ਹੈ। ਇਨਸਾਨੀਅਤ ਵਾਲੇ ਗੁਣ ਤਦ ਹੀ ਜਿਊਂਦੇ ਰਹਿ ਸਕਦੇ ਹਨ ਜੇਕਰ ਇਨ੍ਹਾਂ ਨੂੰ ਇਹ ਖ਼ੁਰਾਕ ਮਿਲਦੀ ਰਹੇ। ਰੱਬੀ ਗੁਣਾਂ ਦਾ ਗਲ ਜਾਣਾ ਅਧਿਆਤਮਿਕ ਮੌਤ ਹੀ ਕਹਾਉਂਦਾ ਹੈ। ਜਿਊਂਦਾ ਹੀ ਉਹ ਹੈ ਜਿਸ ਕੋਲ ਨਿਰੰਕਾਰੀ ਯਾਦ ਦੀ ਦਾਤ ਹੈ।

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥

(ਪੰਨਾ ੧੪੨)

ਇਸ ਕਰਕੇ ਹੀ ਗੁਰਬਾਣੀ ਅਨੁਸਾਰ ਸਭ ਤੋਂ ਵੱਡਾ ਦੁੱਖ ਹੀ ਰੱਬੀ ਯਾਦ ਦਾ ਵਿਛੋੜਾ ਹੁੰਦਾ ਹੈ। ਜਿਵੇਂ ਹਰੇਕ ਦੁੱਖ ਦੂਜੇ ਅੱਖਰਾਂ ਵਿਚ ਮੌਤ ਦਾ ਹੀ ਸੁਨੇਹਾ ਹੁੰਦਾ ਹੈ, ਇਸ ਤਰ੍ਹਾਂ ਹੀ ਇਹ ਵਿਛੋੜੇ ਦਾ ਦੁੱਖ ਵੀ ਮੌਤ ਦਾ ਹੀ ਸੁਨੇਹਾ ਹੈ। ਜੇਕਰ ਬਿਰਹਾ ਦੇ ਰੋਗੀ ਨੂੰ ਵਿਛੋੜਾ ਸੁਣਨ ਨੂੰ ਹੀ ਮਿਲ ਜਾਵੇ ਤਾਂ ਦੁੱਖ ਮਹਿਸੂਸ ਹੁੰਦਾ ਹੈ ਪਰ ਵਿਛੋੜੇ ਦਾ ਦੁੱਖ ਜਦੋਂ ਮਿਲਾਪ ਵਿਚ ਨਹੀਂ ਬਦਲਦਾ ਤਾਂ ਅਜਿਹਾ ਪਿਆਰਾ ਮਰ ਹੀ ਜਾਂਦਾ ਹੈ ਪਰ ਕਦੇ ਵੀ ਉਹ ਹਰੀ ਦੀ ਯਾਦ ਤੋਂ ਆਪਣਾ ਰਿਸ਼ਤਾ ਨਹੀਂ ਤੋੜਦਾ।

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥

(ਪੰਨਾ ੧੧੦੦)

ਨਾਮ ਦੀ ਖ਼ੁਰਾਕ ਬੰਦਗੀ ਵਾਲੇ ਪੁਰਖ ਦੀ ਜੀਵਨ-ਖ਼ੁਰਾਕ ਬਣ ਜਾਂਦੀ ਹੈ। ਰੱਬੀ ਯਾਦ ਵਿਚੋਂ ਉਸ ਨੂੰ ਤਾਕਤ ਪ੍ਰਾਪਤ ਹੁੰਦੀ ਹੈ। ਅਜਿਹੀ ਹਾਲਤ ਦੇ ਦਰਸ਼ਨ ਗੁਰਬਾਣੀ ਵਿਚੋਂ ਸੁਭਾਵਿਕ ਹੀ ਹੋ ਜਾਂਦੇ ਹਨ।

ਪ੍ਰਹਲਾਦ ਪਠਾਏ ਪੜਨ ਸਾਲ ॥
ਸੰਗਿ ਸਖਾ ਬਹੁ ਲੀਏ ਬਾਲ ॥
ਮੋ ਕਉ ਕਹਾ ਪੜ੍ਹਾਵਸਿ ਆਲ ਜਾਲ ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ ॥੧॥
ਨਹੀ ਛੋਡਉ ਰੇ ਬਾਬਾ ਰਾਮ ਨਾਮ ॥
ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥੧॥ ਰਹਾਉ ॥
ਸੰਡੈ ਮਰਕੈ ਕਹਿਓ ਜਾਇ ॥
ਪ੍ਰਹਲਾਦ ਬੁਲਾਏ ਬੇਗਿ ਧਾਇ ॥
ਤੂ ਰਾਮ ਕਹਨ ਕੀ ਛੋਡੁ ਬਾਨਿ ॥
ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥੨॥
ਮੋ ਕਉ ਕਹਾ ਸਤਾਵਹੁ ਬਾਰ ਬਾਰ ॥
ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥
ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥
ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥੩॥
ਕਾਢਿ ਖੜਗੁ ਕੋਪਿਓ ਰਿਸਾਇ ॥
ਤੁਝ ਰਾਖਨਹਾਰੋ ਮੋਹਿ ਬਤਾਇ ॥
ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥
ਹਰਨਾਖਸੁ ਛੇਦਿਓ ਨਖ ਬਿਦਾਰ ॥੪॥
ਓਇ ਪਰਮ ਪੁਰਖ ਦੇਵਾਧਿ ਦੇਵ ॥
ਭਗਤਿ ਹੇਤ ਨਰਸਿੰਘ ਭੇਵ ॥
ਕਹਿ ਕਬੀਰ ਕੋ ਲਖੈ ਨ ਪਾਰ ॥
ਪ੍ਰਹਲਾਦ ਉਧਾਰੇ ਅਨਿਕ ਬਾਰ ॥੫॥੪॥

(ਪੰਨਾ ੧੧੯੪)

ਭਗਤ ਕਬੀਰ ਸਾਹਿਬ ਜੀ ਨੇ ਭਗਤ ਪ੍ਰਹਿਲਾਦ ਦੀ ਉਦਾਹਰਣ ਦੇ ਕੇ ਸਮਝਾਇਆ ਹੈ ਕਿ ਇਸ ਵਸਤੂ ਦਾ ਧਾਰਨੀ ਫਿਰ ਕਦੇ ਇਸ ਦਾ ਤਿਆਗ ਨਹੀਂ ਕਰ ਸਕਦਾ। ਹਾਂ, ਇਸ ਦੇ ਮੁਕਾਬਲੇ 'ਤੇ ਲੱਖਾਂ ਹੀ ਠੋਕਰਾਂ ਅਤੇ ਔਕੜਾਂ ਦਾ ਮੁਕਾਬਲਾ ਤਾਂ ਕਰ ਸਕਦਾ ਹੈ ਪਰ ਨਾਮ ਰੂਪ ਭੋਜਨ ਦਾ ਤਿਆਗ ਨਹੀਂ ਕਰ ਸਕਦਾ। ਹਰਨਾਖਸ਼ ਨੇ ਵੀ ਆਪਣੇ ਪੁੱਤਰ ਅੰਦਰ ਵਿਚਾਰ ਪੈਦਾ ਕਰਨ ਲਈ, ਸਿਆਣਾ ਬਣਾਉਣ ਲਈ ਪਾਠਸ਼ਾਲਾ ਭੇਜਿਆ, ਪਰ ਭਗਤ ਪ੍ਰਹਿਲਾਦ ਦੇ ਅੰਦਰ ਤਾਂ ਸਭ ਤੋਂ ਵੱਡੀ ਵਿੱਦਿਆ ਰੱਬ ਦੀ ਬੰਦਗੀ ਦੀ ਲਗਨ ਪਹਿਲਾਂ ਹੀ ਲੱਗੀ ਹੋਈ ਸੀ। ਸੰਡਾ ਮਰਕਾ ਦੋਨਾਂ ਉਸਤਾਦਾਂ ਨੇ ਪੱਟੀ 'ਤੇ ਅੱਖਰ ਲਿਖ ਕੇ ਪੜ੍ਹਾਉਣ ਦੀ

ਕੋਸ਼ਿਸ਼ ਕੀਤੀ ਪਰ ਪ੍ਰਹਿਲਾਦ ਨੇ ਸਪੱਸ਼ਟ ਕਹਿ ਦਿੱਤਾ ਕਿ ਮੈਨੂੰ ਹੋਰ ਆਲ ਜਾਲ ਪੜ੍ਹਾਉਣ ਦੀ ਲੋੜ ਨਹੀਂ, ਮੈਂ ਤਾਂ ਬਲਕਿ ਸ੍ਰੀ ਗੋਪਾਲ ਦਾ ਨਾਮ ਹੀ ਪੱਟੀ ਉੱਤੇ ਲਿਖ ਲਿਖ ਕੇ ਨਾਲ ਦੇ ਸਾਥੀਆਂ ਨੂੰ ਵੀ ਪੱਕਾ ਕਰਵਾਉਣਾ ਚਾਹੁੰਦਾ ਹਾਂ। ਹਰਨਾਖਸ਼ ਵਕਤ ਦਾ ਹਾਕਮ ਸੀ ਜਿਸ ਤੋਂ ਸੰਡਾ ਅਤੇ ਮਰਕਾ ਡਰ ਗਏ ਕਿ ਜੇਕਰ ਪ੍ਰਹਿਲਾਦ ਨੂੰ ਕੁਝ ਕਹਿੰਦੇ ਹਾਂ ਤਦ ਵੀ ਮੁਸ਼ਕਲ ਹੈ ਅਤੇ ਜੇ ਨਹੀਂ ਪੜ੍ਹਾਉਂਦੇ ਤਾਂ ਇਸ ਦੇ ਪਿਤਾ ਹਰਨਾਕਸ਼ ਦੇ ਪੁੱਛਣ 'ਤੇ ਕੀ ਜਵਾਬ ਦੇਵਾਂਗੇ। ਇਸ ਤੋਂ ਚੰਗਾ ਹੈ ਕਿ ਆਪ ਹੀ ਜਾ ਕੇ ਦੱਸ ਦੇਈਏ ਕਿ ਤੇਰੇ ਪੁੱਤਰ ਦਾ ਤੌਰ ਤਰੀਕਾ ਹੀ ਨਿਰਾਲਾ ਹੈ। ਇਹ ਗੱਲ ਸੁਣਦਿਆਂ ਸਾਰ ਹਰਨਾਖਸ਼ ਕ੍ਰੋਧਿਤ ਹੋ ਕੇ ਪ੍ਰਹਿਲਾਦ ਨੂੰ ਜਲਦੀ ਨਾਲ ਬੁਲਾ ਕੇ ਝਿੜਕਣ ਲੱਗਾ। ਉਸਤਾਦ ਨੇ ਫਿਰ ਕਿਹਾ ਕਿ ਮੇਰਾ ਹਾਲੇ ਵੀ ਆਖਾ ਮੰਨ ਕੇ ਰਾਮ ਕਹਿਣ ਦੀ ਆਦਤ ਦਾ ਤਿਆਗ ਕਰ ਦੇ। ਮੈਂ ਤੈਨੂੰ ਹੁਣ ਹੀ ਹੋਰ ਸਖ਼ਤ ਸਜ਼ਾ ਤੋਂ ਬਚਾ ਲਵਾਂਗਾ? ਪ੍ਰਹਿਲਾਦ ਨੇ ਦਲੇਰੀ ਭਰਿਆ ਜਵਾਬ ਦਿੱਤਾ ਕਿ ਜਿਸ ਪ੍ਰਮੇਸ਼ਰ ਨੇ ਪਾਣੀ, ਧਰਤੀ, ਪਹਾੜ ਆਦਿਕ ਬਣਾਏ ਹਨ, ਮੈਂ ਉਸ ਦੀ ਬੰਦਗੀ ਕਿਵੇਂ ਛੱਡ ਸਕਦਾ ਹਾਂ? ਮੈਨੂੰ ਬੰਦਗੀ ਵੱਲੋਂ ਰੋਕਣ ਲਈ ਕਹਿ ਕਹਿ ਕੇ ਨਾ ਸਤਾਵੋ ਬਲਕਿ ਤੁਸੀਂ ਮੈਨੂੰ ਸਜ਼ਾ ਦਿਉ, ਉਹ ਵੀ ਸਾੜਨ ਦੀ ਜਾਂ ਮਾਰਨ ਦੀ। ਮੈਂ ਬੰਦਗੀ ਨਹੀਂ ਛੱਡ ਸਕਦਾ, ਇਸ ਨਾਲ ਮੇਰੇ ਗੁਰੂ ਨੂੰ ਵੀ ਗਾਲ੍ਹ ਲੱਗਦੀ ਹੈ।

ਹਰਨਾਖਸ਼ ਨੂੰ ਇਹ ਹੰਕਾਰ ਸੀ ਕਿ ਇਕ ਤਾਂ ਮੈਂ ਵਕਤੀ ਹਾਕਮ ਹਾਂ, ਦੂਜਾ ਮੈਂ ਇਸ ਦਾ ਪਿਤਾ ਹਾਂ। ਪਿਤਾ ਹੀ ਔਖੇ ਵੇਲੇ ਔਲਾਦ ਦਾ ਰਾਖਾ ਬਣਦਾ ਹੈ। ਇਸ ਲਈ ਹਰਨਾਖਸ਼ ਨੇ ਕਰੋਧ ਵਿਚ ਆ ਕੇ ਤਲਵਾਰ ਕੱਢ ਲਈ ਅਤੇ ਗਰਜ ਕੇ ਕਿਹਾ, ਕਿ ਲਿਆ ਆਪਣਾ ਰਾਖਾ ਦਿਖਾ। ਉਸ ਵਕਤ ਇਕ ਰੱਬੀ ਤਾਕਤ ਦਾ ਨਜ਼ਾਰਾ ਪ੍ਰਗਟ ਹੋਇਆ ਜਿਸ ਨੂੰ ਨਰਸਿੰਘ ਰੂਪ ਆਖਦੇ ਹਨ। ਉਸ ਨੇ ਹਰਨਾਖਸ਼ ਨੂੰ ਨਹੁੰਆਂ ਨਾਲ ਹੀ ਮਾਰ ਦਿੱਤਾ। ਕਬੀਰ ਸਾਹਿਬ ਆਖਦੇ ਹਨ ਕਿ ਰੱਬ ਸਭ ਤੋਂ ਵੱਡਾ ਦੇਵਤਾ ਹੈ ਜਿਸ ਨੇ ਪ੍ਰਹਿਲਾਦ ਦੀ ਪੈਜ ਰੱਖਣ ਲਈ ਹਰਨਾਖਸ਼ ਦਾ ਅੰਤ ਕਰ ਦਿੱਤਾ। ਉਸ ਨਿਰੰਕਾਰ ਦੀ ਤਾਕਤ ਸਦਾ ਬੇਅੰਤ ਹੈ। ਇਸ ਪਵਿੱਤਰ ਬਚਨ ਵਿਚੋਂ ਪ੍ਰਤੱਖ ਹੋ ਜਾਂਦਾ ਹੈ ਕਿ ਪ੍ਰਹਿਲਾਦ ਉਸਤਾਦਾਂ ਦੀਆਂ ਝਿੜਕਾਂ, ਪਿਤਾ ਦੀ ਨਰਾਜ਼ਗੀ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਸਹਿਣ ਲਈ ਵੀ ਤਿਆਰ ਹੈ ਪਰ "ਨਹੀ ਛੋਡਉ ਰੇ ਬਾਬਾ ਰਾਮ ਨਾਮ" ਲਈ ਤਿਆਰ ਨਹੀਂ, ਕਿਉਂਕਿ ਜਿਨ੍ਹਾਂ ਨੇ ਅਧਿਆਤਮਿਕ ਜੀਵਨ ਮਾਣਿਆ ਹੈ, ਉਨ੍ਹਾਂ ਨੂੰ ਪਤਾ ਹੈ ਕਿ "ਇਹ ਵਸਤੁ ਤਜੀ ਨਹ ਜਾਈ" ਇਸ ਵਸਤੂ ਦਾ ਤਿਆਗ ਨਹੀਂ ਕੀਤਾ ਜਾ ਸਕਦਾ।

ਭਗਤ ਨਾਮਦੇਵ ਜੀ ਅੱਗੇ ਵੀ ਇਕ ਵਾਰੀ ਐਸਾ ਹੀ ਕਾਰਨ ਬਣਿਆ। ਇਕ ਪਾਸੇ ਰੱਬ ਦਾ ਰਿਸ਼ਤਾ ਅਤੇ ਦੂਜੇ ਪਾਸੇ ਦੁਨਿਆਵੀ ਮਾਂ ਦਾ ਰਿਸ਼ਤਾ ਹੈ, ਜਿਹੜਾ ਮੁਹੰਮਦ ਬਿਨ ਤੁਗਲਕ ਦੇ ਕਹਿਰ ਤੋਂ ਡਰਦਾ ਹੋਇਆ ਆਪਣੇ ਪੁੱਤਰ ਨੂੰ

ਸਮਝਾ ਰਿਹਾ ਹੈ ਕਿ ਤੂੰ ਰਾਮ ਰਾਮ ਕਹਿਣਾ ਛੱਡ ਕੇ ਖ਼ੁਦਾਇ ਭਜ ਲੈ, ਤੇਰੀ ਜਾਨ ਬਖ਼ਸ਼ੀ ਜਾਵੇਗੀ। ਭਗਤ ਨਾਮਦੇਵ ਜੀ ਮਾਂ ਵਾਲਾ ਦੁਨਿਆਵੀ ਰਿਸ਼ਤਾ ਤੋੜ ਕੇ ਜ਼ਾਲਮ ਦੇ ਅਨੇਕਾਂ ਦਿੱਤੇ ਦੁੱਖੜੇ ਝੱਲਣ ਲਈ ਵੀ ਤਿਆਰ ਹੈ ਪਰ ਨਾਮਦੇਵ ਰੱਬੀ ਬੰਦਗੀ ਕਰਦਾ ਹੀ ਰਹੇਗਾ। ਮਾਂ! ਅਜਿਹਾ ਤਾਂ ਹੋ ਸਕਦਾ ਹੈ ਕਿ ਕਦੇ ਗੰਗਾ ਅਤੇ ਜਮਨਾ ਆਦਿਕ ਨਦੀਆਂ ਆਪਣੇ ਵਹਿਣ ਬਦਲ ਦੇਣ ਭਾਵ ਉਲਟੀਆਂ ਚੱਲਣ ਲੱਗ ਜਾਣ, ਪਰ ਨਾਮਦੇਵ ਕਦੇ ਬੰਦਗੀ ਦਾ ਲੜ ਨਹੀਂ ਛੱਡੇਗਾ। ਹਾਕਮ ਹੰਕਾਰ ਵਿੱਚ ਅੰਨ੍ਹਾ ਹੈ ਪਰ ਮੈਂ ਤਾਂ ਰੱਬੀ ਪਿਆਰ ਵਿੱਚ ਜਾਣਦਾ ਹਾਂ ਕਿ ਇਹ ਰੱਬੀ ਯਾਦ ਦਾ ਤਿਆਗ ਨਹੀਂ ਹੋ ਸਕਦਾ।

ਰੁਦਨੁ ਕਰੈ ਨਾਮੇ ਕੀ ਮਾਇ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥
ਪਿੰਡੁ ਪੜੈ ਤਉ ਹਰਿ ਗੁਨ ਗਾਇ॥

(ਪੰਨਾ ੧੧੬੫)

ਸਤਿਗੁਰੂ ਗ਼ਰੀਬ ਨਿਵਾਜ ਜੀ ਨੇ ਇਸ ਕਰਕੇ ਉਨ੍ਹਾਂ ਦੇ ਹੀ ਅੰਮ੍ਰਿਤ ਬਚਨ ਅੰਕਿਤ ਕੀਤੇ ਹਨ ਜਿਨ੍ਹਾਂ ਨੇ ਦੁਨੀਆ ਦੀ ਹਰ ਔਕੜ ਨਾਲ ਮੱਥਾ ਲਾ ਲਿਆ ਪਰ "ਏਹ ਵਸਤੁ ਤਜੀ ਨਹ ਜਾਈ" ਨਾਲ ਕੋਈ ਵੀ ਫ਼ੈਸਲਾ ਨਹੀਂ ਕੀਤਾ ਸੀ। ਅਡੋਲ ਮਨੁੱਖ ਹੀ ਅਡੋਲਤਾ ਦਾ ਸਬਕ ਪੜ੍ਹਾ ਸਕਦੇ ਹਨ। ਜਿਹੜੇ ਆਪ ਅਡੋਲ ਰਹੇ, ਅੱਜ ਜ਼ਮਾਨਾ ਉਨ੍ਹਾਂ ਦੇ ਅਮੋਲਕ ਬਚਨ ਪੜ੍ਹ ਕੇ ਅਡੋਲਤਾ ਵਾਲਾ ਜੀਵਨ ਜਿਊਣਾ ਚਾਹੁੰਦਾ ਹੈ।

ਜੀਵਨ ਦੋ ਤਰ੍ਹਾਂ ਦਾ ਹੈ। ਇਕ ਜੀਵਨ ਕੇਵਲ ਸਰੀਰ ਅੰਦਰ ਆਤਮਾ ਦਾ ਨਿਵਾਸ ਹੈ। ਜਦੋਂ ਸਰੀਰ ਅਤੇ ਆਤਮਾ ਦਾ ਵਿਛੋੜਾ ਪੈਂਦਾ ਹੈ ਤਾਂ ਸਰੀਰ ਦੀ ਮੌਤ ਹੋ ਜਾਂਦੀ ਹੈ। ਮਰੀ ਹੋਈ ਚੀਜ਼ ਸੰਭਾਲੀ ਨਹੀਂ ਜਾ ਸਕਦੀ, ਇਸ ਲਈ ਇਸ ਦਾ ਆਪੋ ਆਪਣੇ ਅਕੀਦੇ ਮੁਤਾਬਿਕ ਸੰਸਾਰ ਅੰਤਿਮ ਕਿਰਿਆ ਕਰਮ ਕਰ ਦਿੰਦਾ ਹੈ। ਆਤਮਾ ਅਤੇ ਸਰੀਰ ਦੇ ਵਿਛੋੜੇ ਵਿਚ ਸਰੀਰ ਮਰਿਆ ਸੀ ਪਰ ਆਤਮਾ ਜਿਊਂਦੀ ਸੀ। ਜੇਕਰ ਆਤਮਾ ਵੀ ਪ੍ਰਮਾਤਮਾ ਨਾਲੋਂ ਰਿਸ਼ਤਾ ਤੋੜ ਲੈਂਦੀ ਹੈ ਤਾਂ ਇਸ ਨੂੰ ਆਤਮਿਕ ਮੌਤ ਕਹਿੰਦੇ ਹਨ। ਮੌਤ ਭਾਵੇਂ ਸਰੀਰਕ ਹੋਵੇ, ਭਾਵੇਂ ਆਤਮਿਕ ਮੌਤ ਹੋਵੇ, ਮੌਤ ਤੋਂ ਜੀਵ ਹਮੇਸ਼ਾ ਹੀ ਭੈ-ਭੀਤ ਰਿਹਾ ਹੈ, ਇਸ ਲਈ ਇਹ ਜੀਵਨ ਨੂੰ ਬਹੁਤ ਪਿਆਰ ਕਰਦਾ ਹੈ। ਸੰਸਾਰ ਕੇਵਲ ਸਰੀਰਕ ਤਲ 'ਤੇ ਖਲੋਤਾ ਹੋਣ ਕਰਕੇ ਕੇਵਲ ਸਰੀਰਕ ਜੀਵਨ ਦੇ ਚੌਗਿਰਦੇ ਦੀ ਪ੍ਰਕਰਮਾ ਕਰਦਾ ਹੈ। ਇਹ ਸਰੀਰਕ ਜੀਵਨ ਨੂੰ ਹੀ ਜੀਵਨ ਸਮਝਦਾ ਹੈ। ਇਸ ਕਰਕੇ ਹੀ ਸਾਰਾ ਸਾਜ਼ੋ-ਸਾਮਾਨ ਜਾਂ ਹਰ ਉਪਰਾਲਾ ਸਰੀਰਕ ਜੀਵਨ ਲਈ ਹੀ ਕਰਦਾ ਹੈ ਪਰ ਫਿਰ ਵੀ ਹਰ ਵਾਰੀ ਜੀਵਨ ਮੌਤ ਦੀ ਹੀ ਖ਼ੁਰਾਕ ਬਣਿਆ। ਹੁਣ ਸਤਿਗੁਰੂ ਜੀ ਨੇ ਇਸ ਨੂੰ

ਉਸ ਜੀਵਨ ਦੀ ਜਾਚ ਬਖ਼ਸ਼ੀ ਜਿਸ ਨਾਲ ਇਕ ਵਾਰੀ ਮਰ ਕੇ ਮਿਲਿਆ ਜੀਵਨ ਫਿਰ ਹਰ ਵਾਰੀ ਮੌਤ ਦਾ ਖਾਜਾ ਨਹੀਂ ਬਣਦਾ। ਪਾਵਨ ਗੁਰਵਾਕ ਹੈ ਕਿ—

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥

(ਪੰਨਾ ੬੦੪)

ਇਹ ਇਕ ਅਜਿਹਾ ਜੀਵਨ ਹੈ ਜਿਸ ਨੂੰ ਪਾ ਕੇ "ਮੈ ਨ ਮਰਉ ਮਰਿਬੋ ਸੰਸਾਰਾ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ" ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ। ਸੰਸਾਰਕ ਜੀਵਨ ਵਾਲਾ ਸੰਸਾਰਕ ਜੀਵਨ ਨੂੰ ਪਿਆਰ ਕਰਕੇ ਉਸ ਦੀ ਦੇਖ ਭਾਲ, ਖ਼ੁਰਾਕ ਦਾ ਖ਼ਿਆਲ ਰੱਖਦਾ ਹੈ, ਕਿਉਂਕਿ ਮਨੁੱਖ ਪਿਆਰ ਖ਼ੁਰਾਕ ਨੂੰ ਨਹੀਂ ਕਰਦਾ ਬਲਕਿ ਪਿਆਰ ਤਾਂ ਜੀਵਨ ਨੂੰ ਕਰਦਾ ਹੈ। ਖ਼ੁਰਾਕ ਜੀਵਨ ਦਾ ਸਹਾਰਾ ਹੈ, ਇਸ ਲਈ ਖ਼ੁਰਾਕ ਨਾਲ ਵੀ ਪਿਆਰ ਹੋ ਜਾਂਦਾ ਹੈ। ਜੇਕਰ ਪਿਆਰ ਖ਼ੁਰਾਕ ਨਾਲ ਹੀ ਹੋਵੇ ਤਾਂ ਹਰ ਤਰ੍ਹਾਂ ਦੀ ਖ਼ੁਰਾਕ ਖਾਵੇ ਪਰ ਇਹ ਹਮੇਸ਼ਾ ਅੰਮ੍ਰਿਤ ਵਰਗੀਆਂ ਭਾਵ ਜੀਵਨ ਦੇਣ ਵਾਲੀਆਂ ਚੀਜ਼ਾਂ ਨਾਲ ਹੀ ਪਿਆਰ ਕਰਦਾ ਹੈ। ਜਿਹੜੀ ਚੀਜ਼ ਇਸ ਨੂੰ ਜ਼ਹਿਰ ਰੂਪ ਭਾਵ ਜੀਵਨ ਬਰਬਾਦ ਕਰਨ ਵਾਲੀ ਲੱਗਦੀ ਹੈ, ਇਹ ਉਸ ਦਾ ਤਿਆਗ ਕਰ ਦਿੰਦਾ ਹੈ ਪਰ ਉਹ ਵਸਤੂ ਨਹੀਂ ਤਿਆਗਦਾ ਜਿਸ ਨਾਲ ਜੀਵਨ ਦਾ ਸਹਾਰਾ ਹੈ। ਇਸ ਤਰ੍ਹਾਂ ਹੀ ਆਤਮਿਕ ਜੀਵਨ ਜੀਣ ਵਾਲਾ ਵੀ ਉਸ ਵਸਤੂ ਦਾ ਤਿਆਗ ਨਹੀਂ ਕਰਦਾ ਜਿਸ ਨਾਲ ਆਤਮਿਕ ਜੀਵਨ ਦਾ ਸਹਾਰਾ ਹੋਵੇ। **"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥"** ਇਸ ਲਈ ਆਤਮਿਕ ਜੀਵਨ ਜਿਊਣ ਵਾਲਾ ਭਲੀ ਭਾਂਤ ਸਮਝ ਲੈਂਦਾ ਹੈ ਕਿ **"ਏਹ ਵਸਤੁ ਤਜੀ ਨਹ ਜਾਈ॥"**

ਗੁਰੂ ਘਰ ਵਿਚ ਹਮੇਸ਼ਾ ਦੋ ਤਰ੍ਹਾਂ ਦੇ ਲੋਕ ਰਹੇ ਹਨ। ਇਕ ਉਹ ਜਿਹੜੇ ਸੁਆਰਥ ਨੂੰ ਮੁੱਖ ਰੱਖਦੇ ਸਨ। ਦੂਜੇ ਜਿਹੜੇ ਪਰਮਾਰਥ ਨੂੰ ਮੁੱਖ ਰੱਖਦੇ ਸਨ। ਸੁਆਰਥੀ ਬੰਦਾ ਹਮੇਸ਼ਾ ਆਪਣੇ ਸੁਆਰਥ ਨਾਲ ਹੀ ਬੱਝਾ ਹੁੰਦਾ ਹੈ। ਸੁਆਰਥ ਹੈ ਤਾਂ ਨੇੜਤਾ ਹੈ, ਜੇਕਰ ਸੁਆਰਥ ਖ਼ਤਮ ਹੋ ਗਿਆ ਤਾਂ ਸੰਬੰਧ ਵੀ ਟੁੱਟ ਜਾਂਦਾ ਹੈ।

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ
ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ
ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥

(ਪੰਨਾ ੮੬੦)

ਪਰ ਪਰਮਾਰਥੀ ਲੋਕ ਪ੍ਰੀਤ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਪ੍ਰੀਤ ਕਦੇ ਪੂਰੀ ਨਹੀਂ ਹੁੰਦੀ, ਇਸ ਲਈ ਉਨ੍ਹਾਂ ਦਾ ਰਿਸ਼ਤਾ ਵੀ ਕਦੇ ਨਹੀਂ ਟੁੱਟਦਾ। **'ਸਾਹਿਬੁ ਮੇਰਾ ਨੀਤ ਨਵਾ'** ਹੋਣ ਕਰਕੇ ਉਹ ਹਰ ਰੋਜ਼ ਨਵੇਂ ਸਾਹਿਬ ਨੂੰ ਨਵੇਂ ਹੋ ਕੇ ਹੀ

ਮਿਲਦੇ ਰਹਿੰਦੇ ਹਨ। ਉਨ੍ਹਾਂ ਦੀ ਪ੍ਰੀਤ ਕਦੇ ਪੁਰਾਣੀ ਨਹੀਂ ਹੁੰਦੀ। ਗੁਰ ਇਤਿਹਾਸ ਦੀਆਂ ਸਾਖੀਆਂ ਵਿਚ ਬਹੁਤ ਗਹਿਰ ਗੰਭੀਰ ਰਹੱਸ ਛੁਪੇ ਹੋਏ ਹਨ ਜੋ ਸ਼ਰਧਾ ਵਾਲੀ ਅੱਖ ਨਾਲ ਪੜ੍ਹਿਆਂ ਪ੍ਰਗਟ ਹੋ ਜਾਂਦੇ ਹਨ। ਸੁਆਰਥੀ ਤਾਂ ਚੰਦ ਰੋਜ਼ ਮਗਰੋਂ ਚਲੇ ਜਾਂਦੇ ਸਨ ਪਰ ਬਾਬਾ ਲਹਿਣਾ ਜੀ ਨੇ ਪ੍ਰਗਟ ਕਰ ਦਿੱਤਾ ਕਿ ਜਿਨ੍ਹਾਂ ਨੇ ਇਹ ਪ੍ਰਣ ਕਰਕੇ ਸੇਵਾ ਕੀਤੀ ਕਿ "ਏਹ ਵਸਤੁ ਤਜੀ ਨਹ ਜਾਈ" ਤਾਂ ਉਸ ਨੇ ਬਾਬਾ ਲਹਿਣਾ ਜੀ ਦੀ ਸੱਤ ਸਾਲ ਦੀ ਸੇਵਾ ਨਾਲ ਇਕ ਦਿਨ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਜੀ ਬਣਾ ਦਿੱਤਾ ਸੀ।

ਧੰਨ ਗੁਰੂ ਬਾਬਾ ਅਮਰਦਾਸ ਜੀ ਨੇ ਕੇਵਲ ਸਭ ਤੋਂ ਪਹਿਲਾਂ ਮੁੰਦਾਵਣੀ ਗੁਰਬਾਣੀ ਵਿੱਚ ਹੀ ਨਹੀਂ ਪਾਈ ਬਲਕਿ ਉਨ੍ਹਾਂ ਨੇ ਇਤਿਹਾਸ ਵਿੱਚ ਵੀ ਮੁੰਦਾਵਣੀਆਂ (ਬੁਝਾਰਤਾਂ) ਪਾਈਆਂ ਹਨ। ਚਾਰ ਗੱਲਾਂ ਗੁਰੂ ਅਮਰਦਾਸ ਜੀ ਦੇ ਬਾਰੇ ਵਿਚ ਬਹੁਤ ਵਿਚਾਰਨਯੋਗ ਹਨ। ਪਹਿਲੀ ਗੱਲ ਕਿ ਧਰਮ ਦੀ ਕਿਰਿਆ ਕਿਵੇਂ ਕਰਨੀ ਹੈ ? ਨਿਰੇ ਤੀਰਥਾਂ ਦਾ ਇਸ਼ਨਾਨ ਉਸ ਮਹਾਨ ਵਸਤੂ ਦੇ ਮਿਲਾਪ ਦਾ ਵਸੀਲਾ ਨਹੀਂ ਬਣ ਸਕਦਾ, ਫਿਰ ਕਿਵੇਂ ਮਿਲਾਪ ਦੀ ਤੜਪ ਪੈਦਾ ਹੋਵੇ ? ਬਾਬਾ ਅਮਰਦਾਸ ਜੀ 20 ਵਾਰੀ ਤੀਰਥਾਂ 'ਤੇ ਜਾ ਕੇ ਇਹ ਕੁਝ ਨਾ ਲੱਭ ਸਕੇ। ਕਿਸੇ ਫ਼ਕੀਰ ਦੇ ਬੋਲ ਨੇ ਅਹਿਸਾਸ ਕਰਵਾਇਆ ਕਿ ਉਮਰ ਭਾਵੇਂ 60 ਸਾਲਾਂ ਦੀ ਹੋ ਗਈ ਹੈ, ਵਸਤੂ ਤਾਂ ਕੀ ਲੱਭਣੀ ਸੀ, ਹਾਲੇ ਤਾਂ ਗੁਰੂ ਵੀ ਨਹੀਂ ਲੱਭਿਆ। ਫ਼ਕੀਰ ਦੀ ਚੋਟ ਨਾਲ ਮਨ ਅੰਦਰ ਪੈਦਾ ਹੋਈ ਬੇਚੈਨੀ ਨੂੰ ਬੀਬੀ ਅਮਰੋ ਜੀ ਵੱਲੋਂ ਨਿਤਨੇਮ ਕਰਦਿਆਂ ਸੁਣੇ ਅੰਮ੍ਰਿਤ ਬਚਨਾਂ ਨੇ ਸ਼ਾਂਤੀ ਬਖ਼ਸ਼ਿਸ਼ ਕਰ ਦਿੱਤੀ। ਇਸ ਸ਼ਾਂਤੀ ਵਿਚੋਂ ਹੀ ਇਹ ਫ਼ੈਸਲਾ ਹੋ ਗਿਆ ਕਿ ਹੁਣ ਇਸ ਵਸਤੂ ਦਾ ਤਿਆਗ ਨਹੀਂ ਕਰਨਾ। ਬੀਬੀ ਅਮਰੋ ਜੀ, ਜਿਹੜੇ ਰਿਸ਼ਤੇ ਵਿਚੋਂ ਨੂੰਹ ਲੱਗਦੇ ਸਨ, ਨਾਲ ਮਿਲ ਕੇ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿਚ ਆ ਗਏ।

ਦੂਜੀ ਗੱਲ, ਇਹ ਬੁਝਾਰਤ ਵੀ ਖੋਲ੍ਹਣ ਵਾਲੀ ਸੀ ਕਿ ਹੁਣ ਰਿਸ਼ਤਾ ਸਰੀਰਾਂ ਦਾ ਨਹੀਂ ਰੱਖਣਾ, ਕਿਉਂਕਿ ਸਰੀਰਾਂ ਦਾ ਰਿਸ਼ਤਾ ਕੁੜਮਾਚਾਰੀ ਦਾ ਰਿਸ਼ਤਾ ਸੀ। ਬੀਬੀ ਅਮਰੋ ਜੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਬੇਟੀ ਗੁਰੂ ਅਮਰਦਾਸ ਜੀ ਦੇ ਭਤੀਜੇ ਭਾਈ ਸੁਜੂ ਜੀ ਨੂੰ ਵਿਆਹੀ ਹੋਈ ਸੀ। ਉਨ੍ਹਾਂ ਨੇ ਸਰੀਰਕ ਰਿਸ਼ਤਿਆਂ ਤੋਂ ਉਪਰ ਉੱਠ ਕੇ ਬਾਕਾਇਦਾ ਇਕ ਦਾਸਰਾ ਬਣ ਕੇ ਸੇਵਾ ਕੀਤੀ। ਤੀਰਥਾਂ 'ਤੇ ਜਾਂਦੇ ਸਮੇਂ ਫ਼ਕੀਰ ਨੇ ਨਿਗੁਰਾ ਹੋਣ ਦੀ ਠੋਕਰ ਮਾਰੀ ਤਾਂ ਤੀਰਥਾਂ ਨੂੰ ਛੱਡ ਕੇ ਗੁਰੂ-ਘਰ ਆ ਗਏ। ਹੈਰਾਨੀ ਦੀ ਗੱਲ ਹੈ ਕਿ ਉਥੇ ਤਾਂ ਇਕ ਫ਼ਕੀਰ ਨੇ ਇਕੋ ਦਿਨ ਠੋਕਰ ਮਾਰੀ ਸੀ, ਇਥੇ ਤਾਂ ਹਰ ਕੋਈ ਅਣਜਾਣ ਨਿਤ ਦਿਹਾੜੇ ਠੋਕਰ ਮਾਰ ਦਿੰਦਾ ਸੀ। 'ਕੁੜਮਾਂ ਦੇ ਘਰ ਬਿਰਧ ਅਵਸਥਾ ਵੇਲੇ ਪਾਣੀ ਭਰ ਕੇ ਰੋਟੀ ਖਾਂਦਾ ਹੈ।' 'ਬਿਰਧ ਅਵਸਥਾ ਵੇਲੇ ਕਿਸੇ ਨੇ ਸੰਭਾਲਿਆ ਨਹੀਂ।' 'ਇਸ ਦਾ ਕਿਧਰੇ ਕੋਈ ਥਾਂ ਨਹੀਂ' ਤਦ ਹੀ ਨਿਥਾਵਾਂ ਹੋਣ ਕਰਕੇ ਰਾਤ ਦਿਨੇ ਕਦੇ ਲੋਕਾਂ ਦੇ ਬੋਲਾਂ ਦੀਆਂ

ਠੋਕਰਾਂ ਕਦੇ ਕਿੱਲਿਆਂ ਦੀਆਂ ਠੋਕਰਾਂ। ਇਸ ਵਾਰੀ ਠੋਕਰਾਂ ਭਾਵੇਂ ਅਨੇਕ ਸਨ ਪਰ ਗੁਰੂ ਘਰ ਦਾ ਤਿਆਗ ਕਰਕੇ ਨਹੀਂ ਗਏ ਬਲਕਿ ਹਰ ਠੋਕਰ ਸਿਰ ਮੱਥੇ ਮੰਨ ਲਈ ਪਰ ਗੁਰੂ ਚਰਨਾਂ ਵਿਚੋਂ ਮਿਲੀ ਦਾਤਿ 'ਏਹ ਵਸਤੁ ਤਜੀ ਨਹ ਜਾਈ' ਧਾਰਨ ਕਰਕੇ ਰੱਖੀ। ਆਖ਼ਿਰ ਇਕ ਦਿਨ ਨਿਥਾਵਾਂ ਕਹਾਉਣ ਵਾਲਾ ਨਿਥਾਵਿਆਂ ਦਾ ਥਾਂਵ ਬਣ ਗਿਆ। ਨਿਆਸਰਿਆਂ ਦਾ ਆਸਰਾ ਬਣ ਗਿਆ।

ਪਹਿਲੀ ਠੋਕਰ ਫ਼ਕੀਰ ਨੇ ਮਾਰੀ ਤਾਂ ਤੀਰਥ ਤਿਆਗਿਆ ਪਰ ਦੂਜੀ ਠੋਕਰ ਨੇ ਗੁਰੂ ਨਾਲ ਰਿਸ਼ਤਾ ਹੀ ਅਟੁੱਟ ਪੈਦਾ ਕਰ ਦਿੱਤਾ ਅਤੇ ਤਖ਼ਤ ਵੀ ਪ੍ਰਾਪਤ ਹੋ ਗਿਆ ਪਰ ਤੀਜੀ ਵਾਰੀ ਫਿਰ ਬਾਬਾ ਦਾਤੂ ਜੀ ਦੇ ਰੂਪ ਵਿਚ ਠੋਕਰ ਵੱਜੀ। ਪਹਿਲੀਆਂ ਠੋਕਰਾਂ ਤਾਂ ਬਰਦਾਸ਼ਤ ਕਰਨੀਆਂ ਸੌਖੀਆਂ ਸਨ, ਕਿਉਂਕਿ ਪ੍ਰਾਪਤੀ ਕੋਈ ਨਹੀਂ ਸੀ। ਹੁਣ ਤਾਂ ਹੈਰਾਨੀ ਦੀ ਗੱਲ ਹੈ ਕਿ ਹਰ ਤਰ੍ਹਾਂ ਦੀ ਦੁਨਿਆਵੀ, ਧਾਰਮਿਕ, ਅਧਿਆਤਮਿਕ ਤਾਕਤ ਕੋਲ ਸੀ ਪਰ ਫਿਰ ਵੀ ਖ਼ਿਆਲ ਰੱਖਿਆ ਕਿ ਇਹ ਵਸਤੂ ਨਹੀਂ ਤਿਆਗਣੀ। ਕਰੋਧ ਵੱਸ ਹੋ ਕੇ ਦਾਤੂ ਵੱਲੋਂ ਲੱਤ ਮਾਰਨ ਵੇਲੇ ਵੀ ਬਹੁਤ ਹੀ ਅਦਬ ਸਤਿਕਾਰ ਅਤੇ ਨਿਮਰਤਾ ਨਾਲ ਹੀ ਬਚਨ ਕੀਤੇ ਸਨ–

ਕਰ ਕਮਲਨ ਜੋ ਮਰਦਨ ਕਰੈ॥ ਬਿਨਤੀ ਸਹਤ ਸੁਬਾਕ ਉਚਰੈ॥
ਇਕ ਤੌ ਸੇਵਾ ਕਰਤ ਰਹਯੋ ਹੌਂ॥ ਦੁਤੀਏ ਬਯ ਤੇ ਬ੍ਰਿਧ ਭਯੋ ਹੌਂ॥
ਯਾ ਤੇ ਅਧਿਕ ਸਰੀਰ ਕਰੋਰਾ॥ ਤੁਮਰੋ ਚਰਨ ਮ੍ਰਿਦੁਲ ਨਹਿ ਥੋਰਾ॥

ਚੌਥੀ ਗੱਲ ਸਪੱਸ਼ਟ ਕਰ ਦਿੱਤੀ ਕਿ ਸਿੱਖਾਂ ਵਿਚ ਅਨੰਦ ਦੀ ਦਾਤ ਸਤਿਗੁਰੂ ਕੋਲ ਹੀ ਹੈ । ਇਹ ਇਥੋਂ ਹੀ ਮਿਲ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕੋਲ ਅਨੰਦ ਹੀ ਅਨੰਦ ਹੈ ਪਰ ਪ੍ਰਾਪਤੀ ਤਦ ਹੀ ਹੋ ਸਕਦੀ ਹੈ ਜੇਕਰ ਇਹ ਦ੍ਰਿੜ੍ਹਤਾ ਆ ਜਾਵੇ ਕਿ ਇਸ ਵਸਤੂ ਦਾ ਤਿਆਗ ਕਰਕੇ ਮੇਰਾ ਲੋਕ ਪ੍ਰਲੋਕ ਵਿਚ ਕੋਈ ਟਿਕਾਣਾ ਨਹੀਂ। ਨਿਥਾਵਿਆਂ ਨੂੰ ਥਾਂਵ ਦੇਣ ਵਾਲਾ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਧਾਰਨ ਕਰਕੇ ਬੈਠ ਗਿਆ ਹੈ। ਮੈਂ ਨਿਥਾਵਾਂ ਹਾਂ ਅਤੇ ਮੇਰਾ ਥਾਂ ਤਾਂ ਇਥੋਂ ਹੀ ਬਣਨਾ ਹੈ। ਇਸ ਲਈ ਸਤਿਗੁਰੂ ਜੀ ਕਿਰਪਾ ਕਰਕੇ ਦੱਸਦੇ ਹਨ ਕਿ ਇਸ ਘਰ ਵਿਚ ਜਿਸ ਦਿਨ ਸਿੱਖ ਆਪਣਾ ਆਪਾ ਸਮਰਪਿਤ ਕਰਕੇ ਆ ਜਾਂਦਾ ਹੈ ਅਤੇ ਦ੍ਰਿੜ੍ਹ ਕਰ ਲੈਂਦਾ ਹੈ ਕਿ ਇਸ ਵਸਤੂ ਤੋਂ ਬਿਨਾਂ ਮੇਰਾ ਕੋਈ ਜੀਵਨ ਨਹੀਂ ਹੋ ਸਕਦਾ ਤਾਂ ਫਿਰ ਜਦੋਂ ਇਹ ਸਿੱਖ ਇਹ ਧਾਰਨ ਕਰ ਲਵੇਗਾ ਕਿ 'ਏਹ ਵਸਤੁ ਤਜੀ ਨਹ ਜਾਈ' ਤਾਂ ਗੁਰੂ ਜੀ ਬਖ਼ਸ਼ਿਸ਼ਾਂ ਨਾਲ ਝੋਲੀਆਂ ਭਰ ਦੇਣਗੇ। ਉਪਰੋਕਤ ਵਿਚਾਰਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸੰਸਾਰ ਨੇ ਆਪਣਾ ਕੰਮ ਕਰਨਾ ਹੈ, ਪੱਥਰਾਂ ਵਰਗੇ ਦਿਲਾਂ ਵਾਲੇ ਠੋਕਰਾਂ ਹੀ ਮਾਰਦੇ ਹਨ, ਪਰ ਜਿਨ੍ਹਾਂ ਨੇ ਥਾਲ ਵਿਚ ਪਈਆਂ ਵਸਤੂਆਂ ਦੇ ਭੋਜਨ ਦਾ ਤਿਆਗ ਨਹੀਂ ਕੀਤਾ, ਉਨ੍ਹਾਂ ਦੇ ਅੰਦਰੋਂ ਬੁਰਿਆਂ ਦਾ ਵੀ ਭਲਾ ਮੰਗਣ ਵਾਲੀ ਇਨਸਾਨੀਅਤ ਦੀ ਕਦੇ ਮੌਤ ਨਹੀਂ ਹੁੰਦੀ ਬਲਕਿ ਇਹ ਇਨਸਾਨੀਅਤ ਜਿਉਂਦੀ ਹੀ ਇਨ੍ਹਾਂ

ਵਸਤੂਆਂ ਦੇ ਸਹਾਰੇ ਹੈ। ਇਨਸਾਨੀਅਤ ਭਰੇ ਜੀਵਨ ਦੀ ਖ਼ੁਰਾਕ ਹੀ ਇਹ ਹੈ।

ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥

(ਪੰਨਾ ੪੭੪)

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥
ਸੋ ਕਿਉ ਬਿਸਰੈ ਜਿ ਜੀਵਨ ਜੀਆ॥

(ਪੰਨਾ ੨੭੦)

ਸਿੱਖ ਇਤਿਹਾਸ ਦੇ ਮਹਾਨ ਸੂਰਮੇ ਬਾਬਾ ਬੰਦਾ ਸਿੰਘ ਬਹਾਦਰ ਦਾ ਜ਼ਿਕਰ ਭਾਵੇਂ ਪਿਛਲੇ ਲੇਖ ਵਿਚ ਵੀ ਆ ਚੁੱਕਾ ਹੈ ਪਰ ਇਥੇ ਉਨ੍ਹਾਂ ਦੀ ਹੀ ਸ਼ਹਾਦਤ ਦਾ ਇਕ ਹੋਰ ਰੂਪ ਸਪੱਸ਼ਟ ਕਰਨਾ ਚਾਹੁੰਦਾ ਹਾਂ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਇਹ ਬਿਲਕੁਲ ਸਪੱਸ਼ਟ ਸੀ ਕਿ ਉਸ ਨੇ ਚਾਰ ਗੁਰੂ ਧਾਰਨ ਕੀਤੇ ਹਨ। ਰਾਮਜੀ ਦਾਸ, ਜਾਨਕੀ ਪ੍ਰਸਾਦ, ਔਘੜ ਨਾਥ ਅਤੇ ਧੰਨ ਗੁਰੂ ਗੋਬਿੰਦ ਸਿੰਘ ਜੀ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 'ਤੇ ਆ ਕੇ ਭਾਵੇਂ ਟਿਕ ਜ਼ਰੂਰ ਗਿਆ ਪਰ ਫਿਰ ਵੀ ਜਿਨ੍ਹਾਂ ਦੀ ਆਦਤ ਇਸ ਤਰ੍ਹਾਂ ਦੀ ਰਹੀ ਹੋਵੇ, ਸ਼ਾਇਦ ਫਿਰ ਵੀ ਕਦੇ ਗੁਰੂ ਬਦਲਣ ਦਾ ਖ਼ਿਆਲ ਆ ਜਾਵੇ। ਇਸ ਲਈ ਪੁੱਛਿਆ ਤਾਂ ਭਾਵੇਂ ਹਰ ਸਿੱਖ ਨੂੰ ਜਾਂਦਾ ਹੈ ਕਿ ਤੁਸੀਂ ਸਿੱਖੀ ਦਾ ਤਿਆਗ ਕਰਕੇ ਇਸਲਾਮ ਧਾਰਨ ਕਰ ਲਵੋ, ਉਹ ਕੋਈ ਵੀ ਨਹੀਂ ਮੰਨਦਾ ਪਰ ਇਸ ਤੋਂ ਆਸ ਰੱਖੀ ਜਾ ਸਕਦੀ ਹੈ। ਇਸ ਵਿਚਾਰ ਨਾਲ ਬਾਬਾ ਜੀ ਨੂੰ ਪੁੱਛਿਆ ਗਿਆ ਕਿ ਜਿਥੇ ਪਹਿਲਾਂ ਚਾਰ ਵਾਰੀ ਗੁਰੂ ਬਦਲੇ ਹਨ, ਉਥੇ ਇਕ ਵਾਰੀ ਹੋਰ ਬਦਲ ਲਵੋ। ਗੁਰੂ ਬਦਲਣਾ ਤੁਹਾਡਾ ਪਹਿਲਾਂ ਦਾ ਸੁਭਾਅ ਬਣਿਆ ਹੋਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਸਪੱਸ਼ਟ ਜਵਾਬ ਦਿੱਤਾ ਸੀ ਕਿ ਜਦੋਂ ਤੱਕ ਪੂਰਾ ਨਹੀਂ ਸੀ ਮਿਲਿਆ ਉਦੋਂ ਤੱਕ ਅਧੂਰਿਆਂ ਕੋਲ ਫਿਰਦਾ ਰਿਹਾ ਹਾਂ। ਹੁਣ ਪੂਰੀ ਤਸੱਲੀ ਹੈ, ਹੁਣ ਇਸ ਗੁਰੂ ਨੂੰ ਛੱਡ ਕੇ ਕਿਧਰੇ ਹੋਰ ਪਾਸੇ ਨਹੀਂ ਜਾਣਾ। ਭਾਵੇਂ ਇਸ ਸਾਚੀ ਪ੍ਰੀਤ ਦਾ ਮੁੱਲ ਆਪਾ ਵਾਰ ਕੇ ਜਾਂ ਪਰਿਵਾਰ ਵਾਰ ਕੇ ਵੀ ਕਿਉਂ ਨਾ ਚੁਕਾਉਣਾ ਪਵੇ ਪਰ ਹੁਣ ਇਹ ਜੋ ਕੁਝ ਪ੍ਰਾਪਤ ਹੋਇਆ ਹੈ, ਇਸ ਦਾ ਤਿਆਗ ਨਹੀਂ ਹੋ ਸਕਦਾ। ਸੱਚ ਜਿਨ੍ਹਾਂ ਨੇ ਜਾਣ ਲਿਆ, ਉਹ ਸਮਝ ਜਾਂਦੇ ਹਨ ਕਿ ਸਾਰਾ ਧਰਮ ਕਰਮ, ਅਡੋਲਤਾ, ਨਿਸ਼ਚਾ, ਦੁੱਖ ਸੁੱਖ ਤੋਂ ਵੱਖਰਾ ਪਰਮ ਅਨੰਦ ਤਦ ਹੀ ਰਹਿ ਸਕਦਾ ਹੈ ਜੇਕਰ 'ਇਹ ਵਸਤੁ ਤਜੀ ਨਹ ਜਾਈ' ਨੂੰ ਪੂਰਨ ਤੌਰ 'ਤੇ ਧਾਰਨ ਕਰ ਲਿਆ ਜਾਵੇ।

ਸਦੀਵੀ ਜੀਵਨ ਲਈ ਆਪਣਾ ਆਪਾ ਗੁਰੂ ਜੀ ਅੱਗੇ ਕੁਰਬਾਨ ਕਰਨਾ ਪੈਂਦਾ ਹੈ। ਜੇ ਇਹ ਦਾਤਿ ਬਹੁਤ ਕੀਮਤੀ ਹੈ ਤਾਂ ਇਸ ਦਾ ਮੁੱਲ ਵੀ ਆਪਾ ਵਾਰ ਕੇ ਹੀ ਦਿੱਤਾ ਜਾਂਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਇਕ ਕਬਿੱਤ ਅੰਦਰ ਉਦਾਹਰਨ ਦਿੰਦੇ ਹਨ ਕਿ ਜਿਵੇਂ ਕਿਸੇ ਦੇ ਘਰ ਜਦੋਂ ਧੀ ਜੰਮਦੀ ਹੈ ਅਤੇ ਪੁੱਤਰ

ਪੈਂਦਾ ਹੁੰਦਾ ਹੈ ਤਾਂ ਸਮਾਜਿਕ ਰੀਤ ਹੈ ਕਿ ਧੀ ਦੇ ਵਿਆਹ ਵੇਲੇ ਦਾਜ ਦਿੱਤਾ ਜਾਂਦਾ ਹੈ ਅਤੇ ਪੁੱਤਰ ਦੇ ਵਿਆਹ ਵੇਲੇ ਉਹ ਦਾਜ ਫਿਰ ਵਾਪਸ ਆ ਜਾਂਦਾ ਹੈ। (ਭਾਵੇਂ ਦਾਜ ਪ੍ਰਥਾ ਗੁਰਮਤਿ ਵਿਚ ਕਬੂਲ ਨਹੀਂ, ਇਥੇ ਸਿਰਫ਼ ਸੰਸਾਰੀ ਰੀਤ ਦੀ ਮਿਸਾਲ ਹੈ)। ਦੂਜੀ ਉਦਾਹਰਨ ਹੈ ਕਿ ਜਿਵੇਂ ਇਕ ਵਪਾਰੀ ਪਹਿਲਾਂ ਪੈਸਾ ਆਪਣੇ ਘਰੋਂ ਖ਼ਰਚ ਕਰਦਾ ਹੈ। ਜਦੋਂ ਵਪਾਰ ਚੱਲ ਪਵੇ ਤਾਂ ਲਾਭ ਰੂਪ ਵਿਚ ਕਮਾਇਆ ਪੈਸਾ ਸ਼ਰਮਿੰਦਗੀ ਦਾ ਨਹੀਂ ਸਗੋਂ ਸੱਚੀ ਸੁੱਚੀ ਕਿਰਤ ਕਹਿਲਾਉਂਦਾ ਹੈ, ਜਿਸ ਨੂੰ ਪ੍ਰਾਪਤ ਕਰਕੇ ਮਨ ਸੰਕੋਚ ਨਹੀਂ ਕਰਦਾ। ਪਰ ਪਹਿਲਾਂ ਆਪਣੇ ਵੱਲੋਂ ਪੈਸੇ ਲਾਉਣੇ ਪੈਂਦੇ ਹਨ।

ਤੀਜੀ ਉਦਾਹਰਨ ਦਿੰਦੇ ਹਨ ਕਿ ਪਹਿਲਾਂ ਗਾਂ ਦੀ ਸੇਵਾ ਕਰਕੇ ਪ੍ਰਾਪਤ ਕੀਤਾ ਦੁੱਧ ਮਨੁੱਖ ਮਾਣ ਨਾਲ ਵਰਤਦਾ ਹੈ। ਉਸ ਨੂੰ ਇਹ ਸ਼ਰਮਿੰਦਗੀ ਨਹੀਂ ਹੁੰਦੀ ਕਿ ਇਹ ਦੁੱਧ ਤਾਂ ਗਾਂ ਦੇ ਪੁੱਤਰ ਵਾਸਤੇ ਸੀ। ਮਾਲਿਕ ਨੂੰ ਪਤਾ ਹੈ ਕਿ ਜੇਕਰ ਮੈਂ ਸੇਵਾ ਨਾ ਕਰਦਾ ਤਾਂ ਦੁੱਧ ਇਤਨਾ ਨਹੀਂ ਸੀ ਹੋਣਾ। ਗਾਂ ਦੀ ਸੇਵਾ ਕਰਕੇ ਪ੍ਰਾਪਤ ਕੀਤਾ ਦੁੱਧ ਅਸਲ ਵਿਚ ਹੱਕ ਦਾ ਹੈ। ਪਹਿਲਾਂ ਚਿੱਤ ਲਾ ਕੇ ਸੇਵਾ ਭਾਵ ਧਿਆਨ ਨਾਲ ਗਾਂ ਦੇ ਪਾਣੀ ਪੱਠੇ ਦਾ ਖ਼ਿਆਲ ਰੱਖ ਕੇ ਹੀ ਦੁੱਧ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਹੀ ਸਦੀਵੀ ਜੀਵਨ ਭਾਵ ਪ੍ਰਮਾਤਮਾ ਨਾਲ ਮਿਲਾਪ ਤਾਂ ਹੀ ਹੋ ਸਕਦਾ ਹੈ ਜੇਕਰ ਸਿੱਖ ਸਭ ਤੋਂ ਪਹਿਲਾਂ ਆਪਣਾ ਆਪਾ ਗੁਰੂ ਜੀ ਅੱਗੇ ਭੇਟ ਕਰਦਾ ਹੈ। ਹਰ ਪਲ ਗੁਰੂ ਜੀ ਦੀ ਯਾਦ ਵਿਚ ਜੀਅ ਕੇ ਇਕ ਪਲ ਵੀ ਨਹੀਂ ਵਿਸਾਰਦਾ।

ਜੈਸੇ ਜਨਮਤ ਕੰਨਿਆ ਦੀਜੀਐ ਦਹੇਜ ਘਨੋ,
ਤਾ ਕੇ ਸੁਤ ਆਗੈ ਬਿਆਹੇ ਬਹੁ ਪੁਨਿ ਲੀਜੀਐ॥
ਜੈਸੇ ਦਾਮ ਲਾਈਅਤ ਪ੍ਰਿਥਮ ਬਨਜ ਬਿਖੈ,
ਪਾਛੈ ਲਾਭ ਹੋਤ ਮਨਿ ਸਕੁਚ ਨ ਕੀਜੀਐ॥
ਜੈਸੇ ਗਊ ਸੇਵਾ ਕੈ ਸਹੇਤ ਪ੍ਰਤਿਪਾਲੀਅਤ,
ਸਕਲ ਅਖਾਦ ਵਾ ਕੋ ਦੂਧ ਦੁਹਿ ਪੀਜੀਐ॥
ਤੈਸੇ ਤਨ ਮਨ ਧਨ ਅਰਪ ਸਰਨਿ ਗੁਰ,
ਦੀਖਿਆ ਦਾਨ ਲੈ ਅਮਰ ਸਦ ਸਦ ਜੀਜੀਐ॥੫੯੪॥

(ਕਬਿੱਤ ਸਵੱਯੇ ਭਾਈ ਗੁਰਦਾਸ)

ਹੋਰ ਕਿਸੇ ਚੀਜ਼ ਦਾ ਵਿਛੋੜਾ ਥੋੜਾ ਬਹੁਤ ਦੁੱਖ ਤਾਂ ਦੇ ਸਕਦਾ ਹੈ, ਆਤਮਿਕ ਮੌਤ ਨਹੀਂ, ਪਰ ਰੱਬੀ ਯਾਦ ਦਾ ਵਿਛੋੜਾ ਦੁੱਖ ਵੀ ਅਤੇ ਆਤਮਿਕ ਮੌਤ ਵੀ ਦਿੰਦਾ ਹੈ। ਸੋ ਇਹ ਜ਼ਰੂਰੀ ਹੈ ਕਿ 'ਏਹ ਵਸਤੁ ਤਜੀ ਨਹ ਜਾਈ॥"

ਨਿਤ ਨਿਤ

ਜਿਊਂਦੀ ਜਾਨ ਨੂੰ ਕੁਝ ਕਰਮ ਹਰ ਰੋਜ਼ ਕਰਨੇ ਪੈਂਦੇ ਹਨ। ਇਨ੍ਹਾਂ ਕੰਮਾਂ ਨੂੰ ਜ਼ਿੰਦਗੀ ਦੀ ਸ਼ੁਰੂਆਤ ਤੋਂ ਲੈ ਕੇ ਆਖ਼ਰੀ ਦਮ ਤੱਕ ਕਰਨਾ ਪੈਂਦਾ ਹੈ, ਜਿਵੇਂ ਹਰ ਰੋਜ਼ ਸਵਾਸ ਲੈਣਾ, ਪ੍ਰਸ਼ਾਦਾ ਛੱਕਣਾ, ਸਰੀਰਕ ਕਿਰਿਆ ਕਰਨੀ, ਸੌਣਾ ਜਾਗਣਾ ਆਦਿਕ ਨਿਤ ਦੇ ਜ਼ਰੂਰੀ ਕਾਰਜ ਹਨ ਪਰ ਫਿਰ ਵੀ ਇਨ੍ਹਾਂ ਵਿਚੋਂ ਕਿਸੇ ਦਾ ਵੀ ਨਾਂ ਕਦੇ ਨਿਤਨੇਮ ਨਹੀਂ ਰੱਖਿਆ ਗਿਆ, ਕਿਉਂਕਿ ਇਹ ਰੱਬੀ ਪ੍ਰਬੰਧ ਅਧੀਨ ਹੋਣ ਕਰਕੇ ਅਸੀਂ ਕਰੀ ਜਾਂਦੇ ਹਾਂ। ਇਹ ਸਾਡੀ ਮਜਬੂਰੀ ਹੈ ਜਾਂ ਰੱਬ ਦਾ ਸੁਭਾਅ ਪ੍ਰਤਿਪਾਲਣਾ ਕਰਨ ਦਾ ਹੈ, ਕਾਦਰ ਆਪਣੇ ਨੇਮ ਅਨੁਸਾਰ ਕਰਵਾਈ ਜਾਂਦਾ ਹੈ। ਲੇਕਿਨ ਇਕ ਕੰਮ ਰੱਬ ਨੇ ਬੰਦੇ ਦੇ ਸਪੁਰਦ ਕੀਤਾ ਸੀ ਕਿ ਤੂੰ ਹਰ ਰੋਜ਼ ਮਾਲਕ ਪ੍ਰਮੇਸ਼ਰ ਦਾ ਧੰਨਵਾਦ ਕਰਨਾ ਹੈ। ਹਰ ਰੋਜ਼ ਦੇ ਧੰਨਵਾਦ ਦਾ ਨਾਮ ਗੁਰਮਤਿ ਵਿੱਚ ਨਿਤਨੇਮ ਹੈ। ਉਹ ਨੇਮ ਜਿਹੜਾ ਹਰ ਰੋਜ਼ ਕਰਨਾ ਹੈ।

ਜਿਵੇਂ ਬੰਦੇ ਦੇ ਸੰਸਾਰ ਵਿੱਚ ਵਿਚਰਦਿਆਂ, ਕੰਮਕਾਰ ਕਰਦਿਆਂ ਕੱਪੜੇ ਮੈਲੇ ਹੋ ਜਾਂਦੇ ਹਨ, ਸਰੀਰਕ ਮੈਲ ਪੈਦਾ ਹੋ ਜਾਂਦੀ ਹੈ, ਇਸ ਤਰ੍ਹਾਂ ਹੀ ਮਨ ਦੀ ਮੈਲ ਵੀ ਪੈਦਾ ਹੋ ਜਾਂਦੀ ਹੈ। ਬੰਦਾ ਬਾਹਰੋਂ ਤਾਂ ਸਰੀਰ ਵੀ ਸਾਫ਼ ਕਰ ਲੈਂਦਾ ਹੈ, ਕੱਪੜੇ ਵੀ ਧੋ ਲੈਂਦਾ ਹੈ ਪਰ ਮਨ ਦੀ ਸਫ਼ਾਈ ਤਾਂ ਕੇਵਲ ਰੱਬੀ ਯਾਦ ਨਾਲ ਹੀ ਹੁੰਦੀ ਹੈ। ਜਿਵੇਂ ਬਾਕੀ ਕੰਮ ਨੇਮ ਨਾਲ ਕਰਦੇ ਹਾਂ, ਇਸ ਤਰ੍ਹਾਂ ਮਨ ਦੀ ਸਫ਼ਾਈ ਵੀ ਨੇਮ ਨਾਲ ਹੀ ਕਰਨੀ ਪੈਂਦੀ ਹੈ।

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥

(ਪੰਨਾ ੨੬੩)

ਸ਼ਾਇਦ ਇਸ ਕਰਕੇ ਹੀ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਪਹਿਲੇ ਜਾਮੇ ਵਿੱਚ ਹੀ ਨਿੱਤਨੇਮ ਦਾ ਵਿਧਾਨ ਬਣਾ ਦਿੱਤਾ। ਭਾਈ ਗੁਰਦਾਸ ਜੀ ਦੇ ਬਚਨਾਂ ਵਿਚੋਂ ਬਹੁਤ ਪਿਆਰੀ ਮਿਸਾਲ ਮਿਲਦੀ ਹੈ ਕਿ ਧੰਨ ਗੁਰੂ ਨਾਨਕ ਸਾਹਿਬ ਜੀ "ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ" ਪ੍ਰਚਾਰਕ-ਦੌਰੇ ਕਰਨ ਮਗਰੋਂ ਕਰਤਾਰਪੁਰ ਸਾਹਿਬ ਆ ਕੇ ਪ੍ਰਚਾਰਕ-ਦੌਰਿਆਂ ਦੌਰਾਨ ਪਹਿਨੇ ਬਸਤਰ ਉਤਾਰ ਦਿੱਤੇ। ਬਾਬੇ ਨੇ ਸੰਸਾਰੀ ਬਸਤਰ ਪਹਿਨ ਕੇ ਮੰਜੀ ਉੱਤੇ ਬੈਠ ਕੇ ਗੁਰਮਤਿ ਦਾ

ਪ੍ਰਚਾਰ ਕਰਨਾ ਆਰੰਭ ਕੀਤਾ। ਇਥੇ ਕਰਤਾਰਪੁਰ ਹੀ ਪਿਤਾ ਹੋਣ ਦੇ ਮਾਣ ਵਿਚ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਭੁੱਲੇ ਰਹਿ ਗਏ ਅਤੇ ਕੌਲ ਨਾ ਪਾਲ ਸਕੇ ਪਰ ਇਹ ਬਖ਼ਸ਼ਿਸ਼ ਬਾਬਾ ਲਹਿਣਾ ਜੀ ਹਾਸਿਲ ਕਰ ਗਏ। ਉਹ ਗੁਰਬਾਣੀ ਦੇ ਬਚਨ ਉਚਾਰੇ ਜਿਨ੍ਹਾਂ ਨਾਲ ਜ਼ਿੰਦਗੀ ਦੇ ਰਾਹ ਰੁਸ਼ਨਾਏ ਜਾਂਦੇ ਹਨ ਅਤੇ ਜੀਵਨ ਦਾ ਹਨੇਰਾ ਦੂਰ ਹੋ ਜਾਂਦਾ ਹੈ। ਸਤਿਗੁਰੂ ਜੀ ਦੇ ਦਰਬਾਰ ਵਿਚ ਗਿਆਨ-ਚਰਚਾ ਅਤੇ ਗੁਰਬਾਣੀ-ਸ਼ਬਦਾਂ ਦੀ ਧੁੰਨਕਾਰ ਹੁੰਦੀ ਰਹਿੰਦੀ ਸੀ। ਸਭ ਤੋਂ ਪਹਿਲਾਂ ਇਹ ਤਿੰਨ ਬਾਣੀਆਂ ਨਿਤਨੇਮ ਦੀਆਂ ਮੰਨੀਆਂ ਗਈਆਂ ਸਨ—ਸੋ ਦਰੁ ਵਾਲੇ ਸ਼ਬਦ, ਦੂਜਾ ਸੌਣ ਲੱਗਿਆਂ ਆਰਤੀ ਭਾਵ ਸੋਹਿਲਾ ਸਾਹਿਬ ਦਾ ਅੰਮ੍ਰਿਤ ਬਚਨ ਅਤੇ ਅੰਮ੍ਰਿਤ ਵੇਲੇ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਨਾ—ਇਹ ਨਿਤਨੇਮ ਬਣਾ ਦਿੱਤਾ ਗਿਆ ਸੀ। ਇਸ ਤਰ੍ਹਾਂ ਸਤਿਗੁਰੂ ਜੀ ਨੇ ਅਥਰਬਣ ਭਾਰ ਉਤਾਰ ਦਿੱਤਾ ਸੀ। ਭਾਈ ਸਾਹਿਬ ਜੀ ਦੇ ਬਚਨ ਹਨ—

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਇਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਤਾਰਾ॥ ੩੮॥

(ਵਾਰ ੧, ਪਉੜੀ ੩੮)

ਜੇ ਜਿਊਂਦੇ ਸਰੀਰ ਦੇ ਕੁਝ ਨਿਤ ਦੇ ਕਰਮ ਹਨ ਤਾਂ ਅਧਿਆਤਮਿਕ ਜੀਵਨ ਲਈ ਵੀ ਨਿਤ ਦਾ ਕਰਮ ਨਿਤਨੇਮ ਭਾਵ ਨਿਤਾਪ੍ਰਤੀ ਕਰਨ ਵਾਲਾ ਕਾਰਜ ਬਣਾ ਦਿੱਤਾ ਸੀ। ਹਰ ਰੋਜ਼ ਭੋਜਨ ਜ਼ਰੂਰੀ ਹੈ ਤਾਂ ਆਤਮਾ ਲਈ ਹਰ ਰੋਜ਼ ਭਜਨ ਵੀ ਅਤਿਅੰਤ ਜ਼ਰੂਰੀ ਹੈ। ਨਿਤ ਲਈ ਪ੍ਰੇਰਨਾ ਦਿੰਦੇ ਕੁਝ ਗੁਰਬਾਣੀ ਦੇ ਪਵਿੱਤਰ ਬਚਨ ਵਿਚਾਰੀਏ—

ਹਰਿ ਸਰੁ ਸਾਗਰੁ ਨਿਰਮਲੁ ਸੋਈ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ॥

(ਪੰਨਾ ੧੨੮)

ਪ੍ਰਮੇਸ਼ਰ ਹੀ ਅਸਲ ਵਿਚ ਮਾਨਸਰੋਵਰ ਹੈ ਤੇ ਰੱਬੀ ਬੰਦਗੀ ਵਾਲੇ ਹੰਸ ਬਣ ਕੇ ਨਿਤਾ ਪ੍ਰਤੀ ਆਪਣੀ ਖ਼ੁਰਾਕ ਦੀ ਪ੍ਰਾਪਤੀ ਕਰਦੇ ਹਨ। ਕਿਉਂਕਿ ਹੰਸ ਦੀ ਖ਼ੁਰਾਕ

ਹੀ ਮਾਨਸਰੋਵਰ ਭਾਵ ਪ੍ਰਮਾਤਮਾ ਦੇ ਨਾਮ ਵਿਚ ਹੁੰਦੀ ਹੈ।

ਮਨ ਮੇਰੇ ਸਗਲ ਉਪਾਵ ਤਿਆਗੁ ॥
ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥ ੧ ॥ ਰਹਾਉ ॥

(ਪੰਨਾ ੪੫)

ਹੇ ਮੇਰੇ ਮਨ! ਹਰ ਰੋਜ਼ ਦੇ ਸਾਰੇ ਉਪਰਾਲੇ ਜੋ ਸੁਖੀ ਹੋਣ ਲਈ ਕਰਦਾ ਹੈਂ, ਉਨ੍ਹਾਂ ਦਾ ਤਿਆਗ ਕਰਕੇ ਹਰ ਰੋਜ਼ ਪੂਰੇ ਗੁਰੂ ਦੇ ਨਿਰਮਲ ਉਪਦੇਸ਼ ਨੂੰ ਚੇਤੇ ਕਰ ਅਤੇ ਇਕ ਪ੍ਰਮੇਸ਼ਰ ਦੇ ਨਾਮ ਨਾਲ ਲਿਵ ਲਾ। ਇਹੋ ਸਭ ਤੋਂ ਸ੍ਰੇਸ਼ਟ ਅਤੇ ਸਫਲ ਕਾਰਜ ਹੈ।

ਪ੍ਰਮਾਤਮਾ ਦਾ ਨਾਮ ਹੀ ਸਾਰੇ ਔਗੁਣਾਂ ਨੂੰ ਕੱਟ ਕੇ ਆਤਮਿਕ ਅਨੰਦ ਦੇਣ ਵਾਲਾ ਹੈ। ਹੋਰ ਮਾਇਕੀ ਖਿਲਾਰੇ ਆਤਮਿਕ ਵਿਗਾਸ ਜਾਂ ਖੇੜੇ ਦਾ ਸਾਧਨ ਨਹੀਂ ਬਣਦੇ। ਨਿਤਾਪ੍ਰਤੀ ਰੱਬੀ ਬੰਦਗੀ ਆਤਮਿਕ ਅਡੋਲਤਾ ਦੇ ਕੇ ਸੰਸਾਰ-ਸਮੁੰਦਰ ਤੋਂ ਪਾਰ ਕਰ ਸਕਦੀ ਹੈ।

ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥
ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ ॥

(ਪੰਨਾ ੪੮)

ਜਦੋਂ ਮੌਤ ਨੇ ਸਰੀਰ ਅਤੇ ਆਤਮਾ ਦਾ ਵਿਛੋੜਾ ਪਾਉਣਾ ਹੈ ਤਾਂ ਇਹ ਸਰੀਰ ਅਕਸਰ ਪਰਾਇਆ ਹੋ ਜਾਣਾ ਹੈ। ਸਰੀਰ ਬੰਦਗੀ ਤੋਂ ਬਿਨਾਂ ਫਿਟਕਾਰਾਂ ਦਾ ਹੀ ਅਧਿਕਾਰੀ ਹੈ। ਇਸ ਕਰਕੇ ਇਸ ਦੇਹੀ ਦੇ ਹੁੰਦਿਆਂ ਹਰ ਰੋਜ਼ ਪਰਮਾਤਮਾ ਦੀ ਬੰਦਗੀ ਕਰਦੇ ਰਿਹਾ ਕਰੀਏ।

ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥
ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥

(ਪੰਨਾ ੧੯੨)

ਪਰਮਾਤਮਾ ਆਪ ਹੀ ਸਾਡੀ ਪ੍ਰਤਿਪਾਲਣਾ ਕਰਨ ਵਾਲਾ ਹੈ। ਨਿਰੀ ਪ੍ਰਤਿਪਾਲਣਾ ਹੀ ਨਹੀਂ ਬਲਕਿ ਹਰ ਰੋਜ਼ ਬੇਅੰਤ ਦਾਤਾਂ ਦੇ ਕੇ ਨਿਵਾਜਣ ਵਾਲਾ ਹੈ। ਫਿਰ ਉਸ ਦਾ ਹੀ ਨਾਮ ਨਿਤਾਪ੍ਰਤੀ ਲੈਣਾ ਚਾਹੀਦਾ ਹੈ।

ਆਪੇ ਦਾਤਾ ਆਪਿ ਪ੍ਰਤਿਪਾਲਿ ॥
ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥

(ਪੰਨਾ ੨੦੦)

ਸੱਚਾ ਜਾਚਕ ਕੇਵਲ ਇਕੋ ਹੀ ਜਾਚਨਾ ਕਰਦਾ ਹੈ ਕਿ ਮੇਰਾ ਮਨ ਤੇਰੇ ਉਪਦੇਸ਼ ਰੂਪ ਚਰਨਾਂ ਨਾਲ ਸਦਾ ਜੁੜਿਆ ਰਹੇ ਅਤੇ ਮੈਂ ਨਿਤਾਪ੍ਰਤੀ ਤੇਰੀ ਬੰਦਗੀ ਕਰਦਾ ਰਹਾਂ।

ਚਰਨ ਕਮਲ ਸਿਉ ਲਾਗੈ ਪ੍ਰੀਤਿ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥

(ਪੰਨਾ ੨੯੯)

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਮਰਨ ਮਗਰੋਂ ਭਿਸਤ ਦੋਜ਼ਕ ਦੇ ਭਰਮਾਂ ਵਿਚੋਂ ਕੱਢ ਕੇ ਜਿਊਂਦੇ ਜੀਅ ਹੀ ਸਾਰੀ ਵਿਚਾਰ ਸਮਝਾ ਦਿੱਤੀ ਕਿ ਅਮਲ ਦੀ ਭਾਵ ਸ਼ੁਭ ਕਰਮਾਂ ਦੀ ਧਰਤੀ ਅਤੇ ਗੁਰੂ-ਸ਼ਬਦ ਦਾ ਬੀਜ ਬਣਾ ਪਰ ਇਹ ਖ਼ਿਆਲ ਜ਼ਰੂਰ ਕਰਨਾ ਪਵੇਗਾ ਕਿ ਜਿਵੇਂ ਕਿਸਾਨ ਬੀਜ ਬੀਜ ਕੇ ਫਿਰ ਪਾਣੀ ਦੇ ਕੇ ਉਨ੍ਹਾਂ ਬੂਟਿਆਂ ਨੂੰ ਪਾਲਦਾ ਹੈ, ਇਕ ਦਿਨ ਉਹੀ ਬੂਟੇ ਉਸ ਨੂੰ ਅਮੀਰ ਬਣਾ ਦਿੰਦੇ ਹਨ। ਮਾਨੋ ਉਹ ਪੁਰਖ ਸਵਰਗ ਵਿਚ ਹੈ। ਪਰ ਜਿਹੜਾ ਅਜਿਹੀ ਕਮਾਈ ਨਹੀਂ ਕਰ ਸਕਿਆ, ਉਹ ਗ਼ਰੀਬੀ ਦੇ ਨਰਕ ਵਿਚ ਹੀ ਜੂਝਦਾ ਰਹਿੰਦਾ ਹੈ। ਇਸ ਤਰ੍ਹਾਂ ਹੀ ਜਿਸ ਪੁਰਖ ਨੇ ਕਦੇ ਸੱਚ ਦੀ 'ਆਬ ਨਿਤ ਦੇਹਿ ਪਾਣੀ' ਨਹੀਂ ਕੀਤਾ ਤਾਂ ਉਹ ਵੀ ਧਰਮ ਦੀ ਕਮਾਈ ਤੋਂ ਸੱਖਣਾ ਗ਼ਰੀਬ ਨਰਕਾਂ ਦੀਆਂ ਹੀ ਠੋਕਰਾਂ ਖਾਂਦਾ ਹੈ।

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥

(ਪੰਨਾ ੨੪)

ਜਿਹੜੇ ਗੁਰਸਿੱਖ ਹਰ ਰੋਜ਼ ਪ੍ਰਮੇਸ਼ਰ ਦੀ ਯਾਦ ਵਿਚ ਜੁੜ ਕੇ ਵਾਹ ਵਾਹ ਲਗਨ ਨਾਲ ਉਚਾਰਦੇ ਹਨ, ਉਹ ਮਨ ਚਿੰਦੀਆਂ ਦਾਤਾਂ ਨਾਲ ਝੋਲੀਆਂ ਭਰਦੇ ਹਨ।

ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ॥

(ਪੰਨਾ ੫੧੫)

ਪੰਚਮ ਗੁਰਦੇਵ ਜੀ ਪਿਆਰੀ ਅਸੀਸ ਦਿੰਦੇ ਹੋਏ ਅਤੇ ਕਿਰਪਾ ਕਰਦੇ ਹੋਏ ਸਮਝਾਉਂਦੇ ਹਨ ਕਿ ਨਾਮ ਹੀ ਇਕ ਅਜਿਹੀ ਦਾਤ ਹੈ ਜਿਹੜੀ ਸੰਸਾਰ-ਸਾਗਰ ਦੀ ਅਗਨੀ ਵਿਚ ਸੜਨ ਨਹੀਂ ਦਿੰਦੀ। ਉਸ ਦੇ ਤਨ ਵਿਚ ਵੀ, ਮਨ ਵਿਚ ਵੀ ਸੁੱਖ ਦਾ ਵਾਸਾ ਹੋ ਜਾਂਦਾ ਹੈ।

ਮੇਰੇ ਮਨ ਨਾਮੁ ਨਿਤ ਨਿਤ ਲੇਹ॥
ਜਲਤ ਨਾਹੀ ਅਗਨਿ ਸਾਗਰ ਸੂਖੁ ਮਨਿ ਤਨਿ ਦੇਹ॥

(ਪੰਨਾ ੧੦੦੬)

ਪਦਾਰਥਾਂ ਮਗਰ ਦੌੜਦਾ ਮਨ ਟਿਕਾਣੇ ਲਿਆਉਣ ਲਈ ਅਤੇ ਸਾਰੇ ਦੁੱਖਾਂ ਦਰਦਾਂ ਤੋਂ ਛੁਟਕਾਰਾ ਪਾਉਣ ਲਈ ਹੇ ਭਾਈ! ਨਿਤਾਪ੍ਰਤੀ ਪ੍ਰਮੇਸ਼ਰ ਜੀ ਦੇ 'ਅਮੁਲੀਕ ਲਾਲ ਏਹਿ ਰਤਨ' ਗੁਰੂ-ਸ਼ਬਦ ਭਾਵ ਗੁਰਬਾਣੀ ਪੜ੍ਹਨੀ ਚਾਹੀਦੀ ਹੈ। ਇਹ ਕਰਮ ਨਿਤ ਦਿਨ ਦਾ ਕਰਮ ਭਾਵ ਹਰ ਰੋਜ਼ ਇਹ ਕਰਮ ਕਰਨਾ ਹੈ।

ਚਰਨ ਕਮਲ ਗੁਰ ਕੇ ਮਨਿ ਵੂਠੇ॥
ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥
ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥
ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥

(ਪੰਨਾ ੧੩੪੦)

ਭਗਤ ਕਬੀਰ ਸਾਹਿਬ ਜੀ ਨੇ ਸਾਡੀ ਸੁਆਰਥੀ ਸੋਚ ਉੱਤੇ ਗੁਰੂ-ਸ਼ਬਦ ਦੀ ਬਹੁਤ ਪਿਆਰੀ ਚੋਟ ਮਾਰੀ ਹੈ ਅਤੇ ਸਾਨੂੰ ਸੁਚੇਤ ਕਰਦੇ ਹਨ ਕਿ ਜਿਸ ਨੂੰ ਕੰਮ ਪੈਣ 'ਤੇ ਚੇਤੇ ਕਰਦਾ ਹੈਂ, ਉਸ ਨੂੰ ਹਰ ਰੋਜ਼ ਨਿਤਾਪ੍ਰਤੀ ਚੇਤੇ ਕਰਿਆ ਕਰ। ਇਸ ਤਰ੍ਹਾਂ ਕਰਨ ਦੇ ਨਾਲ ਅਮਰ ਪਦਵੀ ਪ੍ਰਾਪਤ ਹੋਵੇਗੀ। ਬੰਦਗੀ ਤੋਂ ਟੁੱਟ ਕੇ ਗੁਣਾਂ ਦੀ ਗੁਆਚੀ ਦੌਲਤ ਫਿਰ ਪ੍ਰਾਪਤ ਹੋ ਜਾਵੇਗੀ।

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥
ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ॥

(ਪੰਨਾ ੧੩੭੩)

ਉਪਰੋਕਤ ਗੁਰਬਾਣੀ ਵਿਚਾਰ ਵਿਚੋਂ ਇਹ ਗੱਲ ਸੁਭਾਵਿਕ ਹੀ ਸਾਡੇ ਸਾਹਮਣੇ ਆ ਜਾਂਦੀ ਹੈ ਕਿ ਜੇਕਰ ਮਨੁੱਖਾ ਜਾਮਾ ਗੋਬਿੰਦ ਮਿਲਣ ਦੀ ਵਾਰੀ ਹੈ ਅਤੇ ਅਸੀਂ ਆਏ ਵੀ ਜਨਮ ਤੁਮਾਰੇ ਲੇਖੈ ਲਾਉਣ ਲਈ ਹਾਂ ਤਦ ਫਿਰ ਸਾਡਾ ਫ਼ਰਜ਼ ਬਣਦਾ ਹੈ ਕਿ ਉਸ ਮਾਲਿਕ ਦੀ ਇਬਾਦਤ ਨੂੰ ਨਿੱਤ ਦੀ ਆਦਤ ਬਣਾਈਏ ਤਾਂ ਕਿ ਹਰ ਰੋਜ਼ ਸਾਈਂ ਦਾ ਪਿਆਰ ਅਤੇ ਨੇੜਤਾ ਨਸੀਬ ਹੋ ਸਕੇ।

ਸਿੱਖ ਦੇ ਜੀਵਨ ਵਿੱਚ ਨਿੱਤ ਦੀ ਕਿਰਿਆ ਨੂੰ ਪੱਕੀ ਕਰਨ ਲਈ ਜਦੋਂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਸਰੂਪ ਪਹਿਲੀ ਵਾਰੀ ਲਿਖਵਾਇਆ ਸੀ ਤਾਂ ਉਸ ਵਕਤ ਹੀ ਕੁਝ ਬਾਣੀਆਂ ਵੱਖਰੇ ਤੌਰ 'ਤੇ ਪਹਿਲਾਂ ਅੰਕਿਤ ਕਰ ਦਿੱਤੀਆਂ ਸਨ

ਜਿਹੜੀਆਂ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਹਿਲੇ ਤੇਰਾਂ ਪੰਨਿਆਂ 'ਤੇ ਸੁਸ਼ੋਭਿਤ ਹਨ। ਇਥੋਂ ਪਤਾ ਚਲਦਾ ਹੈ ਕਿ ਗੁਰਸਿੱਖ ਨੂੰ—

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤ ਪਲਤ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖ ਨਿਰੰਜਨਾ॥

(ਪੰਨਾ ੬੭੦)

ਨਾਲ ਜੋੜਿਆ ਸੀ ਤਾਂ ਕਿ ਹਰ ਰੋਜ਼ ਅੰਦਰੋਂ ਵੀ ਸਫ਼ਾਈ ਕਰਕੇ 'ਜੀਅਹੁ ਨਿਰਮਲ ਬਾਹਰਹੁ ਨਿਰਮਲ' ਹੋ ਸਕੇ। ਫਿਰ ਇਤਿਹਾਸ ਵਿਚ ਐਸੀਆਂ ਸਾਖੀਆਂ ਵੀ ਹਨ ਜਿਨ੍ਹਾਂ ਤੋਂ ਸਪੱਸ਼ਟ ਤੌਰ 'ਤੇ ਨਿਤਨੇਮ ਦੀ ਮਹਾਨਤਾ ਪ੍ਰਗਟ ਹੋ ਜਾਂਦੀ ਹੈ।

ਧੰਨ ਗੁਰੂ ਅਮਰਦਾਸ ਜੀ ਦੀ ਜ਼ਿੰਦਗੀ ਅੰਦਰ ਅਹਿਮ ਮੋੜ ਬੀਬੀ ਅਮਰੋ ਜੀ ਦੇ ਊਂਚੀ ਊਂਚੀ ਨਿਤਨੇਮ ਦੀ ਬਾਣੀ ਪੜ੍ਹਿਆਂ ਨੂੰ ਸੁਣ ਕੇ ਹੀ ਤਾਂ ਆਇਆ ਸੀ। ਬੀਬੀ ਅਮਰੋ ਅੰਮ੍ਰਿਤ ਵੇਲੇ ਦੁੱਧ ਰਿੜਕ ਰਹੇ ਸਨ। ਇਹ ਬਾਣੀ ਪੜ੍ਹਨ ਦਾ ਕਾਰਜ ਕੋਈ ਇਕ ਦਿਨ ਦਾ ਨਹੀਂ ਬਲਕਿ ਹਰ ਰੋਜ਼ ਦਾ ਨਿਤਨੇਮ ਹੋਵੇਗਾ, ਤਦ ਹੀ ਤਾਂ ਕਾਰੋਬਾਰ ਕਰਦਿਆਂ ਮੂੰਹ ਜ਼ਬਾਨੀ ਬਾਣੀ ਪੜ੍ਹੀ ਜਾ ਸਕਦੀ ਸੀ।

ਧੰਨ ਗੁਰੂ ਕਲਗੀਧਰ ਜੀ ਦੇ ਜੀਵਨ ਦੀਆਂ ਦੋ ਉੱਘੀਆਂ ਮਿਸਾਲਾਂ ਹਨ। ਸਭ ਤੋਂ ਪਹਿਲੀ ਹੈ ਜਦੋਂ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੀ ਫ਼ੌਜ ਵੱਲੋਂ ਆਇਤ ਦੀ ਕਸਮ ਅਤੇ ਇਕ ਗਾਂ ਦੀ ਕਸਮ ਖਾ ਕੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡਣ ਲਈ ਬੇਨਤੀਆਂ ਕੀਤੀਆਂ ਸਨ ਤਾਂ ਗ਼ਰੀਬ ਨਿਵਾਜ ਨੇ ਧਾਰਮਿਕ ਨਿਸ਼ਾਨੀਆਂ ਦੀ ਕਦਰ ਕੀਮਤ ਪਾਉਂਦਿਆਂ ਹੋਇਆਂ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ ਸੀ। ਇਥੇ ਕੁਝ ਕੁ ਕਿਲੋਮੀਟਰ ਦੇ ਧਰਤੀ ਦੇ ਖਿੱਤੇ 'ਤੇ ਇਕ ਬਹੁਤ ਪਿਆਰਾ ਉਪਦੇਸ਼ ਇਨਸਾਨੀਅਤ ਦੇ ਰਾਖੇ ਨੇ ਬਖ਼ਸ਼ਿਸ਼ ਕੀਤਾ ਸੀ। ਅਨੰਦਪੁਰੀ ਵੀ ਵਿਛੜੀ, ਮਾਂ ਵੀ ਵਿਛੜੀ, ਪੁੱਤਰ ਵੀ ਵਿਛੜੇ, ਮਹਲ (ਸੁਪਤਨੀਆਂ) ਵੀ ਵਿਛੜੇ, ਸਿੱਖ ਵੀ ਸ਼ਹੀਦ ਹੋਏ ਅਤੇ ਕੁਝ ਵਿਛੜੇ, ਧਾਰਮਿਕ ਗ੍ਰੰਥ ਵੀ ਵਿਛੜਿਆ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਥੇ ਭਾਵੇਂ ਬਹੁਤ ਕੁਝ ਵਿਛੜਿਆ ਪਰ ਇਤਿਹਾਸ ਕੂਕ ਕੂਕ ਕੇ ਕਹਿੰਦਾ ਹੈ ਕਿ ਕਲਗੀ ਵਾਲੇ ਸਤਿਗੁਰੂ ਅਤੇ ਉਸ ਦੇ ਗੁਰਸਿੱਖਾਂ ਨੂੰ ਸਰਸਾ ਦੇ ਕਿਨਾਰੇ 'ਤੇ ਨਿਤਨੇਮ ਨਹੀਂ ਵਿਛੜਿਆ। ਸਾਹਿਬ ਜੀ ਨੇ ਜੰਗ ਦੇ ਗਹਿਗੱਚ ਭਰੇ ਮਾਹੌਲ ਵਿਚ ਵੀ ਅੰਮ੍ਰਿਤ ਵੇਲੇ ਬਿਰਾਜ ਕੇ ਨਿਤਨੇਮ ਅਤੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਕਰਵਾਇਆ ਸੀ। ਜੇਕਰ ਜੀਵਨ ਨਿਤ ਹੈ ਫਿਰ ਇਸ ਵਸਤੂ ਦਾ ਵੀ ਤਿਆਗ ਕਰਨ ਦੀ ਬਜਾਇ ਨਿਤ ਨਿਤ ਹੀ ਇਸ ਨੂੰ ਧਾਰਨ ਕਰਨ ਦੇ ਆਦੀ ਬਣਾਇਆ ਸੀ।

ਦਮਿ ਦਮਿ ਸਦਾ ਸਮੑਾਲਦਾ ਦੰਮੁ ਨ ਬਿਰਥਾ ਜਾਇ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥

(ਪੰਨਾ ੫੫੬)

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ॥
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥

(ਪੰਨਾ ੭੨੪)

ਦੂਜੀ ਮਿਸਾਲ ਹੈ ਕਿ ਜਦੋਂ ਬਹਾਦਰ ਸ਼ਾਹ ਅਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨੇੜਤਾ ਕਾਫ਼ੀ ਵੱਧ ਗਈ ਤਾਂ ਸਰਹਿੰਦ ਦਾ ਨਵਾਬ ਵਜ਼ੀਰ ਖ਼ਾਂ ਦਿਨ ਰਾਤ ਪ੍ਰੇਸ਼ਾਨ ਰਹਿਣ ਲੱਗਾ। ਉਸ ਨੇ ਇਨਸਾਨੀਅਤ ਦੇ ਇਤਿਹਾਸ ਨੂੰ ਕਲੰਕਿਤ ਕਰਦਾ ਅਤਿ ਨੀਚ ਕਾਰਨਾਮਾ ਕੀਤਾ ਹੋਇਆ ਸੀ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਛੋਟੇ ਸਾਹਿਬਜ਼ਾਦੇ ਨੀਂਹਾਂ ਵਿਚ ਬੜੀ ਬੇਦਰਦੀ ਨਾਲ ਚਿਣ ਕੇ ਸ਼ਹੀਦ ਕਰਵਾਏ ਸਨ। ਮਾਤਾ ਗੁਜਰੀ ਦੀ ਸ਼ਹਾਦਤ ਵੀ ਇਸੇ ਪਾਪੀ ਦੇ ਸਿਰ ਭੰਨਿਆ ਭਾਂਡਾ ਸੀ। ਇਥੋਂ ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਆਪਣਾ ਦੁਸ਼ਮਣ ਅਤੇ ਵਜ਼ੀਰ ਖ਼ਾਂ ਨੂੰ ਆਪਣਾ ਮਿੱਤਰ ਸਮਝਣ ਵਾਲੇ ਮੁਹੰਮਦ ਸ਼ੇਰ ਖ਼ਾਂ ਨੇ ਵੀ ਇਸ ਕਾਰਨਾਮੇ ਨੂੰ ਹੱਦ ਦਰਜੇ ਦਾ ਘਟੀਆ ਪਾਪ ਦੱਸਿਆ ਸੀ। ਅੱਲਾ ਯਾਰ ਖ਼ਾਂ ਜੋਗੀ ਦੇ ਬਚਨਾਂ ਵਿਚ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ—

ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਇਨ ਕੇ ਬਾਪ ਸੇ॥
ਖ਼ੁਦਾ ਮਹਿਫ਼ੂਜ਼ ਰਖੇ ਹਮ ਕੋ ਐਸੇ ਪਾਪ ਸੇ॥

ਵਜ਼ੀਰ ਖ਼ਾਂ ਨੇ ਇਕ ਹੋਰ ਚਾਰਾ (ਉਪਰਾਲਾ) ਕਰਨਾ ਚਾਹਿਆ। ਉਸ ਨੇ ਸਰਹਿੰਦ ਦੇ ਹੀ ਦੋ ਪਠਾਣ ਗੁਲ ਖ਼ਾਂ ਅਤੇ ਜਮਸ਼ੇਦ ਖ਼ਾਂ ਨੂੰ ਪੈਸੇ ਦਾ ਲਾਲਚ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕਤਲ ਕਰਨ ਲਈ ਭੇਜਿਆ। ਇਹ ਪਠਾਣ ਲੋਭ ਵਸ ਹੋਏ ਅਜਿਹਾ ਕੁਕਰਮ ਕਰਨ ਲਈ ਤਿਆਰ ਹੋ ਗਏ ਕਿਉਂਕਿ ਸ਼ੇਖ਼ ਸਾਅਦੀ ਦਾ ਕਥਨ ਹੈ ਕਿ ਲੋਭੀ ਦੀ ਅੱਖ ਨੂੰ ਕਬਰ ਦੀ ਮਿਟੀ ਹੀ ਭਰ ਸਕਦੀ ਹੈ, ਹੋਰ ਕੋਈ ਨਹੀਂ। ਲੋਭੀ ਕੋਈ ਵੀ ਪਾਪ ਕਰਨ ਲਈ ਤਿਆਰ ਹੋ ਜਾਂਦਾ ਹੈ। ਇਹ ਦੋਵੇਂ ਪਠਾਣ ਕੁਝ ਦਿਨਾਂ ਤੋਂ ਨਾਲ ਨਾਲ ਵਿਚਰ ਰਹੇ ਸਨ। ਕਾਫ਼ੀ ਅੱਗੇ ਹੋ ਕੇ ਸਿੱਖਾਂ ਨਾਲ ਰਲ ਕੇ ਸੇਵਾ ਕਰ ਰਹੇ ਸਨ ਤਾਂ ਇਕ ਦਿਨ ਐਸਾ ਵਕਤ ਦੇਖਿਆ ਕਿ ਸਤਿਗੁਰੂ ਪਾਤਿਸ਼ਾਹ ਜੀ ਰਹਰਾਸਿ ਸਾਹਿਬ ਦੀ ਬਾਣੀ ਦਾ ਆਨੰਦ ਮਾਣ ਕੇ ਹਾਲੇ ਰੱਬੀ ਮਸਤੀ ਵਿਚ ਹੀ ਸਨ ਕਿ ਡਾ. ਗੰਡਾ ਸਿੰਘ ਦੀ ਲਿਖੀ ਕਿਤਾਬ "ਸਿੱਖ ਇਤਿਹਾਸ" ਦੇ ਪੰਨਾ 80 ਉੱਤੇ ਜ਼ਿਕਰ ਹੈ ਕਿ ਇਨ੍ਹਾਂ ਨੇ ਇਕ ਤੇਜ਼ ਧਾਰ ਛੁਰਾ

ਸਤਿਗੁਰੂ ਜੀ ਦੀ ਖੱਬੀ ਵੱਖੀ ਵਿਚ ਖੋਭ ਦਿੱਤਾ। ਇਹ ਵੱਖਰੀ ਵਿਚਾਰ ਹੈ ਕਿ ਇਕ ਨੂੰ ਗੁਰੂ ਕਲਗੀਧਰ ਜੀ ਨੇ ਹੀ ਅਤੇ ਦੂਜੇ ਨੂੰ ਸਿੱਖਾਂ ਨੇ ਉਸੇ ਵਕਤ ਹੀ ਮੌਤ ਦੇ ਰਾਹ 'ਤੇ ਤੋਰ ਦਿੱਤਾ ਪਰ ਆਪਾਂ ਵਿਚਾਰ ਕਰ ਰਹੇ ਸਾਂ ਕਿ ਨਿਤ ਨਿਤ ਦੀ ਕਿੰਨੀ ਮਹਾਨਤਾ ਹੈ। ਹਜ਼ੂਰ ਸਾਹਿਬ ਦੀ ਧਰਤੀ ਦੱਸਦੀ ਹੈ ਕਿ ਹਜ਼ੂਰ ਸਾਹਿਬ ਵਿਚ ਹਜ਼ੂਰ (ਭਾਵ ਗੁਰੂ ਗੋਬਿੰਦ ਸਿੰਘ ਜੀ) ਹਾਜ਼ਰਾ ਹਜ਼ੂਰ ਪ੍ਰਮੇਸ਼ਰ ਦਾ ਨਿਤਨੇਮ ਹੀ ਕਰ ਰਹੇ ਸਨ ਜਦੋਂ ਪਾਪੀਆਂ ਭਾਣਾ ਵਰਤਾਇਆ।

ਰੱਬੀ ਜੋਤਿ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਹੀ ਨਿਤ ਦੀ ਦਾਤਿ ਸਿੱਖੀ ਨੂੰ ਬਖ਼ਸ਼ੀ ਸੀ। ਦਸਵੇਂ ਜਾਮੇ ਵਿਚ ਅੰਮ੍ਰਿਤ ਸੰਚਾਰ ਵੇਲੇ ਇਹ ਦਾਤਿ ਸਿੱਖ ਦੀ ਝੋਲੀ ਵਿਚ ਸਦੀਵ ਕਾਲ ਲਈ ਪਾ ਦਿੱਤੀ। ਸਰਸਾ ਕਿਨਾਰੇ ਅਤੇ ਹਜ਼ੂਰ ਸਾਹਿਬ ਦੇ ਅਤਿ ਬਿਖੜੇ ਸਮੇਂ ਵੀ ਨਿਤ ਦੀ ਕਿਰਿਆ ਨਿਭਾਅ ਕੇ ਸਪੱਸ਼ਟ ਕਰ ਦਿੱਤਾ ਕਿ ਸਿੱਖਾ, ਇਹ ਤੇਰੇ ਲਈ ਹੀ ਹੁਕਮ ਨਹੀਂ ਕਿ ਨਿਤ ਨਿਤ ਜਪਣਾ ਹੈ ਬਲਕਿ ਮੈਂ ਵੀ ਆਪਣੇ ਜੀਵਨ ਦਾ ਆਧਾਰ ਬਣਾ ਕੇ ਰੱਖਿਆ ਹੋਇਆ ਹੈ।

ਨਿਤਨੇਮ ਦੀ ਹੀ ਚਰਚਾ ਇਕ ਦਿਨ ਕਲਗੀ ਵਾਲੇ ਪਾਤਸ਼ਾਹ ਜੀ ਦੇ ਦਰਬਾਰ ਵਿਚ ਵੀ ਚੱਲੀ ਸੀ। ਕਹਿੰਦੇ ਹਨ ਕਿ ਇਕ ਸਿੱਖ ਸ਼ਾਮ ਦੇ ਵਕਤ ਰਹਰਾਸਿ ਸਾਹਿਬ ਦਾ ਪਾਠ ਕਰ ਰਿਹਾ ਸੀ। ਜਦੋਂ ਉਹ ਸੋ ਦਰੁ ਵਾਲਾ ਬੰਦ ਪੜ੍ਹਨ ਲੱਗਾ ਤਾਂ ਭਾਈ ਸੁਥਰਾ ਜੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਾਡਲੇ ਨੇ ਉੱਚੀ ਸਾਰੀ ਅਵਾਜ਼ ਵਿਚ ਕਿਹਾ, ਫਿਰ ਤੈਨੂੰ ਕੀ ? ਸਿੱਖ ਥੋੜਾ ਜਿਹਾ ਉਖੜਿਆ ਪਰ ਫਿਰ ਦੁਬਾਰਾ ਰਹਰਾਸਿ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ ਪਰ ਜਦੋਂ ਫਿਰ ਸੋਦਰੁ ਦਾ ਬੰਦ ਪੜ੍ਹਨ ਲੱਗਾ ਤਾਂ ਭਾਈ ਸੁਥਰਾ ਜੀ ਨੇ ਫਿਰ ਆਖ ਦਿੱਤਾ, ਤੈਨੂੰ ਕੀ ? ਇਸ ਵਾਰੀ ਸਿੱਖ ਨੂੰ ਵੀ ਸਪੱਸ਼ਟ ਹੋ ਗਿਆ ਕਿ ਮੇਰੇ ਲਈ ਹੀ ਕਹਿ ਰਹੇ ਹਨ। ਦੂਜੇ ਦਿਨ ਦਰਬਾਰ ਵਿਚ ਸ਼ਿਕਾਇਤ ਕੀਤੀ ਗਈ ਤਾਂ ਭਾਈ ਸੁਥਰਾ ਜੀ ਨੇ ਜਵਾਬ ਦਿੱਤਾ ਕਿ ਇਹ ਚਿਤ ਲਾ ਕੇ ਨਿਤਨੇਮ ਨਹੀਂ ਸੀ ਕਰ ਰਿਹਾ ਬਲਕਿ ਗਾਉਣ ਵਾਲਿਆਂ ਦੀ ਲਿਸਟ ਪੜ੍ਹ ਰਿਹਾ ਸੀ। ਮੈਂ ਆਖਿਆ ਉਹ ਤਾਂ ਗਾਉਂਦੇ ਹਨ ਪਰ ਤੈਨੂੰ ਕੀ ? ਤੈਨੂੰ ਤੇ ਲਾਭ ਉਦੋਂ ਹੀ ਹੋਏਗਾ ਜਦੋਂ ਤੂੰ ਵੀ ਨਿਤਾਪ੍ਰਤੀ ਗਾਉਣ ਲੱਗ ਪਵੇਂਗਾ। ਸਤਿਗੁਰੂ ਜੀ! ਜੇਕਰ ਇਸ ਵਿਚ ਮੇਰੀ ਕੋਈ ਗ਼ਲਤੀ ਹੈ ਤਾਂ ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ। ਸਾਹਿਬ ਕਲਗੀਧਰ ਪਿਤਾ ਜੀ ਨੇ ਮਿੱਠੀ ਪਿਆਰੀ ਤਾੜਨਾ ਕੀਤੀ ਕਿ ਭਾਈ, ਜਿਥੇ ਇਹ ਨਿਤ ਦਾ ਨੇਮ ਕਰਨਾ ਹੈ, ਉਥੇ ਨਾਲ ਪ੍ਰੇਮ ਨਾਲ ਕਰਨਾ ਹੈ ਤਾਂ ਕਿ—

ਠਾਕੁਰੁ ਗਾਈਐ ਆਤਮ ਰੰਗਿ ॥

ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥

(ਪੰਨਾ ੬੮੦)

ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਕਿਸੇ ਨੂੰ ਮਾਰਨ ਵਿਚ ਨਹੀਂ ਬਲਕਿ ਤਾਰਨ ਵਿਚ ਵਿਸ਼ਵਾਸ ਰੱਖਦੀ ਹੈ। ਇਹ ਗੱਲ ਵੱਖਰੀ ਹੈ ਕਿ ਜਦੋਂ ਕਿਸੇ ਦੇ ਸੁਧਾਰ ਦਾ ਦਰਵਾਜ਼ਾ ਹੀ ਬੰਦ ਹੋ ਜਾਵੇ ਤਾਂ ਉਸ ਨੂੰ ਜੰਗ ਦੇ ਮੈਦਾਨ ਵਿਚ ਲਲਕਾਰਨਾ ਅਤੇ ਮਾਰਨਾ ਵਕਤ ਦੀ ਲੋੜ ਹੁੰਦੀ ਹੈ ਪਰ ਪਹਿਲਾ ਭੇਖ ਸਤਿਗੁਰੂ ਜੀ ਨੇ ਤਾਰਨ ਵਾਸਤੇ ਹੀ ਬਣਾਇਆ ਸੀ। ਭਾਈ ਗੁਰਦਾਸ ਜੀ ਲਿਖਦੇ ਹਨ ਕਿ—

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥
ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪ ॥

(ਵਾਰ ੧, ਪਉੜੀ ੨੪)

ਸੋਧਣ ਦਾ ਮਤਲਬ ਸੁਧਾਰ ਕਰਨਾ ਸੀ, ਕਿਉਂਕਿ ਹਰ ਇਕ ਚੀਜ਼ ਜਿਹੜੀ ਕੋਈ ਹਰਕਤ ਵਿਚ ਹੈ, ਉਸ ਵਿਚ ਨੁਕਸ ਵੀ ਪੈਂਦੇ ਹਨ, ਮੈਲੀ ਵੀ ਹੁੰਦੀ ਹੈ ਪਰ ਤਿਆਗਣ ਦੀ ਬਜਾਇ ਸਭ ਤੋਂ ਪਹਿਲੀ ਵਿਚਾਰ ਉਸ ਦੇ ਠੀਕ ਕਰਨ ਦੀ ਹੀ ਹੁੰਦੀ ਹੈ ਤਾਂ ਕਿ ਠੀਕ ਕਰਕੇ ਫਿਰ ਵਰਤਿਆ ਜਾ ਸਕੇ। ਜੀਵਨ ਵਿਚ ਵੀ ਨਿਤਾਪ੍ਰਤੀ ਨੁਕਸ ਪੈਂਦੇ ਰਹਿੰਦੇ ਹਨ। ਮੈਲ ਲੱਗਦੀ ਰਹਿੰਦੀ ਹੈ। ਨਿਤਾਪ੍ਰਤੀ ਦੀ ਕੀਤੀ ਸਫ਼ਾਈ ਫਿਰ ਵਰਤੋਂ ਯੋਗ ਬਣਾ ਦਿੰਦੀ ਹੈ। ਇਕ ਛੋਟੀ ਜਿਹੀ ਮਿਸਾਲ ਨਾਲ ਸਮਾਪਤੀ ਕਰਦੇ ਹਾਂ। ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਉਸ ਦੀ ਸਫ਼ਾਈ ਦੀ ਜ਼ਿੰਮੇਵਾਰੀ ਮਾਂ ਦੀ ਹੁੰਦੀ ਹੈ। ਮਾਂ ਹੀ ਕੱਪੜੇ ਅਤੇ ਉਸ ਦੇ ਸਰੀਰ ਦਾ ਖ਼ਿਆਲ ਰੱਖਦੀ ਹੈ। ਕੁਝ ਸਮੇਂ ਮਗਰੋਂ ਜਦੋਂ ਬੱਚਾ ਸਮਝਣ ਲੱਗ ਪੈਂਦਾ ਹੈ ਤਾਂ ਮਾਂ ਨਾਲ ਸਫ਼ਾਈ ਕਰਨੀ ਵੀ ਸਿਖਾਉਣ ਲੱਗ ਪੈਂਦੀ ਹੈ। ਮਾਂ ਦੱਸਦੀ ਹੈ ਕਿ ਕਿੰਨਾ ਪਾਣੀ, ਕਿੰਨਾ ਸਾਬਣ, ਸਰਫ, ਸੋਡਾ ਇਤਿਆਦਿਕ ਵਰਤਣਾ ਹੈ। ਕੱਪੜੇ ਕਿਵੇਂ ਧੋਣਾ ਹੈ, ਆਪ ਕਿਵੇਂ ਇਸ਼ਨਾਨ ਕਰਨਾ ਹੈ। ਪਹਿਲਾਂ ਸਭ ਕੁਝ ਮਾਂ ਕਰਦੀ ਸੀ, ਹੁਣ ਕਿਰਿਆ ਬੱਚਾ ਕਰਦਾ ਹੈ ਪਰ ਸਾਬਣ, ਸਰਫ ਜਾਂ ਪਾਣੀ ਆਦਿਕ ਦਾ ਪ੍ਰਬੰਧ ਮਾਂ ਕਰ ਦਿੰਦੀ ਹੈ। ਫਿਰ ਉਹ ਬੱਚਾ ਸਮਝ ਲੈਂਦਾ ਹੈ ਕਿ ਘਰ ਵਿਚ ਸਾਬਣ ਕਿਥੇ ਹੈ ਅਤੇ ਮੈਂ ਕਿਵੇਂ ਕੱਪੜੇ ਧੋ ਕੇ ਆਪਣੇ ਆਪ ਦੀ ਸਫ਼ਾਈ ਰੱਖਣੀ ਹੈ। ਮਾਂ ਘਰ ਦੇ ਹੋਰ ਬਾਕੀ ਕੰਮਾਂ ਵਿਚ ਲੱਗ ਜਾਂਦੀ ਹੈ। ਬੱਚਾ ਆਪ ਹੀ ਸਭ ਕੁਝ ਕਰਨ ਲੱਗਾ ਪੈਂਦਾ ਹੈ।

ਇਸੇ ਤਰ੍ਹਾਂ ਹੀ ਗੁਰੂ ਰੂਪ ਮਾਂ ਨੇ ਨਾਮ ਰੂਪ ਸਾਬਣ ਅਤੇ ਬਖ਼ਸ਼ਿਸ਼ ਰੂਪ ਪਾਣੀ ਨਾਲ ਸਿੱਖ ਬੱਚੇ ਸਾਹਮਣੇ ਕਈ ਕੱਪੜੇ ਧੋ ਕੇ ਦਿਖਾਏ। ਜਿਹੜੇ ਬਹੁਤ ਹੀ ਜ਼ਿਆਦਾ ਗੰਦੇ ਹੋਏ ਸਨ, ਉਨ੍ਹਾਂ ਨੂੰ ਗੁਰੂ ਰੂਪ ਮਾਂ ਨੇ ਧੋ ਕੇ ਪਵਿੱਤਰ ਕਰ ਦਿੱਤਾ। ਉਨ੍ਹਾਂ ਦੇ ਨਾਮ ਧਾਰਮਿਕ ਗ੍ਰੰਥਾਂ ਵਿਚ ਦਰਜ ਹੋ ਗਏ। ਸੱਜਣ ਠੱਗ ਇਕ ਅਜਿਹਾ

ਹੀ ਮਲੀਨ ਬਸਤਰ ਸੀ ਜਿਸ ਨੂੰ ਨਾਮ ਦੇ ਸਾਬਣ ਨਾਲ ਧੋ ਕੇ ਪਵਿੱਤਰ ਕਰ ਦਿੱਤਾ। ਮਲਕ ਭਾਗੋ ਗ਼ਰੀਬ ਲੋਕਾਂ ਦੇ ਖ਼ੂਨ ਨਾਲ ਆਪਣੇ ਜੀਵਨ ਦਾ ਕੱਪੜਾ ਇੰਨਾ ਮੈਲਾ ਕਰ ਬੈਠਾ ਸੀ ਕਿ ਉਸ ਦੇ ਹਰ ਕਰਮ ਵਿਚੋਂ ਗ਼ਰੀਬਾਂ ਦਾ ਲਹੂ ਨੁਚੜਦਾ ਹੀ ਪ੍ਰਤੀਤ ਹੁੰਦਾ ਸੀ। ਕੌੜਾ ਕਰਮਾਂ ਦੇ ਕਾਰਨ ਰਾਖਸ਼ਿਸ਼ ਬਣ ਬੈਠਾ ਸੀ। ਸਾਹਿਬ ਗੁਰੂ-ਮਾਂ ਨੇ ਚੰਗੀ ਤਰ੍ਹਾਂ ਕਪੜੇ ਧੋ ਦਿੱਤੇ ਕਿਉਂਕਿ ਸਿੱਖ ਛੋਟਾ ਸੀ। ਗੁਰੂ-ਮਾਂ ਨੇ ਦਸ ਜਾਮਿਆਂ ਅੰਦਰ ਸਿੱਖ ਨੂੰ ਪਾਲ ਕੇ ਵੱਡਾ ਕਰ ਦਿੱਤਾ। ਹੁਣ ਸਿੱਖ ਨੂੰ ਸਮਝਾ ਦਿੱਤਾ ਕਿ ਇਸ਼ਨਾਨ ਕਰਨ ਲਈ ਸੱਚਾ ਬਾਥਰੂਮ ਹੈ ਸਾਧ ਸੰਗਤ।

> ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਕਾਮ ਕਮਾਤੇ ॥
> ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥
> ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ
> ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥
> ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥
> ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥ ੨ ॥੧ ॥੬੫ ॥

(ਪੰਨਾ ੬੨੫)

ਸਾਬਣ ਵੀ ਦਸ ਦਿੱਤਾ ਕਿ :–

> ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
> ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥

(ਜਪੁ ਜੀ ਸਾਹਿਬ)

ਯਾਦ ਰੱਖਣਯੋਗ ਗੱਲ ਹੈ ਕਿ ਮਾਂ ਬੱਚੇ ਨੂੰ ਬਚਪਨ ਵਿਚ ਆਪ ਨਹਾਉਂਦੀ ਹੈ ਅਤੇ ਵੱਡੇ ਹੋਏ ਨੂੰ ਸਮਝਾਉਂਦੀ ਹੈ। ਇਸ ਤਰ੍ਹਾਂ ਹੀ ਸਿੱਖ ਛੋਟਾ ਸੀ ਤਾਂ ਗੁਰੂ ਜੀ ਨੇ ਸਰੀਰਕ ਰੂਪ ਵਿਚ ਸਾਡੀ ਮਦਦ ਕਰਕੇ ਨੁਹਾਇਆ ਅਤੇ ਹੁਣ ਜਦੋਂ ਸਿੱਖੀ ਵੱਡੀ ਹੋ ਗਈ ਭਾਵ ਸਿੱਖ ਧਰਮ ਨੂੰ 239 ਸਾਲ ਵੱਡਾ ਕਰ ਦਿੱਤਾ ਤਾਂ ਹੁਣ ਉਹੋ ਮਾਂ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਨੂੰ ਸਮਝਾਉਂਦੀ ਹੈ ਕਿ ਨਾਮ ਦਾ ਸਾਬਣ ਲਾ ਕੇ ਸੰਗਤ ਰੂਪ ਨਹਾਉਣ ਵਾਲੀ ਥਾਂ 'ਤੇ ਜਾ ਕੇ ਆਪਣੇ ਆਪ ਨੂੰ ਅੰਦਰੋਂ ਅਤੇ ਬਾਹਰੋਂ ਨਿਰਮਲ ਕਰ ਸਕਦੇ ਹੋ। ਇਸੇ ਲਈ ਹੀ ਨਿਤਾਪ੍ਰਤੀ ਲਈ ਸੁਚੇਤ ਕਰ ਦਿੱਤਾ ਸੀ। ਨਿਤ ਨਿਤ ਦਾ ਬਚਨ ਨਿਤਾਪ੍ਰਤੀ ਦੀ ਪ੍ਰੇਰਨਾ ਹੈ।

ਹਰ ਰੋਜ਼ ਜਿਹੜਾ ਬੱਚਾ ਮਾਂ ਦੇ ਸਮਝਾਉਣ ਅਨੁਸਾਰ ਨਿਤਾਪ੍ਰਤੀ ਸਫ਼ਾਈ ਰੱਖਦਾ ਹੈ ਅਤੇ ਨਿਤਾਪ੍ਰਤੀ ਮਾਂ ਦੀਆਂ ਵਿਚਾਰਾਂ ਰੂਪ ਸ਼ੁੱਧ ਖ਼ੁਰਾਕ ਖਾਂਦਾ ਹੈ, ਤਾਂ ਉਹੀ ਮਾਂ ਵਿਚਾਰ ਨੂੰ ਖ਼ਤਮ ਕਰਕੇ ਸਦਾ ਦੀ ਦੇਹ ਅਰੋਗਤਾ ਭਾਵ ਪਰਮੇਸ਼ਰ ਦਾ

ਮਿਲਾਪ ਕਰਵਾ ਦਿੰਦੀ ਹੈ। ਸ਼ਾਇਦ ਇਹੋ ਕਾਰਨ ਹੋਵੇਗਾ ਜੋ ਇਹ ਵਸਤੂ ਭਾਵ ਭੋਜਨ ਕੀਰਤਨ ਨੀਤ ਧਾਰਨ ਕਰਨ ਦਾ ਬਚਨ ਕੀਤਾ ਹੈ ਤਾਂ ਖ਼ੁਦ ਕਿਰਪਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ "ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥" ਦੀ ਦਾਤ ਵੀ ਨਾਲ ਹੀ ਬਖ਼ਸ਼ਿਸ਼ ਕਰ ਦਿੱਤੀ ਹੈ। ਹਰਿਮੰਦਰ ਸਾਹਿਬ ਅੰਦਰ ਕੋਈ ਕਦੇਂ ਵੀ ਆਵੇ, ਇਥੇ ਆਤਮਾ ਦੀ ਖ਼ੁਰਾਕ ਭਜਨ ਦਾ ਲੰਗਰ ਹਮੇਸ਼ਾ ਹੀ ਦਿਨ ਰਾਤ ਚਲਦਾ ਰਹਿੰਦਾ ਹੈ ਅਤੇ ਰੱਬੀ ਪਿਆਰ ਵਾਲਿਆਂ ਦੀਆਂ ਛੱਕਣ ਲਈ ਲਾਈਨਾਂ ਲੱਗਦੀਆਂ ਰਹਿੰਦੀਆਂ ਹਨ।

ਰਖੁ ਉਰਿ ਧਾਰੋ

ਦੁਨੀਆਂ ਦਾ ਦਸਤੂਰ ਹੈ ਕਿ ਕਿਸੇ ਵਸਤੂ ਦਾ ਟਿਕਾਣਾ ਉਸ ਦੀ ਕੀਮਤ 'ਤੇ ਨਿਰਭਰ ਕਰਦਾ ਹੈ। ਜਿੰਨੀ ਕੀਮਤੀ ਕੋਈ ਚੀਜ਼ ਹੋਵੇਗੀ, ਓਨਾ ਹੀ ਉਸ ਦੇ ਰੱਖਣ ਦਾ ਟਿਕਾਣਾ ਵੀ ਖ਼ਾਸ ਹੁੰਦਾ ਚਲਾ ਜਾਵੇਗਾ। ਘਰ ਅਕਸਰ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਸਾਮਾਨ ਰੱਖਣ ਦਾ ਟਿਕਾਣਾ ਹੀ ਹੁੰਦਾ ਹੈ ਪਰ ਫਿਰ ਵੀ ਕੁਝ ਚੀਜ਼ਾਂ ਮਨੁੱਖ ਕੀਮਤੀ ਸਮਝ ਕੇ ਆਪਣੇ ਘਰ ਵਿਚ ਰੱਖਣ ਦੀ ਬਜਾਇ ਉਨ੍ਹਾਂ ਲਈ ਹੋਰ ਵੀ ਕੀਮਤੀ ਜਾਂ ਕੋਈ ਖ਼ਾਸ ਟਿਕਾਣਾ ਭਾਲਦਾ ਹੈ। ਪੁਰਾਣੇ ਸਮੇਂ ਅੰਦਰ ਲੋਕ ਕੀਮਤੀ ਗਹਿਣੇ ਧਰਤੀ ਵਿਚ ਦਬਾ ਕੇ ਰੱਖਦੇ ਸਨ, ਪਰ ਅਜੋਕੇ ਸਮੇਂ ਅੰਦਰ ਮਨੁੱਖ ਨੇ ਬੈਂਕਾਂ ਵਿਚ ਲੌਕਰ ਆਦਿ ਈਜਾਦ ਕਰ ਲਏ ਹਨ। ਅਰਥ ਇਕੋ ਹੀ ਹੈ ਕਿ ਕੀਮਤੀ ਵਸਤੂ ਦਾ ਟਿਕਾਣਾ ਵੀ ਕੀਮਤੀ ਹੀ ਹੁੰਦਾ ਹੈ।

ਪ੍ਰਮੇਸ਼ਰ ਆਪ ਅਮੋਲਕ ਹੋਣ ਕਰਕੇ ਉਸ ਦਾ ਨਾਮ ਵੀ ਅਮੋਲਕ ਹੋ ਗਿਆ ਹੈ। ਰੱਬੀ ਬਚਨ ਹੈ—

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥

(ਪੰਨਾ ੯੧)

ਸਤਿਗੁਰੂ ਜੀ ਨੇ ਇਸ ਦੇ ਰੱਖਣ ਦਾ ਟਿਕਾਣਾ ਹਿਰਦਾ ਦੱਸਿਆ ਹੈ। ਸ਼ੇਖ਼ ਫ਼ਰੀਦ ਜੀ ਦੇ ਅੰਮ੍ਰਿਤ ਬੋਲਾਂ ਵਿਚ ਮਨੁੱਖੀ ਹਿਰਦਾ ਬਹੁਤ ਹੀ ਕੀਮਤੀ ਹੈ।

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

(ਪੰਨਾ ੧੩੮੪)

ਸੰਸਾਰ ਅੰਦਰ ਕਿਸੇ ਕੀਮਤੀ ਚੀਜ਼ ਨੂੰ ਇਸ ਕਰਕੇ ਸੰਭਾਲ ਕੇ ਰੱਖਿਆ ਜਾਂਦਾ ਹੈ ਕਿ ਇਹ ਕਿਸੇ ਵੀ ਕਿਸਮ ਦੇ ਨੁਕਸਾਨ ਤੋਂ ਬਚ ਸਕੇ ਪਰ ਧਾਰਮਿਕ ਦੁਨੀਆਂ ਅੰਦਰ ਜਿੰਨੇ ਪਾਪ ਹਨ, ਪੰਜ ਚੋਰ ਹਨ ਜਾਂ ਕਪਟ ਆਦਿਕ ਹਨ, ਇਹ ਸਾਰੇ ਦੇ ਸਾਰੇ ਹੀ ਹਿਰਦੇ ਅੰਦਰ ਵਸਦੇ ਹਨ। ਬਲਕਿ ਗੁਰਬਾਣੀ ਅੰਦਰ ਬਚਨ

ਹਨ ਕਿ ਮਨੁੱਖ ਦੀ ਰੱਬ ਪ੍ਰਤੀ ਕੀਤੀ ਇਬਾਦਤ ਵੀ ਕਬੂਲ ਨਹੀਂ ਪੈਂਦੀ ਜਿੰਨਾ ਚਿਰ ਤੱਕ ਹਿਰਦਾ ਪਾਪ ਜਾਂ ਪਾਖੰਡ ਨਾਲ ਭਰਿਆ ਹੋਇਆ ਹੋਵੇ।

ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥

(ਪੰਨਾ ੬੫੬)

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥

(ਪੰਨਾ ੭੩੨)

ਇਸ ਵਿਚਾਰ ਨੂੰ ਸਮਝਣ ਲਈ ਕੁਝ ਉਦਾਹਰਨਾਂ ਵਿਚਾਰਦੇ ਹਾਂ। ਆਮ ਕਰਕੇ ਦਵਾਈ ਉਥੇ ਹੀ ਲਗਾਈ ਜਾਂਦੀ ਹੈ ਜਿਥੇ ਜ਼ਖ਼ਮ ਹੋਵੇ। ਜ਼ਖ਼ਮ ਕਿਧਰੇ ਹੋਰ ਹੋਵੇ ਅਤੇ ਦਵਾਈ ਕਿਧਰੇ ਹੋਰ ਲਾਉਣੀ, ਇਹ ਹੱਦ ਦਰਜੇ ਦੀ ਅਗਿਆਨਤਾ ਹੈ। ਦੂਜੀ ਉਦਾਹਰਣ ਹੈ ਕਿ ਜਿਥੇ ਕੱਪੜੇ ਨੂੰ ਦਾਗ ਪੈ ਜਾਂਦਾ ਹੈ, ਉਥੋਂ ਬਹੁਤਾ ਮਲ ਮਲ ਕੇ ਧੋਣਾ ਪੈਂਦਾ ਹੈ ਤਾਂ ਕਿ ਦਾਗ ਉਤਰ ਸਕੇ। ਜਿਥੇ ਕਿਧਰੇ ਲੁਟੇਰਿਆਂ ਦਾ ਡਰ ਹੋਵੇ, ਉਥੇ ਹੀ ਸਰਕਾਰ ਕੋਈ ਨਾ ਕੋਈ ਆਪਣੀ ਤਾਕਤ ਭਾਵ ਪੁਲਿਸ, ਮਿਲਟਰੀ ਜਾਂ ਹੋਰ ਸਾਧਨ ਵਰਤ ਕੇ ਹਾਲਾਤ ਆਮ ਵਰਗੇ ਬਣਾਉਂਦੀ ਹੈ। ਇਸ ਤਰ੍ਹਾਂ ਹੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਅਸਲ ਵਿਚ ਜਿਹੜਾ ਪਾਪ ਦਾ ਬੀਜ ਬੀਜਣ ਲਈ ਧਰਤੀ ਹੈ, ਉਹ ਹਿਰਦਾ, ਉਰਿ ਜਾਂ ਮਨ ਹੀ ਹੈ। (ਭਾਈ ਕਾਨ੍ਹ ਸਿੰਘ ਜੀ ਅਤੇ ਡਾ. ਗੁਰਚਰਨ ਸਿੰਘ ਜੀ ਨੇ ਇਹੋ ਅਰਥ ਤਰਤੀਬਵਾਰ ਮਹਾਨ ਕੋਸ਼ ਅਤੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਕੀਤੇ ਹਨ) ਮਨ ਜਾਂ ਹਿਰਦੇ ਅੰਦਰ ਹੀ ਪਾਪਾਂ ਦਾ ਅੱਡਾ ਹੈ। ਪਹਿਲਾਂ ਪਹਿਲ ਰੱਬ ਇਕ ਸਹਾਰਾ ਬਣ ਕੇ ਪਾਪਾਂ ਦਾ ਡੇਰਾ ਭੰਨਦਾ ਹੈ।

ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥
ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥

(ਪੰਨਾ ੬੨੭)

ਜਿਨ੍ਹਾਂ ਗੁਰਮੁਖਾਂ ਨੇ ਨਾਮ-ਧਨ ਦਾ ਲਾਹਾ ਖੱਟਿਆ ਹੈ, ਉਨ੍ਹਾਂ ਨੇ ਗੁਰੂ ਜੀ ਦੀ ਸ਼ਬਦ-ਵਿਚਾਰ ਨਾਲ ਇਹ ਜਾਣ ਲਿਆ ਹੈ ਕਿ ਹਉਮੈ ਦੀ ਮੈਲ ਅਤੇ ਵਿਕਾਰਾਂ ਦੀ ਜ਼ਹਿਰ ਹਰੀ ਨਾਮ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਹੀ ਦੂਰ ਹੋ ਸਕਦੀ ਹੈ।

ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ॥
ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ॥

(ਪੰਨਾ ੩੦੦)

ਬੰਦੇ ਦੀ ਜ਼ਿੰਦਗੀ ਹੀ ਬਦਲ ਜਾਂਦੀ ਹੈ ਜਦੋਂ ਉਰਿ (ਹਿਰਦੇ) ਅੰਦਰ ਰੱਬੀ ਗੁਣਾਂ ਦਾ ਹਾਰ ਹੀ ਪ੍ਰੋ ਕੇ ਪਾ ਲਿਆ ਜਾਂਦਾ ਹੈ। ਸਾਰਾ ਸੰਸਾਰ ਹੀ ਜ਼ਿੰਦਗੀ ਦੇਣ ਵਾਲਾ ਅੰਮ੍ਰਿਤ ਬਣ ਜਾਂਦਾ ਹੈ। ਵਿਸ ਸੰਸਾਰ ਬਦਲ ਕੇ ਹਰਿ ਕਾ ਰੂਪ ਹੀ ਨਜ਼ਰ ਆਉਣ ਲੱਗ ਪੈਂਦਾ ਹੈ। ਮਨੁੱਖ ਦੀ ਜ਼ਿੰਦਗੀ ਦੇ ਜ਼ਹਿਰ ਵਾਲੇ ਦਿਨ ਹੀ ਖ਼ਤਮ ਹੋ ਕੇ ਅੰਮ੍ਰਿਤ ਨਾਲ ਅਟੁੱਟ ਸਾਂਝ ਬਣ ਜਾਂਦੀ ਹੈ।

ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥
ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥

(ਪੰਨਾ ੪੫੯)

ਮਨ ਚੰਚਲ ਹੋਣ ਕਰਕੇ ਦਿਨ ਰਾਤ ਦੌੜਦਾ ਹੈ, ਕਦੇ ਸਥਿਰਤਾ ਨਹੀਂ ਪਾਉਂਦਾ। ਦਿਨ ਰਾਤ ਪਾਪਾਂ ਦੀਆਂ ਹਰੀਆਂ ਕਰੂੰਬਲਾਂ ਜਗਤ ਤੋਂ ਚੋਰੀ ਖਾ ਕੇ ਖ਼ੁਸ਼ ਹੁੰਦਾ ਹੈ। ਜੇਕਰ ਹਿਰਦੇ ਅੰਦਰ ਨਾਮ ਰੂਪ ਚਰਨ ਕਮਲ ਵਸ ਜਾਣ ਤਾਂ ਹਰ ਰੋਜ਼ ਚੇਤੇ ਕਰਨ ਕਰਕੇ ਉਹ ਸਦੀਵਤਾ ਦਾ ਜੀਵਨ ਪਾ ਲੈਂਦਾ ਹੈ।

ਚੰਚਲੁ ਚੀਤੁ ਨ ਰਹਈ ਠਾਇ ॥
ਚੋਰੀ ਮਿਰਗੁ ਅੰਗੂਰੀ ਖਾਇ ॥
ਚਰਨ ਕਮਲ ਉਰ ਧਾਰੇ ਚੀਤ ॥
ਚਿਰੁ ਜੀਵਨੁ ਚੇਤਨੁ ਨਿਤ ਨੀਤ ॥

(ਪੰਨਾ ੯੩੨)

ਗੁਰੂ ਜੀ ਦੀ ਬਖ਼ਸ਼ੀ ਗੁਰਮਤਿ ਦਾ ਸਦਕਾ ਮੇਰਾ ਮਨ ਸੁੱਤਾ ਪਇਆ ਜਾਗ ਪਿਆ ਹੈ। ਹੁਣ ਇਹ ਵਿਸ਼ੇ ਵਿਕਾਰਾਂ ਦੀ ਨੀਂਦ ਤਿਆਗ ਕੇ ਰੱਬੀ ਪ੍ਰੇਮ ਅਦਬ ਦੀ ਦਾਤਿ ਨੂੰ ਧਾਰਨ ਕਰਕੇ ਸੇਵਾ ਵਿਚ ਲੱਗ ਗਿਆ ਹੈ, ਜਿਸ ਦਾ ਸਦਕਾ ਮੇਰੀ ਜ਼ਿੰਦਗੀ ਦੇ ਪਾਪਾਂ ਦਾ ਨਾਸ਼ ਹੋ ਗਿਆ ਹੈ, ਪਰ ਇਹ ਸਭ ਕੁਝ ਤਾਂ ਹੀ ਨਸੀਬ ਹੋਇਆ ਜਦੋਂ ਹਰੀ ਦੇ ਨਾਮ ਦਾ ਨਿਵਾਸ ਹਿਰਦੇ ਵਿਚ ਹੋ ਗਿਆ। ਹਿਰਦਾ ਜਿਹੜਾ ਪਾਪਾਂ ਦਾ ਭਰਿਆ ਸੀ, ਹੁਣ ਉਹ ਹੀ ਪ੍ਰੇਮ ਦਾ ਭਰ ਗਿਆ ਹੈ।

ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ ਮਨੁ ਸੋਇਓ ਗੁਰਮਤਿ ਜਾਗਾ ॥
ਕਿਲਬਿਖ ਖੀਨ ਭਏ ਸਾਂਤਿ ਆਈ ਹਰਿ ਉਰ ਧਾਰਿਓ ਵਡਭਾਗਾ ॥

(ਪੰਨਾ ੬੯੫)

ਮਾਰੂ ਰਾਗ ਅੰਦਰ ਪੰਚਮ ਗੁਰਦੇਵ ਜੀ ਬਹੁਤ ਪਿਆਰੀ ਸਲਾਹ ਰੂਪ ਦਾਤਿ ਬਖ਼ਸ਼ਿਸ਼ ਕਰਦੇ ਹਨ ਕਿ ਉਪਦੇਸ਼ ਰੂਪ ਚਰਨ ਕਮਲ ਹਿਰਦੇ ਵਿਚ ਵਸਾ ਕੇ ਜਿੰਦੜੀ ਨੂੰ ਵਿਸ਼ਿਆਂ ਤੋਂ ਬਚਾਇਆ ਜਾ ਸਕਦਾ ਹੈ। ਹਰ ਰੋਜ਼ ਦੇ ਕੀਰਨੇ ਭਾਵ

ਰੋਣ ਧੋਣ ਮੁਕ ਜਾਵੇਗਾ, ਡਰ ਖ਼ਤਮ ਹੋ ਜਾਵੇਗਾ ਅਤੇ ਅਨੰਦ ਦੀ ਪ੍ਰਾਪਤੀ ਹੋ ਜਾਵੇਗੀ।

ਚਰਣ ਕਮਲ ਉਰ ਅੰਤਰਿ ਧਾਰਹੁ ॥
ਬਿਖਿਆ ਬਨ ਤੇ ਜੀਉ ਉਧਾਰਹੁ ॥
ਕਰਣ ਪਲਾਹ ਮਿਟਹਿ ਬਿਲਲਾਟਾ ॥
ਜਪਿ ਗੋਵਿਦ ਭਰਮੁ ਭਉ ਫਾਟਾ ॥

(ਪੰਨਾ ੧੦੦੪)

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਦੋ ਕਬਿੱਤ ਇਸ ਵਿਚਾਰ ਨੂੰ ਸਮਝਣ ਵਿਚ ਬਹੁਤ ਸਹਾਈ ਹੋ ਸਕਦੇ ਹਨ। ਪਹਿਲਾ ਕਬਿੱਤ ਹੈ ਕਿ ਸਤਿ ਤੋਂ ਬਿਨਾਂ ਸੰਜਮ ਕਿਸੇ ਲੇਖੇ ਨਹੀਂ। ਪਤੀ ਪਰਮਾਤਮਾ ਤੋਂ ਬਿਨਾਂ ਪੂਜਾ ਕੋਈ ਅਰਥ ਨਹੀਂ ਰੱਖਦੀ। ਸਚ ਤੋਂ ਬਿਨਾਂ ਪਵਿੱਤਰਤਾ ਕਿਸ ਕੰਮ ? ਜਤ ਤੋਂ ਬਿਹੂਣਾ ਜਨੇਊ ਵੀ ਬੇਕਾਰ ਹੈ। ਗੁਰੂ ਜੀ ਦੇ ਉਪਦੇਸ਼ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਅਤੇ ਬਿਨਾਂ ਦਰਸ਼ਨ ਕੀਤਿਆਂ ਧਿਆਨ ਦੀ ਇਕਾਗਰਤਾ ਨਹੀਂ ਹੋ ਸਕਦੀ। ਇਸ ਤਰ੍ਹਾਂ ਹੀ ਪ੍ਰੇਮ ਤੋਂ ਬਿਨਾਂ ਭਗਤੀ ਅਤੇ ਭਗਤੀ ਤੋਂ ਬਿਨਾਂ ਕਥਨੀ ਕਹਿਣੀ ਵਿਚ ਪਿਆਰ ਸਤਿਕਾਰ ਪੈਦਾ ਨਹੀਂ ਹੋ ਸਕਦਾ। ਸੰਤੋਖ ਬਿਨਾਂ ਸ਼ਾਂਤੀ ਕਦੇ ਪਦਾਰਥਾਂ ਨਾਲ ਨਹੀਂ ਹੁੰਦੀ। ਸਹਿਜ ਤੋਂ ਬਿਨਾਂ ਸੁਖ ਨਹੀਂ ਨਸੀਬ ਹੁੰਦਾ। ਸ਼ਬਦ ਸੁਰਤਿ ਦਾ ਮਿਲਾਪ ਹੀ ਪ੍ਰੇਮ ਵਿਚ ਨਿਪੁੰਨਤਾ ਦਿਵਾ ਸਕਦਾ ਹੈ। ਪ੍ਰੇਮ ਸ਼ਬਦਿ ਸੁਰਤਿ ਬਿਨਾਂ ਪੈਦਾ ਨਹੀਂ ਹੁੰਦਾ। ਸੰਗਤਿ ਤੋਂ ਬਿਨਾਂ ਰੱਬੀ ਰੰਗ ਨਹੀਂ ਲੱਗਦਾ। ਇਸ ਤਰ੍ਹਾਂ ਹੀ ਬ੍ਰਹਮ ਦੇ ਗਿਆਨ ਤੋਂ ਬਿਨਾਂ ਹਿਰਦੇ ਅੰਦਰ ਕਦੇ ਇਕ ਪ੍ਰਮੇਸ਼ਰ ਦੀ ਟੇਕ ਆਸਰਾ ਨਹੀਂ ਬਣ ਸਕਦਾ। ਇਹ ਦਾਤਿ ਤਦ ਹੀ ਨਸੀਬ ਹੁੰਦੀ ਹੈ ਜੇਕਰ ਹਿਰਦੇ ਅੰਦਰ ਬ੍ਰਹਮ ਦੀ ਵੀਚਾਰ ਪੈਦਾ ਹੋ ਜਾਵੇ। ਇਹ ਬ੍ਰਹਮ ਵਿਚਾਰ ਹੀ ਗੁਰਬਾਣੀ ਹੈ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥

(ਪੰਨਾ ੩੩੫)

ਭਾਈ ਗੁਰਦਾਸ ਜੀ ਦਾ ਕਬਿੱਤ ਹੈ—

ਸਤਿ ਬਿਨੁ ਸੰਜਮ ਨ ਪਤਿ ਬਿਨੁ ਪੂਜਾ ਹੋਇ,
ਸਚ ਬਿਨੁ ਸੋਚ ਨ ਜਨੇਊ ਜਤ ਹੀਨ ਹੈ ॥
ਬਿਨੁ ਗੁਰ-ਦੀਖਿਆ ਗਿਆਨ,
ਬਿਨ ਦਰਸਨ ਧਿਆਨ, ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ ॥

ਸ਼ਾਂਤਿ ਨ ਸੰਤੋਖ ਬਿਨੁ, ਸੁਖੁ ਨ ਸਹਜ ਬਿਨੁ,
ਸਬਦ ਸੁਰਤਿ ਬਿਨੁ ਪ੍ਰੇਮ ਨ ਪ੍ਰਬੀਨ ਹੈ।।
ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ,
ਬਿਨੁ ਸਾਧ ਸੰਗਤਿ ਨ ਰੰਗ ਲਿਵਲੀਨ ਹੈ॥੨੧੫॥

(ਕਬਿੱਤ ਸਵੱਯੇ ਭਾ: ਗੁਰਦਾਸ)

ਭਾਈ ਗੁਰਦਾਸ ਜੀ ਬਖ਼ਸ਼ਿਸ਼ ਕਰਦੇ ਹਨ ਕਿ ਨਿਰਾਸ਼ ਨਹੀਂ ਹੋਣਾ ਚਾਹੀਦਾ ਬਲਕਿ ਗੁਰ-ਸ਼ਬਦ ਦੀ ਕਮਾਈ ਕਰਨੀ ਚਾਹੀਦੀ ਹੈ। ਜਿਵੇਂ ਹਰ ਰੋਜ਼ ਹੀਰੇ ਦੇਖਣ ਵਾਲਾ ਹੀਰੇ ਦੇਖਦਾ ਦੇਖਦਾ ਇਕ ਦਿਨ ਚੰਗਾ ਪਾਰਖੂ ਬਣ ਜਾਂਦਾ ਹੈ। ਸੁਣਦਿਆਂ ਸੁਣਦਿਆਂ ਇਕ ਅਣਜਾਣ ਬੰਦਾ ਚੰਗਾ ਸਿਆਣਾ ਵਿਦਵਾਨ ਬਣ ਜਾਂਦਾ ਹੈ। ਸੁੰਘਣ ਵਾਲਾ ਇਕ ਦਿਨ ਚੰਗਾ ਸਿਆਣਾ ਅਤਾਰ ਭਾਵ ਸੁਗੰਧੀਆਂ ਲੱਭ ਕੇ ਪ੍ਰਗਟ ਕਰਨ ਵਾਲਾ ਬਣ ਜਾਂਦਾ ਹੈ। ਹਰ ਰੋਜ਼ ਦੀ ਰਾਗ ਵਿਦਿਆ ਨੂੰ ਧਾਰਨ ਕਰਕੇ ਅਲਾਪ ਕਰਦਿਆਂ ਕਰਦਿਆਂ ਇਕ ਦਿਨ ਚੰਗਾ ਗਾਇਕ ਗਾਇਕੀ ਵਿਚ ਪ੍ਰਬੀਨ ਹੋ ਜਾਂਦਾ ਹੈ। ਹਰ ਲਿਖਾਰੀ ਕਦੇ ਨਾ ਕਦੇ ਛੋਟੇ ਛੋਟੇ ਲੇਖ ਲਿਖਦਾ ਹੋਵੇਗਾ। ਲਿਖਾਰੀ ਬਣਨਾ ਵੀ ਇਕ ਦਿਨ ਦਾ ਕੰਮ ਨਹੀਂ ਬਲਕਿ ਇਸ ਪਿੱਛੇ ਵੀ ਲੰਬੀ ਕਮਾਈ ਛੁਪੀ ਹੋਈ ਹੁੰਦੀ ਹੈ। ਰਸਨਾ ਤੋਂ ਚੱਖਣ ਦਾ ਕੰਮ ਲੈਂਦਿਆਂ ਲੈਂਦਿਆਂ ਇਕ ਵਕਤ ਆਉਂਦਾ ਹੈ ਕਿ ਮਨੁੱਖ ਸਿਆਣਾ ਭਾਵ ਇਸ ਪਾਸੇ ਰਸ ਚੱਖ ਕੇ ਦੱਸਣ ਵਾਲਾ ਵਿਦਵਾਨ ਬਣ ਜਾਂਦਾ ਹੈ। ਕਦਮਾਂ ਨਾਲ ਰਸਤਾ ਨਾਪਣ ਵਾਲਾ ਭਾਵ ਚੱਲਣ ਵਾਲਾ ਇਕ ਦਿਨ ਜ਼ਰੂਰ ਟਿਕਾਣੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਉਪਰੋਕਤ ਉਦਾਹਰਨਾਂ ਦੇ ਕੇ ਭਾਈ ਸਾਹਿਬ ਜੀ ਸਾਨੂੰ ਸਮਝਾਉਂਦੇ ਹਨ ਕਿ ਹਰ ਰੋਜ਼ ਹੀ ਗੁਰ-ਸ਼ਬਦ ਨੂੰ ਵਿਚਾਰ ਵਿਚਾਰ ਕੇ ਪੜ੍ਹਨ ਦੀ ਕਮਾਈ ਕਰਨ ਵਾਲਾ ਇਕ ਦਿਨ ਗੁਰ-ਸ਼ਬਦ ਨਾਲ ਆਪਣੀ ਸੁਰਤਿ ਨੂੰ ਜੋੜ ਕੇ ਸ਼ਬਦ ਸੁਰਤਿ ਦਾ ਮਿਲਾਪ ਹਾਸਿਲ ਕਰ ਲੈਂਦਾ ਹੈ। ਇਹ ਸਾਰਾ ਕੁਝ ਸ਼ਬਦ ਦੀ ਕਮਾਈ ਨਾਲ ਹੀ ਪੈਦਾ ਹੋਣਾ ਹੈ।

ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ,
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ॥
ਸੁੰਘਤ ਸੁੰਘਤ ਸੋਂਧਾ ਜੈਸੇ ਤਉ ਸੁਬਾਸੀ ਹੋਤ,
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ॥
ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ,
ਚਾਖਤ ਚਾਖਤ ਜੈਸੇ ਭੋਗੀ ਰਸ ਭੀਨ ਹੈ॥
ਚਲਤ ਚਲਤ ਜੈਸੇ ਪਹੁੰਚੈ ਠਿਕਾਨੈ ਜਾਇ,
ਖੋਜਤ ਖੋਜਤ ਗੁਰ ਸਬਦੁ ਲਿਵ ਲੀਨ ਹੈ॥੫੯੯॥

(ਕਬਿੱਤ ਸਵੱਯੇ ਭਾ: ਗੁਰਦਾਸ)

ਉਪਰੋਕਤ ਸਮੁੱਚੀ ਵਿਚਾਰ ਤੋਂ ਇਹ ਭਾਵ ਹੈ ਕਿ ਹਿਰਦਾ (ਉਰਿ) ਪਾਪਾਂ, ਕਪਟਾਂ ਅਤੇ ਵਿਸ਼ੇ ਵਿਕਾਰਾਂ ਦਾ ਭਰਿਆ ਹੋਇਆ ਹੈ। ਇਸ ਤਰ੍ਹਾਂ ਇਹ ਨਿਰੰਕਾਰ ਦੇ ਘਰ ਕਬੂਲ ਨਹੀਂ ਹੋ ਸਕਦਾ। ਗੁਰੂ ਜੀ ਨੇ ਇਸ ਹਿਰਦੇ ਦੀ ਪਵਿੱਤਰਤਾ ਵਾਸਤੇ ਉਥੇ ਹੀ ਹਰਿ-ਨਾਮ ਦਾ ਨਿਵਾਸ ਬਖ਼ਸ਼ਿਸ਼ ਕੀਤਾ ਹੈ ਪਰ ਇਹ ਨਾਮ ਦਾ ਨਿਵਾਸ ਹਰ ਰੋਜ਼ ਗੁਰ-ਸ਼ਬਦ ਨੂੰ ਸਮਝ ਕੇ ਉਸ ਅਨੁਸਾਰ ਗੁਜ਼ਾਰੀ ਜ਼ਿੰਦਗੀ ਅਤੇ ਪ੍ਰਮੇਸ਼ਰ ਦੇ ਨਾਮ ਦਾ ਅਭਿਆਸ ਇਕ ਦਿਨ ਜੀਵ ਨੂੰ ਰੱਬੀ ਰੂਪ ਬਣਾ ਦਿੰਦਾ ਹੈ। ਇਸੇ ਲਈ ਸਤਿਗੁਰੂ ਜੀ ਕਿਰਪਾ ਕਰਦੇ ਹਨ ਕਿ ਇਸ ਵਸਤੂ ਦਾ ਟਿਕਾਣਾ ਹਿਰਦਾ ਭਾਵ ਉਰਿ ਵਿਚ ਨਿਵਾਸ ਹੋਣਾ ਚਾਹੀਦਾ ਹੈ। ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਫ਼ੈਸਲਾ ਕਿੰਨਾ ਪਿਆਰਾ ਹੈ—

> **ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥**
> **ਨਿਮਖ ਨਿਮਖ ਠਾਕੁਰ ਨਮਸਕਾਰੈ ॥**
> **ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥**

(ਪੰਨਾ ੨੭੪)

ਧੰਨ ਸਤਿਗੁਰੂ ਗੁਰੂ ਅਮਰਦਾਸ ਜੀ ਮਹਾਰਾਜ ਦੇ ਸਮੇਂ ਇਕ ਚੰਗੀ ਕਰਨੀ ਵਾਲਾ ਗੁਰਸਿੱਖ ਹੋਇਆ ਹੈ। ਇਸ ਦਾ ਨਾਮ ਇਤਿਹਾਸ ਨੇ ਮਾਈਦਾਸ ਲਿਖਿਆ ਹੈ। ਇਹ ਮਾਝੇ ਦੇ ਇਲਾਕੇ ਵਿਚੋਂ ਪਿੰਡ ਨਰੇਲੇ ਦਾ ਰਹਿਣ ਵਾਲਾ ਸੀ। ਪਰਮਾਰਥ ਦੀ ਭੁੱਖ ਨੇ ਪਰਮਾਰਥ ਦੇ ਰਸਤੇ ਤਾਂ ਤੋਰ ਦਿੱਤਾ ਪਰ ਲੰਮਾ ਸਮਾਂ ਕਿਸੇ ਪੂਰੇ ਦਾ ਮਿਲਾਪ ਨਹੀਂ ਹੋਇਆ। ਅਧੂਰਾ ਅਧੂਰੇ ਨੂੰ ਕਦੇ ਪੂਰਾ ਨਹੀਂ ਕਰ ਸਕਦਾ। ਇਸ ਕਰਕੇ ਅਧੂਰਾ ਹੋ ਕੇ ਅਧੂਰਿਆਂ ਕੋਲ ਭਟਕਦਾ ਰਿਹਾ ਪਰ ਭਟਕਣਾ ਮੁਕ ਨਾ ਸਕੀ। ਗੁਰੂ ਅਮਰਦਾਸ ਜੀ ਮਹਾਰਾਜ ਦੀ ਵਡਿਆਈ ਸੁਣ ਕੇ ਮਨ ਦੀ ਭਾਵਨਾ ਨੇ ਇਕ ਦਿਨ ਗੁਰੂ ਜੀ ਦੀ ਚਰਨ ਸ਼ਰਨ ਵਿਚ ਲੈ ਆਂਦਾ। ਇਥੇ ਗੁਰੂ ਅਮਰਦਾਸ ਜੀ ਨੇ ਇਕ ਸੁਨਹਿਰੀ ਅਸੂਲ ਬਣਾਇਆ ਹੋਇਆ ਸੀ ਕਿ "ਪ੍ਰਥਮੇ ਪੰਗਤ ਪਾਛੈ ਸੰਗਤ" ਭਾਵ ਜਿਸ ਨੇ ਵੀ ਗੁਰੂ ਦਰਬਾਰ ਦੀ ਹਾਜ਼ਰੀ ਭਰਨੀ ਹੈ, ਉਸ ਲਈ ਬਹੁਤ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਲੰਗਰ ਅੰਦਰ ਜਾ ਕੇ ਪਹਿਲਾਂ ਲੰਗਰ ਛੱਕ ਕੇ ਆਵੇ ਭਾਵ ਛੂਤ ਛਾਤ, ਉਚ ਨੀਚ, ਅਮੀਰ ਗ਼ਰੀਬ ਆਦਿਕ ਦੇ ਸਾਰੇ ਵਿਤਕਰੇ ਮਿਟਾ ਕੇ ਆਵੇ। ਮਾਈਦਾਸ ਵੀ ਲੰਗਰ ਵਿਚ ਗਿਆ। ਇਥੇ ਬਿਨਾਂ ਕਿਸੇ ਵਿਤਕਰੇ ਤੋਂ ਸਿੱਖ ਲੰਗਰ ਬਣਾ ਵੀ ਰਹੇ ਸਨ ਅਤੇ ਵਰਤਾ ਵੀ ਰਹੇ ਸਨ। ਮਾਈਦਾਸ ਨੇ ਹੁਣ ਤੱਕ ਭਰਮ ਨੂੰ ਹੀ ਧਰਮ ਸਮਝ ਕੇ ਕਮਾਇਆ ਸੀ। ਭਰਮ ਹਮੇਸ਼ਾ ਬਾਹਰ ਦਿਖਾਵੇ ਦੀ ਵਸਤੂ ਹੁੰਦੀ ਹੈ ਪਰ ਧਰਮ ਤਾਂ ਸ਼ੁਰੂ ਹੀ ਹਿਰਦੇ ਦੀ ਦੁਨੀਆ ਵਿਚੋਂ ਹੁੰਦਾ ਹੈ। ਗ਼ਰੀਬ ਨਿਵਾਜ ਪਾਤਿਸ਼ਾਹ ਜੀ ਦੇ ਇਸੇ ਕਰਕੇ ਅੰਮ੍ਰਿਤ ਬੋਲ ਹਨ ਕਿ ਸਚ ਤਾਂ ਹੀ ਹੈ ਜੇਕਰ ਹਿਰਦੇ ਵਿਚ ਸੱਚ ਹੋਵੇ।

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥

(ਪੰਨਾ ੪੬੮)

ਮਨ ਮੰਨਣ ਲਈ ਤਿਆਰ ਨਾ ਹੋਇਆ। ਬਾਹਰੀ ਛੂਤ ਛਾਤ ਨੂੰ ਤਿਆਗ ਨਾ ਸਕਿਆ ਸਗੋਂ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਘਰ ਹੀ ਤਿਆਗ ਕੇ ਚਲਾ ਗਿਆ। ਅੰਦਰ ਦੀ ਖਿੱਚ ਨੇ ਬੇਚੈਨ ਕਰ ਦਿੱਤਾ। ਅੰਦਰ ਇਕ ਜੰਗ ਛਿੜ ਗਿਆ। ਭਰਮ ਕਹੇ ਕਿ ਇਥੋਂ ਦਾ ਪ੍ਰਸ਼ਾਦ ਪਾਣੀ ਤੇਰੇ ਸਾਰੇ ਸੁਚ ਸੰਜਮ ਆਦਿਕ ਨੂੰ ਬਰਾਬਰ ਕਰ ਦੇਵੇਗਾ। ਅੰਦਰੋਂ ਭਾਵੇਂ ਥੋੜ੍ਹਾ ਜਿਹਾ ਸਮਾਂ ਹੀ ਧਰਮੀਆਂ ਦਾ ਸੰਗ ਮਾਣਿਆ ਸੀ ਪਰ ਉਹ ਕਹੇ ਕਿ ਅਸਲ ਵਿਚ ਇਥੇ ਹੀ ਸੱਚਾ ਪਿਆਰ ਅਤੇ ਧਰਮ ਹੈ। ਕੁਝ ਦਿਨ ਤਾਂ ਅੰਦਰ ਹੀ ਜੰਗ ਨਾਲ ਜੂਝਦਾ ਰਿਹਾ ਪਰ ਆਖ਼ਿਰਕਾਰ ਭਰਮ ਹਾਰ ਗਿਆ, ਧਰਮ ਜਿੱਤ ਗਿਆ। ਵਾਪਸ ਆ ਕੇ ਗੁਰੂ ਜੀ ਨੂੰ ਬੇਨਤੀ ਕੀਤੀ, ਸੱਚੇ ਪਾਤਿਸ਼ਾਹ! ਮੈਂ ਫਿਰ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਿਆ ਹਾਂ। ਦਰਸ਼ਨ ਕਰਕੇ ਕੇਵਲ ਸਰੀਰਕ ਛੂਤ ਛਾਤ ਹੀ ਦੂਰ ਨਹੀਂ ਹੋਈ ਬਲਕਿ ਅੰਦਰਲੇ ਨੇ ਵੀ ਮੰਨ ਲਿਆ ਹੈ ਕਿ ਗੁਰੂ ਅਮਰਦਾਸ ਜੀ ਦੇ ਦਰ ਦੀ ਬਰਕਤ ਮੇਰੇ ਹੋਰ ਮਨਾਏ ਅਨੇਕਾਂ ਦੇਵੀ ਦੇਵਤਿਆਂ ਤੋਂ ਕਿਧਰੇ ਜ਼ਿਆਦਾ ਮਹਾਨ ਹੈ। ਸੋ ਹੁਣ ਕਿਰਪਾ ਕਰਕੇ ਮੇਰੇ ਹਿਰਦੇ ਅੰਦਰ ਵੀ ਗੁਰਸਿੱਖੀ ਦੀ ਅਤੇ ਨਾਮ ਦੀ ਦਾਤਿ ਬਖ਼ਸ਼ਿਸ਼ ਕਰੋ। ਗੁਰੂ ਅਮਰਦਾਸ ਜੀ ਦੇ ਪਵਿੱਤਰ ਉਪਦੇਸ਼ ਨੇ ਅਤੇ ਮਿਹਰ ਭਰੀ ਨਦਰ ਨੇ ਮਾਈਦਾਸ ਨੂੰ ਸੱਚਾ ਰੱਬੀ ਦਾਸ ਬਣਾ ਦਿੱਤਾ। ਇਸ ਕਰਕੇ ਹੀ ਸਾਹਿਬ ਜੀ ਨੇ ਇਸ ਮਹਾਨ ਦਾਤ ਨੂੰ ਰੱਖਣ ਦਾ ਟਿਕਾਣਾ ਹਿਰਦਾ ਆਖਿਆ ਹੈ, ਕਿਉਂਕਿ ਸਰੀਰਾਂ ਦੀ ਜਾਤ ਬਰਾਦਰੀ ਦੀ ਸੁੱਚਮ ਆਦਿਕ ਨਾਲ ਉਲਝਿਆ ਮਨੁੱਖ ਕਦੇ ਰੱਬੀ ਰਾਹਾਂ 'ਤੇ ਨਹੀਂ ਤੁਰ ਸਕਦਾ।

ਦਾਸ ਨੇ ਇਹ ਵਿਚਾਰ ਕਈ ਵਾਰੀ ਸੰਗਤਾਂ ਨਾਲ ਸਾਂਝੀ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਹਰੀ ਬਣਤਰ ਵੀ ਇਕ ਅਦਭੁੱਤ ਕ੍ਰਿਸ਼ਮਾ ਹੈ। ਜਪੁ ਜੀ ਸਾਹਿਬ ਦੇ ਅਭਿਆਸ ਤੋਂ ਗੱਲ ਕਰਕੇ ਜੀਵ ਜਦੋਂ ਗੁਰੂ ਜੀ ਦੀ ਬਖ਼ਸ਼ਿਸ਼ ਦਾ ਪੱਲਾ ਪਕੜ ਕੇ ਨਾਮ ਦਾ ਧਾਰਨੀ ਹੋ ਜਾਂਦਾ ਹੈ ਤਾਂ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ ਕਿ ਹੁਣ ਇਸ ਨੇ ਰੱਬ ਦੇ ਨਾਮ ਨੂੰ ਹਿਰਦੇ ਵਿਚ ਟਿਕਾ ਲਿਆ ਹੈ, ਜਿਸ ਦੀ ਕਿਰਪਾ ਦਾ ਸਦਕਾ ਸਾਰੇ ਸੰਕਟ ਹੀ ਖ਼ਤਮ ਨਹੀਂ ਹੋਏ ਬਲਕਿ ਪਰਮਾਤਮਾ ਦਾ ਦੀਦਾਰ ਵੀ ਹੋ ਗਿਆ ਹੈ। ਜਪੁ ਤੋਂ ਸ਼ੁਰੂਆਤ ਹੈ, ਫਿਰ ਨਾਮ ਦੀ ਪ੍ਰਾਪਤੀ ਹੈ ਅਤੇ ਅਖ਼ੀਰ ਨਾਮ ਨੂੰ ਰੱਖਣ ਲਈ ਹਿਰਦੇ ਦਾ ਘਰ ਬਣ ਜਾਂਦਾ ਹੈ।

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥

(ਪੰਨਾ ੧੪੨੯)

ਇਸ ਕਰਕੇ ਹੀ ਸਤਿਗੁਰੂ ਜੀ ਨੇ ਬਿਲਕੁਲ ਨਾਲ ਲੱਗਦਾ ਮੁੰਦਾਵਣੀ ਮਹਲਾ ੫ ਅੰਦਰ ਫਿਰ ਦ੍ਰਿੜ੍ਹ ਕਰਵਾ ਦਿੱਤਾ ਕਿ "ਏਹੁ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥" ਇਸ ਵਸਤੂ ਦਾ ਕਿਸੇ ਵੀ ਹਾਲਤ ਵਿਚ ਤਿਆਗ ਨਹੀਂ ਕੀਤਾ ਜਾ ਸਕਦਾ ਬਲਕਿ ਹਰ ਰੋਜ਼ ਇਸ ਨੂੰ ਹਿਰਦੇ ਭਾਵ ਉਰਿ ਵਿਚ ਧਾਰਨ ਕਰਕੇ ਹੀ ਰੱਖ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕੰਬਦੀ ਕਲਾਈ ਵਿਚ ਇਕ ਕਵਿਤਾ ਦੇ ਬੋਲ ਲਿਖੇ ਹਨ। ਉਹ ਇਸ ਤਰ੍ਹਾਂ ਹੀ ਪ੍ਰਤੀਤ ਹੁੰਦੇ ਹਨ ਜਿਵੇਂ ਕਿਸੇ ਦੇ ਅੰਦਰੋਂ ਭਾਵ ਹਿਰਦੇ ਵਿਚੋਂ ਸੱਚੀ ਦਰਸ਼ਨਾਂ ਦੀ ਤਾਂਘ ਜਾਗ ਪਵੇ ਤਾਂ ਉਸ ਦਾ ਹਿਰਦਾ ਕੁਰਲਾ ਕੁਰਲਾ ਕੇ ਅਰਦਾਸਾਂ ਕਰਦਾ ਹੈ ਕਿ ਮੇਰੇ ਮਾਲਕ! ਕਿਰਪਾ ਕਰ।

ਜਦ ਮੈਨੂੰ ਪਾਪ ਦਬਾਂਦੇ ਹਨ। ਚੁਫੇਰੇ ਹਨੇਰੇ ਮਚਾਂਦੇ ਹਨ।
ਤਦ ਨੈਣ ਮੇਰੇ ਉਠ ਜਾਂਦੇ ਹਨ। ਟਕ ਤੇਰੇ ਵਲ ਜਮਾਂਦੇ ਹਨ।
ਦਰ ਤੇਰਾ ਪਏ ਤਕਾਂਦੇ ਹਨ। ਅਰ ਤਕਦੇ ਨਹੀਂ ਥਕਾਂਦੇ ਹਨ।
ਤਦ ਨੀਰ ਭਰੇ ਭਰ ਲਿਆਂਦੇ ਹਨ। ਇਹ ਬੇਨਤੀ ਤਦੋਂ ਅਲਾਂਦੇ ਹਨ।
ਤੂੰ ਮੇਰੀ ਟੇਕ ਗੁਸਾਈ ਹੈ। ਮੈਂ ਤੇਰੀ ਸ਼ਰਨ ਤਕਾਈ ਹੈ।
ਏਹ ਦੂਤ ਬੜਾ ਕਸਾਈ ਹੈ। ਨਹੀਂ ਰੱਖ ਸਕਦਾ ਪਿਉ ਰਾਈ ਹੈ।
ਨਹੀ ਸਕੇ ਬਚਾਅ ਪਿਤ ਭਾਈ ਹੈ। ਤੂੰ ਸਭ ਪਰ ਭਾਰੀ ਸਾਈ ਹੈ।
ਮੈਂ ਤੇਰੀ ਭਰੀ ਦੁਹਾਈ ਹੈ। ਗੁਰੂ ਨਾਨਕ ਸਦਾ ਸਹਾਈ ਹੈ।
ਜਦ ਤੇਰਾ ਰੂਪ ਤਕਾਈ ਦਾ। ਤਦ ਆਸ ਆਸਰਾ ਪਾਈਦਾ।
ਇਉਂ ਪਾਪਾਂ ਤਾਈਂ ਭਜਾਈ ਦਾ। ਹੋ ਸੁਖੀਏ ਸ਼ਰਨ ਸਮਾਈਦਾ।

(ਗੁਰੂ ਦੀ ਟੇਕ, ਕੰਬਦੀ ਕਲਾਈ)

ਅਜੋਕੇ ਸਮੇਂ ਅੰਦਰ ਆਮ ਦੇਖਦੇ ਹਾਂ ਕਿ ਇਸ ਵਸਤੂ ਨੂੰ ਗੁਰਦੁਆਰਿਆਂ ਅੰਦਰ ਵੀ ਪ੍ਰਕਾਸ਼ ਕਰ ਲਿਆ। ਗੁਟਕਿਆਂ ਅੰਦਰ ਵੀ ਰੱਖ ਲਿਆ। ਆਮ ਦੁਨਿਆਵੀ ਘਰਾਂ ਅੰਦਰ ਵੀ ਰੱਖ ਲਿਆ। ਕਈ ਸੁਭਾਗੇ ਹਨ ਜਿਨ੍ਹਾਂ ਨੇ ਜ਼ੁਬਾਨ 'ਤੇ ਵੀ ਰੱਖ ਲਿਆ ਪਰ ਜੇਕਰ ਜ਼ਿੰਦਗੀ ਦਾ ਉਧਾਰ ਚਾਹੁੰਦੇ ਹਾਂ ਤਦ ਇਸ ਵਸਤੂ ਨੂੰ ਹਿਰਦੇ ਅੰਦਰ ਵੀ ਰੱਖ ਲਈਏ ਜਿਸ ਨਾਲ ਇਹ ਸਰੀਰ ਹੀ ਪਵਿੱਤਰ ਨਹੀਂ ਹੋਵੇਗਾ ਬਲਕਿ ਹਰ ਇਕ ਅੰਗ ਅੰਗ, ਰੋਮ ਰੋਮ ਸੱਚੇ ਦੀ ਯਾਦ ਵਿਚ ਜੁੜ ਕੇ, ਧਰਮ ਕਮਾ ਕੇ ਅਤੇ ਮੁੱਖ ਉਜਲਾ ਲੈ ਕੇ ਸਾਈਂ ਦੇ ਦਰਬਾਰ ਜਾਵੇਗਾ। ਗੁਰਬਾਣੀ ਦਾ ਪਵਿੱਤਰ ਫ਼ੈਸਲਾ ਹੈ—

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ॥

(ਪੰਨਾ ੨੯)

ਅਸਲ ਸੇਵਕ ਹੁੰਦਾ ਹੀ ਉਹ ਹੈ ਜਿਸ ਉੱਤੇ ਇਹ ਸ਼ਰਤਾਂ ਲਾਗੂ ਹੁੰਦੀਆਂ ਹਨ—

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥

(ਪੰਨਾ ੧੨੪੭)

ਬਸ ਇਥੇ ਇਕੋ ਹੀ ਪ੍ਰਮੁੱਖ ਵਿਚਾਰ ਕਰਨੀ ਹੈ ਕਿ ਧਰਮ ਦਾ ਅਸਲ ਅਰਥ ਹੈ ਜੀਵਨ ਨੂੰ ਉਨ੍ਹਾਂ ਸ਼ੁਭ ਗੁਣਾਂ ਨਾਲ ਭਰਪੂਰ ਕਰਨਾ, ਜਿਨ੍ਹਾਂ ਨਾਲ ਇਹ ਦੁਨੀਆਂ ਵਿਚ ਚੰਗਾ ਇਨਸਾਨ ਅਤੇ ਮੌਤ ਮਗਰੋਂ ਭਗਵਾਨ ਭਾਵ ਰੱਬ ਵਿਚ ਅਭੇਦ ਹੋ ਜਾਵੇ। ਇਹ ਸਭ ਕੁਝ ਤਦ ਹੀ ਹੋ ਸਕਦਾ ਹੈ ਜੇਕਰ ਅੰਦਰ ਹਿਰਦਾ ਨਾਮ ਨਾਲ ਜੁੜ ਜਾਵੇ ਪਰ ਜੀਵ ਜ਼ਿੰਦਗੀ ਭਰ ਕਾਮ ਕਰੋਧ ਆਦਿਕ ਵਿਸ਼ੇ ਵਿਕਾਰਾਂ ਦੀ ਹੀ ਸੰਪੱਤੀ ਇਕੱਠੀ ਕਰਦਾ ਰਹਿੰਦਾ ਹੈ, ਜਿਹੜੇ ਹਰ ਰੋਜ਼ ਇਸ ਨੂੰ ਇਨਸਾਨ ਤੋਂ ਸ਼ੈਤਾਨ ਬਣਾਉਂਦੇ ਰਹਿੰਦੇ ਹਨ। ਪਵਿੱਤਰ ਗੁਰਵਾਕ ਹੈ—

ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ॥
ਭਵ ਨਿਧਿ ਤਰਨ ਤਾਰਨ ਚਿੰਤਾਮਨਿ
ਇਕ ਨਿਮਖ ਨ ਇਹੁ ਮਨੁ ਲਾਇਆ॥੧॥
ਗੋਬਿੰਦ ਹਮ ਐਸੇ ਅਪਰਾਧੀ॥
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ॥
ਤਿਸ ਕੀ ਭਾਉ ਭਗਤਿ ਨਹੀ ਸਾਧੀ॥ ੧॥ ਰਹਾਉ॥
ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ॥
ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ॥੨॥
ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੑੋ ਮੈ ਫੇਰਾ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ॥੩॥
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ॥੪॥
ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ॥
ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਹਾਰੀ॥

(ਪੰਨਾ ੬੭੧)

ਹੇ ਵਾਹਿਗੁਰੂ ਜੀ! ਤੁਸੀਂ ਕਿਰਪਾ ਕਰੋ। ਕੋਈ ਧਨ ਦੌਲਤ, ਹੀਰੇ ਮੋਤੀ, ਜ਼ਮੀਨ ਜਾਇਦਾਦ ਦੀ ਸੰਪੱਤੀ ਇਕੱਠੀ ਕਰਦਾ ਹੈ ਪਰ ਮੈਂ ਤਾਂ "**ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥**" ਦੇ ਗੁਰਵਾਕ ਅਨੁਸਾਰ ਕਾਮ ਕਰੋਧ ਅਤੇ ਹੰਕਾਰੀ ਰਸ ਇਕੱਠੇ ਕਰਕੇ ਆਪਣੇ ਮਨ ਦੀ ਸੰਪੱਤੀ ਬਣਾ ਕੇ ਬੈਠਾ ਹਾਂ। ਅਰਦਾਸ ਜਦੋਂ ਬਖ਼ਸ਼ਿਸ਼ ਰੂਪ ਵਿਚ ਬਦਲਦੀ ਹੈ ਤਾਂ ਹਿਰਦਾ ਨਾਮ ਨਾਲ ਭਰ ਜਾਂਦਾ ਹੈ ਅਤੇ ਕਿਲਵਿਖ ਪਾਪ ਸਭ ਹਿਰਦੇ ਵਿਚੋਂ ਨਿਕਲ ਜਾਂਦੇ ਹਨ।

ਕਹੁ ਨਾਨਕ ਜਿਸੁ ਕਿਰਪਾ ਧਾਰੈ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ॥

(ਪੰਨਾ ੨੦੧)

ਸਤਿਗੁਰੂ ਜੀ ਸਾਡੇ ਸਭ 'ਤੇ ਕਿਰਪਾ ਦ੍ਰਿਸ਼ਟੀ ਕਰਨ, ਜਿਸ ਨਾਲ ਅਸੀਂ ਵੀ ਇਹ ਵਸਤੂ ਉਰਿ ਧਾਰੋ ਦੇ ਧਾਰਨੀ ਹੋ ਕੇ ਹਿਰਦਾ ਐਸਾ ਬਣਾ ਸਕੀਏ ਜਿਸ ਨਾਲ ਰੱਬੀ ਦਰਬਾਰ ਵਿਚ ਮਾਲਕ ਦੀਆਂ ਖ਼ੁਸ਼ੀਆਂ ਦੇ ਪਾਤਰ ਬਣ ਸਕੀਏ। ਜ਼ਿੰਦਗੀ ਦਾ ਸਫ਼ਰ ਇਨਸਾਨ ਤੋਂ ਸ਼ੈਤਾਨ ਤੱਕ ਕੀਤਾ ਸੀ। ਗੁਰੂ ਪਾਤਿਸ਼ਾਹ ਜੀ ਕਿਰਪਾ ਕਰਨ, ਸ਼ੈਤਾਨ ਤੋਂ ਫਿਰ ਭਗਵਾਨ ਰੂਪ ਬਣ ਸਕੀਏ। ਇਸ ਲਈ—

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥

ਤਮ ਸੰਸਾਰੁ

ਕੁਦਰਤ ਦੇ ਮਾਲਿਕ ਨੇ ਦੁਨੀਆਂ ਨੂੰ ਬਹੁਤ ਹੀ ਰਹੱਸਮਈ ਬਣਾਇਆ ਹੈ। ਜੀਵਾਂ ਦੀ ਕਾਰਜ-ਸ਼ੈਲੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਜੀਵਨ ਦੇ ਗੁਜ਼ਰਾਨ ਲਈ ਕ੍ਰਿਤ ਜ਼ਰੂਰੀ ਸੀ, ਇਸ ਲਈ ਮਾਲਕ ਨੇ ਦਿਨ ਦਾ ਦੀਵਾ ਵੱਡਾ ਬਣਾਇਆ। ਸੂਰਜ ਦੀ ਰੌਸ਼ਨੀ ਹੁੰਦਿਆਂ ਸਾਰੇ ਪਸ਼ੂ ਪੰਛੀ, ਹੋਰ ਜੀਵ ਅਤੇ ਮਨੁੱਖ ਵੀ ਆਪੋ ਆਪਣੇ ਘਰਾਂ ਦਾ ਤਿਆਗ ਕਰਕੇ ਬਾਹਰ ਆਪੋ ਆਪਣੇ ਕੰਮ ਧੰਦਿਆਂ ਦੀ ਸ਼ੁਰੂਆਤ ਕਰ ਲੈਂਦੇ ਹਨ। ਦਿਨ ਬਾਹਰ ਨਿਕਲਣ ਦੀ ਪ੍ਰੇਰਨਾ ਦਿੰਦਾ ਹੈ ਕਿ ਮੇਰੇ ਹੋਣ ਤੱਕ ਨਿਡਰ ਹੋ ਕੇ ਵਿਚਰ, ਮੈਂ ਤੇਰੀ ਹਰ ਤਰ੍ਹਾਂ ਨਾਲ ਮਦਦ ਕਰਾਂਗਾ। ਦੂਜੀ ਵੰਡ ਰਾਤ ਦੀ ਹੈ। ਰਾਤ ਨੂੰ ਜੀਵ ਜੰਤੂ ਅਤੇ ਮਨੁੱਖ ਕਾਰਜਾਂ ਦੀ ਸਮਾਪਤੀ ਕਰਕੇ ਆਪੋ ਆਪਣੇ ਰੈਣ-ਬਸੇਰਿਆਂ 'ਤੇ ਆ ਜਾਂਦੇ ਹਨ। ਜੇ ਦਿਨ ਨੂੰ ਬੂਹੇ ਖੁੱਲ੍ਹਦੇ ਹਨ ਤਾਂ ਰਾਤ ਨੂੰ ਦੁਕਾਨਾਂ, ਬਾਜ਼ਾਰਾਂ ਅਤੇ ਘਰਾਂ ਦੇ ਦਰਵਾਜ਼ੇ ਬੰਦ ਹੁੰਦੇ ਹਨ। ਜੇ ਦਿਨ ਨੂੰ ਲੋਕ ਆਮ ਘੁੰਮਦੇ ਹਨ ਤਾਂ ਰਾਤ ਨੂੰ ਕੋਈ ਮਜਬੂਰ ਹੀ ਘੁੰਮਦਾ ਹੈ। ਉਹ ਵੀ ਆਪਣੇ ਨਾਲ ਕੋਈ ਨਾ ਕੋਈ ਚਾਨਣ ਦਾ ਪ੍ਰਬੰਧ ਕਰਕੇ ਚਲਦਾ ਹੈ। ਹਨੇਰਾ ਜੀਵਨ ਦਾ ਦੁੱਖ ਹੈ। ਚਾਨਣ ਜੀਵਨ ਲਈ ਸੁਖ ਹੈ। ਦਿਨ ਭਾਵ ਚਾਨਣ ਮਿੱਤਰ ਹੈ ਪਰ ਹਨੇਰਾ (ਰਾਤ) ਦੁਸ਼ਮਣ ਹੈ। ਬਲਕਿ ਹਨੇਰਾ ਦੁਸ਼ਮਣਾਂ ਦਾ ਸਾਥੀ ਹੈ, ਇਸ ਕਰਕੇ ਹੀ ਜਿੰਨੇ ਚੋਰ, ਡਾਕੂ, ਬਦਮਾਸ਼, ਠੱਗ ਆਦਿਕ ਮਾੜੀ ਬਿਰਤੀ ਵਾਲੇ ਹਨ, ਇਹ ਸਾਰੇ ਦੇ ਸਾਰੇ ਹਨੇਰੇ ਦਾ ਸਹਾਰਾ ਲੈਂਦੇ ਹਨ। ਹਨੇਰਾ ਵੀ ਇਨ੍ਹਾਂ ਦੀ ਪਹਿਚਾਣ ਲੁਕਾ ਕੇ ਇਨ੍ਹਾਂ 'ਤੇ ਆਪਣੀ ਕਾਲੀ ਚਾਦਰ ਪਾ ਕੇ ਚੰਗੇ ਲੋਕਾਂ ਤੋਂ ਬਚਾਅ ਲੈਂਦਾ ਹੈ। ਆਮ ਕਰਕੇ ਅਪਰਾਧ ਦਿਨ ਦੇ ਮੁਕਾਬਲੇ ਹਮੇਸ਼ਾ ਰਾਤ ਨੂੰ ਹੀ ਵਧੇਰੇ ਹੁੰਦੇ ਹਨ, ਇਸ ਕਰਕੇ ਹੀ ਮਨੁੱਖ ਵੀ ਦਿਨ ਦੇ ਮੁਕਾਬਲੇ ਰਾਤ ਨੂੰ ਸੁਰੱਖਿਆ ਦਾ ਜ਼ਿਆਦਾ ਪ੍ਰਬੰਧ ਕਰਦਾ ਹੈ।

ਧਾਰਮਿਕ ਦੁਨੀਆ ਵਿਚ ਵੀ ਦੋ ਤਰ੍ਹਾਂ ਦੀ ਹੀ ਵੰਡ ਹੈ। ਗੁਰਮਤਿ ਦਾ ਪ੍ਰਕਾਸ਼ ਮਾਨੋ ਦਿਨ ਦਾ ਸੂਰਜ ਹੈ ਅਤੇ ਮਨਮਤਿ ਮਾਨੋ ਕਾਲੀ ਬੋਲੀ ਰਾਤ ਹੈ। ਗੁਰਮਤਿ ਹਰ ਚੀਜ਼ ਦੀ ਪਹਿਚਾਣ ਕਰਵਾਉਂਦੀ ਹੈ ਤਾਂ ਮਨਮਤਿ ਹਰ ਚੀਜ਼ ਦੀ ਪਹਿਚਾਣ ਭੁਲਾਉਂਦੀ ਹੈ। ਗੁਰਮਤਿ ਵਿਚ ਚੰਗੇ ਗੁਣ ਪਲਰਦੇ ਹਨ ਤਾਂ ਮਨਮਤਿ ਵਿਚ ਹਮੇਸ਼ਾ ਔਗੁਣਾਂ ਦਾ ਵਾਧਾ ਹੁੰਦਾ ਹੈ। ਗੁਰਮਤਿ ਦਾ ਧਾਰਨੀ—

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੇ॥
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੇ॥

(ਪੰਨਾ ੪੧੯)

ਇਨ੍ਹਾਂ ਬੇਅੰਤ ਗੁਣਾਂ ਦਾ ਧਾਰਨੀ ਹੋ ਕੇ ਰੱਬੀ ਗੁਣ ਆਪਣੇ ਹਿਰਦੇ ਵਿਚ ਪੈਦਾ ਕਰ ਲੈਂਦਾ ਹੈ। ਮਨਮਤਿ ਜਾਂ ਦੁਰਮਤਿ ਸਾਰੇ ਔਗੁਣਾਂ ਨਾਲ ਸਾਂਝ ਬਣਾ ਦਿੰਦੀ ਹੈ।

ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ॥

(ਪੰਨਾ ੧੦੫੪)

ਗੁਰਮਤਿ, ਸੰਸਾਰ ਵਿਚ ਰਹਿਣ ਦੀ ਜੁਗਤਿ ਹੈ। ਗੁਰਮਤਿ ਨਾਲ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਬੰਦਾ ਨਿਰੰਕਾਰ ਦਾ ਬਣ ਕੇ ਰਹਿੰਦਾ ਹੈ। ਮਨਮਤਿ ਸੰਸਾਰ ਨਾਲ ਪ੍ਰੀਤ ਨਹੀਂ ਬਣਨ ਦਿੰਦੀ ਅਤੇ ਨਿਰੰਕਾਰ ਦੇ ਦਰ ਤੋਂ ਵੀ ਭਟਕਾਈ ਰੱਖਦੀ ਹੈ। ਸੰਸਾਰ ਤਾਂ ਪਹਿਲਾਂ ਹੀ ਇਕ ਅੰਨ੍ਹਾ ਡੂੰਘਾ ਟੋਆ ਹੈ।

ਮਨ ਰੇ ਸੰਸਾਰੁ ਅੰਧ ਗਹੇਰਾ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ॥ ੧॥ ਰਹਾਉ॥

(ਪੰਨਾ ੬੫੪)

ਤਮ ਸੰਸਾਰ ਭਾਵ ਸੰਸਾਰ ਹਨੇਰਾ ਹੀ ਹਨੇਰਾ ਹੋਣ ਕਰਕੇ ਰਾਤ ਨੂੰ ਜੀਵਨ ਦੇ ਲੁਟੇਰੇ ਇਸ ਨੂੰ ਲੁੱਟੀ ਜਾ ਰਹੇ ਹਨ। ਹਨੇਰਾ ਹੋਣ ਕਰਕੇ ਇਸ ਨੂੰ ਪਤਾ ਨਹੀਂ ਲੱਗਦਾ। ਜਦੋਂ ਜੀਵਨ ਦਾ ਅਖੀਰ ਆਉਂਦਾ ਹੈ ਤਾਂ ਉਸ ਵਕਤ ਬਹੁਤ ਪਛਤਾਵਾ ਹੁੰਦਾ ਹੈ। ਸੰਸਾਰ ਦੇ ਹਨੇਰੇ ਵਿਚ ਇਸ ਵਿਚਾਰੇ ਦਾ ਦੀਨ ਲੁਟਿਆ ਗਿਆ। ਹਿਰਦਾ ਲੁੱਟਿਆ ਗਿਆ, ਗੁਣ ਲੁੱਟੇ ਗਏ, ਸਭ ਕੁਝ ਲੁਟਾ ਕੇ ਔਗੁਣਾਂ ਦੀ ਪੰਡ ਬੰਨ੍ਹ ਲਈ।

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥

(ਪੰਨਾ ੨੩)

ਇਥੇ ਹੀ ਬੱਸ ਨਹੀਂ, ਰਾਜਨੀਤਕ ਵੀ ਲੁਟੇਰਿਆਂ ਦਾ ਸਾਥੀ ਬਣ ਗਿਆ। ਧਾਰਮਿਕ ਪੁਸ਼ਾਕ ਪਾ ਕੇ ਧਰਮ ਦੀਆਂ ਗੱਲਾਂ ਕਰਨ ਵਾਲਾ ਵੀ ਅਸਲ ਵਿਚ ਲੁਟੇਰਾ ਹੀ ਸੀ। ਸਭ ਤੋਂ ਵੱਡਾ ਦੁੱਖ ਕਿ ਪਰਜਾ ਅੰਧੀ ਹੋਣ ਕਰਕੇ ਕੂੜ ਕੁਸਤਿ ਹੀ

ਬੋਲੀ ਜਾ ਰਹੀ ਸੀ। ਭਾਈ ਗੁਰਦਾਸ ਜੀ ਨੇ ਬਹੁਤ ਪਿਆਰੀ ਵਿਚਾਰ ਲਿਖੀ ਹੈ—

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਅਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
ਵਰਤਿਆ ਪਾਪ ਸਭਸਿ ਜਗਿ ਮਾਂਹੀ ॥੩੦॥

(ਵਾਰ ੧, ਪਉੜੀ ੩੦)

ਸਤਿਗੁਰੂ ਜੀ ਨੇ ਸੰਸਾਰ ਦੀ ਇਹ ਹਾਲਤ ਵੇਖ ਕੇ ਗਹਿਰੀ ਸੋਚ ਵਿਚੋਂ ਸੰਸਾਰ ਦੇ ਕਲਿਆਣ ਵਾਸਤੇ ਵਿਚਾਰ ਕੀਤੀ।

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।

(ਵਾਰ ੧, ਪਉੜੀ ੨੪)

ਹਨੇਰੇ ਕਾਰਨ ਲੁੱਟੀ ਜਾ ਰਹੀ ਦੁਨੀਆਂ ਦੀ ਹਾਏ ਹਾਏ ਨੂੰ ਵੇਖ ਕੇ ਸਤਿਗੁਰੂ ਜੀ ਨੇ ਇਕੱਲੇ ਇਕੱਲੇ ਨੂੰ ਸਿਧੇ ਰਾਹੇ ਪਾਉਣ ਦੀ ਬਜਾਇ ਇਕ ਸੱਚ ਦਾ ਚਿਰਾਗ਼ ਹੀ ਜਗਾ ਦਿੱਤਾ ਜਿਸ ਨਾਲ ਸਮੁੱਚੀ ਮਨੁੱਖਤਾ ਨੂੰ ਚਾਨਣ ਮਿਲ ਸਕੇ ਅਤੇ ਇਹ ਠੋਕਰਾਂ ਖਾਂਦੀ ਲੁਕਾਈ ਜੀਵਨ-ਰਾਹ ਪਛਾਣ ਸਕੇ।

ਬਲਿਓ ਚਰਾਗੁ ਅੰਧਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥

(ਪੰਨਾ ੧੩੮੭)

ਸਤਿਗੁਰੂ ਜੀ ਨੇ ਫਿਰ ਕਿਰਪਾ ਕਰਕੇ ਸਮਝਾਇਆ ਕਿ ਤਮ ਸੰਸਾਰ ਤਦ ਹੀ ਚਾਨਣ ਵਿਚ ਆ ਸਕਦਾ ਹੈ ਜੇਕਰ ਪੂਰੇ ਸਤਿਗੁਰੂ ਜੀ ਨਾਲ ਸਾਂਝ ਬਣਾਈ ਜਾਵੇ। ਗੁਰੂ ਬਿਨਾਂ ਸਮਝ ਨਹੀਂ ਲੱਗਦੀ।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਪੰਨਾ ੪੬੩)

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

(ਪੰਨਾ ੧੩੯੯)

ਹਨੇਰਾ ਸੂਰਜ ਦੀ ਅਣਹੋਂਦ ਕਾਰਨ ਨਹੀਂ, ਹਨੇਰਾ ਤਾਂ ਸਗੋਂ ਗੁਰੂ-ਸ਼ਬਦ ਦਾ ਪ੍ਰਕਾਸ਼ ਨਾ ਹੋਣ ਕਰਕੇ ਹੈ। ਅੰਦਰ ਦੀ ਵਸਤੂ ਤਾਂ ਹੀ ਲੱਭ ਸਕਦੀ ਹੈ ਜੇਕਰ ਅੰਦਰ ਚਾਨਣ ਹੋਵੇ। ਸੂਰਜ ਬਾਹਰ ਚਾਨਣ ਕਰ ਸਕਦਾ ਹੈ ਪਰ ਅੰਦਰ ਚਾਨਣ ਕੇਵਲ ਸ਼ਬਦ ਨੇ ਹੀ ਕਰਨਾ ਹੈ।

ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥

(ਪੰਨਾ ੧੨੪)

ਕੁਝ ਕੁ ਸੰਸਾਰੀ ਵਿਚਾਰਾਂ ਵਿਚਾਰਨੀਆਂ ਚਾਹੁੰਦਾ ਹਾਂ। ਸੂਰਜ ਨੂੰ ਤਾਂ ਹਜ਼ਾਰਾਂ ਸਾਲ ਹੋ ਗਏ ਹਰ ਰੋਜ਼ ਪ੍ਰਕਾਸ਼ ਵੰਡਦਾ ਹੀ ਆ ਰਿਹਾ ਹੈ, ਪਰ ਮਨੁੱਖ ਨੇ ਫਿਰ ਇਨੇ ਕਾਲਜ, ਯੂਨੀਵਰਸਿਟੀਆਂ ਜਾਂ ਹੋਰ ਵਿਦਿਅਕ ਅਦਾਰੇ ਕਿਉਂ ਖੋਲ੍ਹੇ ਹਨ ? ਬਲਕਿ ਦੇਖਦੇ ਹਾਂ ਕਿ ਦਿਨ ਪ੍ਰਤੀ ਦਿਨ ਇਨ੍ਹਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ। ਕਿਉਂਕਿ ਮਨੁੱਖ ਨੂੰ ਇਕ ਗੱਲ ਦੀ ਸੋਝੀ ਆ ਗਈ ਹੈ ਕਿ ਜੇਕਰ ਕਿਸੇ ਨੇ ਡਾਕਟਰ ਬਣਨਾ ਹੈ ਤਾਂ ਇਹ ਡਾਕਟਰ ਸ਼ਬਦ ਹੀ ਬਣਾ ਸਕਦਾ ਹੈ। ਕੋਈ ਸਾਇੰਸਦਾਨ ਅੱਜ ਅਨੇਕਾਂ ਖੋਜਾਂ ਕਰਕੇ ਮਨੁੱਖਤਾ ਦੀ ਝੋਲੀ ਸੁਖਾਂ ਨਾਲ ਭਰ ਰਿਹਾ ਹੈ ਤਾਂ ਉਸ ਪਿਛੇ ਵੀ ਸ਼ਬਦ ਦਾ ਹੀ ਹੱਥ ਹੈ। ਕਿਸੇ ਵੀ ਜੀਵਨ ਦੇ ਖੇਤਰ ਵੱਲ ਝਾਤ ਮਾਰ ਲਈਏ, ਹਰ ਪਾਸੇ ਸ਼ਬਦ ਦੀ ਪ੍ਰਧਾਨਤਾ ਨਜ਼ਰ ਆਵੇਗੀ। ਇਸ ਕਰਕੇ ਹੀ ਅਜੋਕੀ ਜ਼ਿੰਦਗੀ ਨੇ ਬੱਚੇ ਨੂੰ ਤੁਰਨ ਫਿਰਨ, ਉਠਣ ਬੈਠਣ ਜੋਗਾ ਹੁੰਦਿਆਂ ਹੀ ਉਸ ਦੀ ਪਿੱਠ 'ਤੇ ਇਕ ਥੈਲਾ (ਬੈਗ) ਕਿਤਾਬਾਂ ਨਾਲ ਭਰ ਕੇ ਲਮਕਾ ਦਿੱਤਾ। ਇਹਨੂੰ ਪਤਾ ਹੈ ਕਿ ਸੂਰਜ ਹੋਣ ਦੇ ਬਾਵਜੂਦ ਵੀ ਮੇਰਾ ਬੱਚਾ ਡਾਕਟਰ, ਇੰਜੀਨੀਅਰ, ਸਾਇੰਸਦਾਨ, ਅਧਿਆਪਕ, ਪ੍ਰੋਫ਼ੈਸਰ ਆਦਿਕ ਨਹੀਂ ਬਣ ਸਕਦਾ। ਆਮ ਕਰਕੇ ਦੇਖਦੇ ਹਾਂ ਕਿ ਮਾਂ ਬੱਚੇ ਨੂੰ ਆਪਣੀਆਂ ਅੱਖਾਂ ਅਗੇ ਰੱਖਣਾ ਚਾਹੁੰਦੀ ਹੈ। ਮਾਂ ਲਈ ਔਲਾਦ ਦਾ ਵਿਛੋੜਾ ਦੁਖਦਾਈ ਹੁੰਦਾ ਹੈ, ਪਰ ਸਵੇਰੇ ਸਵੇਰੇ ਮਾਂ ਖ਼ੁਦ ਹੀ ਤਿਆਰ ਕਰਕੇ ਬੱਚੇ ਨੂੰ ਸਕੂਲ ਕਾਲਜ ਭੇਜਦੀ ਹੈ। ਉਹ ਇਹ ਵਿਛੋੜਾ ਖ਼ੁਸ਼ੀ ਖ਼ੁਸ਼ੀ ਕਬੂਲ ਕਰਦੀ ਹੈ ਕਿਉਂਕਿ ਮਾਂ ਨੂੰ ਪਤਾ ਹੈ ਕਿ ਜੇਕਰ ਮੇਰਾ ਬੱਚਾ ਸ਼ਬਦ ਨਾਲ ਨਾ ਜੁੜਿਆ ਤਾਂ ਇਸ ਦਾ ਜੀਵਨ ਹਮੇਸ਼ਾ ਮੁਥਾਜੀ ਭਰਿਆ, ਦੁੱਖਾਂ ਤੇ ਠੋਕਰਾਂ ਭਰਿਆ ਹੋਵੇਗਾ। ਪਿਤਾ ਵੀ ਕਈ ਵਾਰੀ ਖਿਡੌਣਾ ਮਹਿੰਗਾ ਹੋਵੇ ਤਾਂ ਲੈ ਕੇ ਨਹੀਂ ਦਿੰਦਾ। ਕੱਪੜੇ ਵੀ ਸਾਦੇ, ਸਸਤੇ ਆਪਣੀ ਸਮਰੱਥਾ

ਅਨੁਸਾਰ ਸਵਾ ਦਿੰਦਾ ਹੈ। ਖਾਣ ਪੀਣ ਦਾ ਪ੍ਰਬੰਧ ਵੀ ਠੀਕ ਠਾਕ ਕਰ ਦਿੰਦਾ ਹੈ। ਪਰ ਜੇਕਰ ਬੱਚਾ ਕਿਤਾਬ ਮੰਗਦਾ ਹੈ ਤਾਂ ਮਾਤਾ ਪਿਤਾ ਕਦੇ ਨਹੀਂ ਕਹਿੰਦੇ ਕਿ ਤੂੰ ਮਹਿੰਗੀ ਕਿਤਾਬ ਹੀ ਕਿਉਂ ਪੜ੍ਹਨੀ ਹੈ, ਕੋਈ ਹੋਰ ਸਸਤੀ ਜਿਹੀ ਲੈ ਕੇ ਪੜ੍ਹ ਲੈ। ਕਿਤਾਬ ਭਾਵੇਂ ਮਹਿੰਗੀ ਵੀ ਹੋਵੇ ਪਰ ਖ਼ੁਸ਼ੀ ਖ਼ੁਸ਼ੀ ਲੈ ਕੇ ਦਿੰਦੇ ਹਨ, ਕਿਉਂਕਿ ਪਤਾ ਹੈ ਕਿ ਸ਼ਬਦ ਤੋਂ ਬਿਨਾਂ ਪ੍ਰਕਾਸ਼ ਨਹੀਂ ਹੋਣਾ। ਇਸ ਲਈ ਮਾਂ ਆਪਣੇ ਤੋਂ ਵਿਛੋੜ ਕੇ, ਪਿਤਾ ਖ਼ਰਚ ਕਰਕੇ ਬੱਚੇ ਨੂੰ ਸ਼ਬਦ ਨਾਲ ਜੋੜਦੇ ਹਨ। ਇਹ ਵੀ ਸੱਚ ਹੈ ਕਿ ਜਿਹੜਾ ਬੱਚਾ ਸ਼ਬਦ ਨਾਲ ਜੁੜ ਜਾਂਦਾ ਹੈ, ਉਹ ਇਕ ਦਿਨ ਜ਼ਿੰਦਗੀ ਦਾ ਚੰਗਾ ਪ੍ਰਕਾਸ਼ ਹਾਸਿਲ ਕਰ ਲੈਂਦਾ ਹੈ। ਜਿਹੜੇ ਬੱਚੇ ਮਾਤਾ ਪਿਤਾ ਦਾ ਆਖਾ ਨਾ ਮੰਨ ਕੇ ਸ਼ਬਦ ਨਾਲ ਨਹੀਂ ਜੁੜਦੇ, ਉਹ ਅਕਸਰ ਔਖਾ ਭਾਵ ਦੁੱਖਾਂ ਭਰਿਆ ਜੀਵਨ ਗੁਜ਼ਾਰਦੇ ਹਨ। ਇਸ ਤਰ੍ਹਾਂ ਹੀ ਜਿਹੜੇ ਲੋਕ ਗੁਰੂ ਰੂਪ ਮਾਤਾ ਪਿਤਾ ਦਾ ਆਖਾ ਮੰਨ ਕੇ ਸ਼ਬਦ-ਗੁਰੂ ਨਾਲ ਜੁੜ ਜਾਂਦੇ ਹਨ, ਉਹ ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਕੇ ਚਾਨਣ. ਭਾਵ ਗਿਆਨ ਹਾਸਿਲ ਕਰ ਲੈਂਦੇ ਹਨ। ਗੁਰਮਤਿ ਦਾ ਚਾਨਣ ਫਿਰ ਉਨ੍ਹਾਂ ਨੂੰ ਕਦੇ ਲੁੱਟਣ ਨਹੀਂ ਦਿੰਦਾ। ਭਾਈ ਗੁਰਦਾਸ ਜੀ ਦਾ ਇਕ ਕਬਿੱਤ ਉਨ੍ਹਾਂ ਧਰਮੀ ਪੁਰਖਾਂ ਦੀ ਅੰਦਰਲੀ ਤਸਵੀਰ ਪੇਸ਼ ਕਰਦਾ ਹੈ ਜਿਨ੍ਹਾਂ ਨੇ ਗੁਰਮਤਿ ਨੂੰ ਜੀਵਨ ਦੀ ਰੌਸ਼ਨੀ ਬਣਾ ਲਿਆ ਹੈ। ਧਰਮ ਦੀ ਦੁਨੀਆਂ ਵਿਚ ਸਭ ਤੋਂ ਵੱਡੀ ਗੱਲ ਹੈ ਪ੍ਰਮੇਸ਼ਰ ਦੀ ਹੋਂਦ ਦਾ ਅਹਿਸਾਸ ਹੋ ਜਾਣਾ। ਜਿਨ੍ਹਾਂ ਨੂੰ ਇਹ ਅਹਿਸਾਸ ਹੋ ਜਾਂਦਾ ਹੈ, ਉਨ੍ਹਾਂ ਦੇ ਅੰਦਰੋਂ ਵੈਰ ਵਿਰੋਧਤਾ ਖ਼ਤਮ ਹੋ ਜਾਂਦੀ ਹੈ। ਹਰ ਪਾਸੇ ਇਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਭੇਦ-ਭਾਵ, ਉਚ-ਨੀਚ, ਦੁਬਿਧਾ ਆਦਿਕ ਸਾਰੇ ਵਿਤਕਰੇ ਮਿਟ ਜਾਂਦੇ ਹਨ। ਗੁਰੂ ਜੀ ਦੀ ਬਖ਼ਸ਼ੀ ਮਤਿ ਦਾ ਸਦਕਾ ਉਨ੍ਹਾਂ ਦੀ ਬ੍ਰਿਤੀ ਕਾਂ ਵਰਗੀ ਨਹੀਂ, ਸਗੋਂ ਹੰਸ ਵਰਗੀ ਹੋ ਜਾਂਦੀ ਹੈ। ਗੁਰੂ ਦੀ ਮਿਹਰਮਤਿ ਦਾ ਸਦਕਾ ਅੰਦਰੋਂ ਹੰਕਾਰ ਵਰਗੀ ਬੇਰਸੀ ਖ਼ਤਮ ਹੋ ਕੇ ਚੰਦਨ ਦੀ ਸੁਗੰਧੀ ਵਰਗਾ ਜੀਵਨ ਬਣ ਜਾਂਦਾ ਹੈ। ਅਜਿਹੇ ਸੱਚ ਦੇ ਜੀਵਨ ਦੇ ਧਾਰਨੀਆਂ ਨੂੰ ਫਿਰ ਕਿਸੇ ਕਰਮ-ਕਾਂਡ ਦਾ ਕੋਈ ਸਹਾਰਾ ਨਹੀਂ ਲੈਣਾ ਪੈਂਦਾ, ਉਹ ਤਾਂ ਸਗੋਂ ਦੁਨੀਆਂ ਦੀਆਂ ਆਸਾਂ ਵਾਸ਼ਨਾਵਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਭਰਪੂਰ ਵਿਸ਼ਵਾਸ ਵਿਚ ਜਿਉਂਦੇ ਹਨ।

ਗੁਰਮਤਿ ਸਤਿ ਕਰਿ ਬੈਰ ਨਿਰਬੈਰ ਭਏ,
ਪੂਰਨ ਬ੍ਰਹਮ ਗੁਰ ਸਰਬ ਮੈ ਜਾਨੇ ਹੈ॥
ਗੁਰਮਤਿ ਸਤਿ ਕਰਿ ਭੇਦ ਨਿਰਭੇਦ ਭਏ,
ਦੁਬਿਧਾ ਬਿਧਿ ਨਿਖੇਧ ਖੇਦ ਬਿਨਸਾਨੇ ਹੈ॥

ਗੁਰਮਤਿ ਸਤਿ ਕਰਿ ਬਾਇਸ ਪਰਮ-ਹੰਸ,
ਗਿਆਨ ਅੰਸ ਬੰਸ ਨਿਰਗੰਧ ਗੰਧ ਠਾਨੇ ਹੈ॥
ਗੁਰਮਤਿ ਸਤਿ ਕਰਿ ਕਰਮ ਭਰਮ ਖੋਏ,
ਆਸਾ ਮੈ ਨਿਰਾਸ ਹੁਇ ਬਿਸ੍ਵਾਸ ਉਰਿ ਆਨੇ ਹੈ॥੨੯॥

(ਕਬਿੱਤ ਸਵੱਯੇ ਭਾ: ਗੁਰਦਾਸ)

ਸ਼ੇਖ ਸਾਅਦੀ ਜੀ ਨੇ ਇਕ ਗਾਥਾ ਬਹੁਤ ਪਿਆਰੀ ਲਿਖੀ ਹੈ ਕਿ ਅਮੀਰਾਂ ਦੇ ਘਰਾਣਿਆਂ ਵਿਚੋਂ ਦੋ ਅਮੀਰਾਂ ਦੇ ਪੁੱਤਰ ਮਿਸਰ ਸ਼ਹਿਰ ਦੇ ਵਾਸੀ ਸਨ। ਹਮ ਉਮਰ ਹੋਣ ਕਰਕੇ ਅਤੇ ਦੋਨੋਂ ਅਮੀਰ ਹੋਣ ਕਰਕੇ ਦੋਸਤ ਬਣ ਗਏ। ਇਨ੍ਹਾਂ ਵਿਚੋਂ ਇਕ ਪੜ੍ਹਾਈ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਉਹ ਕਾਫ਼ੀ ਪੜ੍ਹ-ਲਿਖ ਗਿਆ। ਬਹੁਤ ਵਿਦਵਾਨ ਬਣ ਗਿਆ। ਸੰਸਾਰ ਵਿਚ ਉਸ ਦੀ ਵਿਦਵਤਾ ਦੀ ਬਹੁਤ ਚਰਚਾ ਹੋਣ ਲੱਗੀ। ਉਸ ਦਾ ਮਾਣ ਸਤਿਕਾਰ ਵੱਧ ਗਿਆ। ਦੂਜਾ ਦੋਸਤ ਪੜ੍ਹਿਆ ਤਾਂ ਬਹੁਤ ਨਹੀਂ ਸੀ ਪਰ ਉਹ ਵੀ ਤੀਖਣ ਬੁੱਧ ਦਾ ਮਾਲਿਕ ਹੋਣ ਕਰਕੇ ਆਖਿਰ ਤਰੱਕੀ ਕਰਦਾ ਕਰਦਾ ਰਾਜਾ ਬਣ ਗਿਆ। ਵਕਤ ਪਾ ਕੇ ਰਾਜੇ ਨੂੰ ਆਪਣੇ ਦੋਸਤ ਦੀ ਵਿਦਵਤਾ ਅਤੇ ਮਾਣ ਵਡਿਆਈ ਤੋਂ ਈਰਖਾ ਹੋਣ ਲੱਗ ਪਈ। ਇਕ ਦਿਨ ਇਹ ਈਰਖਾ ਜ਼ੁਬਾਨ ਉੱਤੇ ਆ ਗਈ। ਸਪੱਸ਼ਟ ਹੀ ਬੁਲਾ ਕੇ ਵੱਡੇ ਇਕੱਠ ਵਿਚ ਕਹਿ ਦਿੱਤਾ ਕਿ ਮੇਰੇ ਦੋਸਤ! ਅੱਜ ਮੇਰੇ ਵੱਲ ਦੇਖ! ਮੇਰੇ ਕੋਲ ਉਹ ਸਭ ਕੁਝ ਹੈ ਜੋ ਕਿ ਜੀਵਨ ਲਈ ਜ਼ਰੂਰੀ ਹੈ। ਤੂੰ ਵਿੱਦਿਆ ਦੇ ਅੱਖਰ ਭਾਵੇਂ ਪੜ੍ਹ ਲਏ ਹਨ ਪਰ ਤੂੰ ਮੇਰੇ ਤੋਂ ਹਜ਼ਾਰਾਂ ਗੁਣਾ ਗ਼ਰੀਬ ਹੋ ਗਿਆ ਹੈਂ। ਵਿਦਵਾਨ ਨੇ ਗੱਲ ਬਹੁਤ ਧੀਰਜ ਨਾਲ ਸੁਣੀ ਅਤੇ ਲੋਕਾਂ ਦੇ ਇਕੱਠ ਵਿਚ ਹੀ ਜਵਾਬ ਦਿੱਤਾ ਕਿ ਨਹੀਂ ਮਿੱਤਰ। ਤੈਨੂੰ ਬਹੁਤ ਭੁਲੇਖਾ ਹੈ ਅਤੇ ਇਹ ਭੁਲੇਖਾ ਵੀ ਗਿਆਨ ਦੀ ਥੁੜ੍ਹ ਕਾਰਨ ਹੀ ਹੈ। ਵਿਦਿਆ ਨਹੀਂ ਸਿਖਾਉਂਦੀ ਕਿ ਕਿਸੇ ਦੀ ਤੌਹੀਨ ਕੀਤੀ ਜਾਵੇ ਪਰ ਅੱਜ ਭਰੇ ਇਕੱਠ ਵਿਚ ਤੂੰ ਇਕ ਅਜੀਬੋ ਗ਼ਰੀਬ ਮਸਲਾ ਖੜਾ ਕਰ ਦਿੱਤਾ ਹੈ ਜਿਸ ਕਰਕੇ ਮੇਰਾ ਹੁਣ ਫ਼ਰਜ਼ ਬਣਦਾ ਹੈ ਕਿ ਲੋਕ ਗੁੰਮਰਾਹ ਨਾ ਹੋਣ ਅਤੇ ਸੱਚ ਨੂੰ ਪ੍ਰਗਟ ਕਰ ਦਿਆਂ। ਵਿਦਵਾਨ ਮਿੱਤਰ ਨੇ ਆਖਿਆ ਕਿ ਅਸਲ ਵਿਚ ਤੇਰੇ ਤੋਂ ਮੈਂ ਕਈ ਗੁਣਾ ਅਮੀਰ ਹਾਂ। ਪਹਿਲੀ ਗੱਲ ਇਹ ਕਿ ਜੋ ਕੁਝ ਤੂੰ ਪ੍ਰਾਪਤ ਕੀਤਾ ਹੈ, ਇਹ ਬਹੁਤ ਲੋਕਾਂ ਨੂੰ ਸਤਾ ਕੇ, ਦੁਖੀ ਕਰਕੇ ਪ੍ਰਾਪਤ ਕੀਤਾ ਹੋਵੇਗਾ, ਦੂਜਾ, ਤੇਰੇ ਵਰਤੋਂ ਜੋਗਾ ਸਿਰਫ਼ ਓਨਾ ਹੀ ਹੈ ਜਿੰਨਾ ਆਮ ਲੋਕਾਂ ਦੀ ਵਰਤੋਂ ਲਈ ਹੁੰਦਾ ਹੈ, ਬਾਕੀ ਦਾ ਤਾਂ ਤੂੰ ਚੌਕੀਦਾਰਾ ਕਰਦਾ ਹੈ। ਤੀਜਾ, ਇਹ ਸਭ ਕੁਝ ਤੂੰ ਇਕ ਦਿਨ ਛੱਡ ਜਾਣਾ ਹੈ। ਚੌਥਾ, ਤੇਰੇ ਖ਼ਜ਼ਾਨਿਆਂ ਦਾ ਤੈਨੂੰ ਸਦਾ ਹੀ ਡਰ ਬਣਿਆ ਰਹਿੰਦਾ ਹੈ ਕਿ ਕਿਧਰੇ ਖ਼ਤਮ ਨਾ ਹੋ ਜਾਣ। ਹੁਣ ਮੇਰੀ ਹਾਲਤ ਸੁਣ। ਮੈਂ ਵਿੱਦਿਆ

ਨਾਲ ਕਿਸੇ ਨੂੰ ਦੁੱਖ ਨਹੀਂ ਦਿੱਤਾ ਸਗੋਂ ਸੁੱਖ ਹੀ ਸੁੱਖ ਵੰਡਿਆ ਹੈ। ਦੂਜਾ ਸਾਰੇ ਦਾ ਸਾਰਾ ਗਿਆਨ ਮੇਰੇ ਜੀਵਨ-ਰਾਹ ਨੂੰ ਰੁਸ਼ਨਾਅ ਰਿਹਾ ਹੈ ਜਿਸ ਨਾਲ ਮੈਂ ਕਦੇ ਬੁਰੇ ਕਰਮ ਨਹੀਂ ਕਰਦਾ ਇਸ ਕਰਕੇ ਮੇਰਾ ਰੱਬੀ ਦਰਬਾਰ ਵਿਚ ਵੀ ਮੁਖ ਉਜਲਾ ਹੋਵੇਗਾ। ਤੂੰ ਤਾਂ ਕੇਵਲ ਆਪਣੇ ਰਾਜ ਵਿਚ ਹੀ ਰਾਜਾ ਹੈਂ। ਦੂਜੇ ਦੇਸ਼ ਵਿਚ ਤੂੰ ਆਪਣਾ ਰਾਜ ਨਹੀਂ ਚਲਾ ਸਕਦਾ ਪਰ ਮੇਰੀ ਵਿੱਦਿਆ ਤਾਂ ਮੈਂ ਜਿਥੇ ਵੀ ਜਾਵਾਂਗਾ, ਮੇਰੇ ਨਾਲ ਹੀ ਚੱਲੇਗੀ ਅਤੇ ਮੈਨੂੰ ਹਰੇਕ ਥਾਂ 'ਤੇ ਵਿਦਵਾਨ ਬਣਾਏਗੀ। ਚੌਥੀ ਗੱਲ ਮੇਰੇ ਲਈ ਇਹ ਵੱਡੀ ਹੈ ਕਿ ਇਹ ਖ਼ਜ਼ਾਨਾ ਮੈਂ ਜਿੰਨਾ ਵੀ ਵੰਡਾਂਗਾ, ਉੱਨਾ ਹੀ ਵਧੇਗਾ। ਇਸ ਦੇ ਕਦੇ ਖ਼ਤਮ ਹੋਣ ਦਾ ਡਰ ਨਹੀਂ। ਗਿਆਨ ਹੀ ਤਮ ਸੰਸਾਰ ਵਿਚੋਂ ਸੱਚ ਨੂੰ ਖੱਟਣ ਦੀ ਜੁਗਤਿ ਸਿਖਾਉਂਦਾ ਹੈ। ਸੰਸਾਰੀ ਬੰਦਾ ਹਨੇਰੇ ਵਿਚ ਹੀ ਸਾਰੇ ਜੀਵਨ ਦਾ ਭਾਰ ਢੋ ਕੇ ਤੁਰ ਜਾਂਦਾ ਹੈ ਪਰ ਤਮ ਸੰਸਾਰ ਤੋਂ ਉੱਚਾ ਉਠ ਕੇ ਗਿਆਨ ਦੀ ਦਾਤਿ ਹਾਸਿਲ ਕਰ ਲੈਣ ਵਾਲਾ ਸਦਾ ਸੁਖੀ ਅਤੇ ਸੁਹੇਲਾ ਜੀਵਨ ਗੁਜ਼ਾਰਦਾ ਹੈ।

ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥
ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥
ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥
ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥

(ਪੰਨਾ ੭੫੨)

ਜਿਹੜਾ ਵੀ ਪੁਰਖ ਗੁਰੂ ਜੀ ਦਾ ਲੜ ਛੱਡ ਕੇ ਤਮ ਸੰਸਾਰ ਵਿਚ ਭਟਕਦਾ ਰਹਿੰਦਾ ਹੈ, ਉਸ ਦਾ ਦਿਨ ਦੀਵੀਂ ਭਾਵ ਚਿੱਟੇ ਦਿਨ ਹੀ ਘਰ ਦਾ ਸਾਮਾਨ ਭਾਵ ਆਤਮਿਕ ਸਰਮਾਇਆ ਉਜੜੀ ਜਾਂਦਾ ਹੈ। ਇਸ ਸੰਸਾਰ ਦੇ ਤਮ (ਹਨੇਰੇ) ਅੰਦਰ ਹੋਣ ਕਰਕੇ ਹੰਕਾਰ ਇਸ ਦੇ ਸਰਮਾਏ ਨੂੰ ਲੁੱਟਦਾ ਰਹਿੰਦਾ ਹੈ। ਇਸ ਹਨੇਰੇ ਕਾਰਨ ਇਸ ਨੂੰ ਇਹ ਵੀ ਪਤਾ ਨਹੀਂ ਕਿ ਮੈਂ ਕਿਸ ਕੋਲ ਜਾ ਕੇ ਪੁਕਾਰ ਕਰਾਂ। ਇਸ ਦੇ ਉਲਟ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਜਾਂਦਾ ਹੈ, ਉਸ ਦੇ ਸਰਮਾਏ ਨੂੰ ਕਦੇ ਚੋਰ ਚੁਰਾ ਨਹੀਂ ਸਕਦੇ। ਗੁਰੂ ਜੀ ਉਸ ਨੂੰ ਪਰਮਾਤਮਾ ਦੇ ਨਾਮ ਦੇ ਰਾਹੀਂ ਸੁਚੇਤ ਰੱਖਦੇ ਹਨ। ਸਤਿਗੁਰੂ ਆਪਣੇ ਅੰਮ੍ਰਿਤ ਬਚਨ ਨਾਲ ਤ੍ਰਿਸ਼ਨਾ ਦੀ ਅੱਗ ਬੁਝਾ ਕੇ ਰੱਬੀ ਜੋਤਿ ਜਗਾ ਦਿੰਦਾ ਹੈ।

ਹਨੇਰਾ ਭਾਵ ਜ਼ਿੰਦਗੀ ਦੀ ਇਕ ਅਜਿਹੀ ਔਕੜ ਹੈ ਜਿਥੇ ਸਾਰੇ ਹੀ ਸਾਥ ਛੱਡ ਜਾਂਦੇ ਹਨ, ਇਥੋਂ ਤੱਕ ਕਿ ਪਰਛਾਵਾਂ ਵੀ ਗੁਆਚ ਜਾਂਦਾ ਹੈ। ਇਸ ਹਨੇਰੇ ਅੰਦਰ ਕੋਈ ਨੇੜੇ ਵੀ ਖੜਾ ਹੋਵੇ ਤਾਂ ਉਹ ਵੀ ਪਤਾ ਨਹੀਂ ਲੱਗਦਾ। ਹਨੇਰੇ ਅੰਦਰ ਕੇਵਲ ਇਕ ਸ਼ਬਦ ਹੀ ਹੈ ਜਿਹੜਾ ਸਾਥ ਦਿੰਦਾ ਹੈ। ਮਿਸਾਲ ਦੇ ਤੌਰ 'ਤੇ ਇਕ

ਬੱਚਾ ਆਪਣੇ ਘਰ ਖਿਡੌਣਿਆਂ ਆਦਿਕ ਨਾਲ ਖੇਡ ਰਿਹਾ ਹੈ, ਮਾਂ ਰਸੋਈ ਅੰਦਰ ਪ੍ਰਸ਼ਾਦ ਪਾਣੀ ਤਿਆਰ ਕਰ ਰਹੀ ਹੈ। ਅਚਾਨਕ ਲਾਈਟ ਚਲੀ ਜਾਏ ਤਾਂ ਬੱਚਾ ਸਾਰੇ ਖਿਡੌਣੇ ਛੱਡ ਕੇ ਡਰ ਜਾਂਦਾ ਹੈ। ਇਸ ਵਕਤ ਉਸ ਕੋਲ ਕੇਵਲ ਇਕ ਸ਼ਬਦ ਹੈ। ਡਰਿਆ ਹੋਇਆ ਅਵਾਜ਼ ਮਾਰਦਾ ਹੈ ਤਾਂ ਮਾਂ ਝੱਟ ਪੱਟ ਆਵਾਜ਼ ਦਿੰਦੀ ਹੈ ਕਿ ਬੇਟਾ, ਡਰ ਨਾ, ਮੈਂ ਤੇਰੇ ਕੋਲ ਹੀ ਹਾਂ। ਮਾਂ ਬੱਚੇ ਨਾਲ ਗੱਲਾਂ ਕਰਦਿਆਂ ਕਰਦਿਆਂ ਉਸ ਦੀ ਅਵਾਜ਼ ਮਗਰ ਜਾ ਕੇ ਉਸ ਬੱਚੇ ਕੋਲ ਪਹੁੰਚ ਜਾਂਦੀ ਹੈ। ਇਸ ਵੇਲੇ ਹਨੇਰੇ ਅੰਦਰ ਕੇਵਲ ਇਕ ਸ਼ਬਦ ਹੀ ਆਸਰਾ ਬਣਿਆ। ਤਮ ਸੰਸਾਰ ਅੰਦਰੋਂ ਜੇ ਜੀਵ ਨੂੰ ਕੋਈ ਕੱਢ ਸਕਦਾ ਹੈ ਤਾਂ ਉਹ ਕੇਵਲ ਸ਼ਬਦ-ਗੁਰੂ ਹੀ ਹੈ।

ਹਨੇਰੇ ਕਾਰਨ ਹੀ ਮਨੁੱਖ ਜੋ ਕੁਝ ਕਰਨ ਆਇਆ ਹੈ, ਉਹ ਸਭ ਕੁਝ ਭੁੱਲ ਕੇ ਬੱਸ ਜੀਵਨ ਅੰਦਰ ਉਹ ਠੋਕਰਾਂ ਹੀ ਖਾਂਦਾ ਰਹਿੰਦਾ ਹੈ। ਭੈਰਉ ਰਾਗ ਅੰਦਰ ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਪਵਿੱਤਰ ਬਚਨ ਹੈ ਕਿ ਮਨੁੱਖ ਮਾਇਆ ਦੇ ਪਤੀ ਦਾ ਤਿਆਗ ਕਰਕੇ ਮਾਇਆ ਮਗਰ ਦੌੜਦਾ ਹੈ ਪਰ ਸਭ ਦਾ ਅਸਲ ਵਿਚ ਮਾਲਕ ਪਰਮੇਸ਼ਰ ਪੈਦਾ ਕਰਨ ਵਾਲਾ ਹੈ, ਉਹ ਹੀ ਸਾਰੇ ਸੁਖ ਦੇਣ ਵਾਲਾ ਹੈ। ਮਨੁੱਖ ਰੱਬੀ ਰਸ ਦੀ ਬਜਾਇ ਮਾਇਕੀ ਰਸਾਂ ਵਿਚ ਮਸਤ ਹੋ ਜਾਂਦਾ ਹੈ। ਹੇ ਮੇਰੇ ਮਨ! ਅਸਲ ਵਿਚ ਪਰਮਾਤਮਾ ਦਾ ਨਾਮ ਹੀ ਜੱਪਣਾ ਚਾਹੀਦਾ ਹੈ। ਉਸ ਦੀ ਯਾਦ ਤੋਂ ਬਿਨਾਂ ਹੋਰ ਦੂਜਿਆਂ ਦੀ ਯਾਦ ਜ਼ਿੰਦਗੀ ਦਾ ਕਾਰਜ ਵਿਗਾੜ ਤਾਂ ਸਕਦੀ ਹੈ ਪਰ ਸੁਆਰ ਕੁਝ ਵੀ ਨਹੀਂ ਸਕਦੀ।

ਜੀਵਨ-ਸੂਝ ਤੋਂ ਸੱਖਣੇ ਮਨੁੱਖ, ਅੰਨ੍ਹੇ ਮਨੁੱਖ, ਸਭ ਕੁਝ ਕਰਨ ਕਰਾਵਨਹਾਰ ਪਰਮੇਸ਼ਰ ਦਾ ਤਿਆਗ ਕਰਕੇ ਦਾਸੀ ਨੂੰ ਹੀ ਪੂਜਣ ਲੱਗ ਪੈਂਦੇ ਹਨ। ਆਪ ਤਾਂ ਬੰਦਗੀ ਨਹੀਂ ਕਰਨੀ ਸੀ ਸਗੋਂ ਬੰਦਗੀ ਕਰਨ ਵਾਲਿਆਂ ਦੀ ਵੀ ਨਿੰਦਾ ਕਰਨ ਲੱਗ ਪੈਂਦੇ ਹਨ। ਅਗਿਆਨਤਾ ਕਾਰਨ ਅਜਿਹੇ ਗੁਰੂ ਤੋਂ ਵਿਛੜੇ ਲੋਕ, ਪਸ਼ੂਆਂ ਵਰਗੇ ਹੁੰਦੇ ਹਨ। ਜਿਸ ਪ੍ਰਮੇਸ਼ਰ ਨੇ ਸੋਹਣੀ ਜਿੰਦ ਬਖ਼ਸ਼ੀ, ਇਹ ਸਰੀਰ ਦਿੱਤਾ। ਹੋਰ ਸਭ ਕੁਝ ਉਸ ਮਾਲਿਕ ਦਾ ਹੀ ਤਾਂ ਹੈ ਪਰ ਇਹ ਅਕਲੋਂ ਸੱਖਣੇ ਹਰ ਚੀਜ਼ ਉੱਤੇ ਮੈਂ ਮੇਰੀ ਦੀ ਮੋਹਰ ਲਾਉਣ ਦੀ ਝੂਠੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਹੋ ਹੀ ਖੋਟੀ ਮਤਿ ਉਨ੍ਹਾਂ ਦਾ ਪਾਰ ਉਤਾਰਾ ਨਹੀਂ ਹੋਣ ਦਿੰਦੀ ਅਤੇ ਜਗਤ ਅੰਦਰ ਭਟਕਣਾ ਬਣੀ ਹੀ ਰਹਿੰਦੀ ਹੈ। ਭੁੱਲੜ ਮਨੁੱਖ ਕਦੇ ਹੋਮ, ਜੱਗ, ਜਪ ਤਪ, ਤੀਰਥਾਂ ਦਾ ਇਸ਼ਨਾਨ ਆਦਿਕ ਦਾ ਸਹਾਰਾ ਭਾਲਦਾ ਰਹਿੰਦਾ ਹੈ ਪਰ ਸੱਚ ਹਕੀਕਤ ਹੈ ਕਿ ਇਹ ਸਭ ਕੁਝ ਰੱਬੀ ਮਿਲਾਪ ਲਈ ਸਹਾਇਕ ਸਿੱਧ ਨਹੀਂ ਹੁੰਦਾ। ਜਿਹੜੇ ਜੀਵ ਗੁਰੂ ਜੀ ਦੀ ਸ਼ਰਨ ਪੈ ਕੇ ਅਰਦਾਸ ਕਰਦੇ ਹਨ, ਉਨ੍ਹਾਂ ਦਾ ਅਗਿਆਨਤਾ ਵਸ ਪੈਦਾ ਹੋਇਆ ਆਪਾ ਭਾਵ ਮਿਟ ਜਾਂਦਾ ਹੈ ਅਤੇ ਉਹ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ

ਕਰ ਲੈਂਦੇ ਹਨ। ਪਵਿੱਤਰ ਬਚਨ ਹੈ—

ਸ੍ਰੀਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖਦਾਤਾ ॥
ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ ॥੧॥
ਰੇ ਮਨ ਮੇਰੇ ਤੂ ਗੋਵਿੰਦ ਭਾਜੁ ॥
ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥੧॥ ਰਹਾਉ ॥
ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥
ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥
ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥੩॥
ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥
ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥ ੪॥੧॥੧੪॥

(ਪੰਨਾ ੧੧੩੮)

ਸਤਿਗੁਰੂ ਜੀ ਦਾ ਮਹਾਨ ਪਰਉਪਕਾਰ ਉਦੋਂ ਪੂਰਨ ਖ਼ਿਆਲ ਵਿਚ ਆਉਂਦਾ ਹੈ ਜਦੋਂ ਆਪਾਂ ਮਨੁੱਖੀ ਜੀਵਨ ਦੀ ਅਰੰਭਤਾ ਤੋਂ ਅੱਜ ਤੱਕ ਦੇਖਦੇ ਹਾਂ। ਇੰਝ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਨੂੰ ਜੀਵਨ ਤਾਂ ਮਿਲ ਗਿਆ ਪਰ ਇਸ ਨੂੰ ਜਿਊਣ ਦੀ ਤਰਕੀਬ ਆਪ ਘੜਨੀ ਪਈ। ਸਭ ਤੋਂ ਪਹਿਲਾਂ ਜਦੋਂ ਕੋਈ ਖ਼ਤਰਾ ਇਸ ਦੇ ਅੱਗੇ ਆਇਆ ਹੋਵੇਗਾ ਤਾਂ ਉਸ ਦਾ ਮੁਕਾਬਲਾ ਕਰਨ ਲਈ ਇਸ ਨੇ ਧਰਤੀ 'ਤੇ ਖਿਲਰੇ ਪੱਥਰਾਂ ਦਾ ਸਹਾਰਾ ਲਿਆ ਹੋਵੇਗਾ। ਕੋਈ ਜੰਗਲੀ ਜਾਨਵਰ ਆਇਆ ਤਾਂ ਪੱਥਰ ਚੁੱਕਿਆ, ਵਗਾ ਕੇ ਮਾਰਿਆ ਅਤੇ ਖ਼ਤਰੇ ਤੋਂ ਆਪਣੇ ਆਪ ਨੂੰ ਬਚਾਅ ਲਿਆ। ਫਿਰ ਕਦੇ ਭੁੱਖ ਨੇ ਸਤਾਇਆ ਤਾਂ ਦਰੱਖ਼ਤਾਂ 'ਤੇ ਲੱਗੇ ਫਲ ਇਸ ਦੀ ਪਹੁੰਚ ਤੋਂ ਦੂਰ ਸਨ ਤਾਂ ਉਦੋਂ ਵੀ ਪੱਥਰ ਕੰਮ ਆਇਆ। ਪੱਥਰ ਮਾਰਿਆ, ਫਲ ਝੜ ਗਿਆ ਅਤੇ ਖਾ ਲਿਆ। ਕਦੇ ਕਦਾਈਂ ਜੰਗਲੀ ਜਾਨਵਰਾਂ ਦਾ ਮੁਕਾਬਲਾ ਕਰਦਿਆਂ ਕਦੇ ਪੱਥਰ ਟਿਕਾਣੇ ਲੱਗ ਗਿਆ ਤਾਂ ਉਹ ਮਰ ਗਿਆ। ਜੰਗਲੀ ਜਾਨਵਰ ਇਸ ਨੇ ਔਖੇ ਵੇਲੇ ਖਾ ਵੀ ਲਿਆ। ਸਰਦੀ ਦੇ ਦੁੱਖ, ਹਨੇਰੇ ਦੇ ਦੁੱਖ, ਹੋਰ ਜੀਵਨ ਦੀਆਂ ਸਮੱਸਿਆਵਾਂ ਨੇ ਦੋ ਪੱਥਰਾਂ ਨੂੰ ਭਿੜਦੇ ਦੇਖ ਕੇ ਪੱਥਰਾਂ ਨੂੰ ਰਗੜ ਕੇ ਅੱਗ ਪੈਦਾ ਕਰਨ ਦੀ ਜਾਚ ਸਿਖਾ ਦਿੱਤੀ। ਪੱਥਰਾਂ ਨਾਲ ਹੀ ਇਸ ਨੇ ਆਪਣੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਇਤਿਹਾਸਕ ਤੌਰ 'ਤੇ ਸਿੰਧੂ ਘਾਟੀ ਦੀ ਸਭਿਅਤਾ ਇਹੋ ਕੁਝ ਹੀ ਪ੍ਰਗਟ ਕਰਦੀ ਹੈ। ਪੱਥਰਾਂ ਦਾ ਇਕੱਠ ਕਰਕੇ ਇਕ ਉੱਚਾ ਥੜਾ ਬਣਾ ਕੇ ਰਹਿਣ ਲਈ ਕੀੜੇ ਕਾਢਿਆਂ ਆਦਿਕ ਤੋਂ ਬਚਾਅ ਪ੍ਰਤੀਤ ਹੋਇਆ। ਉਪਰੋਕਤ ਵਿਚਾਰ ਤੋਂ ਭਾਵ ਹੈ ਕਿ ਅਰੰਭਕ ਸਾਥੀ ਇਸ ਦਾ ਪੱਥਰ ਬਣਿਆ।

ਪਰ ਅੱਗੇ ਜਾ ਕੇ ਇਕ ਮੁਸੀਬਤ ਬਣ ਗਈ। ਪੱਥਰ ਗੁਜ਼ਰਾਨ ਲਈ ਤਾਂ ਬਹੁਤ ਚੰਗਾ ਸੀ ਪਰ ਮਨੁੱਖ ਦੀ ਅਗਿਆਨਤਾ ਦਾ ਲਾਭ ਉਠਾ ਕੇ ਕੁਝ ਚਲਾਕ ਲੋਕਾਂ ਨੇ ਗੁਜ਼ਰਾਨ ਨੂੰ ਭਗਵਾਨ ਬਣਾ ਦਿੱਤਾ। ਮਕਾਨ ਵੀ ਪੱਥਰਾਂ ਦੇ, ਭਗਵਾਨ ਵੀ ਪੱਥਰਾਂ ਦੇ। ਸਤਿਗੁਰੂ ਜੀ ਨੇ ਇਸ ਪੱਥਰ-ਜੁੱਗ ਤੋਂ ਸ਼ੁਰੂ ਹੋ ਕੇ ਬਾਹਰੀ ਤਰੱਕੀ ਕਰ ਬੈਠੇ ਮਨੁੱਖ ਨੂੰ ਪਰ ਅੰਦਰੋਂ ਪੱਥਰ ਪੂਜ ਪੂਜ ਪੱਥਰ ਹੋਏ ਮਨੁੱਖ ਨੂੰ ਸਮਝਾਇਆ ਕਿ ਪੱਥਰ ਗੁਜ਼ਰਾਨ ਲਈ ਅੱਜ ਵੀ ਮਾੜਾ ਨਹੀਂ। ਅੱਜ ਵੀ ਪੱਥਰਾਂ ਦੀਆਂ ਸੜਕਾਂ ਬਣਦੀਆਂ ਹਨ ਜਾਂ ਹੋਰ ਅਨੇਕਾਂ ਥਾਵਾਂ 'ਤੇ ਮਦਦਗਾਰ ਹੈ ਪਰ ਪੂਜਣ ਲਈ ਪੱਥਰ ਦਾ ਭਗਵਾਨ ਨਹੀਂ ਬਲਕਿ ਉਸ ਨੂੰ ਪੂਜਣਾ ਹੈ ਜਿਸ ਨੇ ਮਨੁੱਖ ਅਤੇ ਹੋਰ ਕਾਇਨਾਤ ਪੈਦਾ ਕੀਤੀ ਹੈ। ਮਨੁੱਖ ਗ਼ੁਲਾਮੀ ਪੱਥਰ ਦੀ ਹੀ ਕਰਦਾ ਰਿਹਾ। ਧਰਮੀ ਬੰਦਾ ਪੱਥਰ ਪੂਜਣ ਲੱਗ ਪਿਆ ਅਤੇ ਸੰਸਾਰੀ ਬੰਦਾ ਕੀਮਤੀ ਪੱਥਰ ਹੀਰੇ ਮੋਤੀ ਸਮਝ ਕੇ ਸੰਭਾਲਣ ਵਿਚ ਲੱਗ ਗਿਆ। ਮਨੁੱਖਾ ਜ਼ਿੰਦਗੀ ਦੀ ਪ੍ਰਕਰਮਾ ਪੱਥਰ ਦੁਆਲੇ ਹੀ ਸੀ ਪਰ ਮੱਨੁਖ ਨੂੰ ਇਥੋਂ ਚੁੱਕ ਕੇ ਸਤਿਗੁਰੂ ਜੀ ਨੇ ਮਹਾਨ ਪਰਉਪਕਾਰ ਕੀਤਾ। ਇਸ ਭੁੱਲੜੇ ਮਨੁੱਖ ਨੂੰ ਸ਼ਬਦ-ਗੁਰੂ ਨਾਲ ਜੋੜ ਕੇ ਤਮ ਸੰਸਾਰ ਵਿਚੋਂ ਕੱਢ ਕੇ ਰੱਬੀ ਰਾਹ ਦਿਖਾਇਆ। ਇਕ ਬਚਨ ਕਬੀਰ ਸਾਹਿਬ ਜੀ ਦਾ ਵਿਚਾਰਦੇ ਹਾਂ—

> ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
> ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥
> ਮਨ ਰੇ ਸੰਸਾਰੁ ਅੰਧ ਗਹੇਰਾ ॥
> ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥
> ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥
> ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥
> ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥
> ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥
> ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥
> ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥ ੪ ॥੧॥

(ਪੰਨਾ ੬੫੪)

ਕਬੀਰ ਸਾਹਿਬ ਜੀ ਦੇ ਸਮੁੱਚੇ 243 ਸਲੋਕਾਂ ਵਿਚੋਂ ਸਲੋਕ ਨੰਬਰ 241 ਅਤੇ 242 ਅੰਦਰ ਭਗਤ ਜੀ ਨੇ ਦੂਜੇ ਭਗਤਾਂ ਦੇ ਵਿਚਾਰ ਪੇਸ਼ ਕੀਤੇ ਹਨ। ਸਲੋਕ ਨੰਬਰ 241 ਅੰਦਰ ਭਗਤ ਨਾਮਦੇਵ ਜੀ ਦੀ ਵਿਚਾਰ ਹੈ ਅਤੇ 242 ਅੰਦਰ ਭਗਤਿ ਰਵਿਦਾਸ ਜੀ ਦੀ ਵਿਚਾਰ ਹੈ ਪਰ ਆਪਾਂ ਇਥੇ ਭਗਤ ਨਾਮਦੇਵ ਜੀ ਦੀ ਵਿਚਾਰ ਵਾਲੇ ਸਲੋਕ ਦੀ ਵਿਚਾਰ ਕਰਦੇ ਹਾਂ। ਭਗਤ ਕਬੀਰ ਸਾਹਿਬ ਜੀ ਆਖਦੇ

ਹਨ ਕਿ ਨਾਮਦੇਵ ਦਾ ਇਹ ਵਿਚਾਰ ਹੈ ਕਿ ਬੰਦਗੀ ਕਰਨ ਵਾਲੇ ਚੰਗੇ ਗੁਰਮੁਖਾਂ ਦੀ ਸੰਗਤ ਤੋਂ ਬਿਨਾਂ ਮਨੁੱਖ ਅਤੇ ਪਰਮੇਸ਼ਰ ਦਾ ਮਿਲਾਪ ਨਹੀਂ ਹੁੰਦਾ। ਜਿਹੜੇ ਮਨੁੱਖ ਪਰਮਾਤਮਾ ਨੂੰ ਮਿਲਣ ਦੀ ਲੋਚਾ ਤਾਂ ਰੱਖਦੇ ਹਨ, ਪਰ ਗੁਰਮੁਖਾਂ ਦੀ ਪਹਿਚਾਣ ਨਹੀਂ ਕਰਦੇ ਅਤੇ ਨਾ ਹੀ ਸੰਗਤ ਕਰਦੇ ਹਨ, ਅਜਿਹੇ ਲੋਕ ਨਿਰੇ ਤਮ ਸੰਸਾਰ ਅੰਦਰ ਹੀ ਟੱਕਰਾਂ ਮਾਰਦੇ ਹਨ।

ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥
ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥

(ਪੰਨਾ ੧੩੭੭)

ਇਸ ਕਰਕੇ ਮਨੁੱਖ ਅਰਦਾਸ ਕਰੇ ਕਿ ਸਾਰਾ ਸੰਸਾਰ ਅਸਲ ਵਿਚ ਇਕ ਜ਼ਹਿਰ ਦਾ ਹੀ ਖੂਹ ਹੈ। ਇਸ ਅੰਦਰ ਆਤਮਿਕ ਬੇਸਮਝੀ ਅਤੇ ਮੋਹ ਮਮਤਾ ਦਾ ਗਹਿਰਾ ਹਨੇਰਾ ਹੈ। ਹੇ ਪ੍ਰਭੂ ਜੀ ! ਕਿਰਪਾ ਕਰਕੇ ਮੇਰੀ ਬਾਂਹ ਪਕੜ ਕੇ ਮੇਰੀ ਰੱਖਿਆ ਕਰੋ। ਮੈਨੂੰ ਆਪਣੇ ਨਾਮ ਦੀ ਦਾਤਿ ਬਖ਼ਸ਼ਿਸ਼ ਕਰੋ। ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਵੀ ਨਹੀਂ, ਮੈਂ ਤੇਰੇ ਤੋਂ ਕੁਰਬਾਨ ਜਾਂਦਾ ਹਾਂ।

ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥
ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪਨਾ ਦੇਹੁ ॥

(ਪੰਨਾ ੮੩੮)

ਮਾਇਆ ਦੀ ਵੀ ਬਹੁਤ ਵੱਡੀ ਤਾਕਤ ਹੈ। ਮਾਇਆ ਆਪਣੇ ਤਿੰਨ ਗੁਣ ਵਰਤ ਕੇ ਸੰਸਾਰ ਨੂੰ ਆਹਰੇ ਲਾਉਂਦੀ ਹੈ। ਪਹਿਲਾ ਰਜ ਗੁਣ ਹੈ ਜਿਥੇ ਜੀਵ ਅੰਦਰ ਹੰਕਾਰ ਪੈਦਾ ਹੁੰਦਾ ਹੈ। ਹੰਕਾਰੀ ਬੰਦਾ ਮੱਥਾ ਨਿਵਾਉਣ ਦੀ ਥਾਂ ਮੱਥਾ ਟਕਰਾਉਣ ਲੱਗ ਪੈਂਦਾ ਹੈ ਪਰ ਕਰਤੇ ਨਾਲ ਕਿਰਤ ਦਾ ਕੀ ਮੁਕਾਬਲਾ ? ਮਾਇਆ ਦਾ ਇਹ ਗੁਣ ਆਖ਼ਿਰ ਜੀਵਨ ਦੀ ਬਾਜ਼ੀ ਬਰਬਾਦ ਕਰ ਦਿੰਦਾ ਹੈ। ਮਾਇਆ ਦਾ ਦੂਜਾ ਗੁਣ ਹੈ ਹਨੇਰਾ ਅੰਧ ਕੂਪ, ਜਿਥੇ ਜੀਵਨ ਦੀ ਆਪਣੇ ਆਪ ਦੀ, ਰੱਬ ਦੀ, ਗੁਰੂ ਦੀ ਕੋਈ ਪਹਿਚਾਣ ਨਹੀਂ ਰਹਿੰਦੀ। ਜੀਵਨ ਕੇਵਲ ਮਾਇਕੀ ਇਸ਼ਾਰਿਆਂ 'ਤੇ ਮਾਟੀ ਕਾ ਪੁਤਲਾ ਬਣ ਕੇ ਨਚਦਾ ਰਹਿੰਦਾ ਹੈ ਅਤੇ ਇਹ ਪੁਤਲਾ ਇਕ ਦਿਨ ਟੁੱਟ ਜਾਂਦਾ ਹੈ। ਮਾਇਆ ਦਾ ਤੀਜਾ ਗੁਣ ਸਤਗੁਣ ਹੈ, ਜਿਥੇ ਕੰਮ ਚੰਗੇ ਹਨ, ਖ਼ੁਸ਼ੀ ਹੈ, ਪਰ ਅਸਲ ਜੀਵਨ-ਮੁਕਤੀ ਦੀ ਦਾਤ ਚਉਥੇ ਪਦ ਅੰਦਰ ਹੀ ਹੈ ਕਿਉਂਕਿ ਚਉਥਾ ਗੁਣ ਮਾਇਆ ਦਾ ਨਹੀਂ ਬਲਕਿ ਰੱਬੀ ਗੁਣ ਹੈ। ਮਾਇਆ ਦਾ ਪ੍ਰਮੁੱਖ ਗੁਣ ਤਮ ਗੁਣ ਹੀ ਹੈ ਜਿਥੇ ਜੀਵਨ ਦੀ ਸੂਝ ਬੂਝ ਹੀ ਕੋਈ ਨਹੀਂ ਹੁੰਦੀ।

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ੍ ਤਿਨ੍ ਹੀ ਪਰਮ ਪਦੁ ਪਾਇਆ॥

(ਪੰਨਾ ੧੧੨੩)

ਹਨੇਰੇ ਕਾਰਨ ਭਟਕਦੇ ਜਗਤ ਅੰਦਰ ਧੰਨ ਗੁਰੂ ਨਾਨਕ ਸਾਹਿਬ ਜੀ "ਬਲਿਓ ਚਰਾਗੁ ਅੰਧ੍ਾਰ ਮਹਿ" ਦਾ ਰੂਪ ਧਾਰ ਕੇ ਮਨੁੱਖਤਾ ਨੂੰ ਰੱਬੀ ਰਾਹ ਦਰਸਾਉਣ ਅਤੇ ਰੁਸ਼ਨਾਉਣ ਲਈ ਪ੍ਰਗਟ ਹੋਏ। ਉਨ੍ਹਾਂ ਨੇ ਕਿਰਪਾ ਕਰਕੇ ਇਹੀ ਦਾਤਿ ਧੰਨ ਗੁਰੂ ਅੰਗਦ ਸਾਹਿਬ ਜੀ ਨੂੰ ਬਖ਼ਸ਼ੀ। ਭੱਟਾਂ ਦਾ ਬਚਨ ਹੈ ਕਿ ਹੇ ਗੁਰੂ ਅੰਗਦ ਸਾਹਿਬ ਜੀ! ਤੁਹਾਡੀ ਮਿਹਰ ਭਰੀ ਤੱਕਣੀ ਨਾਲ ਹੀ ਅਗਿਆਨਤਾ ਦਾ ਹਨੇਰਾ ਨਾਸ਼ ਹੋ ਜਾਂਦਾ ਹੈ। ਤੁਸੀਂ ਪਾਪਾਂ ਦਾ ਨਾਸ਼ ਕਰਨ ਵਾਲੇ ਹੋ। ਸ਼ਬਦ ਦੇ ਸੂਰਮੇ ਹੋ। ਤੁਹਾਡੇ ਅੰਦਰ ਉਹ ਤਾਕਤ ਹੈ ਜਿਸ ਨਾਲ ਜੀਵ ਦੇ ਅੰਦਰਲੇ ਵੈਰੀ ਕਾਮ ਕਰੋਧ ਨਾਸ਼ ਹੋ ਜਾਂਦੇ ਹਨ। ਤੁਹਾਡੇ ਬਚਨ ਅੰਮ੍ਰਿਤ ਸਮਾਨ ਹਨ। ਤੁਸਾਂ ਲੋਭ ਮੋਹ ਵਸ ਕੀਤਾ ਹੋਇਆ ਹੈ। ਸ਼ਰਨ ਆਏ ਦੀ ਲਾਜ ਪਾਲਦੇ ਹੋ। ਆਤਮਿਕ ਪ੍ਰੇਮ ਦਾ ਖ਼ਜ਼ਾਨਾ ਹੋ। ਭੱਟ ਕਲਸਹਾਰ ਜੀ ਆਖਦੇ ਹਨ ਕਿ ਜਿਹੜਾ ਵੀ ਜੀਵ ਗੁਰੂ ਅੰਗਦ ਸਾਹਿਬ ਜੀ ਦੀ ਸ਼ਰਨ ਵਿਚ ਆ ਜਾਂਦਾ ਹੈ, ਉਹ ਯਕੀਨਨ ਤਰ ਜਾਂਦਾ ਹੈ।

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥
ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥
ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥
ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ॥
ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ॥
ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥

(ਪੰਨਾ ੧੩੯੧)

ਗੁਰੂ ਰਾਮਦਾਸ ਜੀ ਨੇ ਇਹੀ ਸੋਚ ਲੈ ਕੇ ਕਿ ਜਗਤ ਕਿਧਰੇ ਹਨੇਰੇ ਅੰਧ ਘੋਰ ਵਿਚ ਹੀ ਠੋਕਰਾਂ ਨਾ ਖਾਂਦਾ ਫਿਰੇ, ਸਾਡੇ 'ਤੇ ਤਰਸ ਕਰਕੇ ਗੁਰੂ-ਜੋਤਿ ਗੁਰੂ ਅਰਜਨ ਪਾਤਿਸ਼ਾਹ ਜੀ ਅੰਦਰ ਟਿਕਾ ਦਿੱਤੀ। ਜਿਹੜਾ ਵੀ ਜੀਵ ਉਨ੍ਹਾਂ ਦੀ ਸੇਵਾ ਕਰਕੇ ਪ੍ਰਸੰਨਤਾ ਹਾਸਿਲ ਕਰ ਲੈਂਦਾ ਹੈ, ਉਹ ਭਵਜਲੋਂ ਤਰ ਜਾਂਦਾ ਹੈ।

ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ॥

(ਪੰਨਾ ੧੪੦੯)

ਗੁਰੂ ਅਰਜਨ ਸਾਹਿਬ ਜੀ ਨੇ ਵੀ ਮਹਾਨ ਪਰਉਪਕਾਰ ਕੀਤਾ। 'ਗੁਰਬਾਣੀ ਇਸੁ ਜਗ ਮਹਿ ਚਾਨਣ' ਹੋਣ ਕਰਕੇ ਮਨੁੱਖਤਾ ਸਦਾ ਲਈ ਚਾਨਣ ਲੈ ਕੇ ਤਮ ਸੰਸਾਰ ਵਿਚੋਂ ਨਿਕਲਦੀ ਰਹੇ, ਇਸ ਲਈ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕਰ ਦਿੱਤਾ। ਆਮ ਕਰਕੇ ਮੰਦਰਾਂ ਅੰਦਰ ਤਾਂ ਮੂਰਤੀਆਂ ਹੀ ਪੂਜੀਆਂ ਜਾਂਦੀਆਂ ਸਨ ਪਰ ਗੁਰੂ ਜੀ ਨੇ ਹਰਿਮੰਦਰ ਸਾਹਿਬ ਵਿਖੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪ੍ਰਗਟ ਕਰ ਦਿੱਤਾ ਕਿ ਤਮ ਸੰਸਾਰ ਵਿਚੋਂ ਕਿਵੇਂ ਨਿਕਲਣਾ ਹੈ।

ਗੁਰੂ ਨਾਨਕ ਪਾਤਿਸ਼ਾਹ ਜੀ ਤੋਂ ਗੁਰਿਆਈ ਦੀਆਂ ਬਖ਼ਸ਼ਿਸ਼ਾਂ ਲੈ ਕੇ ਧੰਨ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਖਡੂਰ ਸਾਹਿਬ ਆ ਕੇ ਬਿਰਾਜ ਗਏ। ਇਥੇ ਕੋਈ ਤਨ ਕਰਕੇ, ਕੋਈ ਮਨ ਕਰਕੇ, ਕੋਈ ਧਨ ਕਰਕੇ ਸੇਵਾ ਵਿਚ ਲੱਗ ਗਿਆ। ਖਡੂਰ ਸਾਹਿਬ ਧਰਤੀ ਦਾ ਰੱਬੀ ਸਵਰਗ ਬਣ ਗਿਆ। ਮਾਤਾ ਖੀਵੀ ਜੀ ਜਿਥੇ ਲੰਗਰ ਅੰਦਰ ਦੌਲਤ ਵੰਡਦੇ ਸਨ, ਉਥੇ ਗੁਰੂ ਅੰਗਦ ਸਾਹਿਬ ਜੀ ਰੱਬੀ ਦੌਲਤ ਵੰਡਦੇ ਸਨ। ਹਰ ਤਰ੍ਹਾਂ ਦੇ ਲੋੜਵੰਦ ਗੁਰੂ ਜੀ ਕੋਲੋਂ ਲੋਕ ਪ੍ਰਲੋਕ ਦੀਆਂ ਰਹਿਮਤਾਂ ਲੈ ਕੇ ਝੋਲੀਆਂ ਭਰ ਰਹੇ ਸਨ। ਇਸ ਤਰ੍ਹਾਂ ਕਰੀਬ ਦੋ ਸਾਲ ਦਾ ਸਮਾਂ ਲੰਘ ਗਿਆ। ਇਕ ਪਰਮਾਰਥੀ ਰਾਹ ਦਾ ਰਾਹੀ ਗੁਰੂ ਜੀ ਦੀ ਮਹਿਮਾ ਸੁਣ ਕੇ ਖਡੂਰ ਸਾਹਿਬ ਆ ਗਿਆ। ਗੁਰੂ ਪਾਤਿਸ਼ਾਹ ਕੋਲ ਆਪਣੇ ਦੁੱਖ ਦੀ ਵਿਥਿਆ ਸੁਣਾਈ ਕਿ ਪਾਤਿਸ਼ਾਹ ਜੀ! ਮੈਂ ਰੱਬੀ ਮਿਲਾਪ ਲਈ ਤੜਪ ਰਿਹਾ ਹਾਂ, ਪਰ ਮੈਨੂੰ ਦੁਨੀਆ ਦੇ ਤਮ (ਹਨੇਰੇ) ਵਿਚੋਂ ਕੋਈ ਰਸਤਾ ਨਹੀਂ ਲੱਭਦਾ। ਮੈਂ ਇਕ ਜੋਗੀ ਕੋਲ ਗਿਆ ਸਾਂ ਕਿ ਸ਼ਾਇਦ ਇਸ ਦੇ ਕੋਲੋਂ ਮੈਨੂੰ ਕੁਝ ਸੋਝੀ ਪ੍ਰਾਪਤ ਹੋਵੇ ਪਰ ਜੋਗੀ ਨੇ ਪਹਿਲਾ ਸੁਆਲ ਰੱਖ ਦਿੱਤਾ ਕਿ ਸਭ ਤੋਂ ਪਹਿਲਾਂ ਆਪਣਾ ਘਰ ਬਾਰ ਤਿਆਗ ਕੇ ਮੇਰੇ ਕੋਲ ਆ ਕੇ ਜੋਗ ਧਾਰਨ ਕਰ, ਫਿਰ ਅਗਲੀ ਵਿਚਾਰ ਕਰਾਂਗੇ। ਸਤਿਗੁਰੂ ਜੀ! ਮੇਰਾ ਵੈਰਾਗ ਹਾਲੇ ਉਸ ਅਵਸਥਾ ਵਿਚ ਨਹੀਂ ਪਹੁੰਚਿਆ ਕਿ ਘਰ ਬਾਰ ਦਾ ਤਿਆਗ ਮਾਨਸਿਕ ਤੌਰ 'ਤੇ ਕਰ ਸਕਾਂ। ਸਰੀਰਕ ਤੌਰ 'ਤੇ ਤਿਆਗ ਕੇ ਆ ਵੀ ਗਿਆ ਤਾਂ ਬ੍ਰਿਤੀ ਪਿਛੇ ਪਰਿਵਾਰ ਮਗਰ ਹੀ ਲੱਗੀ ਰਹੇਗੀ। ਸੋ ਮੈਂ ਜੋਗੀ ਨੂੰ ਛੱਡ ਕੇ ਤੁਹਾਡੀ ਮਹਿਮਾ ਸੁਣ ਕੇ ਇਥੇ ਆਇਆ ਹਾਂ। ਕਿਰਪਾ ਕਰਕੇ ਮੈਨੂੰ ਇਸ ਹਨੇਰੇ ਵਿਚੋਂ ਕੱਢੋ ਜੀ।

ਮਿਹਰਾਂ ਦੇ ਦਾਤੇ ਧੰਨ ਗੁਰੂ ਅੰਗਦ ਸਾਹਿਬ ਜੀ ਨੇ ਬਚਨ ਕੀਤੇ ਕਿ ਭਾਈ, ਸੰਸਾਰ ਜਾਂ ਪਰਿਵਾਰ ਨੂੰ ਤਿਆਗਣ ਦੀ ਜ਼ਰੂਰਤ ਨਹੀਂ, ਸਗੋਂ ਉਨ੍ਹਾਂ ਬ੍ਰਿਤੀਆਂ ਨੂੰ ਤਿਆਗਣ ਦੀ ਜ਼ਰੂਰਤ ਹੈ ਜਿਹੜੀਆਂ ਸੰਸਾਰ ਨੂੰ ਨਰਕ ਜਾਂ ਦੁਖਾਂ ਦਾ ਘਰ ਬਣਾ ਦਿੰਦੀਆਂ ਹਨ। ਮਨ ਦੇ ਤਬਦੀਲ ਹੋਣ ਨਾਲ ਘਰ ਪਰਿਵਾਰ ਵਿਚ ਰਹਿੰਦਿਆਂ ਹੀ ਬੰਦਾ ਰੱਬੀ ਮਿਲਾਪ ਹਾਸਿਲ ਕਰ ਸਕਦਾ ਹੈ। ਇਸ ਪ੍ਰੇਮੀ ਦਾ ਨਾਮ ਜੱਗਾ ਧਰਣੀ

ਸੀ। ਇਹ ਸਾਰੀ ਵਿਚਾਰ ਉਹ ਬਹੁਤ ਹੀ ਧਿਆਨ ਨਾਲ ਸੁਣ ਰਿਹਾ ਸੀ। ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਇਸ ਤਰ੍ਹਾਂ ਘਰ ਬਾਰ ਦਾ ਤਿਆਗ ਤਾਂ ਰੱਬੀ ਨਿਯਮਾਂ ਦੇ ਖ਼ਿਲਾਫ਼ ਹੈ। ਜੇਕਰ ਹਰ ਕੋਈ ਜੰਗਲਾਂ ਵਿਚ ਜਾ ਕੇ ਬੈਠ ਜਾਵੇ ਤਾਂ ਸੰਸਾਰਿਕ ਵਿਹਾਰ ਕਿਵੇਂ ਚੱਲੇਗਾ ? ਗੁਰਮਤਿ ਇਹ ਸਿਖਾਉਂਦੀ ਹੈ ਕਿ ਸਾਰਾ ਸੰਸਾਰ ਇਕ ਪ੍ਰਮੇਸ਼ਰ ਦੀ ਉਪਜ ਹੈ। ਉਹ ਹੀ ਸਭ ਦਾ ਪਿਤਾ ਹੈ ਅਤੇ ਅਸੀਂ ਸਾਰੇ ਉਸ ਦੀ ਔਲਾਦ ਹਾਂ। ਉਹੋ ਹੀ ਸਾਡੀ ਪ੍ਰਤਿਪਾਲਣਾ ਕਰਦਾ ਹੈ। ਇਸ ਤਰ੍ਹਾਂ ਸਮਝਣ ਨਾਲ ਨਫ਼ਰਤ ਅਤੇ ਵਿਸ਼ੇ ਵਿਕਾਰਾਂ ਦਾ ਪ੍ਰਭਾਵ ਘੱਟਦਾ ਹੈ ਜਿਸ ਨਾਲ ਅੰਦਰ ਪਿਆਰ ਪੈਦਾ ਹੁੰਦਾ ਹੈ। ਉਹੋ ਪ੍ਰੇਮ ਇਨ੍ਹਾਂ ਸਾਰਿਆਂ ਅੰਦਰ ਰੱਬ ਦੀ ਹੋਂਦ ਪ੍ਰਗਟ ਕਰ ਦਿੰਦਾ ਹੈ। ਜੋਗੀ ਤਾਂ ਓਨੀ ਕਮਾਈ ਵੀ ਨਹੀਂ ਕਰ ਪਾਉਂਦਾ ਜਿੰਨੀ ਵੰਡ ਦਿੰਦਾ ਹੈ। ਦੂਜਿਆਂ ਦੇ ਘਰੋਂ ਮੰਗ ਕੇ ਖਾਣ ਨਾਲੋਂ ਚੰਗਾ ਸੀ ਆਪਣਾ ਹੀ ਘਰ ਇਨਾ ਸੋਹਣਾ ਬਣਾਉਂਦਾ ਕਿ ਹੋਰਾਂ ਦੀਆਂ ਲੋੜਾਂ ਪੂਰੀਆਂ ਕਰਨ ਜੋਗਾ ਹੋ ਜਾਂਦਾ। ਜਿਹੜਾ ਵੀ ਪੁਰਖ ਪ੍ਰੇਮੀ ਆਪ ਕਮਾਈ ਕਰਕੇ ਹੋਰਾਂ ਦੀ ਲੋੜ ਪੂਰੀ ਕਰਨ ਵਿਚ ਮਦਦ ਕਰਦਾ ਹੈ, ਅਸਲ ਵਿਚ ਉਹੋ ਹੀ ਰੱਬੀ ਰਾਹ ਪਛਾਣ ਸਕਦਾ ਹੈ। ਅੰਮ੍ਰਿਤ ਬਚਨ ਹਨ—

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਪੰਨਾ ੧੨੪੫)

ਜੋਗੀ ਘਰ ਘਰ ਮੰਗ ਕੇ ਸਮਾਂ ਗਵਾ ਦਿੰਦਾ ਹੈ। ਫਿਰ ਜੇ ਥੋੜ੍ਹੀ ਬਹੁਤ ਕਮਾਈ ਕਰਦਾ ਵੀ ਹੈ ਤਾਂ ਉਹ ਕੇਵਲ ਆਟੇ ਦੀਆਂ ਮੁਠੀਆਂ ਪਿੱਛੇ ਲੁਟਾਉਂਦਾ ਫਿਰਦਾ ਹੈ। ਇਸ ਦੀ ਥਾਂ 'ਤੇ ਗ੍ਰਹਿਸਥੀ ਕਮਾਈ ਕਰਦਾ ਹੋਇਆ ਨਾਲ ਦੀ ਨਾਲ ਰੱਬੀ ਨਾਮ ਦੀ ਵੀ ਕਮਾਈ ਕਰਕੇ ਉਸ ਨਾਲੋਂ ਆਪਣਾ ਜੀਵਨ ਚੰਗਾ ਬਣਾ ਲੈਂਦਾ ਹੈ। ਨਾਮ ਦੀ ਬਰਕਤ ਨਾਲ ਅੰਦਰ ਦੀ ਮੈਲ ਧੋਤੀ ਜਾਂਦੀ ਹੈ। ਆਪਣੇ ਮੂਲ ਦੀ ਪਹਿਚਾਣ ਹੋ ਜਾਂਦੀ ਹੈ। ਮੂਲ ਵਿਚ ਅਭੇਦ ਹੋਣ ਦੀ ਲਾਲਸਾ ਧਰਮ ਦੀ ਕਮਾਈ ਬਣ ਜਾਂਦੀ ਹੈ। ਇਹੋ ਸੱਚਾ ਵੈਰਾਗ ਰੱਬੀ ਮਿਲਾਪ ਕਰਵਾ ਦਿੰਦਾ ਹੈ। ਜੱਗੇ ਦੀ ਸਾਰੀ ਤਸੱਲੀ ਹੋ ਗਈ। ਇਕ ਵਿਚਾਰ ਇਥੇ ਹੋਰ ਧਿਆਨ ਦੇਣ ਯੋਗ ਹੈ ਕਿ ਉਪਦੇਸ਼ ਲੈਂਦੇ ਬਹੁਤ ਲੋਕ ਹਨ ਪਰ ਕਮਾਈ ਕੋਈ ਸੁਭਾਗਾ ਹੀ ਕਰ ਸਕਦਾ ਹੈ। ਜੱਗਾ ਧਰਣੀ ਉਨ੍ਹਾਂ ਸੁਭਾਗਿਆਂ ਵਿਚੋਂ ਇਕ ਸੀ ਜਿਨ੍ਹਾਂ ਨੇ ਉਪਦੇਸ਼ ਕਮਾ ਕੇ ਆਪਣੀ ਜ਼ਿੰਦਗੀ ਨੂੰ ਸੰਸਾਰਿਕ ਹਨੇਰੇ ਵਿਚੋਂ ਹੀ ਨਹੀਂ ਕੱਢਿਆ, ਸਗੋਂ ਰੱਬੀ ਗੋਦ ਹਾਸਿਲ ਕਰ ਲਈ। ਇਸ ਗੱਲ ਦੀ ਗਵਾਹੀ ਦਿੰਦਿਆਂ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਜੱਗੇ ਦਾ ਨਾਮ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਪ੍ਰਮੁੱਖ ਸਿੱਖਾਂ ਵਿਚ ਸ਼ਾਮਿਲ ਕੀਤਾ ਹੈ—

ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।

(ਵਾਰ ੧੧, ਪਉੜੀ ੧੫)

ਭਾਈ ਜੱਗਾ ਧਰਣੀ ਉਹ ਸੀ, ਜਿਸ ਨੇ ਸੰਸਾਰ ਵਿਚ ਰਹਿੰਦਿਆਂ ਰੱਬੀ ਰਾਹ ਪਛਾਣ ਕੇ ਨਿਰੰਕਾਰ ਤੱਕ ਪਹੁੰਚ ਕਰ ਲਈ। ਆਪਣਾ ਲੋਕ ਅਤੇ ਪ੍ਰਲੋਕ ਸੁਹੇਲਾ ਕਰ ਲਿਆ। ਬੰਦਾ ਸੰਸਾਰ ਅੰਦਰ ਆਇਆ ਹੀ ਰੱਬੀ ਮਿਲਾਪ ਲਈ ਹੈ। ਇਸ ਦੇ ਰਸਤੇ ਦੀ ਰੁਕਾਵਟ ਕੇਵਲ ਤਮ (ਹਨੇਰਾ) ਹੈ। ਹਨੇਰਾ ਹੀ ਰਾਹ ਦੀ ਪਹਿਚਾਣ ਨਹੀਂ ਹੋਣ ਦਿੰਦਾ। ਹਨੇਰਾ ਹੀ ਆਪਣੀ ਪਹਿਚਾਣ ਨਹੀਂ ਹੋਣ ਦਿੰਦਾ। ਹਨੇਰਾ ਹੀ ਰੱਬ ਦੀ ਪਹਿਚਾਣ ਨਹੀਂ ਹੋਣ ਦਿੰਦਾ। ਜਿਸ ਦਿਨ ਗੁਰੂ ਕੋਲ ਆ ਕੇ ਚਾਨਣ ਭਾਵ ਗੁਰਮਤਿ ਦਾ ਧਾਰਨੀ ਹੋ ਜਾਂਦਾ ਹੈ ਤਾਂ ਉਸ ਦਿਨ ਇਹ ਰੁਕਾਵਟ ਦੂਰ ਹੋ ਜਾਂਦੀ ਹੈ। ਇਸ ਹਨੇਰੇ ਵਿਚੋਂ ਰੱਬੀ ਰਾਹ ਲੱਭਣ ਦਾ ਇਕੋ ਇਕ ਤਰੀਕਾ ਹੈ ਕਿ ਗੁਰੂ-ਸ਼ਬਦ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਨਾਲ ਆਪਣਾ ਰਿਸ਼ਤਾ ਗੰਢ ਲਵੇ। ਇਥੇ ਹਰ ਸ਼ਬਦ ਇਕ ਦੀਪਕ ਦੀ ਤਰ੍ਹਾਂ ਹੈ ਜਿਸ ਨਾਲ ਅੰਦਰ ਦੀ ਵਸਤੂ ਪ੍ਰਾਪਤ ਹੋ ਜਾਂਦੀ ਹੈ।

ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥

(ਪੰਨਾ ੧੨੪)

ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥

(ਪੰਨਾ ੬੫੬)

ਇਹ ਸ਼ਬਦ ਰੂਪ ਦੀਪਕ ਹਿਰਦੇ ਅੰਦਰ ਹੀ ਸਮਾਇਆ ਰਹਿੰਦਾ ਹੈ ਭਾਵ ਹਰ ਵਕਤ ਰਾਹ ਰੌਸ਼ਨ ਕਰ ਦਿੰਦਾ ਹੈ, ਜਿਸ ਨਾਲ ਤਮ ਸੰਸਾਰ, ਰੱਬ ਦੀ ਨਗਰੀ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਮਹਾਂ ਨੰਦ ਅਤੇ ਬਿਧੀ ਚੰਦ ਆਏ। ਸਾਹਿਬ ਦੇ ਦਰ 'ਤੇ ਅਰਜ਼ੋਈ ਕਰਨ ਲੱਗੇ ਕਿ ਕਿਰਪਾ ਕਰਕੇ ਸਾਡੇ ਉਧਾਰ ਲਈ ਉਪਦੇਸ਼ ਬਖ਼ਸ਼ਿਸ਼ ਕਰੋ। ਸਤਿਗੁਰੂ ਪਾਤਿਸ਼ਾਹ ਜੀ ਦਾ ਘਰ ਤਾਂ ਹੈ ਹੀ ਇਸ ਵਾਸਤੇ ਹੈ ਕਿ ਜੇਕਰ ਕਿਸੇ ਨੇ ਭਵਜਲੋਂ ਪਾਰ ਲੰਘਣਾ ਹੈ ਤਾਂ ਗੁਰੂ ਜੀ ਦੀ ਚਰਨ ਸ਼ਰਨ ਵਿਚ ਆ ਜਾਵੇ। ਧੰਨ ਗੁਰੂ ਰਾਮਦਾਸ ਜੀ ਨੇ ਪਵਿੱਤਰ ਬਚਨ ਕੀਤੇ ਕਿ ਭਾਈ, ਜਿੰਨਾ ਚਿਰ ਆਪਣੇ ਮੂਲ ਦੀ ਪਹਿਚਾਣ ਨਹੀਂ ਹੁੰਦੀ, ਓਨਾ ਚਿਰ ਪਾਰ ਉਤਾਰਾ ਨਹੀਂ ਹੋ ਸਕਦਾ। ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਆਪੇ ਦੀ ਪਹਿਚਾਣ ਕਰੋ। ਭਾਈ ਮਹਾਂ ਨੰਦ ਜੀ ਨੇ ਉਸ ਵਕਤ ਹੀ ਵਚਨ ਕੀਤਾ ਕਿ ਹੇ ਮਿਹਰਾਂ ਦੇ ਦਾਤੇ! ਅਸੀਂ ਆਪਣਾ ਆਪਾ ਤਾਂ ਪਹਿਚਾਣਦੇ ਹਾਂ ਪਰ ਸਾਡਾ ਪਾਰ ਉਤਾਰਾ ਨਹੀਂ ਹੁੰਦਾ। ਆਪੇ ਬਾਰੇ ਤਾਂ ਪਤਾ ਹੈ ਕਿ ਅਸੀਂ ਖੱਤਰੀਆਂ ਦੇ ਘਰ ਜਨਮ

ਲਿਆ ਹੈ ਸੋ ਅਸੀਂ ਖੱਤਰੀ ਹਾਂ ਅਤੇ ਸਾਡਾ ਨਾਮ ਮਹਾਂ ਨੰਦ ਹੈ ਅਤੇ ਬਿਧੀ ਚੰਦ ਹੈ। ਸਾਡੀ ਉਮਰ ਕਿੰਨੀ ਹੈ ਅਸੀਂ ਕਿਥੋਂ ਆਏ ਹਾਂ, ਕਿੰਨੇ ਭੈਣ ਭਰਾ ਹਾਂ, ਇਹ ਸਭ ਕੁਝ ਆਪੇ ਨਾਲ ਸੰਬੰਧਿਤ ਹੈ, ਇਸ ਬਾਰੇ ਤਾਂ ਜਾਣਦੇ ਹਾਂ। ਸਤਿਗੁਰੂ ਜੀ ਨੇ ਮੁਸਕਰਾਉਂਦਿਆਂ ਹੋਇਆਂ ਬਚਨ ਆਖੇ ਕਿ ਹੇ ਭਾਈ! ਇਹ ਜੋ ਕੁਝ ਵੀ ਤੁਸੀਂ ਦੱਸਿਆ ਹੈ, ਇਹ ਤਾਂ ਸਭ ਕੁਝ ਸਰੀਰ ਨਾਲ ਸੰਬੰਧਿਤ ਹੈ। ਸਰੀਰ ਦੀ ਉਮਰ, ਸਰੀਰ ਦੀ ਜਾਤ, ਸਰੀਰ ਦੇ ਮਾਤਾ ਪਿਤਾ, ਸਰੀਰ ਦੇ ਭੈਣ ਭਰਾ, ਸਰੀਰ ਦਾ ਟਿਕਾਣਾ ਭਾਵ ਨਗਰ ਇਹ ਸਭ ਕੁਝ ਸਰੀਰ ਤੱਕ ਸੀਮਤ ਹੈ ਪਰ ਇਹ ਆਪੇ ਦੀ ਪਹਿਚਾਣ ਨਹੀਂ। ਜਿਸ ਦਿਨ ਆਪੇ ਦੀ ਪਹਿਚਾਣ ਆ ਗਈ, ਉਸ ਦਿਨ ਸਭ ਤੋਂ ਪਹਿਲਾਂ ਸਰੀਰ ਹੀ ਇਕ ਆਤਮਾ ਦੀ ਪੁਸ਼ਾਕ ਨਜ਼ਰ ਆਵੇਗਾ। ਪੁਸ਼ਾਕ ਦੀ ਕੋਈ ਜਾਤ, ਕੋਈ ਭੈਣ ਭਰਾ ਨਹੀਂ ਹੁੰਦੇ। ਅਸਲ ਵਿਚ ਆਪੇ ਦੀ ਪਹਿਚਾਣ ਆਤਮਾ ਦੀ ਪਹਿਚਾਣ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

(ਪੰਨਾ ੪੪੧)

ਆਤਮਿਕ ਜੀਵਨ ਦੀ ਸੋਝੀ ਗੁਰੂ ਤੋਂ ਬਿਨਾਂ ਨਹੀਂ ਮਿਲਦੀ। ਇਸ ਤਮ ਸੰਸਾਰ ਅੰਦਰ ਕੇਵਲ ਤੇ ਕੇਵਲ ਇਕ ਗੁਰੂ ਹੀ ਹੈ ਜਿਹੜਾ ਆਪਣੇ ਆਪੇ ਦੀ ਪਹਿਚਾਣ ਕਰਵਾਉਂਦਾ ਹੈ। ਭਾਈ ਮਹਾਂ ਨੰਦ ਜੀ ਨੇ ਬੇਨਤੀ ਕੀਤੀ ਕਿ ਅਸੀਂ ਕਿਵੇਂ ਆਪਣਾ ਮੂਲ ਪਹਿਚਾਣ ਸਕਦੇ ਹਾਂ ? ਤਾਂ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਰੱਬੀ ਯਾਦ ਵਿਚ ਜੁੜ ਕੇ, ਗੁਰੂ ਦਰਸਾਏ ਹੁਕਮਾਂ ਦੀ ਪਾਲਣਾ ਕਰਕੇ ਸੁਰਤਿ ਸੰਸਾਰ, ਪਰਿਵਾਰ ਵਿਚੋਂ ਨਿਕਲ ਕੇ ਆਪਣੇ ਆਪ ਦੀ ਪਹਿਚਾਣ ਕਰ ਲੈਂਦੀ ਹੈ। ਇਸ ਲਈ ਹਰ ਰੋਜ਼ ਕਥਾ ਕੀਰਤਨ, ਨਿਤਨੇਮ, ਸੇਵਾ ਸਿਮਰਨ ਅਤਿ ਜ਼ਰੂਰੀ ਕਰਮ ਹਨ। ਇਨ੍ਹਾਂ ਦੇ ਕਮਾਉਣ ਵਾਲਾ ਤਮ ਸੰਸਾਰ ਵਿਚੋਂ ਗੁਰੂ ਦੀ ਰੌਸ਼ਨੀ ਲੈ ਕੇ ਆਪੇ ਦੀ ਪਹਿਚਾਣ ਕਰਕੇ ਆਪਣਾ ਅਤੇ ਹੋਰਾਂ ਦਾ ਵੀ ਉਧਾਰ ਕਰ ਲੈਂਦਾ ਹੈ।

ਚਰਨ ਲਗਿ ਤਰੀਐ

ਮਨੁੱਖੀ ਸੋਚ ਅੰਦਰ ਜੋ ਥਾਂ ਆਕਾਰ ਦੀ ਹੈ, ਉਹ ਵਿਚਾਰ ਦੀ ਨਹੀਂ। ਭਾਵੇਂ ਪਾਰ ਵਿਚਾਰ ਨੇ ਹੀ ਲਾਉਣਾ ਹੈ ਪਰ ਫਿਰ ਵੀ ਮਨੁੱਖ ਆਕਾਰ ਤੋਂ ਬਹੁਤ ਪ੍ਰਭਾਵਿਤ ਹੈ ਜਿਸ ਕਰਕੇ ਜਿਹੜੀਆਂ ਚੀਜ਼ਾਂ ਦਾ ਬਹੁਤਾ ਸੰਬੰਧ ਵਿਚਾਰ ਨਾਲ ਸੀ, ਇਸ ਨੇ ਉਨ੍ਹਾਂ ਚੀਜ਼ਾਂ ਦਾ ਸੰਬੰਧ ਵੀ ਆਕਾਰ ਨਾਲ ਜੋੜ ਦਿੱਤਾ ਹੈ। ਗੁਰਬਾਣੀ ਅਨੁਸਾਰ ਅਸਲ ਵਿਚ 'ਚਰਨ' ਦਾ ਅਰਥ ਉਪਦੇਸ਼ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਜੀ ਨੇ ਪਹਿਲੇ ਜਾਮੇ ਵਿਚ ਹੀ ਸਪੱਸ਼ਟ ਕਰ ਦਿੱਤਾ ਸੀ ਕਿ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"। ਇਸ ਤੋਂ ਸਪੱਸ਼ਟ ਹੈ ਕਿ ਸ਼ਬਦ ਅਸਲ ਵਿਚ ਗੁਰੂ ਹੈ, ਫਿਰ ਸ਼ਬਦਾਂ ਦੇ ਚਰਨ ਕਿਹੜੇ ਹੋਏ ? ਸ਼ਬਦ ਦੇ ਚਰਨ ਤਾਂ ਉਪਦੇਸ਼ ਹੀ ਹਨ। ਜੇਕਰ ਆਪਾਂ ਇਹ ਚਰਨ ਰੱਬ ਦੇ ਮੰਨ ਲਈਏ ਤਾਂ ਰੱਬ ਤਾਂ ਪਹਿਲਾਂ ਹੀ ਸਿੱਖੀ ਅਕੀਦੇ ਅਨੁਸਾਰ ਉਹ ਹੈ ਜੋ

ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥

(ਜਪੁ ਜੀ ਸਾਹਿਬ)

ਇਸ ਲਈ ਰੱਬ ਦਾ ਕੋਈ ਆਕਾਰ ਨਹੀਂ ਤਾਂ ਨਿਰੰਕਾਰ ਦੇ ਆਕਾਰ ਵਾਲੇ ਚਰਨ ਕਿਵੇਂ ਹੋ ਸਕਦੇ ਹਨ ? ਇਸ ਵਸਤੇ ਚਰਨਾਂ ਦਾ ਅਰਥ ਗੁਰੂ-ਸ਼ਬਦ ਭਾਵ ਗੁਰੂ-ਉਪਦੇਸ਼ ਹੀ ਹੈ।

ਗੁਰਬਾਣੀ ਅੰਦਰ ਬਹੁਤ ਅਜਿਹੇ ਸ਼ਬਦ ਹਨ ਜਿਨ੍ਹਾਂ ਦਾ ਅਰਥ ਕਰਨ ਲੱਗਿਆਂ ਜੇਕਰ ਕੋਸ਼ਾਂ ਦਾ ਸਹਾਰਾ ਲਈਏ ਤਾਂ ਅਰਥਾਂ ਦੀ ਥਾਂ ਸਗੋਂ ਅਨਰਥ ਹੋ ਜਾਂਦੇ ਹਨ ਜਿਸ ਕਰਕੇ ਕੁਝ ਇਕ ਸੰਕੇਤਕ ਪ੍ਰਣਾਲੀ ਵੀ ਹੈ ਜਿਹੜੀ ਨਾਮ ਭਾਵੇਂ ਸਥੂਲ ਚੀਜ਼ ਵਾਂਗ ਵੀ ਪ੍ਰਗਟ ਕਰਦੀ ਹੈ ਪਰ ਰਮਜ਼ ਕਿਸੇ ਅੰਦਰਲੇ ਭੇਦ ਦੀ ਹੁੰਦੀ ਹੈ। ਇਸ ਤਰ੍ਹਾਂ ਹੀ ਚਰਨਾਂ ਦੀ ਬਾਤ ਹੈ। ਚਰਨ ਸ਼ਬਦ ਦਾ ਸਥੂਲ ਭਾਵ ਕਿਸੇ ਸਰੀਰਕ ਅੰਗ ਬਾਰੇ ਇਸ਼ਾਰਾ ਹੈ ਪਰ ਸੰਕੇਤਕ ਪ੍ਰਣਾਲੀ ਅਨੁਸਾਰ ਇਹ ਗੁਰੂ ਜੀ ਦੇ ਪਵਿੱਤਰ ਉਪਦੇਸ਼ ਵੱਲ ਸੰਕੇਤ ਹੈ।

ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ॥
ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥

(ਪੰਨਾ ੬੮੦)

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥

(ਪੰਨਾ ੪੮)

ਇਥੇ ਬਿਲਕੁਲ ਸਪੱਸ਼ਟ ਹੈ ਕਿ ਪਾਰਬ੍ਰਹਮ ਦੇ ਚਰਨਾਂ ਤੋਂ ਭਾਵ ਪ੍ਰਮੇਸ਼ਰ ਦਾ ਉਪਦੇਸ਼ ਹੀ ਹੈ। ਇਕ ਗੱਲ ਹੋਰ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਰੱਬ ਸੂਖਸ਼ਮ ਰੂਪ ਵਿਚ ਸਭ ਅੰਦਰ ਵਸਦਾ ਹੈ। ਆਤਮਾ ਵੀ ਸੂਖਸ਼ਮ ਰੂਪ ਵਿਚ ਹੀ ਹੈ, ਫਿਰ ਸਥੂਲ ਰੂਪ ਦੇ ਚਰਨ ਸੂਖਸ਼ਮ ਨੂੰ ਸੂਖਸ਼ਮ ਨਾਲ ਮਿਲਾ ਨਹੀਂ ਸਕਦੇ। ਹਿਰਦੇ ਅੰਦਰ ਵੀ ਉਪਦੇਸ਼ ਰੂਪ ਚਰਨਾਂ ਦਾ ਹੀ ਨਿਵਾਸ ਹੋ ਸਕਦਾ ਹੈ। ਸਥੂਲ ਰੂਪ ਵਾਲੇ ਚਰਨ ਵੀ ਹਿਰਦੇ ਵਿਚ ਵਸ ਨਹੀਂ ਸਕਦੇ। ਸਥੂਲ ਰੂਪ ਵਾਲੇ ਚਰਨ ਕਿਸੇ ਇਕ ਦੇ ਹਿਰਦੇ ਵਿਚ ਹੀ ਮਾਨੋ ਵਸ ਸਕਦੇ ਹਨ ਪਰ ਇਹ ਉਪਦੇਸ਼ ਤਾਂ ਸਮੁੱਚੀ ਮਾਨਵਤਾ ਲਈ ਹੈ। ਸਮੁੱਚੀ ਮਾਨਵਤਾ ਲਈ ਤਾਂ ਫਿਰ ਉਪਦੇਸ਼ ਰੂਪ ਚਰਨ ਹੀ ਹੋ ਸਕਦੇ ਹਨ।

ਭਵ ਸਾਗਰ ਨੂੰ ਤਰਨ ਦਾ ਅਰਥ ਵੀ ਸਪੱਸ਼ਟ ਕਰ ਲੈਣਾ ਯੋਗ ਹੋਵੇਗਾ। ਮਨੁੱਖ ਦੇ ਸਾਹਮਣੇ ਸੰਸਾਰ ਹੈ ਪਰ ਇਸ ਨੇ ਮਿਲਣਾ ਨਿਰੰਕਾਰ ਨੂੰ ਹੈ। ਸੰਸਾਰ ਦੀ ਆਪਣੀ ਕੋਸ਼ਿਸ਼ ਹੈ ਕਿ ਮੈਂ ਆਪਣੇ ਵਾਲੇ ਗੁਣ ਇਸ ਵਿਚ ਭਰ ਦੇਵਾਂ। ਸੰਸਾਰੀ ਗੁਣ ਜਿਨ੍ਹਾਂ ਨੂੰ ਧਰਮ ਦੀ ਦੁਨੀਆ ਵਿਚ ਔਗੁਣ ਕਿਹਾ ਜਾਂਦਾ ਹੈ, ਉਹ ਹਨ ਈਰਖਾ, ਦ੍ਵੈਸ਼, ਨਿੰਦਾ, ਤ੍ਰਿਸ਼ਨਾ, ਅਗਿਆਨਤਾ, ਹਉਮੈ ਹੰਕਾਰ, ਲੋਭ, ਮੋਹ, ਕਾਮ, ਕਰੋਧ, ਦੂਜੇ ਦਾ ਬੁਰਾ ਚਿਤਵਨਾ, ਕਿਸੇ ਨੂੰ ਦੁੱਖ ਦੇ ਕੇ ਆਪ ਸੁੱਖ ਮਨਾਉਣਾ ਇਤਿਆਦਿਕ। ਜਿਨ੍ਹਾਂ ਨਾਲ ਵੀ ਸੰਸਾਰੀ ਰਿਸ਼ਤਾ ਹੋਵੇਗਾ, ਉਨ੍ਹਾਂ ਕੋਲੋਂ ਇਹੋ ਜਿਹੀਆਂ ਦਾਤਾਂ ਹੀ ਮਿਲਦੀਆਂ ਹਨ। ਇਕ ਮਾਂ ਆਪਣੇ ਪੁੱਤਰ ਨੂੰ ਦੂਜਿਆਂ ਨਾਲ ਇਹ ਝਗੜਾ ਕਰਦਿਆਂ ਦੇਖ ਕੇ ਬਹੁਤ ਖ਼ੁਸ਼ ਹੁੰਦੀ ਹੈ ਕਿ ਮੇਰਾ ਪਿਤਾ ਹੈ, ਮੇਰਾ ਭਰਾ ਹੈ, ਮੇਰਾ ਖਿਡੌਣਾ ਹੈ। ਮਾਂ ਖ਼ੁਸ਼ ਹੁੰਦੀ ਹੈ ਕਿ ਇਸ ਦੇ ਅੰਦਰ ਵੀ ਮੈਂ ਮੇਰੀ ਪ੍ਰਵੇਸ਼ ਕਰ ਰਹੀ ਹੈ। ਜਿਹੋ ਜਿਹੇ ਵੀ ਗੁਣ ਅੰਦਰ ਹੋਣਗੇ, ਜੀਵ ਉਸ ਦਾ ਹੀ ਰੂਪ ਹੋ ਜਾਵੇਗਾ। ਜੇਕਰ ਸੰਸਾਰੀ ਗੁਣ ਹਨ ਤਾਂ ਜੀਵਨ ਦੀ ਭਟਕਣਾ ਵਿਚ ਭਟਕੇਗਾ। ਸੰਸਾਰੀ ਗੁਣ (ਔਗੁਣ) ਆ ਵੀ ਜਲਦੀ ਜਾਂਦੇ ਹਨ। ਨਿੰਦਾ, ਈਰਖਾ, ਹਉਮੈ ਆਦਿਕ ਸਿਖਣ ਲਈ ਕੋਈ ਉਸਤਾਦ ਧਾਰਨਾ ਨਹੀਂ ਪੈਂਦਾ, ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਆਦਿਕ ਵਿਚ ਨਹੀਂ ਜਾਣਾ ਪੈਂਦਾ, ਸਗੋਂ ਇਹ ਤਾਂ ਸੁਭਾਵਿਕ ਹੀ ਪੈਦਾ ਹੋ ਜਾਂਦੇ ਹਨ। ਸੰਸਾਰ ਤੋਂ ਤਰਨ ਦਾ ਅਰਥ ਹੈ ਕਿ ਮੈਂ ਆਪਣੇ ਵਿਚੋਂ ਸੰਸਾਰੀ ਗੁਣ (ਔਗੁਣ) ਕੱਢ ਕੇ ਰੱਬੀ ਗੁਣ ਪੈਦਾ ਕਰਨੇ ਹਨ।

ਰੱਬੀ ਗੁਣ ਹਨ—ਨਿਮਰਤਾ, ਸਤ, ਸੰਤੋਖ, ਦਇਆ, ਸੱਚ, ਨੇਕੀ, ਭਲਾ

ਕਰਨਾ, ਰੱਬੀ ਸ਼ੁਕਰਾਨਾ ਭਾਵ ਸਿਮਰਨ ਬੰਦਗੀ, ਸਾਰਿਆਂ ਅੰਦਰ ਰੱਬੀ ਜੋਤਿ ਨੂੰ ਮਹਿਸੂਸ ਕਰਨਾ, ਚੰਗੇ ਕਰਮ ਕਰਨੇ ਆਦਿਕ। ਇਹ ਗੁਣ ਜਿਥੇ ਜ਼ਿੰਦਗੀ ਦਾ ਬਹੁਤ ਕੀਮਤੀ ਸਰਮਾਇਆ ਹਨ, ਉਥੇ ਪੈਦਾ ਵੀ ਬਹੁਤ ਮਿਹਨਤ ਨਾਲ ਹੁੰਦੇ ਹਨ। ਸ਼ਾਇਦ ਇਸ ਕਰਕੇ ਹੀ ਇਨ੍ਹਾਂ ਗੁਣਾਂ ਦੇ ਪ੍ਰਗਟ ਕਰਨ ਵਾਸਤੇ ਗੁਰੂ, ਪੀਰ, ਪੈਗ਼ੰਬਰ ਆਦਿਕ ਮਨੁੱਖਤਾ ਨੂੰ ਸੇਧ ਦੇਣ ਲਈ ਸਮੇਂ ਸਮੇਂ 'ਤੇ ਪ੍ਰਗਟ ਹੁੰਦੇ ਰਹੇ ਹਨ। ਜਿਥੇ ਧਾਰਮਿਕ ਅਸਥਾਨ ਹਨ, ਇਹ ਸਾਰੇ ਦੇ ਸਾਰੇ ਰੱਬੀ ਗੁਣ ਪ੍ਰਗਟ ਕਰਨ ਦੀਆਂ ਟਕਸਾਲਾਂ ਹੀ ਹਨ। ਜਿਥੇ ਔਗੁਣ ਸਿਖਣ ਲਈ ਕੋਈ ਮੁਸ਼ੱਕਤ ਨਹੀਂ ਕਰਨੀ ਪੈਂਦੀ, ਉਥੇ ਰੱਬੀ ਗੁਣਾਂ ਦੀ ਪ੍ਰਾਪਤੀ ਪਿਛੇ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ। ਜਿਸ ਅੰਦਰ ਸੰਸਾਰੀ ਵਿਚਾਰ (ਔਗੁਣ) ਹੋਣਗੇ, ਉਹ ਸੰਸਾਰ ਦਾ ਰੂਪ ਹੋ ਜਾਏਗਾ। ਜਿਸ ਅੰਦਰ ਰੱਬੀ ਗੁਣ ਹੋਣਗੇ, ਉਹ ਨਿਰੰਕਾਰ ਦਾ ਰੂਪ ਹੋ ਜਾਏਗਾ। ਸੰਸਾਰੀ ਔਗੁਣਾਂ ਨੂੰ ਕੱਢ ਕੇ ਰੱਬੀ ਗੁਣ ਪੈਦਾ ਕਰਨਾ ਹੀ ਸੰਸਾਰ ਤੋਂ ਤਰਨਾ ਹੈ। ਇਸ ਵਾਸਤੇ ਸੰਸਾਰ ਤੋਂ ਤਰਨ ਲਈ ਅਤਿਅੰਤ ਜ਼ਰੂਰੀ ਹੈ ਕਿ ਮਨੁੱਖ ਗੁਰੂ-ਉਪਦੇਸ਼ ਭਾਵ ਚਰਨਾਂ ਨਾਲ ਆਪਣਾ ਰਿਸ਼ਤਾ ਬਣਾਵੇ ਤਦ ਹੀ ਉਹ ਭਵਜਲ ਤਰ ਸਕਦਾ ਹੈ।

ਇਕ ਵਿਚਾਰ ਪਹਿਲਾਂ ਹੋਰ ਸਪੱਸ਼ਟ ਕਰ ਲੈਣੀ ਚਾਹੁੰਦਾ ਹਾਂ ਤਾਂ ਕਿ ਲੇਖ ਦਾ ਤੱਤ ਭਾਵ ਸੌਖਾ ਸਮਝ ਵਿਚ ਆ ਜਾਵੇ। ਉਹ ਵਿਚਾਰ ਹੈ ਕਿ ਗੁਰੂ ਅਤੇ ਪ੍ਰਮੇਸ਼ਰ ਇਕ ਹੀ ਹਨ। ਗੁਰਬਾਣੀ ਦਾ ਫ਼ੈਸਲਾ ਹੈ :—

ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥

(ਪੰਨਾ ੧੧੪੨)

ਗੁਰੁ ਪਰਮੇਸਰੁ ਏਕੋ ਜਾਣੁ॥

(ਪੰਨਾ ੮੬੪)

ਇਸ ਲਈ ਕਿਧਰੇ ਬਚਨ ਆਉਂਦੇ ਹਨ ਕਿ ਪਰਮੇਸ਼ਰ ਦੇ ਚਰਨ ਅਤੇ ਕਿਧਰੇ ਬਚਨ ਗੁਰੂ ਜੀ ਦੇ ਚਰਨਾਂ ਦਾ ਆਉਂਦਾ ਹੈ ਪਰ ਭਾਵ ਦੋਨਾਂ ਦਾ ਇਕੋ ਹੀ ਰੱਬੀ ਉਪਦੇਸ਼ ਹੀ ਹੈ। ਕੁਝ ਕੁ ਉਦਾਹਰਨਾਂ ਗੁਰਬਾਣੀ ਵਿਚੋਂ ਹਨ—

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥

(ਪੰਨਾ ੧੩੬)

ਪਰਮੇਸ਼ਰ ਦੇ ਚਰਨ ਹੀ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ। ਜਿਨ੍ਹਾਂ ਮਨੁੱਖਾਂ ਨੇ ਪਰਮੇਸ਼ਰ ਦੇ ਚਰਨਾਂ ਦਾ ਸਹਾਰਾ ਲਿਆ ਹੈ, ਉਹ ਬਹੁਤ ਹੀ ਸੁਖੇਨ ਢੰਗ ਨਾਲ ਇਸ ਬਿਖਮ ਸੰਸਾਰ ਤੋਂ ਤਰ ਜਾਂਦੇ ਹਨ।

ਚਰਣ ਕਮਲ ਠਾਕੁਰ ਉਰਿ ਧਾਰਿ॥
ਦੁਲਭ ਦੇਹ ਨਾਨਕ ਨਿਸਤਾਰਿ॥

(ਪੰਨਾ ੧੯੦)

ਇਸ ਦੁਰਲੱਭ ਦੇਹੀ ਨੂੰ ਪਾ ਕੇ ਅਤੇ ਪ੍ਰਮਾਤਮਾ ਦੇ ਸੋਹਣੇ ਚਰਨ ਹਿਰਦੇ ਵਿਚ ਟਿਕਾ ਕੇ ਰੱਖਣ ਨਾਲ ਮਨੁੱਖ ਭਵਜਲ ਤੋਂ ਤਰ ਜਾਂਦਾ ਹੈ, ਰੱਬੀ ਮਿਲਾਪ ਹਾਸਿਲ ਕਰ ਲੈਂਦਾ ਹੈ।

ਗੁਰ ਕੇ ਚਰਨ ਜੀਅ ਕਾ ਨਿਸਤਾਰਾ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥

(ਪੰਨਾ ੬੯੪)

ਗੁਰੂ ਦੇ ਚਰਨਾਂ (ਉਪਦੇਸ਼) ਨਾਲ ਜੀਵਨ ਸੰਸਾਰਕ ਬੁਰਾਈ ਤੋਂ ਛੁਟਕਾਰਾ ਪਾ ਲੈਂਦਾ ਹੈ। ਜੀਵ ਦਾ ਇਸ ਬਿਖਮ ਸੰਸਾਰ ਤੋਂ ਪਾਰ ਹੋਣ ਦਾ ਇਕੋ ਇਕ ਵਸੀਲਾ ਗੁਰੂ ਕੇ ਚਰਨ ਹੀ ਹੈ।

ਗੁਰ ਕਾ ਸਬਦੁ ਤੇਰੈ ਸੰਗਿ ਸਹਾਈ॥ ਦਇਆਲ ਭਏ ਸਗਲੇ ਜੀਅ ਭਾਈ॥
ਗੁਰਿ ਪੂਰੈ ਜਬ ਕਿਰਪਾ ਕਰੀ॥ ਭਨਤਿ ਨਾਨਕ ਮੇਰੀ ਪੂਰੀ ਪਰੀ॥

(ਪੰਨਾ ੧੯੦)

ਹੇ ਭਾਈ! ਗੁਰੂ ਜੀ ਦੇ ਚਰਨ ਹਿਰਦੇ ਵਿਚ ਵਸਾਉਣ ਨਾਲ ਜ਼ਿੰਦਗੀ ਦੇ ਕੇਵਲ ਦੁਖਾਂ ਕਲੇਸ਼ਾਂ ਦਾ ਹੀ ਨਾਸ਼ ਨਹੀਂ ਹੁੰਦਾ ਬਲਕਿ ਦੁੱਖ ਕਲੇਸ਼ ਪੈਦਾ ਕਰਨ ਵਾਲੇ ਕਾਮ ਕਰੋਧ ਆਦਿਕ ਹੀ ਖ਼ਤਮ ਹੋ ਜਾਂਦੇ ਹਨ। ਇਥੋਂ ਤੱਕ ਕਿ ਜੀਵ ਨੂੰ ਹਰ ਵਕਤ ਦਬਾ ਕੇ ਆਪਣੇ ਹੁਕਮ ਵਿਚ ਟੋਰਨ ਵਾਲੀ ਮਾਇਕੀ ਤਾਕਤ ਤੋਂ ਵੀ ਮੁਕਤੀ ਮਿਲ ਜਾਂਦੀ ਹੈ।

ਗੁਰ ਕਾ ਸਬਦੁ ਰਾਖੁ ਮਨ ਮਾਹਿ॥ ਨਾਮੁ ਸਿਮਰਿ ਚਿੰਤਾ ਸਭ ਜਾਹਿ॥੧॥
ਬਿਨੁ ਭਗਵੰਤ ਨਾਹੀ ਅਨ ਕੋਇ॥ ਮਾਰੈ ਰਾਖੈ ਏਕੋ ਸੋਇ॥੧॥ ਰਹਾਉ॥
ਗੁਰ ਕੇ ਚਰਣ ਰਿਦੈ ਉਰਿ ਧਾਰਿ॥ ਅਗਨਿ ਸਾਗਰੁ ਜਪਿ ਉਤਰਹਿ ਪਾਰਿ॥ ੨॥

(ਪੰਨਾ ੧੯੨)

ਇਥੇ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿਉਂਕਿ ਪਹਿਲਾਂ ਗੁਰੂ ਕਾ ਸ਼ਬਦ ਆਖਿਆ ਹੈ ਫਿਰ ਉਸ ਸ਼ਬਦ (ਉਪਦੇਸ਼) ਨੂੰ ਹੀ ਗੁਰੂ ਕੇ ਚਰਣ ਸ਼ਬਦ ਨਾਲ ਸਪੱਸ਼ਟ ਕੀਤਾ ਹੈ ਅਤੇ ਤੀਜੀ ਵਾਰੀ ਗੁਰੂ-ਮੂਰਤਿ ਵੀ ਆਖਿਆ ਹੈ ਪਰ ਅਰਥ ਇਕੋ ਹੀ ਹੈ ਕਿ ਜਿਹੜਾ ਵੀ ਮਨੁੱਖ ਗੁਰੂ ਕੇ ਸ਼ਬਦ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਰੱਬੀ ਆਸ 'ਤੇ ਭਰੋਸਾ ਰੱਖਦਾ ਹੈ, ਉਸ ਦੀ ਸਾਰੀ ਚਿੰਤਾ ਖ਼ਤਮ ਹੋ ਜਾਂਦੀ ਹੈ। ਉਸ ਅੰਦਰ ਆਤਮਿਕ ਆਨੰਦ ਪੈਦਾ ਹੋ ਜਾਂਦਾ ਹੈ। ਸਾਰੇ ਸੰਸਾਰ ਅੰਦਰ ਇਕ ਰੱਬੀ ਤਾਕਤ ਹੀ ਵਰਤ ਰਹੀ ਹੈ। ਉਸ ਤੋਂ ਬਿਨਾਂ ਕੋਈ ਦੂਜਾ ਨਹੀਂ ਜਿਹੜਾ ਮਾਰਨ ਤੇ ਜੀਵਾਲਣ ਦੀ ਤਾਕਤ ਰੱਖਦਾ ਹੈ। ਗੁਰੂ ਜੀ ਦੇ ਚਰਨ ਰਿਦੈ ਧਾਰਨ ਕਰਨ ਦੇ ਨਾਲ ਅਗਨਿ ਸਾਗਰ (ਵਿਕਾਰੀ ਬ੍ਰਿਤੀਆਂ) ਤੋਂ ਸੌਖਿਆਂ ਪਾਰ ਹੋ ਸਕੀਦਾ ਹੈ।

ਬੰਦਾ ਜਦ ਤਕ ਸਾਧਨ ਨਾਲ ਜੁੜ ਕੇ ਆਪਣੀ ਮੰਜ਼ਿਲ ਹਾਸਿਲ ਨਹੀਂ ਕਰ ਲੈਂਦਾ, ਇਹ ਉਸ ਸਾਧਨ ਨੂੰ ਧਾਰਨ ਕਰਨ ਲਈ ਕਦੇ ਸਹਿਮਤ ਨਹੀਂ ਹੁੰਦਾ। ਬੇੜੀ ਡੋਬਣ ਵਾਲੀ ਹੋਵੇ, ਮਿੱਤਰ ਧੋਖੇਬਾਜ਼ ਹੋਵੇ, ਖ਼ੁਰਾਕ ਬਿਮਾਰ ਕਰਨ ਵਾਲੀ ਹੋਵੇ, ਕਿਸੇ ਡਾਕਟਰ ਨੂੰ ਪਤਾ ਹੋਵੇ ਕਿ ਇਲਾਜ ਹੋਣ ਨਾਲ ਮੌਤ ਹੋ ਜਾਵੇਗੀ, ਇਤਿਆਦਿਕ ਨੂੰ ਕਦੇ ਜੀਵਨ ਅਧਾਰ ਨਹੀਂ ਬਣਾਉਂਦਾ। ਇਸ ਤਰ੍ਹਾਂ ਜਿਸ ਉਪਦੇਸ਼ ਨਾਲ ਜੀਵਨ ਦਾ ਉਧਾਰ ਨਾ ਹੋਵੇ ਤਾਂ ਉਸ ਨੂੰ ਕਦੇ ਜੀਵਨ ਦਾ ਅਧਾਰ ਨਹੀਂ ਬਣਾਉਣਾ ਚਾਹੀਦਾ। ਜਿਸ ਰਾਹੀਂ ਪੱਕਾ ਭਰੋਸਾ ਹੋਵੇ, ਉਸ ਉਪਦੇਸ਼ ਨਾਲ ਹੀ ਸਾਂਝ ਬਣਾਉਣੀ ਚਾਹੀਦੀ ਹੈ। ਇਹ ਕੇਵਲ ਇਕੋ ਇਕ ਗ਼ਰੀਬ ਨਿਵਾਜ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਉਪਦੇਸ਼ ਹੈ—

> ਨਾਰਾਇਨ ਨਰਪਤਿ ਨਮਸਕਾਰੈ ॥
> ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥

(ਪੰਨਾ ੧੩੦੧)

ਇਕ ਤਪਾ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਕੋਲ ਆਇਆ। ਆਉਂਦਾ ਹੋਇਆ ਕੁਝ ਸ਼ੰਕੇ ਅਤੇ ਅਭਿਮਾਨੀ ਬ੍ਰਿਤੀ ਵੀ ਨਾਲ ਲੈ ਆਇਆ। ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਿਵੇਂ ਗੁਰੂ ਜੀ ਮਾਇਆ ਨੂੰ ਪਵਿੱਤਰ ਕਰਕੇ ਵਾਪਿਸ ਕਰ ਦਿੰਦੇ ਹਨ, ਇਸ ਤਰ੍ਹਾਂ ਹੀ ਸ਼ੰਕਿਆਂ ਨੂੰ ਸ਼ਰਧਾ ਵਿਚ ਤਬਦੀਲ ਕਰ ਦਿੰਦੇ ਹਨ। ਤਪੇ ਨੇ ਆਉਂਦਿਆਂ ਹੀ ਨਮਸਕਾਰ ਕਰਕੇ ਸੁਆਲ ਪ੍ਰਗਟ ਕੀਤੇ ਕਿ ਤੁਹਾਡੇ ਸਿੱਖਾਂ ਦਾ ਪਾਰ ਉਤਾਰਾ ਕਿਵੇਂ ਹੋਵੇਗਾ ? ਇਹ ਤੁਹਾਡੇ ਭਰੋਸੇ 'ਤੇ ਹਨ ਪਰ ਤੁਸੀਂ ਇਨ੍ਹਾਂ ਨੂੰ ਕੋਈ ਤਪ ਸਾਧਨਾ, ਕੋਈ ਜੋਗ ਮਤਿ ਦੀ ਵਿਚਾਰ, ਕੋਈ ਤੀਰਥਾਂ 'ਤੇ ਇਸ਼ਨਾਨ, ਕੋਈ ਸੰਸਾਰ ਨੂੰ ਤਿਆਗਣ ਦਾ ਉਪਦੇਸ਼ ਨਹੀਂ ਦਿੰਦੇ ਤਾਂ ਇਹ ਕਿਵੇਂ ਪਾਰ ਹੋ ਸਕਦੇ ਹਨ ? ਸਤਿਗੁਰੂ ਗੁਰੂ ਰਾਮਦਾਸ ਜੀ ਮਹਾਰਾਜ ਨੇ ਬਹੁਤ ਹੀ ਠਰ੍ਹੰਮੇ ਨਾਲ ਜਵਾਬ ਦਿੱਤਾ ਕਿ ਹੇ ਤਪਾ ਜੀ ! ਇਨ੍ਹਾਂ ਗੁਰਸਿੱਖਾਂ ਨੂੰ ਇਹ ਸਭ ਕੁਝ ਕਰਨ ਦੀ ਜ਼ਰੂਰਤ ਨਹੀਂ, ਕਿਉਂਕਿ ਤੁਸੀਂ ਜਿੰਨੇ ਸੰਕਟ ਭੋਗ ਕੇ ਭਾਵ ਅੰਨ ਦਾ ਤਿਆਗ, ਬਸਤਰ ਦਾ ਤਿਆਗ, ਸੰਸਾਰ ਦਾ ਤਿਆਗ ਆਦਿਕ ਕਰਕੇ ਸਰੀਰ ਨੂੰ ਅਤਿ ਦੇ ਕਸ਼ਟ ਦੇ ਕੇ ਤਪ-ਸਾਧਨਾ ਕਰਦੇ ਹੋ, ਇਹ ਇਨ੍ਹਾਂ ਸਭ ਕੁਝ ਦੀ ਬਜਾਇ ਗੁਰੂ-ਉਪਦੇਸ਼ ਦੁਆਰਾ ਵਿਸ਼ੇ ਵਿਕਾਰਾਂ, ਈਰਖਾ, ਹਉਮੈ ਦਾ ਤਿਆਗ ਕਰਕੇ ਰੱਬੀ ਰਾਹ ਦੀ ਪਹਿਚਾਣ ਕਰਕੇ ਸੌਖਿਆਂ ਹੀ ਤੁਰ ਕੇ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦੇ ਹਨ। ਤਪਾ ਜੀ ! ਤੁਹਾਡੇ ਵਾਲੇ ਕੰਮ ਵਿੱਚ ਖੇਚਲ ਬਹੁਤੀ ਤੇ ਲਾਭ ਘੱਟ ਹੈ, ਕਿਉਂਕਿ ਏਨੇ ਸੰਕਟ ਝੱਲ ਕੇ ਚੰਦ ਸਵਰਗੀ ਸੁਖਾਂ ਦੀ ਲਾਲਸਾ ! ਫਿਰ ਇਹ ਸਵਰਗੀ ਸੁਖ ਵੀ ਸਦੀਵੀ ਨਹੀਂ, ਬਹੁਤ ਮਹਿੰਗਾ ਕਰਮ ਹੈ। ਅਸੀਂ ਤਾਂ ਸੁੱਖਾਂ ਦੁੱਖਾਂ ਦੇ ਗੇੜ ਵਿਚੋਂ ਕੱਢ ਕੇ ਜੀਵ ਨੂੰ ਰੱਬ ਵਿਚ ਅਭੇਦ ਹੋਣਾ ਹੀ ਸਮਝਾਉਂਦੇ

ਹਾਂ। ਕੋਈ ਤੀਰਥ ਨਹੀਂ ਜਿਹੜਾ ਅੰਦਰ ਦੀ ਮੈਲ ਉਤਾਰੇ, ਕੋਈ ਦਾਨ ਪੁੰਨ ਨਹੀਂ ਜਿਹੜਾ ਆਪਾ ਸਮਝਾਵੇ, ਕੋਈ ਤਪ ਸਾਧਨਾ ਨਹੀਂ ਜਿਹੜੀ ਹਉਮੈ ਮਿਟਾਵੇ, ਪਰ ਹਾਂ, ਇਕ ਗੁਰੂ ਉਪਦੇਸ਼ ਹੈ ਜਿਸ ਨਾਲ ਮਨ ਸਮਝ ਕੇ ਸੱਚਾ ਸੁੱਚਾ ਜੀਵਨ ਦਾ ਰਾਹ ਲੱਭ ਲੈਂਦਾ ਹੈ, ਜਿਸ ਨਾਲ ਸਦੀਵੀ ਮਿਲਾਪ ਹਾਸਿਲ ਹੋ ਕੇ ਵਿਛੋੜਾ ਜਾਂ ਵਿਛੋੜੇ ਵਿਚੋਂ ਪੈਦਾ ਹੋਏ ਦੁੱਖ ਮਿਟਾ ਦਿੰਦਾ ਹੈ। ਤਪੇ ਦੇ ਅੰਦਰ ਗੁਰੂ-ਬਚਨਾਂ ਨਾਲ ਕੇਵਲ ਸ਼ਾਂਤੀ ਹੀ ਨਹੀਂ ਆਈ ਬਲਕਿ ਅੰਦਰ ਭਾਵਨਾ ਵੀ ਜਾਗ ਪਈ ਜਿਸ ਕਰਕੇ ਉਸ ਨੇ ਵੀ ਸਾਰੇ ਕਰਮ-ਕਾਂਡ ਤਿਆਗ ਕੇ ਗੁਰਮਤਿ ਦਾ ਸੌਖਾ ਰਾਹ ਪੁੱਛਿਆ। ਸਾਹਿਬ ਜੀ ਨੇ ਕਿਰਪਾ ਕਰਕੇ ਸਮਝਾਇਆ ਕਿ ਅੰਮ੍ਰਿਤ ਵੇਲੇ ਅੰਮ੍ਰਿਤਮਈ ਬਾਣੀ ਦਾ ਜਾਪ ਸਾਰੀ ਦਿਹਾੜੀ ਮਨ ਨੂੰ ਸਮਝਾਈ ਅਤੇ ਟਿਕਾਈ ਰੱਖਦਾ ਹੈ, ਜਿਸ ਨਾਲ ਅਧਿਆਤਮਿਕ ਖੇੜਾ ਬਣਿਆ ਰਹਿੰਦਾ ਹੈ। ਸ਼ਾਮ ਨੂੰ ਸੋ ਦਰੁ ਦਾ ਪਾਠ ਸੱਚੀ ਨਮਸਕਾਰ ਕਰਕੇ ਗੁਰੂ ਜੀ ਕੋਲ ਸਾਰੀ ਦਿਹਾੜੀ ਦੀ ਕਮਾਈ ਮਾਨੋ ਜਮ੍ਹਾਂ ਕਰਵਾ ਦਿੰਦਾ ਹੈ। ਰਾਤੀਂ ਸੌਣ ਲੱਗਿਆਂ ਕੇਵਲ ਆਪਣਾ ਸਿਰ ਹੀ ਸਰਹਾਣੇ ਨੂੰ ਨਹੀਂ ਸੌਂਪਣਾ ਸਗੋਂ ਸੋਹਿਲਾ ਸਾਹਿਬ ਦਾ ਪਾਠ ਕਰਕੇ ਇਹ ਵਿਚਾਰ ਅੰਦਰ ਪੈਦਾ ਕਰਨੀ ਹੈ—

ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥

(ਕੀਰਤਨ ਸੋਹਿਲਾ)

ਇਸ ਤਰ੍ਹਾਂ ਸਾਰਾ ਦਿਨ ਅਤੇ ਸਾਰੀ ਰਾਤ ਮਨ ਆਪਣੇ ਪਿਆਰੇ ਨਾਲ ਜੁੜ ਕੇ ਪ੍ਰੇਮ ਦੀਆਂ ਬਾਤਾਂ ਕਰਦਾ ਰਹਿੰਦਾ ਹੈ। ਰੱਬੀ ਯਾਦ ਹੀ ਅਸਲ ਵਿਚ ਧਰਮ ਦਾ ਨਿਸ਼ਾਨਾ ਹੁੰਦਾ ਹੈ। ਇਸ ਤਰ੍ਹਾਂ ਸੰਸਾਰ ਤਿਆਗਣ ਦੀ ਲੋੜ ਨਹੀਂ ਬਲਕਿ ਸੰਸਾਰ ਅੰਦਰ ਹੀ ਕਮਲ ਫੁੱਲ ਵਾਂਗ ਸੰਸਾਰੀ ਮੋਹ ਮਾਇਆ ਦੇ ਚਿੱਕੜ ਤੋਂ ਨਿਰਲੇਪ ਰਹਿਣ ਦੀ ਜਾਚ ਆ ਜਾਂਦੀ ਹੈ। ਤਪੇ ਦਾ ਮਨ ਤਪ ਕਰਕੇ ਬਹੁਤ ਤਪਿਆ ਪਿਆ ਸੀ। ਅੰਦਰਲੀ ਸ਼ਾਂਤੀ ਅੱਜ ਤੱਕ ਅਜਿਹੀ ਨਹੀਂ ਸੀ ਪ੍ਰੀਤ ਹੋਈ, ਜਿਹੋ ਜਿਹੀ ਅੱਜ ਗੁਰੂ-ਬਚਨਾਂ ਨੇ ਬਖ਼ਸ਼ਿਸ਼ ਕੀਤੀ ਸੀ। ਉਸ ਤਪੇ ਨੇ ਸਾਰਾ ਪਾਖੰਡ ਤਿਆਗ ਕੇ ਸੱਚੀ ਗੁਰਮਤਿ ਨੂੰ ਧਾਰਨ ਕੀਤਾ, ਕਿਉਂਕਿ ਉਸ ਨੂੰ ਪੱਕਾ ਪ੍ਰਤੀਤ ਹੋ ਗਿਆ ਸੀ ਕਿ ਸੰਸਾਰ ਸਮੁੰਦਰ ਤੋਂ ਪਾਰ ਹੋਣ ਦਾ ਇਕੋ ਇਕ ਢੰਗ ਤਰੀਕਾ ਹੈ ਕਿ ਗੁਰੂ-ਬਚਨਾਂ ਨਾਲ ਜੁੜਿਆ ਜਾਵੇ। ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਇਸ ਗਾਥਾ ਨੂੰ ਅੰਕਿਤ ਕੀਤਾ ਹੈ—

ਤਜਿ ਪਖੰਡ ਗੁਰ ਕੋ ਸਿਖ ਹੋਇਓ ॥
ਮਿਲਿ ਸਤਿ ਸੰਗਤਿ ਮਹਿ ਸੁਖ ਜੋਇਓ ॥
ਨਿਕਟਿ ਰਹੇ ਕਬਿ ਅਨਤ ਸਿਧਾਰੇ ॥
ਸ੍ਰੀ ਗੁਰ ਪਗ ਪੰਕਜ ਉਰ ਧਾਰੇ ॥

(ਸੂਰਜ ਪ੍ਰਕਾਸ਼ ੧੬੫੫)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਖ਼ੁਦ ਸਿੱਖੀ ਕਮਾਈ ਹੈ ਅਤੇ ਫਿਰ ਆਪਣੇ ਬਚਨਾਂ ਰਾਹੀਂ ਸਿੱਖੀ ਸਮਝਾਈ ਹੈ। ਭਾਈ ਗੁਰਦਾਸ ਜੀ ਇਕ ਕਬਿਤ ਅੰਦਰ ਸਮਝਾਉਂਦੇ ਹਨ ਕਿ ਮਨੁੱਖ ਦੇ ਅੰਦਰ ਓਦੋਂ ਛੇ ਤਬਦੀਲੀਆਂ ਆ ਜਾਂਦੀਆਂ ਹਨ ਜਦੋਂ ਮਨੁੱਖ ਗੁਰੂ ਜੀ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ। ਸਭ ਤੋਂ ਪਹਿਲੀ ਤਬਦੀਲੀ ਹੈ ਕਿ ਉਸ ਦਾ ਚਿੱਤ ਅਡੋਲ ਅਵਸਥਾ ਦਾ ਮਾਲਿਕ ਬਣ ਜਾਂਦਾ ਹੈ। ਉਹ ਕਦੇ ਨਹੀਂ ਡੋਲਦਾ। ਦੂਜੀ ਤਬਦੀਲੀ ਹੈ ਕਿ ਉਹ ਅਮਰ ਪਦਵੀ ਪਾ ਲੈਂਦਾ ਹੈ। ਤੀਜੀ ਤਬਦੀਲੀ ਹੈ ਸਮਾਜ ਸਮਾਧਿ ਹਾਸਿਲ ਕਰ ਲੈਂਦਾ ਹੈ। ਚੌਥੀ ਤਬਦੀਲੀ ਹੈ ਬਾਕੀ ਦੁਨੀਆ ਜਾਂ ਮਾਇਕੀ ਸੁਖਾਂ ਮਗਰ ਨਹੀਂ ਦੌੜਦਾ, ਸਗੋਂ ਇਨ੍ਹਾਂ ਦਾ ਤਿਆਗ ਕਰਕੇ ਪੰਜਵੀਂ ਤਬਦੀਲੀ ਹਾਸਿਲ ਕਰ ਲੈਂਦਾ ਹੈ। ਉਹ ਤਬਦੀਲੀ ਹੈ ਕਿ ਹਰ ਵਕਤ ਬ੍ਰਿਤੀ (ਲਿਵ) ਨਾਮ ਨਾਲ ਜੁੜੀ ਰਹਿੰਦੀ ਹੈ। ਛੇਵੀਂ ਤਬਦੀਲੀ ਹੈ ਕਿ ਹੋਰ ਸਾਰੀਆਂ ਵਾਸ਼ਨਾਵਾਂ, ਉਹ ਭਾਵੇਂ ਵਿਕਾਰੀ ਹੋਣ ਭਾਵੇਂ ਸੰਸਾਰੀ ਹੋਣ, ਸਭ ਦਾ ਰਸ ਫਿਕਾ ਲੱਗਣ ਲੱਗ ਪੈਂਦਾ ਹੈ। ਇਕੋ ਇਕ ਗੁਰ-ਉਪਦੇਸ਼ ਦੀ ਵਾਸ਼ਨਾ ਦਾ ਵਾਸ ਹਿਰਦੇ ਅੰਦਰ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ--

ਚਰਨ ਕਮਲ ਗੁਰ ਜਬ ਤੇ ਰਿਦੈ ਬਸਾਏ,
ਤਬ ਤੇ ਅਸਥਿਰ ਚਿਤ ਅਨਤ ਨ ਧਾਵਹੀ॥
ਚਰਨ ਕਮਲ ਮਕਰੰਦ ਚਰਨਾਮ੍ਰਿਤ ਕੈ,
ਪ੍ਰਾਪਤਿ ਅਮਰ ਪਦ ਸਹਜਿ ਸਮਾਵਹੀ॥
ਗੁਰ ਸਬ ਤੇ ਧਿਆਨ ਧਾਰੇ,
ਗਿਆਨ ਧਿਆਨ ਸਰਬੰਸ ਬਿਸਰਾਵਹੀ॥
ਚਰਨ ਕਮਲ ਗੁਰ ਮਧੁਪ ਅਉ ਕਮਲ ਗਤਿ,
ਮਨ ਮਨਸਾ ਥਕਿਤ ਨਿਜ ਗ੍ਰਿਹ ਆਵਹੀ॥

ਮਨੁੱਖਾ ਦੇਹੀ ਪ੍ਰਮਾਤਮਾ ਨੂੰ ਮਿਲਣ ਲਈ ਰੱਬੀ ਰਹਿਮਤ ਨਾਲ ਮਿਲੀ ਹੈ। ਮਨੁੱਖ ਮਾਤਰ ਦੀ ਇਕ ਵੱਡੀ ਸਮੱਸਿਆ ਹੈ ਕਿ ਇਹ ਸੰਸਾਰਿਕ ਰਸਤੇ ਤਾਂ ਆਪਣੀਆਂ ਅੱਖਾਂ ਅਤੇ ਸੋਚ ਸਿਆਣਪ ਨਾਲ ਲੱਭ ਲੈਂਦਾ ਹੈ ਪਰ ਪਰਮਾਰਥ ਦੀ ਦੁਨੀਆ ਲਈ ਨਾ ਇਸ ਦੀ ਸੋਚ ਸਕਾਰਾਤਮਿਕ ਰਾਹ ਲੱਭ ਸਕਦੀ ਹੈ ਅਤੇ ਨਾ ਹੀ ਇਸ ਦੀਆਂ ਅੱਖਾਂ ਵਿਚ ਉਹ ਸਮਰੱਥਾ ਹੈ। ਇਥੇ ਤਾਂ ਸਗੋਂ ਨਿਮਰਤਾ ਨਾਲ ਅਰਦਾਸ ਕਰਕੇ ਹੀ ਰਹਿਮਤ ਹਾਸਿਲ ਕੀਤੀ ਜਾ ਸਕਦੀ ਹੈ। ਹੇ ਸੁਆਮੀ ਦਾਤਾ ਜੀਉ! ਕਿਰਪਾ ਕਰੋ ਅਤੇ ਸਾਨੂੰ ਅੰਨ੍ਹਿਆਂ ਨੂੰ ਗੁਰਮਤਿ ਦਾ ਮਾਰਗ ਦਰਸਾਉ ਜੀ।

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥

(ਪੰਨਾ ੬੬੭)

ਰੱਬੀ ਮੌਜ ਵਿਚ ਰਹਿਣ ਵਾਲਾ ਇਕ ਸਰਮਦ ਫ਼ਕੀਰ ਹੋਇਆ ਹੈ। ਇਸ ਨੂੰ ਔਰੰਗਜ਼ੇਬ ਨੇ ਕਤਲ ਕਰਵਾ ਦਿੱਤਾ ਸੀ। ਇਸ ਨੇ ਕੁਝ ਰੁਬਾਈਆਂ ਲਿਖੀਆਂ ਸਨ ਜਿਨ੍ਹਾਂ ਦਾ ਤਰਜਮਾ ਵਿਦਵਾਨ ਪੁਰਸ਼ ਸ: ਸੂਬਾ ਸਿੰਘ ਜੀ ਨੇ ਕੀਤਾ ਹੈ। ਉਨ੍ਹਾਂ ਵਿਚੋਂ ਇਕ ਬਚਨ ਬਹੁਤ ਪਿਆਰਾ ਹੈ—

ਘੁੰਮਣ ਘੇਰ ਗੁਨਾਹਾਂ ਦੇ ਫਸੀ ਬੇੜੀ,
ਫ਼ਜ਼ਲ ਮੇਰੇ 'ਤੇ ਮੇਰੇ ਕਰਤਾਰ ਕਰ ਦੇ।
ਡੁਬ ਜਾਏ ਨਾ ਡੋਲਦੀ ਇਹ ਬੇੜੀ,
ਚੱਪੂ ਮਿਹਰ ਦਾ ਲਾ ਤੇ ਪਾਰ ਕਰ ਦੇ।
ਭਾਵੇਂ ਮੇਰਿਆਂ ਪਾਪਾਂ ਦਾ ਅੰਤ ਕੋਈ ਨ,
ਕਰਮ ਉਨ੍ਹਾਂ ਤੋਂ ਵੱਧ ਦਾਤਾਰ ਕਰ ਦੇ।
ਪੈਣਾ ਤੈਨੂੰ ਹਿਸਾਬਾਂ ਵਿਚ ਸੋਭਦਾ ਨਹੀਂ,
ਕਰਕੇ ਰਹਿਮਤਾਂ ਅਪਰ ਅਪਾਰ ਕਰ ਦੇ।

ਹਿਰਦੇ ਦੇ ਮੰਦਿਰ ਵਿਚੋਂ ਨਿਕਲੀ ਅਰਦਾਸ ਪਰਮਾਤਮਾ ਨੂੰ ਕਬੂਲ ਪੈ ਜਾਂਦੀ ਹੈ ਅਤੇ ਉਸ ਨੂੰ ਮਿੱਠੇ ਪਿਆਰੇ ਕਾਮਿਲ ਮੁਰਸ਼ਿਦ (ਪੂਰਾ ਗੁਰੂ) ਦਾ ਮਿਲਾਪ ਹੁੰਦਾ ਹੈ, ਜਿਹੜਾ ਫਿਰ ਪਾਪਾਂ, ਅਗਿਆਨਤਾ ਅਤੇ ਗੁਨਾਹਾਂ ਭਰੇ ਜੀਵਨ ਵਿਚੋਂ ਆਪਣੀ ਉਪਦੇਸ਼ ਰੂਪ ਬਾਂਹ ਪਕੜਾ ਕੇ ਕੇਵਲ ਕੱਢ ਹੀ ਨਹੀਂ ਦਿੰਦਾ, ਸਗੋਂ ਅੱਗੋਂ ਚਿੱਕੜ ਵਿਚ ਨਾ ਡੁੱਬਾਂ, ਸਮਝਾ ਵੀ ਦਿੰਦਾ ਹੈ। ਜਿਹੜਾ ਮਨੁੱਖ ਗੁਰੂ-ਉਪਦੇਸ਼ ਦੀ ਕਮਾਈ ਕਰਦਾ ਹੈ, ਉਸ ਦੀ ਭਟਕਣਾ ਮੁੱਕ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਪ੍ਰਮੁੱਖ ਸਿੱਖਾਂ ਦੀ ਸੂਚੀ ਲਿਖੀ ਹੈ ਜਿਸ ਵਿਚੋਂ ਇਕ ਮਹਾਨ ਗੁਰਸਿੱਖ ਦੀ ਕਮਾਈ ਦਾ ਇਥੇ ਜ਼ਿਕਰ ਕਰਦੇ ਹਾਂ, ਜਿਸ ਨੂੰ ਪੜ੍ਹ ਕੇ ਹੋ ਸਕਦਾ ਹੈ ਸਾਡਾ ਵੀ ਮਨ ਇਸ ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲਣ ਲਈ ਗੁਰੂ-ਉਪਦੇਸ਼ 'ਤੇ ਭਰੋਸਾ ਕਰਕੇ ਬਖ਼ਸ਼ਿਸ਼ ਦਾ ਪਾਤਰ ਬਣ ਜਾਵੇ।

ਧੰਨ ਗੁਰੂ ਅੰਗਦ ਸਾਹਿਬ ਜੀ ਸ੍ਰੀ ਖਡੂਰ ਸਾਹਿਬ ਬਿਰਾਜ ਰਹੇ ਸਨ। ਸਤਿਗੁਰੂ ਜੀ ਦੇ ਘਰ ਅਕਸਰ ਕੋਈ ਪਰਮਾਰਥ ਦੀ ਭੁੱਖ ਰੱਖ ਕੇ, ਕੋਈ ਪਦਾਰਥ ਦੀ ਭੁੱਖ ਰੱਖ ਕੇ ਆਉਂਦਾ ਜਾਂਦਾ ਰਹਿੰਦਾ ਸੀ। ਸਾਹਿਬ ਪਾਤਿਸ਼ਾਹ ਜੀ ਲੋਕ ਪ੍ਰਲੋਕ ਸੁਹੇਲੇ ਦੀਆਂ ਦਾਤਾਂ ਦਿਨ ਰਾਤ ਬਖ਼ਸ਼ਿਸ਼ਾਂ ਦੇ ਰੂਪ ਵਿਚ ਵੰਡ ਰਹੇ ਸਨ। ਜਿਸ ਨੂੰ ਵੀ ਪਤਾ ਲੱਗਦਾ, ਉਹ ਸਤਿਗੁਰੂ ਜੀ ਕੋਲੋਂ ਰਹਿਮਤਾਂ ਦੀ ਦਾਤ ਲੈਣ ਲਈ ਬਹੁੜੀ ਕਰਦਾ। ਇਨ੍ਹਾਂ ਦਿਨਾਂ ਵਿਚ ਹੀ ਇਕ ਵਕਤ ਦੇ ਹਾਕਮ ਕੋਲ ਫ਼ੌਜੀ ਦੀ ਨੌਕਰੀ ਕਰਨ ਵਾਲਾ ਭਾਈ ਮੱਲ੍ਹ ਸ਼ਾਹ ਆਇਆ। ਸਤਿਗੁਰੂ ਜੀ ਦੇ ਪਵਿੱਤਰ ਚਰਨਾਂ 'ਤੇ ਨਮਸਕਾਰ ਕਰਕੇ ਕੁਝ ਸਮਾਂ ਕਥਾ ਕੀਰਤਨ ਸਰਵਣ ਕੀਤਾ। ਦਿਲ

ਨੇ ਹਾਮੀ ਭਰੀ ਕਿ ਤੇਰੇ ਸ਼ੰਕਾ ਰੂਪੀ ਦੁੱਖੜੇ ਦਾ ਇਲਾਜ ਇਥੋਂ ਮਿਲ ਸਕਦਾ ਹੈ। ਸਤਿਗੁਰੂ ਜੀ ਕੋਲ ਨਿਮਰਤਾ ਭਾਵ ਵਿਚ ਬੇਨਤੀ ਕਰਨ ਲੱਗਾ ਕਿ ਹੇ ਦੀਨਾਂ 'ਤੇ ਦਇਆ ਕਰਨ ਵਾਲੇ ਦਇਆਲੂ ਸਤਿਗੁਰੂ ਜੀ! ਆਪ ਕਿਰਪਾ ਕਰੋ। ਮੈਨੂੰ ਦਿਨ ਰਾਤ ਮੌਤ ਦਾ ਡਰ ਚੈਨ ਨਹੀਂ ਲੈਣ ਦਿੰਦਾ। ਮੌਤ ਭਾਵੇਂ ਹੋਰਾਂ ਦੀ ਵੀ ਨਿਸ਼ਚਿਤ ਹੈ ਪਰ ਮੈਨੂੰ ਤਾਂ ਜੱਗ ਵਿਚ ਸਿਰਫ਼ ਆਪਣੀ ਹੀ ਮੌਤ ਸਪੱਸ਼ਟ ਨਜ਼ਰ ਆਉਂਦੀ ਹੈ, ਮੈਂ ਕੀ ਕਰਾਂ ? ਸਤਿਗੁਰੂ ਗੁਰੂ ਅੰਗਦ ਸਾਹਿਬ ਜੀ ਨੇ ਕਿਰਪਾ ਕੀਤੀ ਤੇ ਸਮਝਾਇਆ ਕਿ ਭਾਈ, ਮੌਤ ਤੋਂ ਸਿਆਣਾ ਬੰਦਾ ਡਰਦਾ ਨਹੀਂ ਸਗੋਂ ਤਿਆਰੀ ਕਰਦਾ ਹੈ, ਜਿਵੇਂ ਕਿਸੇ ਗਰੀਬੜੇ ਜਿਹੇ ਮਨੁੱਖ ਨੂੰ ਕਹੀਏ ਕਿ ਤੂੰ ਘਾਹ ਫੂਸ ਦੀ ਝੁਗੀ ਤਿਆਗ ਕੇ ਚੰਗੇ ਮਹੱਲ ਵਿਚ ਜਾਣਾ ਚਾਹੁੰਦਾ ਹੈਂ? ਤਾਂ ਉਹ ਬਹੁਤ ਹੀ ਖ਼ੁਸ਼ੀ ਨਾਲ ਹਾਂ ਕਰੇਗਾ, ਇਸ ਤਰ੍ਹਾਂ ਹੀ ਪਰਮਾਰਥੀ ਸੂਝ ਬੂਝ ਵਾਲੇ ਬੰਦੇ ਨੂੰ ਪਤਾ ਹੁੰਦਾ ਹੈ ਕਿ ਮੈਂ ਆਹ ਸਰੀਰ ਦਾ ਤਿਆਗ ਕਰਕੇ ਇਕ ਦਿਨ ਨਿਜ ਘਰ ਮਹੱਲ ਵਿਚ ਜਾਣਾ ਹੈ ਜਿਥੋਂ ਇਹ ਭਟਕਣਾ ਵੀ ਖ਼ਤਮ ਹੋ ਜਾਣੀ ਹੈ ਤਾਂ ਉਹ ਸਰੀਰ ਜਾਂ ਸਰੀਰਕ ਸੁੱਖਾਂ ਦੀ ਪ੍ਰਵਾਹ ਨਹੀਂ ਕਰਦਾ ਸਗੋਂ ਆਤਮਾ ਅਤੇ ਆਤਮਿਕ ਸੁੱਖਾਂ ਲਈ ਉਪਰਾਲਾ ਕਰਦਾ ਹੈ। ਇਸ ਸਭ ਕੁਝ ਦੀ ਪ੍ਰਾਪਤੀ ਗੁਰੂ-ਉਪਦੇਸ਼ ਨਾਲ ਜੁੜਿਆਂ ਹੀ ਹੋ ਸਕਦੀ ਹੈ। ਤਦ ਭਾਈ ਮੱਲ ਸ਼ਾਹ ਜੀ ਨੇ ਫਿਰ ਹੱਥ ਜੋੜ ਬੇਨਤੀ ਕੀਤੀ ਕਿ ਕਿਰਪਾ ਕਰਕੇ ਉਪਦੇਸ਼ ਬਖ਼ਸ਼ਿਸ਼ ਕਰੋ ਜੀ। ਧੰਨ ਗੁਰੂ ਅੰਗਦ ਸਾਹਿਬ ਜੀ ਨੇ ਬਚਨ ਕੀਤੇ ਕਿ ਦੁਨੀਆਂ ਵਿਚ ਅਸਲ ਵਿਚ ਧਰਮ ਦੇ ਦੋ ਹੀ ਪੱਖ ਹਨ। ਪਹਿਲਾ ਪੱਖ ਹੈ ਸ਼ਬਦ-ਧਰਮ, ਦੂਜਾ ਪੱਖ ਹੈ ਨਾਮ-ਧਰਮ। ਦੋਨਾਂ ਬਾਰੇ ਗੁਰਬਾਣੀ ਦੇ ਬਚਨ ਹਨ :—

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥

(ਪੰਨਾ ੪੬੯)

ਬਲਿਓ ਚਰਾਗੁ ਅੰਧ੍ਯਾਰ ਮਹਿ
ਸਭ ਕਲਿ ਉਧਰੀ ਇਕ ਨਾਮ ਧਰਮ ॥

(ਪੰਨਾ ੧੩੮੭)

ਸ਼ਬਦ-ਧਰਮ ਦੀ ਕਮਾਈ ਗੁਰੂ-ਉਪਦੇਸ਼ ਦੀ ਕਮਾਈ ਹੈ। ਗੁਰਬਾਣੀ ਪੜ੍ਹਦਿਆਂ ਚੰਗੇ ਮੰਦੇ ਦੀ ਸੂਝ ਪੈਦਾ ਹੁੰਦੀ ਹੈ। ਫਿਰ ਹੋਰ ਕਮਾਈ ਨਾਲ ਚੰਗਾ ਕਰਨ ਦੀ ਭਾਵਨਾ ਅਤੇ ਮਾੜੇ ਪਾਸੇ ਤੋਂ ਬਚਣ ਦੀ ਵਿਚਾਰ ਪੈਦਾ ਹੁੰਦੀ ਹੈ। ਮਨ ਵਾਰ ਵਾਰ ਭੁੱਲਦਾ ਹੈ ਪਰ ਸ਼ਬਦ ਰੂਪ ਗੁਰੂ-ਉਪਦੇਸ਼ ਵਾਰ-ਵਾਰ ਹੋੜਦਾ ਹੈ। ਹਰ ਰੋਜ਼ ਦੀ ਇਸ ਜੰਗ ਵਿਚੋਂ ਇਕ ਦਿਨ ਗੁਰ-ਉਪਦੇਸ਼ ਜਿੱਤ ਜਾਂਦਾ ਹੈ, ਕਿਉਂਕਿ ਮਨੁੱਖੀ ਮਨ ਅਲਪੱਗ ਹੈ ਅਤੇ ਗੁਰ-ਉਪਦੇਸ਼ ਸਰਬੱਗ ਹੈ। ਸੋ ਜਿੱਤਣਾ ਤਾਂ ਸਰਬੱਗ

ਨੇ ਹੀ ਹੈ। ਹਰ ਰੋਜ਼ ਦਾ ਚੰਗਾ ਜੀਵਨ ਨਾਮ-ਧਰਮ ਵਿਚ ਪ੍ਰਵੇਸ਼ ਕਰਵਾ ਦਿੰਦਾ ਹੈ। ਨਾਮੁ ਸਿਮਰਨ ਰੱਬ ਦੀ ਹਰ ਵਕਤ ਯਾਦ ਦਾ ਨਾਮ ਹੈ। ਸੋ ਮਨੁੱਖ ਰੱਬ ਦੀ ਹੋਂਦ ਨੂੰ ਮਹਿਸੂਸ ਕਰਨ ਲੱਗ ਪੈਂਦਾ ਹੈ, ਕਿਉਂਕਿ—

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥

(ਪੰਨਾ ੨੬੩)

ਜਿਥੇ ਹਰ ਰੋਜ਼ ਰੱਬ ਦੀ ਯਾਦ ਹੈ, ਉਥੇ ਹੀ ਨਿਰੰਕਾਰ ਦਾ ਵਾਸਾ ਹੋ ਜਾਂਦਾ ਹੈ। ਇਹੋ ਸਿਮਰਨ ਹੀ ਇਕ ਦਿਨ ਨਾਮ ਅਤੇ ਨਾਮੀ ਵਾਲੀ ਵਿੱਥ ਨੂੰ ਮਿਟਾ ਕੇ ਇਕ ਕਰ ਦਿੰਦਾ ਹੈ, ਜਿਸ ਦਾ ਸਦਕਾ ਜੀਵ ਰੱਬ ਦਾ ਰੂਪ ਹੀ ਬਣ ਜਾਂਦਾ ਹੈ। ਜੀਵ ਦਾ ਮੁੜ ਰੱਬ ਹੋਣਾ ਹੀ ਅਸਲ ਵਿਚ ਸਾਡੀ ਮੰਜ਼ਿਲ ਹੈ। ਸਤਿਗੁਰੂ ਜੀ ਦੇ ਉਪਦੇਸ਼ ਦੀ ਕਮਾਈ ਸ਼ਰਧਾ ਭਾਵਨਾ ਨਾਲ ਕਰਨੀ ਪੈਂਦੀ ਹੈ। ਧੰਨ ਸੀ ਉਹ ਭਾਈ ਮੱਲ ਸ਼ਾਹ ਜਿਸ ਨੇ ਗੁਰੂ-ਉਪਦੇਸ਼ ਦੀ ਕਮਾਈ ਕਰਕੇ ਆਪਣੇ ਆਪ ਨੂੰ ਹੀ ਸੰਸਾਰ ਸਾਗਰ ਤੋਂ ਪਾਰ ਨਹੀਂ ਕੀਤਾ ਬਲਕਿ ਉਸ ਦੀ ਕੀਤੀ ਕਮਾਈ ਸਦਕਾ ਹੀ ਭਾਈ ਗੁਰਦਾਸ ਜੀ ਨੇ ਉਨ੍ਹਾਂ ਦਾ ਨਾਂ ਕਮਾਈ ਵਾਲੇ ਗੁਰਸਿੱਖਾਂ ਦੀ ਸੂਚੀ ਵਿਚ ਲਿਖਿਆ। ਇਹ ਸਾਨੂੰ ਵੀ ਪ੍ਰੇਰਨਾ ਕਰਦਾ ਹੈ ਕਿ ਧਰਮ ਨਿਰਾ ਸੀਸ ਨਿਵਾਉਣ ਦਾ ਕਰਮ ਨਹੀਂ ਬਲਕਿ ਗੁਰੂ-ਉਪਦੇਸ਼ ਦੀ ਕਮਾਈ ਦਾ ਨਾਮ ਧਰਮ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ—

ਮਲੁਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ॥

(ਵਾਰ ੧੧, ਪਉੜੀ ੧੫)

"ਚਰਨ ਲਗਿ ਤਰੀਐ" ਦਾ ਅਰਥ ਇਕ ਵਾਰੀ ਫਿਰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਮਨੁੱਖ ਦਾ ਮਨ ਗੁਰੂ-ਉਪਦੇਸ਼ ਨਾਲ ਜੁੜ ਗਿਆ ਫਿਰ ਭਟਕਣਾ ਖ਼ਤਮ ਹੋ ਜਾਵੇਗੀ ਅਤੇ ਰੱਬੀ ਗੋਦ ਨਸੀਬ ਹੋ ਜਾਵੇਗੀ। ਦੁਨੀਆਂ ਵਿਚ ਧਾਰਮਿਕ ਗ੍ਰੰਥ ਪਹਿਲਾਂ ਵੀ ਬਹੁਤ ਸਨ ਪਰ ਵੱਡੀ ਮੁਸ਼ਕਿਲ ਇਹ ਸੀ ਕਿ ਮੁਸਲਮਾਨ ਸ਼ਰ੍ਹਾ ਦਾ ਪੱਕਾ ਹੋਣ ਕਰਕੇ ਨਿਰੀ ਕਟੜਤਾਈ ਵਿੱਚ ਵਿਸ਼ਵਾਸ ਰੱਖਦਾ ਸੀ। ਉਸ ਦਾ ਵਿਚਾਰ ਸੀ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਹੀ ਆਖ਼ਰੀ ਪੈਗੰਬਰ ਹਨ ਅਤੇ ਕੁਰਾਨ ਮਜੀਦ ਵਿਚ ਬਿਆਨਿਆ ਸੱਚ ਹੀ ਸੱਚ ਹੈ, ਜਿਸ ਕਰਕੇ ਹਰ ਬੰਦਾ ਇਸ ਰਾਹ ਦਾ ਰਾਹੀ ਨਾ ਬਣ ਸਕਿਆ। ਦੂਜਾ, ਜੋਗੀ ਨੇ ਸੱਚ ਜੀਵਨ ਦਾ ਓਨਾ ਸਹਾਰਾ ਨਹੀਂ ਲਿਆ ਜਿੰਨਾ ਕਰਾਮਾਤੀ ਤਾਕਤ ਵਿਖਾ ਕੇ ਆਮ ਗ੍ਰਹਿਸਥੀ ਨੂੰ ਆਪਣੇ ਨਾਲ ਤੋਰਨ ਦੀ ਬਜਾਇ ਉਸ ਨੂੰ ਡਰਾ ਧਮਕਾ ਕੇ

ਵਰ ਸਰਾਪ ਦੇ ਚੱਕਰਾਂ ਵਿਚ ਪਾ ਦਿੱਤਾ। ਤੀਜਾ ਪੱਖ ਬ੍ਰਾਹਮਣ ਵੀਰ ਕੋਲ ਸੀ। ਇਸ ਨੇ ਵੀ ਓਨਾ ਸੱਚ ਦਾ ਸਹਾਰਾ ਨਹੀਂ ਲਿਆ ਜਿੰਨਾ ਉਹ ਚਲਾਕੀਆਂ ਤੋਂ ਕੰਮ ਸਾਰਦਾ ਸੀ। ਚਲਾਕੀ ਇਕ ਨਾ ਇਕ ਦਿਨ ਪ੍ਰਗਟ ਹੋ ਜਾਂਦੀ ਸੀ ਜਿਸ ਕਰਕੇ ਆਮ ਬੰਦਾ ਸਮਝ ਲੈਂਦਾ ਸੀ ਕਿ ਇਥੇ ਵੀ ਧਰਮ ਨਹੀਂ ਬਲਕਿ ਭਰਮ ਦਾ ਹੀ ਬੋਲ ਬਾਲਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਬਿਲਕੁਲ ਸਪੱਸ਼ਟ ਕਰ ਦਿੱਤਾ ਕਿ ਇਹ ਕੁਝ ਰੱਬੀ ਨਿਯਮ ਹਨ ਜਿਨ੍ਹਾਂ ਦੀ ਪਾਲਣਾ ਕਰਕੇ ਉਸ ਉਪਦੇਸ਼ ਮੁਤਾਬਿਕ ਆਪਣਾ ਜੀਵਨ ਬਣਾ ਕੇ ਰੱਬੀ ਦਰਗਾਹ ਦੀ ਪ੍ਰਵਾਨਗੀ ਮਿਲਦੀ ਹੈ। ਜੇਕਰ ਉਪਦੇਸ਼ ਕੁਝ ਹੋਰ ਹੈ ਅਤੇ ਜੀਵਨ ਦੀ ਕਮਾਈ ਕੁਝ ਹੋਰ ਹੈ ਤਾਂ ਬਿਲਕੁਲ ਸਪੱਸ਼ਟ ਬਚਨ ਹਨ ਕਿ ਤੇਰੇ ਜੀਵਨ ਦਾ ਕੀ ਹਸ਼ਰ ਹੋਵੇਗਾ।

ਰਹਤ ਅਵਰ ਕਛੁ ਅਵਰ ਕਮਾਵਤ॥
ਮਨ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥
ਬਾਹਰਿ ਭੇਖ ਨ ਕਾਹੂ ਭੀਨ॥

(ਪੰਨਾ ੨੬੯)

ਭਾਈ ਪ੍ਰਹਿਲਾਦ ਸਿੰਘ ਜੀ ਦੇ ਬਹੁਤ ਸਪੱਸ਼ਟ ਬਚਨ ਹਨ—

ਬਚਨ ਪ੍ਰਤੀਤ ਰਖਹਿ ਸਿੱਖ ਜੋਈ।
ਤੈਸੇ ਹੀ ਫਲ ਪ੍ਰਾਪਤ ਹੋਈ।
ਗੁਰ ਕਾ ਬਚਨ ਗੁਰੂ ਕੀ ਮੂਰਤਿ।
ਭੁਗਤਿ ਮੁਕਤਿ ਵਰ ਸਾਚੋ ਪੂਰਤਿ।
ਕਰਹਿ ਅਕਾਲ ਪੁਰਖ ਕੀ ਆਸਾ।
ਜਨਮ ਮਰਨ ਕਟਿ ਡਾਰੈ ਫਾਸਾ। (ਰਹਿਤਨਾਮਾ)

ਭਾਈ ਕੇਸਰ ਸਿੰਘ ਛਿਬਰ ਦੀ ਲਿਖਤ ਵਿਚੋਂ ਪਿਆਰੇ ਬਚਨ ਮਿਲਦੇ ਹਨ—

ਗੁਰੂ ਕਾ ਸਿਖ ਪੱਕਾ ਜਾਣਹੁ ਸੋਈ।
ਗ੍ਰੰਥ ਬਚਨ ਸਤਿ ਕਰਿ ਮਾਨੇ ਜੋਈ।
ਜੋ ਗ੍ਰੰਥ ਬਚਨ ਦੇ ਕਹੇ ਚਲੇਗਾ।
ਸੋਈ ਗੁਰੂ ਕੇ ਘਰਿ ਰਲੇਗਾ।

(੧੪ਵਾਂ ਚਰਣ)

ਗੁਰੂ ਪਾਤਿਸ਼ਾਹ ਜੀ ਦੀ ਮਹਿਮਾ ਨੂੰ ਕਾਵਿ ਰੂਪ ਵਿਚ ਲਿਖ ਕੇ ਪ੍ਰਗਟ ਕਰਨ ਵਾਲੇ ਮਹਾਨ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਅੰਦਰ ਗੁਰੂ ਹਰਿਰਾਏ

ਪਾਤਿਸ਼ਾਹ ਜੀ ਦੇ ਸਮੇਂ ਦੀ ਵਿਚਾਰ ਲਿਖੀ ਹੈ ਕਿ ਸਤਿਗੁਰੂ ਜੀ ਨੇ ਕਿਰਪਾ ਕਰਕੇ ਜਗਿਆਸੂ ਜਗਤ ਨੂੰ ਸਮਝਾਇਆ ਸੀ ਕਿ ਸਤਿਗੁਰੂ ਜੀ ਦੇ ਪਵਿੱਤਰ ਸ਼ਬਦ ਅੰਦਰ ਆਤਮਾ ਦਾ ਗਿਆਨ ਹੈ। ਜਿਹੜਾ ਵੀ ਪੁਰਖ ਪ੍ਰੇਮੀ ਹਿਰਦੇ ਵਿਚ ਵਸਾ ਕੇ ਸੰਸਾਰੀ ਵਿਚਾਰਾਂ ਵਿਚ ਵੀ ਗੁਰਬਾਣੀ ਦਾ ਆਸਰਾ ਲਵੇਗਾ, ਉਹ ਆਤਮ ਗਿਆਨੀ ਹੋਵੇਗਾ, ਸੱਚਾ ਸੁਖ ਮਾਣੇਗਾ। ਇਥੇ ਹੀ ਬਸ ਨਹੀਂ, ਜਨਮ ਮਰਨ ਦੀਆਂ ਫਾਹੀਆਂ ਕੱਟ ਕੇ ਸਾਈਂ ਰੂਪ ਹੋ ਜਾਏਗਾ।

ਤਿਸ ਸਤਿਗੁਰੂ ਕੇ ਸ਼ਬਦ ਮਝਾਰਾ॥
ਆਤਮ ਗਯਾਨ ਬਸੈ ਸੁਖ ਸਾਰਾ॥
ਪਾਠ ਕਰੈ ਹੋਇ ਪੁੰਨ ਮਹਾਨ॥
ਨਾਹਿਨ ਪ੍ਰਾਪਤ ਆਤਮ ਗਯਾਨ॥
ਜਬ ਬਿਚਾਰ ਕਰਿ ਹਿਰਦੈ ਵਸਾਵੈ॥
ਸਬ ਬਿਵਹਾਰਨ ਬਿਖੈ ਕਮਾਵੈ॥
ਗਯਾਨ ਪ੍ਰਕਾਸ਼ੈ ਆਨੰਦ ਪਾਵੈ॥
ਜਨਮ ਮਰਨ ਕੋ ਕਸ਼ਟ ਮਿਟਾਵੈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਕ ਸੱਚਾ ਸੁੱਚਾ ਇਨਸਾਨ ਬਣਾਉਣ ਲਈ ਪਵਿੱਤਰ ਉਪਦੇਸ਼ ਬਖਸ਼ਿਸ਼ ਕੀਤਾ ਹੋਇਆ ਹੈ। ਇਸ ਉਪਦੇਸ਼ ਦੀ ਕਮਾਈ ਕਰਨ ਵਾਲਾ ਦੁਨੀਆਂ ਦੇ ਸੁੱਖ ਮਾਣਦਾ ਹੋਇਆ ਪ੍ਰਲੋਕ ਵਿਚ ਵੀ ਸੱਚੀ ਦਰਗਾਹ ਵਿਚ ਸੱਚਾ ਪਿੜ ਮੱਲ ਲੈਂਦਾ ਹੈ ਭਾਵ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ। ਇਹ ਨਿਰੋਲ ਸੱਚ ਪ੍ਰਗਟ ਹੋ ਜਾਂਦਾ ਹੈ ਕਿ 'ਚਰਨ ਲਗਿ ਤਰੀਐ' ਭਾਵ ਗੁਰ-ਉਪਦੇਸ਼ ਹਮੇਸ਼ਾ ਪਾਰ ਹੀ ਕਰਦਾ ਹੈ। ਆਪ ਅਧੂਰਾ ਨਹੀਂ ਤੇ ਅਧੂਰੇ ਨੂੰ ਅਧੂਰਾ ਨਹੀਂ ਰਹਿਣ ਦਿੰਦਾ।

ਸਭੁ ਨਾਨਕ ਬ੍ਰਹਮ ਪਸਾਰੋ

ਸਮਾਧ ਅਤੇ ਵਿਸਮਾਦ ਦੀ ਗੁਰਮਤਿ ਦੀ ਦੁਨੀਆਂ ਵਿਚ ਬਹੁਤ ਗੂੜ੍ਹੀ ਅਹਿਮੀਅਤ ਹੈ। ਸਮਾਧੀ ਇਕ ਸਾਧਨਾ ਹੈ ਅਤੇ ਵਿਸਮਾਦ ਇਕ ਪ੍ਰਾਪਤੀ ਹੈ। ਸਮਾਧੀ ਹੀ ਵਿਸਮਾਦੀ ਬਣਾ ਸਕਦੀ ਹੈ। ਸਮਾਧੀ ਦਾ ਅਰਥ ਜੀਵਨ ਵਿਚ ਟਿਕਾਅ ਪੈਦਾ ਹੋ ਜਾਣਾ ਹੈ। ਟਿਕਾਅ ਜਾਂ ਸਹਜ ਹਮੇਸ਼ਾ ਹੀ ਤ੍ਰਿਪਤੀ ਨਾਲ ਪੈਦਾ ਹੁੰਦੇ ਹਨ। ਜਿੰਨਾ ਕੋਈ ਤ੍ਰਿਪਤ ਹੋਵੇਗਾ, ਓਨਾ ਹੀ ਉਸ ਦਾ ਜੀਵਨ ਟਿਕਾਅ ਵਾਲਾ ਹੋਵੇਗਾ। ਭਟਕਣਾ ਤੋਂ ਮੁਕਤੀ ਮਿਲ ਜਾਂਦੀ ਹੈ। ਸੁੰਨ ਸਮਾਧਿ ਨੂੰ ਮਿਲਣ ਵਾਸਤੇ ਆਪ ਵੀ ਸੁੰਨ ਸਮਾਧ ਹੋਣਾ ਪੈਂਦਾ ਹੈ। ਭਟਕਣਾ ਵਾਲਾ ਸੁੰਨ ਸਮਾਧ ਨੂੰ ਪ੍ਰਾਪਤ ਨਹੀਂ ਕਰ ਸਕਦਾ। ਇਹ ਸਮਾਧੀ ਹੀ ਇਸ ਦੀਆਂ ਸੁਰਤਿ ਵਾਲੀਆਂ ਅੱਖਾਂ ਖੋਲ੍ਹਦੀ ਹੈ, ਜਿਸ ਨਾਲ ਸੰਸਾਰ ਬਦਲ ਕੇ ਨਿਰੰਕਾਰ ਦਿੱਸਣ ਲੱਗ ਪੈਂਦਾ ਹੈ। ਜਿਥੇ ਸੰਸਾਰ ਨੂੰ ਤੱਕਦਿਆਂ ਈਰਖਾ, ਊਚ ਨੀਚ, ਭੇਦਭਾਵ ਆਦਿਕ ਦਿਖਾਈ ਦਿੰਦੇ ਸਨ, ਉਥੇ ਹੁਣ ਨਿਰੰਕਾਰ ਦੇ ਦਰਸ਼ਨ ਕਰਦਿਆਂ ਵਿਸਮਾਦ ਦੀ ਅਵਸਥਾ ਬਣ ਜਾਂਦੀ ਹੈ। ਜਗ ਸੱਚੇ ਦੀ ਕੋਠੜੀ ਨਜ਼ਰ ਆਉਣ ਲੱਗ ਪੈਂਦਾ ਹੈ।

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥

(ਪੰਨਾ ੬੭੭)

ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥
ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥

(ਪੰਨਾ ੯੩੯)

ਭਗਤ ਨਾਮਦੇਵ ਜੀ ਦਾ ਬਚਨ ਹੈ ਕਿ ਇਸ ਸੰਸਾਰੀ ਰਚਨਾ ਨੂੰ ਕੇਵਲ ਚੰਮ ਦੀਆਂ ਅੱਖਾਂ ਨਾਲ ਹੀ ਨਾ ਵੇਖਦਾ ਰਹੀਂ, ਇਸ ਵਿਸ ਸੰਸਾਰ ਵਿਚੋਂ ਤੈਨੂੰ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ ਪਰ ਜਦੋਂ ਗੁਰੂ ਗਿਆਨ ਦੀ ਵਿਚਾਰ ਵਾਲੀ ਅੱਖ ਹੋਵੇਗੀ ਤਾਂ ਹਰ ਹਿਰਦਾ ਰੱਬ ਦਾ ਮੰਦਿਰ ਹੀ ਨਜ਼ਰ ਆਵੇਗਾ। ਬਿਨਾਂ ਕਿਸੇ ਵਿਤਕਰੇ ਦੇ ਹਰ ਹਿਰਦੇ ਵਿਚ ਉਸ ਦਾ ਹੀ ਵਾਸਾ ਦਿਸੇਗਾ।

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥

(ਪੰਨਾ ੪੯੫)

ਸਾਰਾ ਸੰਸਾਰ ਹੀ ਬ੍ਰਹਮ ਦਾ ਪਸਾਰਾ ਨਜ਼ਰ ਆਉਣ ਲੱਗ ਪੈਂਦਾ ਹੈ। ਹਰ ਬੋਲਦਾ ਜੀਵ ਰੱਬ ਹੀ ਬੋਲਦਾ ਪ੍ਰਤੀਤ ਹੁੰਦਾ ਹੈ। ਹਾਥੀ ਕੀੜੀ ਕੋਈ ਵੱਡੇ ਛੋਟੇ ਜੀਵ ਨਜ਼ਰ ਨਹੀਂ ਆਉਂਦੇ ਸਗੋਂ ਇਹ ਤਾਂ ਇਕ ਬਾਹਰੀ ਮਿਟੀ ਹੈ ਜਿਸ ਤੋਂ ਦਰੱਖ਼ਤ, ਲੱਤਾਂ ਨਾਲ ਚੱਲਣ ਵਾਲੇ ਜੀਵ, ਕੀੜੇ ਪਤੰਗੇ ਨਜ਼ਰ ਆਉਂਦੇ ਹਨ ਅਤੇ ਇਨ੍ਹਾਂ ਦੇ ਅੰਦਰ ਵਸਣ ਵਾਲੇ ਨਾਲ ਸਾਂਝ ਬਣ ਜਾਂਦੀ ਹੈ। ਇਨ੍ਹਾਂ ਸਾਰਿਆਂ ਵਿਚ ਇਕੋ ਵਸਦਾ ਪ੍ਰਤੀਤ ਹੁੰਦਾ ਹੈ। ਜੀਵਨ ਅੰਦਰ ਮਾਲਿਕ ਅਤੇ ਨੌਕਰ ਵਾਲੀ ਨਜ਼ਰ, ਊਚ-ਨੀਚ ਵਾਲੀ ਦ੍ਰਿਸ਼ਟੀ ਸਭ ਖ਼ਤਮ ਹੋ ਕੇ ਇਕੋ ਬ੍ਰਹਮ ਪਸਾਰਾ ਨਜ਼ਰ ਆਉਂਦਾ ਹੈ। ਫਿਰ ਆਪਣੇ ਆਪ ਹੀ ਹੋਰ ਆਸਾਂ ਦਾ ਤਿਆਗ ਕਰਕੇ ਮਨੁੱਖ ਇਕੋ ਆਸ 'ਤੇ ਜੀਵਨ ਨਿਰਭਰ ਕਰ ਲੈਂਦਾ ਹੈ। ਭਗਤ ਨਾਮਦੇਵ ਜੀ ਅੰਦਰਲੀ ਤੇ ਬਾਹਰਲੀ ਤਸਵੀਰ ਪੇਸ਼ ਕਰਦੇ ਹਨ :—

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥੧॥ ਰਹਾਉ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥੧॥
ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥੨॥

(ਪੰਨਾ ੯੮੮)

ਰਹਿਣ ਲਈ ਸੰਸਾਰੀ ਬੰਦੇ ਲਈ ਵੀ ਉਹੋ ਹੀ ਧਰਤੀ ਹੈ, ਉਹੋ ਹੀ ਪਾਣੀ ਹੈ, ਉਹੋ ਹੀ ਹਵਾ ਹੈ ਜਿਸ ਨਾਲ ਜੀਵਨ ਦਾ ਨਿਰਬਾਹ ਚਲਦਾ ਹੈ। ਉਸ ਤਰ੍ਹਾਂ ਦਾ ਹੀ ਮਾਹੌਲ ਧਰਮੀ ਪੁਰਖ ਲਈ ਹੈ ਪਰ ਫ਼ਰਕ ਸਿਰਫ਼ ਇਨਾ ਹੈ ਕਿ ਧਰਮੀ ਪੁਰਖ ਨੂੰ ਸੰਸਾਰ ਨਹੀਂ, ਸੰਸਾਰ ਅੰਦਰ ਵਸਦਾ ਰੱਬ ਨਜ਼ਰ ਆਉਂਦਾ ਹੈ। ਜਿਵੇਂ ਅਨਪੜ੍ਹ ਬੰਦੇ ਨੂੰ ਕਾਗਜ਼ ਉੱਤੇ ਕੁਝ ਸਿਆਹੀ ਦੀਆਂ ਝਰੀਟਾਂ ਹੀ ਨਜ਼ਰ ਆਉਂਦੀਆਂ ਹਨ ਪਰ ਪੜ੍ਹਨ ਵਾਲਾ ਕਾਗਜ਼ ਵਿਚਲੇ ਸਾਰੇ ਗਿਆਨ ਨੂੰ ਮਾਣਦਾ ਹੈ। ਇਹੋ ਹੀ ਗਿਆਨ ਇਕ ਦਿਨ ਮੰਜ਼ਿਲ 'ਤੇ ਵੀ ਲੈ ਜਾਂਦਾ ਹੈ। ਉਸ ਨੂੰ ਅੱਖਰ ਗਿਆਨ ਦਾ ਸਾਗਰ ਨਜ਼ਰ ਆਉਂਦੇ ਹਨ। ਆਮ ਵਿਅਕਤੀ ਨੂੰ ਸੋਨੇ ਚਾਂਦੀ ਦੇ ਗਹਿਣੇ ਹੀ ਨਜ਼ਰ ਆਉਂਦੇ ਹਨ ਪਰ ਪਾਰਖੂ ਸੁਨਿਆਰੇ ਨੂੰ ਉਸ ਵਿਚਲਾ ਸ਼ੁੱਧ ਸੋਨਾ ਅਤੇ ਸ਼ੁੱਧ ਚਾਂਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਹੀ ਰੱਬੀ ਭਗਤ ਨੂੰ ਪ੍ਰਮੇਸ਼ਰ ਦੇ ਦੀਦਾਰ ਹੁੰਦੇ ਰਹਿੰਦੇ ਹਨ।

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥
ਸਗਲ ਸਮਗ੍ਰੀ ਜਾ ਕਾ ਤਨਾ॥ ਆਪਨ ਜਸੁ ਆਪ ਹੀ ਸੁਨਾ॥
ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥
ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥
ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ॥

(ਪੰਨਾ ੨੯੪)

ਜ਼ਿੰਦਗੀ ਦੀ ਇਕ ਹਕੀਕਤ ਤੋਂ ਹਰ ਦਾਨਾ ਬੰਦਾ ਵਾਕਿਫ਼ ਹੈ ਕਿ ਸੰਸਾਰ ਅਸਲ ਵਿਚ ਹਰ ਬੰਦੇ ਨੂੰ ਆਪਣੀ ਸੋਚ ਮੁਤਾਬਿਕ ਦਿਖਾਈ ਦਿੰਦਾ ਹੈ। ਜਦੋਂ ਬਚਪਨ ਹੁੰਦਾ ਹੈ ਤਾਂ ਸਾਰਾ ਸੰਸਾਰ ਇਕੋ ਜਿਹਾ ਲੱਗਦਾ ਹੈ। ਨਾ ਕਿਸੇ ਨਾਲ ਕੋਈ ਈਰਖਾ, ਨਾ ਕਿਸੇ ਨਾਲ ਕੋਈ ਵਿਰੋਧ, ਨਾ ਘਾਟੇ ਦੀ ਚਿੰਤਾ, ਨਾ ਵਾਧੇ ਦੀ ਖ਼ੁਸ਼ੀ। ਸੰਸਾਰ ਤਾਂ ਇਕੋ ਜਿਹਾ ਹੈ ਪਰ ਬਚਪਨ ਦੀ ਉਮਰ ਬੇਪ੍ਰਵਾਹੀ ਦੀ ਹੋਣ ਕਰਕੇ ਸਾਰਾ ਸੰਸਾਰ ਹੀ ਬੇਪ੍ਰਵਾਹ ਨਜ਼ਰ ਆਉਂਦਾ ਹੈ। ਇਹੋ ਬੱਚਾ ਵੱਡਾ ਹੋ ਕੇ ਜੁਆਨ ਹੋ ਗਿਆ ਤਾਂ ਸਾਰਾ ਸੰਸਾਰ ਹੀ ਬਦਲ ਗਿਆ। ਹੁਣ ਹਰ ਪਾਸੇ ਜ਼ਿਆਦਾ ਜ਼ੋਰ ਵਿਸ਼ੇ ਵਿਕਾਰੀ ਦ੍ਰਿਸ਼ਟੀ ਦਾ ਹੈ। ਸਾਰਾ ਸੰਸਾਰ ਹੀ ਵਿਸ਼ੇ ਵਿਕਾਰੀ ਨਜ਼ਰ ਆਵੇਗਾ। ਉਮਰ ਤੀਜੇ ਪੜਾਅ 'ਤੇ ਪਹੁੰਚ ਜਾਂਦੀ ਹੈ ਭਾਵ ਬ੍ਰਿਧ ਅਵਸਥਾ ਆ ਗਈ। ਸੰਸਾਰ ਉਸ ਤਰ੍ਹਾਂ ਹੀ ਹੈ ਪਰ ਇਕ ਬਜ਼ੁਰਗ ਨੂੰ ਦੁਨੀਆ ਨਿਰਾਸਤਾ ਦਾ ਘਰ ਲੱਗਦੀ ਹੈ। ਪ੍ਰਤੀਤ ਹੁੰਦਾ ਹੈ ਕਿ ਕੋਈ ਵੀ ਆਪਣਾ ਨਹੀਂ, ਸਾਰੇ ਹੀ ਸੁਆਰਥੀ ਹਨ। ਸੰਸਾਰ ਵਿਚ ਕੁਝ ਨਹੀਂ ਬਦਲਿਆ ਸੀ, ਅਸਲ ਵਿਚ ਮਨੁੱਖ ਦੀ ਦ੍ਰਿਸ਼ਟੀ ਜਾਂ ਦਸ਼ਾ ਹੀ ਬਦਲੀ ਸੀ। ਸੰਸਾਰ ਉਸ ਰੰਗ ਵਿਚ ਹੀ ਦਿਖਾਈ ਦੇਣ ਲੱਗ ਪਿਆ। ਮਨੁੱਖ ਖ਼ੁਸ਼ ਹੋਵੇ ਤਾਂ ਦੁਨੀਆ ਖ਼ੁਸ਼ ਨਜ਼ਰ ਆਵੇਗੀ। ਮਨੁੱਖ ਉਦਾਸ ਹੋਵੇ ਤਾਂ ਦੁਨੀਆ ਉਦਾਸ ਨਜ਼ਰ ਆਵੇਗੀ। ਅਸਰ ਕੇਵਲ ਮਨੁੱਖ ਦੀ ਬ੍ਰਿਤੀ ਦਾ ਹੈ। ਇਸ ਤਰ੍ਹਾਂ ਹੀ ਜਿਨ੍ਹਾਂ ਦੀ ਬ੍ਰਿਤੀ ਬੰਦਗੀ ਕਰਕੇ ਆਤਮਿਕ ਜੀਵਨ ਵਾਲੀ ਬਣ ਜਾਂਦੀ ਹੈ, ਉਨ੍ਹਾਂ ਨੂੰ ਸਾਰਾ ਹੀ ਸੰਸਾਰ ਬ੍ਰਹਮ ਦਾ ਸਰੂਪ ਨਜ਼ਰ ਆਉਂਦਾ ਹੈ। ਉਨ੍ਹਾਂ ਲਈ ਕੋਈ ਆਪਣਾ ਬਿਗਾਨਾ ਜਾਂ ਚੰਗਾ ਮੰਦਾ ਨਹੀਂ ਹੁੰਦਾ, ਉਨ੍ਹਾਂ ਲਈ ਤਾਂ ਸਗੋਂ ਹਰ ਪਾਸੇ ਬ੍ਰਹਮ ਹੀ ਹੁੰਦਾ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

(ਪੰਨਾ ੮੪੬)

ਇਕ ਵਿਚਾਰ ਨੂੰ ਹੋਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਆਮ ਬੰਦੇ ਕੋਲ ਕੇਵਲ ਬ੍ਰਹਮ ਦ੍ਰਿਸ਼ਟੀ ਦੇ ਅੱਖਰ ਹੁੰਦੇ ਹਨ ਪਰ ਰੱਬੀ ਪਿਆਰਿਆਂ ਕੋਲ ਇਹ ਰੱਬੀ ਅਨੁਭਵ ਹੁੰਦਾ ਹੈ। ਇਸ ਕਰਕੇ ਹੀ ਸਾਹਿਬ ਜੀ ਕਿਰਪਾ ਕਰਦੇ ਹਨ ਕਿ ਆਮ ਬੰਦੇ ਨਾਲੋਂ ਸੰਤਾਂ ਭਗਤਾਂ ਦੀ ਗੱਲ ਬਿਲਕੁਲ ਸੱਚੀ ਸਾਖੀ ਹੀ ਹੁੰਦੀ ਹੈ, ਕਿਉਂਕਿ ਉਹ ਜੋ ਕੁਝ ਵੀ ਬੋਲਦੇ ਹਨ, ਉਹ ਹਕੀਕਤ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਵੇਖੀ ਹੋਈ ਹੁੰਦੀ ਹੈ। ਪਾਵਨ ਗੁਰਵਾਕ ਹੈ—

ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥

(ਪੰਨਾ ੮੯੪)

ਰੱਬ ਦੇ ਪਿਆਰਿਆਂ ਨੇ ਬ੍ਰਹਮ ਹੀ ਦੇਖਿਆ ਅਤੇ ਬ੍ਰਹਮ ਦੇ ਦੇਖਣ ਦੀ ਹੀ ਪ੍ਰੇਰਨਾ ਬਖ਼ਸ਼ਿਸ਼ ਕੀਤੀ ਹੈ। ਕੁਝ ਗੁਰਬਾਣੀ ਦੇ ਪਵਿੱਤਰ ਬਚਨ ਹਨ—

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥

(ਪੰਨਾ ੧੩੮)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

(ਪੰਨਾ ੧੩੪੯)

ਇਹੋ ਕਾਰਨ ਹੋਵੇਗਾ ਕਿ ਰੱਬੀ ਪਿਆਰਿਆਂ ਦੀ ਇਬਾਦਤ ਕਰਨ ਦਾ ਢੰਗ ਵੀ ਬਦਲ ਜਾਂਦਾ ਹੈ। ਉਹ ਫੁੱਲ, ਚੋਆ ਚੰਦਨ ਆਦਿਕ ਭੇਟਾ ਕਰਨ ਦੀ ਥਾਂ ਸਗੋਂ ਆਪਣਾ ਆਪਾ ਹੀ ਭੇਟ ਕਰਦੇ ਹਨ। ਆਰਤੀ ਲਈ ਕੋਈ ਦੁਨਿਆਵੀ ਸਾਧਨ ਨਹੀਂ ਸਗੋਂ ਪਰਮੇਸ਼ਰ ਦੇ ਨਾਮ ਦਾ ਹੀ ਦੀਵਾ ਜਗਾ ਕੇ ਸਾਰੀ ਕੁਦਰਤਿ ਵਿਚ ਹੀ ਉਸ ਦੀ ਆਰਤੀ ਹੁੰਦੀ ਵੇਖ ਲੈਂਦੇ ਹਨ।

ਆਹਾਰ ਅਤੇ ਵਿਚਾਰ ਆਪਸੀ ਨੇੜਤਾ ਰੱਖਦੇ ਹਨ। ਆਹਾਰ ਵਿਚਾਰ ਉੱਤੇ ਬਹੁਤ ਗਹਿਰਾ ਅਸਰ ਪਾਉਂਦੇ ਹਨ, ਇਸ ਕਰਕੇ ਹੀ ਸਤਿਗੁਰੂ ਜੀ ਨੇ ਥਾਲ ਵਿਚ ਬ੍ਰਹਮ ਦਾ ਹੀ ਭੋਜਨ ਪਰੋਸਿਆ ਹੈ ਜਿਸ ਦੇ ਖਾਣ ਨਾਲ ਇਸ ਦੇ ਵਿਚਾਰ ਵੀ ਬ੍ਰਹਮ ਗਿਆਨੀ ਵਾਲੇ ਹੋ ਜਾਣ। ਕਮਜ਼ੋਰ ਬੰਦੇ ਉੱਤੇ ਮਾਇਆ ਵੀ ਆਪਣਾ ਅਸਰ ਪਾ ਲੈਂਦੀ ਹੈ। ਮਾਇਆ ਦਾ ਜ਼ੋਰ ਜ਼ਿਆਦਾ ਅੱਖਾਂ ਅਤੇ ਕੰਨਾਂ ਉੱਤੇ ਹੀ ਚੱਲਦਾ ਹੈ।

ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

(ਪੰਨਾ ੩੧੩)

ਬ੍ਰਹਮ ਦਾ ਆਹਾਰ ਕਰਨ ਵਾਲੇ ਦੇ ਕਦੇ ਨੇਤਰ ਕਮਜ਼ੋਰ ਨਹੀਂ ਹੁੰਦੇ, ਉਹ ਤਾਂ ਸਗੋਂ ਆਖ਼ਰੀ ਪਲ ਤੱਕ ਵੀ ਰੱਬੀ ਦੀਦਾਰ ਦੀ ਤਾਂਘ ਰੱਖਦੇ ਹਨ। ਸੰਸਾਰ ਅੰਦਰ ਕਿਸੇ ਨੂੰ ਧਨ ਦੀ ਭੁਖ ਹੁੰਦੀ ਹੈ, ਕਿਸੇ ਨੂੰ ਅੰਨ ਦੀ ਭੁੱਖ ਹੁੰਦੀ ਹੈ, ਕਿਸੇ ਨੂੰ ਵਿਸ਼ੇ ਵਿਕਾਰਾਂ ਦੀ, ਪਰ ਭਗਤਾਂ ਨੂੰ ਕੇਵਲ ਤੇ ਕੇਵਲ ਰੱਬੀ ਦੀਦਾਰਾਂ ਦੀ ਹੀ ਭੁੱਖ ਹੁੰਦੀ ਹੈ।

ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ॥

(ਪੰਨਾ ੭੪)

ਇਸ ਕਰਕੇ ਹੀ ਉਨ੍ਹਾਂ ਨੂੰ ਹਰ ਥਾਂ 'ਤੇ ਰੱਬ ਦੇ ਹੀ ਦਰਸ਼ਨ ਹੁੰਦੇ ਹਨ ਕਿਉਂਕਿ ਜਿਹੜੀਆਂ ਚੀਜ਼ਾਂ ਰੱਬੀ ਦੀਦਾਰਾਂ ਵਿਚ ਰੁਕਾਵਟ ਹੁੰਦੀਆਂ ਹਨ, ਉਨ੍ਹਾਂ ਨੇ ਉਹ ਬੰਦਗੀ ਕਰਕੇ ਦੂਰ ਕਰ ਲਈਆਂ ਹੁੰਦੀਆਂ ਹਨ। ਉਨ੍ਹਾਂ ਕੋਲ ਗੁਰੂ-ਸ਼ਬਦ ਦੀ ਵਿਚਾਰ ਦੀ ਅੱਖ ਹੁੰਦੀ ਹੈ।

ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥

(ਪੰਨਾ ੧੨੭੯)

ਭਾਈ ਗੁਰਦਾਸ ਜੀ ਆਪਣੇ ਕਬਿੱਤ ਅੰਦਰ ਬਹੁਤ ਪਿਆਰੀ ਵਿਚਾਰ ਸਮਝਾਉਂਦੇ ਹਨ ਕਿ ਜਿਵੇਂ ਗਊਆਂ ਦੇ ਵੱਗ ਵਿਚ ਕਈ ਰੰਗਾਂ ਅਤੇ ਕਈ ਨਸਲਾਂ ਦੀਆਂ ਗਾਂਵਾਂ ਹੁੰਦੀਆਂ ਹਨ ਪਰ ਦੁੱਧ ਸਾਰੀਆਂ ਦਾ ਇਕੋ ਹੀ ਰੰਗ ਦਾ ਹੁੰਦਾ ਹੈ। ਇਹ ਗਾਵਾਂ ਦੇ ਬਾਹਰੀ ਰੰਗ ਅਤੇ ਨਸਲਾਂ ਦਾ ਭੇਦ ਹੈ ਪਰ ਤੱਤ ਇਕ ਹੀ ਹੈ। ਦੂਜੀ ਮਿਸਾਲ ਹੈ ਕਿ ਬਨਸਪਤੀ ਕਈ ਰੂਪਾਂ ਰੰਗਾਂ ਵਿਚ ਹੈ। ਕੋਈ ਕਿਸੇ ਕਿਸਮ ਦਾ ਦਰੱਖ਼ਤ ਹੈ, ਕੋਈ ਹੋਰ ਕਿਸਮ ਦਾ ਦਰੱਖ਼ਤ ਹੈ, ਕੋਈ ਵੱਡਾ, ਕੋਈ ਛੋਟਾ, ਕਿਸੇ ਦੀ ਲੱਕੜ ਬਹੁਤ ਕੀਮਤੀ ਹੁੰਦੀ ਹੈ, ਕਿਸੇ ਦੀ ਲੱਕੜ ਸਸਤੀ ਹੁੰਦੀ ਹੈ ਭਾਵ ਬਨਸਪਤੀ ਵਿਚ ਵੀ ਅਨੇਕਾਂ ਤਰ੍ਹਾਂ ਦੇ ਰੰਗ ਰੂਪ ਨਜ਼ਰ ਆਉਂਦੇ ਹਨ ਪਰ ਸਾਰਿਆਂ ਅੰਦਰ ਅੱਗ ਇਕੋ ਜਿਹੀ ਹੀ ਹੁੰਦੀ ਹੈ। ਕਿਸੇ ਦਰੱਖ਼ਤ ਦੀ ਨਸਲ ਨਾਲ ਅੱਗ ਦੀ ਨਸਲ ਨਹੀਂ ਬਦਲਦੀ। ਤੀਜੀ ਮਿਸਾਲ ਹੈ ਕਿ ਪਾਨ ਖਾਣ ਦੇ ਸ਼ੌਕੀਨ ਪਾਨਾਂ ਦੀ ਦੁਕਾਨ 'ਤੇ ਜਾ ਕੇ ਪਾਨ ਖ਼ਰੀਦਦੇ ਹਨ। ਹਰ ਇਕ ਚੀਜ਼ ਜੋ ਪਾਨ ਅੰਦਰ ਪੈਂਦੀ ਹੈ, ਉਹ ਵੱਖ ਵੱਖਰੀ ਹੁੰਦੀ ਹੈ ਪਰ ਜਦੋਂ ਪੱਤੇ ਅੰਦਰ ਲਪੇਟ ਕੇ ਪਾਨਾਂ ਵਾਲਾ ਦਿੰਦਾ ਹੈ ਤੇ ਖਾਣ ਵਾਲਾ ਖਾਂਦਾ ਹੈ ਤਾਂ ਬਾਹਰ ਇਕ ਹੀ ਰੰਗ ਪ੍ਰਗਟ ਹੁੰਦਾ ਹੈ। ਉਨ੍ਹਾਂ ਦੇ ਆਪੋ-ਆਪਣੇ ਰੰਗ ਤੇ ਕਿਸਮਾਂ ਖ਼ਤਮ ਹੋ ਜਾਂਦੀਆਂ ਹਨ। ਇਨ੍ਹਾਂ ਤਿੰਨਾਂ ਉਦਾਹਰਨਾਂ ਦੇ ਮਗਰੋਂ ਤੱਤ ਗੁਰਮਤਿ ਦੀ ਬਾਤ ਹੈ ਕਿ ਰੱਬੀ ਪਿਆਰ

ਵਾਲਾ ਇਨ੍ਹਾਂ ਬਾਹਰੀ ਰੰਗਾਂ ਰੂਪਾਂ ਤੋਂ ਨਿਆਰਾ ਹੈ। ਅੰਦਰੋਂ ਬ੍ਰਹਮ ਨਾਲ ਜੁੜ ਕੇ ਸਾਰੇ ਸੰਸਾਰ ਅੰਦਰ ਵੀ ਬ੍ਰਹਮ ਨੂੰ ਹੀ ਦੇਖਦਾ ਹੈ। ਜਿਵੇਂ ਆਮ ਬੰਦੇ ਨੂੰ ਗਾਵਾਂ ਵੱਖ-ਵੱਖਰੀਆਂ ਦਿੱਸਦੀਆਂ ਹਨ ਪਰ ਅੰਦਰੋਂ ਦੁੱਧ ਇਕ ਹੀ ਰੰਗ ਦਾ ਹੈ, ਦਰੱਖ਼ਤਾਂ ਦੇ ਰੂਪ ਵੱਖੋ ਵੱਖਰੇ ਹਨ, ਪਰ ਅੱਗ ਇਕੋ ਜਿਹੀ ਹੀ ਹੈ, ਪਾਨ ਅੰਦਰ ਚੀਜ਼ਾਂ ਵੱਖ ਵੱਖਰੇ ਰੰਗਾਂ ਰੂਪਾਂ ਵਿਚ ਹਨ ਪਰ ਖਾਂਦਿਆਂ ਇਕੋ ਲਾਲ ਰੰਗ ਪ੍ਰਗਟ ਹੁੰਦਾ ਹੈ, ਇਸ ਤਰ੍ਹਾਂ ਹੀ ਲੋਕਾਈ ਕਈ ਰੰਗਾਂ ਰੂਪਾਂ ਵਿਚ ਭਾਵੇਂ ਦੇਖਣ ਨੂੰ ਮਿਲਦੀ ਹੈ ਪਰ ਪ੍ਰਭੂ ਪਿਆਰਿਆਂ ਨੂੰ ਇਕੋ ਹੀ ਨਜ਼ਰ ਆਉਂਦੀ ਹੈ, ਕਿਉਂਕਿ ਉਹ ਅੰਦਰੋਂ ਇਕ ਨੂੰ ਹੀ ਦੇਖਦੇ ਹੁੰਦੇ ਹਨ। ਕਬਿੱਤ ਹੈ :—

ਬਰਨ ਬਰਨ ਬਹੁ ਬਰਨ ਗੌ-ਬੰਸ ਜੈਸੇ,
ਏਕ ਹੀ ਬਰਨ ਦੁਹੇ ਦੂਧ ਜਗ ਜਾਨੀਐ॥
ਅਨਿਕ ਪ੍ਰਕਾਰ ਫਲ ਫੂਲ ਕੈ ਬਨਾਸਪਤੀ,
ਏਕੈ ਰੂਪ ਆਗਨਿ ਸਰਬ ਮੈ ਸਮਾਨੀਐ॥
ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ,
ਆਪਾ ਖੋਇ ਮਿਲਤ ਅਨੂਪ ਰੂਪ ਠਾਨੀਐ॥
ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ,
ਸਬਦ ਸੁਰਤਿ ਉਨਮਨ ਉਨਮਾਨੀਐ॥ ੩੯॥

(ਕਬਿੱਤ ਸਵੱਯੇ ਭਾ: ਗੁਰਦਾਸ)

ਗੁਰੂ ਨਾਨਕ ਚਮਤਕਾਰ ਅੰਦਰ ਭਾਈ ਵੀਰ ਸਿੰਘ ਜੀ ਨੇ ਜਨਮ ਸਾਖੀ ਦਾ ਹਵਾਲਾ ਦੇ ਕੇ ਇਕ ਸਾਖੀ ਬਹੁਤ ਪਿਆਰੀ ਲਿਖੀ ਹੈ। ਇਕ ਇਸਲਾਮੀ ਜਗਤ ਨਾਲ ਸੰਬੰਧ ਰੱਖਣ ਵਾਲਾ ਮੀਰਾਂ ਮਲਾਰ ਹੋਇਆ ਹੈ। ਇਹ ਧਰਮ ਕਮਾਉਂਦਿਆਂ ਹੋਇਆਂ ਵੀ ਧਰਮੀ ਨਹੀਂ ਬਣ ਰਿਹਾ ਸੀ ਕਿਉਂਕਿ ਇਸ ਦੇ ਮਨ ਅੰਦਰ ਕੁਝ ਸ਼ੰਕੇ ਇਸ ਨੂੰ ਧਰਮ ਦੇ ਰਾਹ 'ਤੇ ਤੁਰਨ ਨਹੀਂ ਦਿੰਦੇ ਸਨ। ਰੱਬੀ ਦਰਗਾਹ ਵਿਚ ਪ੍ਰਵਾਨ ਹੋਣ ਵਾਸਤੇ ਸ਼ੰਕੇ ਦਾ ਤਿਆਗ ਕਰਨਾ ਪੈਂਦਾ ਹੈ। ਮੀਰਾਂ ਮਲਾਰ ਨਮਾਜ਼ ਪੜ੍ਹਨ ਵਾਸਤੇ ਮਸੀਤ ਜਾਂਦਾ, ਉਥੇ ਕਾਜ਼ੀ ਸਾਹਿਬ ਦੇ ਬਚਨ ਵੀ ਸੁਣਦਾ ਪਰ ਜਦੋਂ ਇਹ ਗੱਲ ਸੁਣਦਾ ਕਿ ਰਾਮ ਕ੍ਰਿਸ਼ਨ ਆਦਿਕ ਜਾਂ ਹੋਰ ਹਿੰਦੂ ਆਦਿਕ ਸਾਰੇ ਦੇ ਸਾਰੇ ਨਰਕਾਂ ਦੀ ਅੱਗ ਵਿਚ ਹੀ ਸੜਨਗੇ, ਕਿਉਂਕਿ ਇਹ ਸਾਰੇ ਹੀ ਕਾਫ਼ਰ ਹਨ ਤਾਂ ਮਨ ਅੰਦਰ ਸ਼ੰਕਾ ਪੈਦਾ ਹੋ ਜਾਂਦਾ ਹੈ ਕਿ ਸਭ ਕੁਝ ਅੱਲ੍ਹਾ ਤਾਅਲਾ ਦਾ ਪੈਦਾ ਕੀਤਾ ਹੋਇਆ ਹੈ। ਫਿਰ ਉਹ ਅੱਲ੍ਹਾ ਕਿਸੇ ਦੇ ਅਧੀਨ ਵੀ ਨਹੀਂ, ਆਪਣੀ ਹੀ ਮੌਜ ਵਿਚ ਸਭ ਕੁਝ ਪੈਦਾ ਕਰਦਾ ਹੈ, ਸੋ ਉਹ ਕਾਫ਼ਰ ਪੈਦਾ ਹੀ ਕਿਉਂ ਕਰਦਾ

ਹੈ ? ਸੰਸਾਰ ਦੀ ਕੋਈ ਮਜਬੂਰੀ ਹੋ ਸਕਦੀ ਹੈ ਪਰ ਰੱਬ ਦੀ ਤਾਂ ਕੋਈ ਮਜਬੂਰੀ ਨਹੀਂ। ਜੇ ਕੇਵਲ ਮੁਸਲਮਾਨ ਹੀ ਪ੍ਰਵਾਨ ਹੁੰਦਾ ਹੈ ਤਾਂ ਬਾਕੀ ਦੁਨੀਆ ਦਾ ਕੀ ਹੋਵੇਗਾ ? ਇਸ ਸ਼ੰਕੇ ਦੀ ਨਵਿਰਤੀ ਲਈ ਕਿਸੇ ਸਿਆਣੇ ਪੰਡਿਤ ਕੋਲ ਜਾਣਾ ਤਾਂ ਉਨ੍ਹਾਂ ਨੇ ਹੋਰ ਦੁਬਿਧਾ ਪੱਕੀ ਕਰ ਦੇਣੀ ਕਿ ਨਹੀਂ, ਅਸਲ ਵਿਚ ਹਿੰਦੂ ਹੀ ਪਰਵਾਨ ਹੈ। ਮੁਸਲਮਾਨ ਤਾਂ ਮਲੇਛ ਹਨ। ਇਨ੍ਹਾਂ ਨੂੰ ਰੱਬ ਕਿਸ ਤਰ੍ਹਾਂ ਪਿਆਰ ਕਰ ਸਕਦਾ ਹੈ। ਇਕ ਆਖਦਾ ਸੀ ਕਿ ਇਹ ਕਾਫ਼ਰ ਹਨ, ਦੂਜਾ ਆਖਦਾ ਸੀ ਇਹ ਮਲੇਛ ਹਨ ਤਾਂ ਸਮਝ ਨਹੀਂ ਲੱਗਦੀ ਕਿ ਮੈਂ ਕਿਹੜੀ ਬੇੜੀ ਵਿਚ ਬੈਠਾਂ ? ਇਕ ਆਖਦਾ ਹੈ ਮੇਰੀ ਬੇੜੀ ਤਰਦੀ ਹੈ, ਦੂਜਾ ਆਪਣੀ ਬੇੜੀ ਦੇ ਤਰਨ ਦੇ ਦਾਅਵੇ ਬੰਨ੍ਹਦਾ ਸੀ। ਇਹ ਦੁਬਿਧਾ ਜੇ ਮੀਰਾਂ ਮਲਾਰ ਨੂੰ ਚਾਰ ਕਦਮ ਅੱਗੇ ਲਿਜਾਂਦੀ ਸੀ ਤਾਂ ਦੁਬਿਧਾ ਦਸ ਕਦਮ ਫਿਰ ਪਿਛਾਂਹ ਮੋੜ ਦਿੰਦੀ ਸੀ। ਸ਼ੰਕਿਆਂ ਭਰੇ ਜੀਵਨ ਤੋਂ ਤੰਗ ਆਇਆ ਅੱਲ੍ਹਾ ਤਾਅਲਾ ਅੱਗੇ ਇਕੋ ਹੀ ਦੁਆ ਕਰਦਾ ਸੀ ਕਿ ਮੇਰੇ ਸ਼ੰਕੇ ਦੀ ਨਵਿਰਤੀ ਲਈ ਬਹੁੜੀ ਕਰੋ ਜੀ। ਮੇਰੀ ਮਦਦ ਕਰੋ ਜੀ। ਸੱਚੇ ਦਿਲੋਂ ਨਿਕਲੀ ਅਰਦਾਸ ਕਬੂਲ ਹੋਈ। ਇਸ ਦੇ ਗ੍ਰਹਿ ਵਿਖੇ ਸਮੁੱਚੀ ਕਾਇਨਾਤ ਵਿਚ ਬ੍ਰਹਮ ਦਾ ਪਸਾਰਾ ਦੇਖਣ ਵਾਲੇ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਮੁਬਾਰਿਕ ਚਰਨ ਪਏ। ਮੀਰਾਂ ਮਲਾਰ ਨੇ ਸ਼ਰਧਾ ਨਾਲ ਸੇਵਾ ਕੀਤੀ। ਆਪਣੇ ਅੰਦਰ ਦੇ ਸ਼ੰਕੇ ਨੂੰ ਸੁਆਲ ਦਾ ਰੂਪ ਦੇ ਕੇ ਗੁਰੂ ਪਾਤਿਸ਼ਾਹ ਜੀ ਅੱਗੇ ਪ੍ਰਗਟ ਕੀਤਾ।

ਸਤਿਗੁਰੂ ਜੀ ਦੀ ਇਹ ਮਹਾਨ ਵਡਿਆਈ ਹੈ ਕਿ ਜਿਥੇ ਸ਼ੰਕਾ ਬਿਲਕੁਲ ਖ਼ਤਮ ਕਰ ਦਿੰਦੇ ਹਨ, ਉਥੇ ਸ਼ੰਕਾ ਨਵਿਰਤ ਕਰਨ ਲਈ ਤਰੀਕਾ ਵੀ ਅਤਿ ਸੁਖੈਨ ਵਰਤਦੇ ਸਨ। ਸਤਿਗੁਰੂ ਜੀ ਨੇ ਪੁੱਛਿਆ ਕਿ ਭਾਈ, ਤੇਰੇ ਬੱਚੇ ਕਿੰਨੇ ਹਨ ? ਤਾਂ ਮੀਰਾਂ ਮਲਾਰ ਨੇ ਦਸ ਦਿੱਤਾ। ਸਤਿਗੁਰੂ ਜੀ ਨੇ ਦੂਜਾ ਸੁਆਲ ਕੀਤਾ ਕਿ ਇਨ੍ਹਾਂ ਵਿਚ ਸਭ ਤੋਂ ਪਿਆਰਾ ਅਤੇ ਚੰਗਾ ਕਿਹੜਾ ਲੱਗਦਾ ਹੈ ? ਤਾਂ ਮੀਰਾਂ ਮਲਾਰ ਕਹਿਣ ਲੱਗਾ ਕਿ ਪਿਤਾ ਹੋਣ ਦੇ ਨਾਤੇ ਪਿਆਰ ਤਾਂ ਸਾਰਿਆਂ ਨੂੰ ਹੀ ਕਰਦਾ ਹਾਂ ਪਰ ਚੰਗਾ ਉਹੋ ਹੀ ਲੱਗਦਾ ਹੈ ਜਿਹੜਾ ਮੇਰਾ ਆਖਾ ਮੰਨ ਕੇ ਚੰਗੇ ਕੰਮ ਕਰਦਾ ਹੈ। ਸਾਹਿਬ ਜੀ ਨੇ ਕਿਰਪਾ ਕੀਤੀ ਕਿ ਬਿਲਕੁਲ ਇਸੇ ਤਰ੍ਹਾਂ ਹੀ ਰੱਬ ਇਕ ਪਿਤਾ ਹੈ, ਕਿਉਂਕਿ ਅਸੀਂ ਉਸ ਦੇ ਹੀ ਪੈਦਾ ਕੀਤੇ ਹੋਏ ਬੱਚੇ ਹਾਂ। ਰੱਬ ਸਾਨੂੰ ਸਭ ਨੂੰ ਪਿਆਰ ਕਰਦਾ ਹੈ ਪਰ ਚੰਗਾ ਉਸ ਨੂੰ ਹੀ ਸਮਝਦਾ ਹੈ ਜਿਹੜੇ ਚੰਗੇ ਕੰਮ ਕਰਦਾ ਹੈ। ਹੇ ਮੀਰਾਂ ਮਲਾਰ! ਕਿਸੇ ਨੂੰ ਬਾਹਰੋਂ ਹਿੰਦੂ ਮੁਸਲਮਾਨ ਸਮਝ ਕੇ ਸਤਿਕਾਰ ਨਾ ਕਰ ਬਲਿਕ ਸਭ ਦੇ ਅੰਦਰ ਰੱਬ ਵੱਸਦਾ ਵੇਖ ਕੇ ਧਰਮ ਕਮਾ, ਫਿਰ ਸਾਰੇ ਹੀ ਚੰਗੇ ਹੋਣਗੇ, ਕੋਈ ਮੰਦਾ ਨਜ਼ਰ ਨਹੀਂ ਆਵੇਗਾ। ਭਾਵੇਂ ਕੋਈ ਹਿੰਦੂ ਹੋਵੇ,

ਭਾਵੇਂ ਕੋਈ ਮੁਸਲਮਾਨ ਹੋਵੇ, ਉਹ ਅਮਲਾਂ ਤੋਂ ਬਿਨਾਂ ਰੱਬੀ ਰਹਿਮਤ ਦੇ ਭਾਗੀ ਨਹੀਂ ਬਣ ਸਕਦੇ। ਭਰਾ ਭਰਾ ਨਾਲ ਈਰਖਾ ਨਹੀਂ ਕਰਦਾ। ਭਰਾ ਭਰਾ ਦਾ ਦੁੱਖ ਵੰਡਾਉਂਦਾ ਹੈ, ਦੁੱਖ ਵਧਾਉਂਦਾ ਨਹੀਂ। ਜਿਸ ਦਿਨ ਅਸੀਂ ਸਾਰਿਆਂ ਵਿਚ ਇਕ ਬ੍ਰਹਮ ਨੂੰ ਹੀ ਦੇਖਾਂਗੇ, ਉਸ ਦਿਨ ਕਿਸੇ ਹੋਰ ਸਵਰਗ ਦੀ ਕਾਮਨਾ ਕਰਨ ਦੀ ਲੋੜ ਨਹੀਂ, ਸਗੋਂ ਇਹ ਧਰਤੀ ਹੀ ਸਵਰਗ ਬਣ ਜਾਵੇਗੀ ਅਤੇ ਇਥੇ ਵਸਣ ਵਾਲਾ ਹਰ ਮਨੁੱਖ ਇਕ ਸੱਚਾ ਇਨਸਾਨ ਬਣ ਜਾਵੇਗਾ। ਮੀਰਾਂ ਮਲਾਰ ਨੇ ਸਾਹਿਬ ਜੀ ਦੇ ਚਰਨਾਂ 'ਤੇ ਨਮਸਕਾਰ ਕਰਕੇ ਸ਼ੁਕਰਾਨਾ ਕੀਤਾ।

ਗੁਰ ਪਰਸਾਦੀ ਦੁਰਮਤਿ ਖੋਈ॥ ਜਹ ਦੇਖਾ ਤਹ ਏਕੋ ਸੋਈ॥

(ਪੰਨਾ ੩੫੭)

ਪੰਚਮ ਪਿਤਾ ਜੀ ਦਾ ਬਚਨ ਵੀ ਅਜਿਹੀ ਅਗਵਾਈ ਦਿੰਦਾ ਹੈ—

ਗੁਰਿ ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥

(ਪੰਨਾ ੨੩੮)

ਜਾਂ

ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥

(ਪੰਨਾ ੫੧)

ਜਿਨ੍ਹਾਂ ਉੱਤੇ ਮਿਹਰ ਕਰਕੇ ਸਾਈਂ ਅੰਦਰੋਂ ਦੁਬਿਧਾ ਮਾਰ ਦਿੰਦਾ ਹੈ, ਉਸ ਨੂੰ ਸਾਰੇ ਸੰਸਾਰ ਅੰਦਰ, ਹਰ ਜੀਵ ਅੰਦਰ ਨਿਰੰਕਾਰੀ ਜੋਤ ਹੀ ਨਜ਼ਰ ਆਉਂਦੀ ਹੈ। ਅਸਲ ਵਿਚ ਧਰਮ ਦੀ ਕਮਾਈ ਹੀ ਇਹੋ ਹੈ। ਜੇਕਰ ਡਾਕਟਰੀ ਦਾ ਕੋਰਸ ਕਰਕੇ ਕਿਸੇ ਡਾਕਟਰ ਨੂੰ ਉਸ ਵਿਚੋਂ ਰੋਗ ਲੱਭਣਾ ਹੀ ਨਹੀਂ ਆਉਂਦਾ ਤਾਂ ਫਿਰ ਉਸ ਦੀ ਪੜ੍ਹਾਈ ਹੀ ਅਧੂਰੀ ਹੋਵੇਗੀ। ਇਸ ਤਰ੍ਹਾਂ ਹੀ ਹਰੇਕ ਤਰੀਕੇ ਦਾ ਕਾਰੀਗਰ ਹੈ। ਮਾਨੋ ਗੱਡੀ ਖ਼ਰਾਬ ਹੋ ਜਾਵੇ ਅਤੇ ਜਿਹੜੀ ਗੱਲ ਦਾ ਸਾਨੂੰ ਪਤਾ ਨਹੀਂ ਹੁੰਦਾ, ਉਹ ਗੱਲ ਉਸ ਕਾਰੀਗਰ ਨੂੰ ਝਟਪਟ ਪਤਾ ਲੱਗ ਜਾਂਦੀ ਹੈ। ਜੇਕਰ ਉਹ ਅਜਿਹਾ ਨਹੀਂ ਕਰ ਸਕਦਾ ਤਾਂ ਉਹ ਅਧੂਰਾ ਹੈ, ਕਿਉਂਕਿ ਉਸ ਦੀ ਵਿੱਦਿਆ ਦਾ ਭਾਵ ਹੀ ਇਹ ਸੀ ਕਿ ਤੈਨੂੰ ਗੱਡੀ ਦਾ ਨੁਕਸ ਨਜ਼ਰ ਆ ਜਾਵੇ। ਇਸ ਤਰ੍ਹਾਂ ਹੀ ਧਰਮ ਦੀ ਪੜ੍ਹਾਈ ਹੀ ਅਸਲ ਵਿਚ ਇਹ ਹੈ ਕਿ ਸਾਨੂੰ ਸਾਰਿਆਂ ਅੰਦਰ ਰੱਬ ਹੀ ਨਜ਼ਰ ਆ ਜਾਵੇ। ਪਵਿੱਤਰ ਬਚਨ ਹਨ—

ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ ਵਰਤੰਤਾ॥
ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ॥
ਦਾਨਾ ਬੀਨਾ ਆਪਿ ਤੂ ਆਪੇ ਸਤਵੰਤਾ॥
ਜਤੀ ਸਤੀ ਪ੍ਰਭੁ ਨਿਰਮਲਾ ਮੇਰੇ ਹਰਿ ਭਗਵੰਤਾ॥
ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ॥
ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ॥
ਤਿਸੁ ਬਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ॥
ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ॥

(ਪੰਨਾ ੧੦੯੫)

ਇਕ ਵਿਚਾਰ ਅਤਿ ਦੁਖੀ ਹਿਰਦੇ ਨਾਲ ਲਿਖ ਰਿਹਾ ਹਾਂ ਕਿ ਗੁਰੂ ਪਾਤਿਸ਼ਾਹ ਜੀ ਨੇ ਤਾਂ ਅਥਾਹ ਕਿਰਪਾ ਕੀਤੀ ਸੀ ਕਿ ਬਿਨਾਂ ਕਿਸੇ ਉਮਰ ਦਾ ਖ਼ਿਆਲ ਕਰਿਆਂ, ਬਿਨਾਂ ਜਾਤ ਬਰਾਦਰੀ, ਬਿਨਾਂ ਅਮੀਰੀ ਗ਼ਰੀਬੀ, ਬਿਨਾਂ ਕਿਸੇ ਬੋਲੀ, ਬਿਨਾਂ ਕਿਸੇ ਧਰਮ, ਬਿਨਾਂ ਕਿਸੇ ਇਲਾਕੇ ਦਾ ਪੱਖਪਾਤ ਕਰਕੇ ਬ੍ਰਹਮ ਦਾ ਪਸਾਰਾ ਦੇਖਣ ਵਾਲੇ ਨੂੰ ਇਕ ਥਾਂ ਇਕੱਠਾ ਕਰਕੇ ਇਕ ਏਕੇ (੧) ਨਾਲ ਜੋੜਿਆ ਸੀ। ਇਕੋ ਗ੍ਰੰਥ ਬਣਾ ਕੇ ਬਖ਼ਸ਼ਿਸ਼ ਕੀਤੀ ਸੀ। ਸਾਰਿਆਂ ਦੇ ਅੰਮ੍ਰਿਤ-ਬਚਨਾਂ ਨੂੰ ਇਕੋ ਥਾਂ ਪ੍ਰਕਾਸ਼ ਕਰਕੇ ਸਾਰੇ ਬ੍ਰਹਮ ਦਾ ਪਸਾਰਾ ਦੇਖਣ ਵਾਲਿਆਂ ਨੂੰ ਇਹ ਸੱਚੀ ਬਾਣੀ ਗਾਉਣ ਲਈ ਪਿਆਰ ਭਰਿਆ ਹੋਕਾ ਦਿੱਤਾ ਸੀ। ਇਕੋ ਖੰਡੇ ਬਾਟੇ ਵਿਚੋਂ ਕੌਮ ਸਾਜੀ ਸੀ ਪਰ ਅੱਜ ਫਿਰ ਉਸ (੧) ਏਕੇ ਨੂੰ ਜਿਹੜਾ ਵੰਡਿਆ ਨਹੀਂ ਜਾ ਸਕਦਾ, ਸਾਡੀ ਖੋਟੀ ਮਤਿ ਨੇ ਫਿਰ ਵੰਡੀਆਂ ਪਾ ਲਈਆਂ ਹਨ। ਆਪੋ ਆਪਣੀਆਂ ਜਾਤਾਂ, ਬਰਾਦਰੀਆਂ ਦੇ ਮਹਾਂਪੁਰਸ਼, ਭਗਤ ਜਾਂ ਸਤਿਗੁਰੂ ਚੁਣ ਕੇ ਉਨ੍ਹਾਂ ਦੇ ਨਾਂ 'ਤੇ ਵੱਖੋ-ਵੱਖਰੇ ਗੁਰੂ ਘਰ ਬਣਾ ਕੇ ਫਿਰ ਉਸੇ ਧਰਾਤਲ ਵਿਚ ਬੁਰੀ ਤਰ੍ਹਾਂ ਧੱਸ ਗਏ ਹਾਂ। ਆਓ, ਅੱਜ ਫਿਰ ਚੇਤਾ ਕਰੀਏ ਕਿ "ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥" ਵਿਤਕਰਿਆਂ ਵਿਚੋਂ ਨਿਕਲ ਕੇ ਇਕੋ ਬ੍ਰਹਮ ਦਾ ਪਸਾਰਾ ਸਮਝ ਕੇ ਸਾਨੂੰ ਤਾਂ ਮੰਦਰ ਮਸਜਿਦ ਵੀ ਇਕ ਕਰ ਦੇਣੇ ਚਾਹੀਦੇ ਸਨ ਪਰ ਅਸੀਂ ਤਾਂ ਗੁਰਦੁਆਰਿਆਂ ਨੂੰ ਸਗੋਂ ਹੋਰ ਅੱਗੇ ਅੱਗੇ ਵੰਡ ਦਿੱਤਾ ਹੈ। ਦੋਨਾਂ ਗੱਲਾਂ ਵਿਚੋਂ ਇਕ ਯਕੀਨਨ ਸੱਚ ਹੋਵੇਗੀ ਜੇ ਸਾਨੂੰ ਬ੍ਰਹਮ ਦਾ ਪਸਾਰਾ ਦਿੱਸਦਾ ਅਤੇ ਅਸੀਂ ਇਕੋ ਪਿਤਾ ਦੀ ਔਲਾਦ ਵਾਂਗ ਰਹਿੰਦੇ। ਜੇ ਅੱਜ ਅਸੀਂ ਇਕ ਨਹੀਂ ਤਾਂ ਸਾਨੂੰ ਇਕ ਬ੍ਰਹਮ ਦਾ ਪਸਾਰਾ ਨਜ਼ਰ ਨਹੀਂ ਆਉਂਦਾ।

ਇਕ ਵਿਚਾਰ ਲਈ ਹੋਰ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹਾਂ ਕਿ ਜਿਵੇਂ

ਕਿਰਸਾਣ ਬੀਜ ਬੀਜਦਾ ਹੈ, ਉਸ ਦੀ ਮਿਹਨਤ ਦਾ ਪਤਾ ਉਸ ਦਿਨ ਲੱਗਦਾ ਹੈ ਜਿਸ ਦਿਨ ਉਸ ਦਾ ਘਰ ਅਨਾਜ ਨਾਲ ਭਰ ਜਾਂਦਾ ਹੈ। ਵਿਦਿਆਰਥੀ ਦੀ ਮਿਹਨਤ ਦਾ ਪਤਾ ਉਸ ਦਾ ਨਤੀਜਾ ਆਉਣ ਉੱਤੇ ਲੱਗਦਾ ਹੈ ਕਿ ਕਿਤਨੀ ਕੁ ਮਿਹਨਤ ਕੀਤੀ ਸੀ। ਰਾਹੀ ਦਾ ਆਪਣੀ ਮੰਜ਼ਿਲ 'ਤੇ ਪਹੁੰਚ ਜਾਣਾ ਹੀ ਸਪੱਸ਼ਟ ਕਰਦਾ ਹੈ ਕਿ ਇਸ ਨੇ ਰਸਤਾ ਸਾਰਾ ਮਿਹਨਤ ਨਾਲ ਤਹਿ ਕੀਤਾ ਹੈ, ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭਤਾ ਮੂਲ ਮੰਤ੍ਰ ਦੇ ਬਚਨਾਂ ਤੋਂ ਹੁੰਦੀ ਹੈ ਜਿਸ ਅੰਦਰ ਇਕ ਅਕਾਲ ਪੁਰਖ ਦੀ ਗੱਲ ਕੀਤੀ ਗਈ ਹੈ ਅਤੇ ਇਸ ਨਾਲ ਜੁੜ ਕੇ ਹੀ ਅਸੀਂ ਨਿਰਭਉ ਨਿਰਵੈਰ ਹੋ ਸਕਦੇ ਹਾਂ। ਨਿਰਭਉ ਨਿਰਵੈਰ ਹੋ ਕੇ ਹੀ ਜਪ ਕਰਦਿਆਂ ਮੰਜ਼ਿਲ ਤੱਕ ਪਹੁੰਚਣਾ ਸੀ ਕਿ ਹਰ ਪਾਸੇ 'ਬ੍ਰਹਮ ਪਸਾਰੋ' ਹੀ ਨਜ਼ਰ ਆਉਂਦਾ ਪਰ ਦੁੱਖ ਦੀ ਗੱਲ ਹੈ ਕਿ ਬੇਅੰਤ ਸਹਿਜ ਪਾਠ, ਬੇਅੰਤ ਅਖੰਡ ਪਾਠ ਹੋ ਰਹੇ ਹਨ ਪਰ ਮਨੁੱਖ ਉਸ ਅਵਸਥਾ ਤੱਕ ਨਹੀਂ ਪਹੁੰਚ ਰਿਹਾ ਜਿਥੇ ਜਾ ਕੇ ਇਸ ਨੂੰ ਇਕ ਰੱਬ ਦਾ ਹੀ ਪਸਾਰਾ ਨਜ਼ਰ ਆਉਣਾ ਚਾਹੀਦਾ ਸੀ। ਆਓ, ਇਸ ਗੱਲ ਨੂੰ ਵੀ ਵਿਚਾਰ ਲਈਏ ਕਿ ਕੋਈ ਅਜਿਹਾ ਸਿਖ ਜਗਿਆਸੂ ਹੋਇਆ ਹੈ ਜਿਸ ਨੂੰ ਹਰ ਪਾਸੇ 'ਬ੍ਰਹਮ ਪਸਾਰੋ' ਹੀ ਨਜ਼ਰ ਆਇਆ ਹੋਵੇ। ਇਤਿਹਾਸ ਕੋਲੋਂ ਪੁਛੀਏ ਤਾਂ ਇਤਿਹਾਸ ਰੋ ਰੋ ਕੇ ਆਖਦਾ ਹੈ ਕਿ ਮੇਰੇ ਕੋਲ ਗੁਰੂ ਪਾਤਿਸ਼ਾਹ ਜੀ ਦੇ ਸਮੇਂ ਤਾਂ ਭਾਈ ਘਨਈਆ ਜੀ ਵਰਗੇ ਅਨੇਕਾਂ ਸਨ ਪਰ ਅਜੋਕੇ ਸਮੇਂ ਵਿਚ ਮੈਂ ਅਜਿਹਾ ਨਾਂ ਲਿਖਣ ਲਈ ਤਰਸਦਾ ਹਾਂ। ਅੱਜ ਕੋਈ ਵਿਰਲਾ ਵਾਂਝਾ ਹੀ ਹੋਵੇਗਾ। ਭਾਈ ਘਨਈਆ ਜੀ ਨੇ ਓਨੀ ਬਾਣੀ ਪੜ੍ਹੀ ਨਹੀਂ ਹੋਵੇਗੀ ਜਿੰਨੀ ਕਮਾਈ ਕਰਕੇ 'ਬ੍ਰਹਮ ਪਸਾਰੋ' ਨੂੰ ਦੇਖਿਆ ਸੀ। ਤਦ ਹੀ ਤਾਂ ਸ਼ਿਕਾਇਤ ਹੋਣ ਦੇ ਬਾਵਜੂਦ ਵੀ ਭਾਈ ਘਨਈਆ ਜੀ ਨੂੰ ਸਤਿਗੁਰੂ ਜੀ ਨੇ ਤਾੜਨਾ ਕਰਨ ਦੀ ਥਾਂ ਅਸੀਸਾਂ ਹੀ ਦਿੱਤੀਆਂ ਸਨ। ਪਾਣੀ ਵਾਲੀ ਮਸ਼ਕ ਲੈਣ ਦੀ ਬਜਾਇ ਸਗੋਂ ਮਲ੍ਹਮ ਪੱਟੀ ਜ਼ਖ਼ਮਾਂ ਲਈ ਵੀ ਦਿੱਤੀ ਸੀ ਅਤੇ ਕਿਹਾ ਕਿ ਭਾਈ ਘਨਈਆ ਜੀ, ਆਪ ਜੀ ਜੰਗ ਦੇ ਮੈਦਾਨ ਵਿਚ ਬਿਨਾਂ ਵਿਤਕਰਾ ਕਰਿਆਂ ਸਭ ਨੂੰ ਜਲ ਛਕਾਉਂਦੇ ਹੋ ਤਾਂ ਸਾਰਿਆਂ ਦੀ ਮਲ੍ਹਮ ਪੱਟੀ ਵੀ ਕਰੀ ਜਾਵੋ। ਭਾਈ ਵੀਰ ਸਿੰਘ ਜੀ ਨੇ ਬਹੁਤ ਪਿਆਰੇ ਬਚਨ ਲਿਖੇ ਹਨ—

ਕਲਗੀਧਰ ਪਾਸ ਕੋਈ ਆ ਪਿਆ ਸ਼ਿਕਾਇਤ ਲਗਾਵੇ।
ਮਾਰ ਮਾਰ ਕੇ ਸਿਖ ਤੁਰਕ ਨੂੰ ਕਾਰੀ ਫਟ ਜਦ ਲਾਵੇ।
ਭਾਈ ਘਨਈਆ ਤਦੋਂ ਤੁਰਕ ਨੂੰ ਪਾਣੀ ਆਮ ਪਿਲਾਵੇ।
ਆਪਣਾ ਹੋ ਕੇ ਭਾਈ ਘਨਈਆ ਦੇਖੋ ਕਹਿਰ ਕਮਾਵੇ।

ਉਸ ਦਾ ਕੰਮ ਹੈ ਆਪਣੇ ਲਸ਼ਕਰ ਸਿਖਾਂ ਨੀਰ ਪਿਲਾਣਾ।
ਨਾ ਕਿ ਵੈਰੀ ਨੂੰ ਰਣ ਤੱਤੇ ਪੁੱਤਾਂ ਵਾਂਙ ਖਿਡਾਣਾ।
ਰਣ ਤੱਤੇ ਦੀ ਨੀਤੀ ਕਾਰਨ, ਜਿਉਂ ਜਿਉਂ ਦੁਸ਼ਮਣ ਕੋਹੀਏ।
ਜੋ ਵੈਰੀ ਨੂੰ ਪਿਆਰ ਕਰਾਵੇ ਉਸਨੂੰ ਦੁਸ਼ਮਣ ਕਹੀਏ।
ਸੱਦ ਘਨਈਏ ਗੁਰਾਂ ਪੁੱਛਿਆ ਸਾਰੀ ਗੱਲ ਸੁਣਾਈ।
ਸੀਸ ਨਿਵਾਇਆ ਰਗੜ ਰਗੜ ਕੇ ਬੇਨਤੀ ਮੁਖੋਂ ਅਲਾਈ।
ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਂਈ।
ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈ।
ਪਿਆਰੇ ਦੇ ਇਕ ਪਿਆਰ ਪਰੋਤਾ ਉਸ ਦੀ ਸੇਵ ਕਰਾਵਾਂ।
ਉਸ ਨੂੰ ਦੇਖਾਂ ਉਸ ਨੂੰ ਸੇਵਾਂ ਪਾਣੀ ਉਨ੍ਹਾਂ ਨੂੰ ਪਿਲਾਵਾਂ।
ਹੱਸੇ ਤੇ ਗਲ ਲਾਇਆ ਪਿਆਰਾ, ਡੱਬੀ ਹੱਥ ਫੜਾਈ।
ਪਾਣੀ ਨਾਲ ਮਲ੍ਹਮ ਵੀ ਰੱਖੀ ਲੋੜ ਪਈ ਤੇ ਲਾਈਂ।

(ਕਲਗੀਧਰ ਚਮਤਕਾਰ, ਭਾਗ ਦੂਜਾ)

ਗੁਰੂ ਪਾਤਿਸ਼ਾਹ ਜੀ ਨੇ ਕਿਰਪਾ ਕਰਕੇ ਸਾਨੂੰ ਉਹ ਭੋਜਨ ਦਿੱਤਾ ਸੀ ਜਿਸ ਨਾਲ ਸਾਨੂੰ ਸਤ ਸੰਤੋਖ ਦੀ ਵਿਚਾਰ ਕਰਕੇ ਸੱਚੇ ਨਾਮ ਨਾਲ ਸਾਂਝ ਬਣ ਜਾਵੇ। ਫਿਰ ਤਮ ਸੰਸਾਰ ਸਾਰੇ ਦਾ ਸਾਰਾ ਬ੍ਰਹਮ ਦਾ ਪਸਾਰਾ ਨਜ਼ਰ ਆਉਣ ਲੱਗ ਜਾਵੇ ਪਰ ਅਜਿਹਾ ਕਰਨ ਲਈ ਜ਼ਰੂਰੀ ਸੀ "ਜੇ ਕੋ ਖਾਵੈ ਜੇ ਕੋ ਭੁੰਚੈ"। ਅਜੋਕੇ ਸਮੇਂ ਅੰਦਰ ਵੀ ਇਸ ਗੁਰਬਾਣੀ ਦਾ ਅਸਰ ਉਹੋ ਹੀ ਹੈ ਪਰ ਕੋਈ ਕਮਾਈ ਕਰਨ ਵਾਲਾ ਹੋਵੇ। ਪ੍ਰਸਿੱਧ ਵਿਦਵਾਨ ਸ਼ੇਖ਼ ਸਾਅਦੀ ਦੀ ਇਕ ਗਾਥਾ ਵਿਚਾਰਨੀ ਚਾਹੁੰਦਾ ਹਾਂ। ਇਕ ਵਾਰੀ ਧਾਰਮਿਕ ਆਗੂਆਂ ਵਿਚੋਂ ਚੰਗਾ ਨਾਮਣਾ ਖੱਟਣ ਵਾਲੇ ਇਕ ਆਗੂ ਦਾ ਪੁੱਤਰ ਅਕਾਲ ਚਲਾਣਾ ਕਰ ਗਿਆ (ਮਰ ਗਿਆ)। ਲੋਕਾਂ ਵਿਚ ਉਸ ਆਗੂ ਦਾ ਚੰਗਾ ਮਾਣ ਆਦਰ ਸੀ। ਸਾਰਿਆਂ ਨੇ ਸਲਾਹ ਪੁੱਛੀ ਕਿ ਜਿਥੇ ਆਪ.ਜੀ ਦੇ ਪੁੱਤਰ ਦਾ ਬਾਕੀ ਕਿਰਿਆ ਕਰਮ ਧਾਰਮਿਕ ਰਸਮਾਂ ਅਨੁਸਾਰ ਕਰਨਾ ਹੈ, ਉਥੇ ਇਹ ਵੀ ਦੱਸ ਦਿਉ ਕਿ ਇਸ ਦੀ ਕਬਰ ਉੱਤੇ ਕਿਹੜੀ ਆਇਤ ਲਿਖੀਏ? ਤਾਂ ਇਹ ਧਾਰਮਿਕ ਆਗੂ ਬੋਲਿਆ ਕਿ ਇਸ ਤੋਂ ਵੱਧ ਕੁਰਾਨ ਦੀ ਹੋਰ ਕੋਈ ਬੇਅਦਬੀ ਨਹੀਂ ਹੋ ਸਕਦੀ ਕਿ ਜਿਸ ਬੰਦੇ ਨੇ ਕਦੇ ਕੁਰਾਨ ਦੇ ਬਚਨਾਂ ਨੂੰ ਕਮਾ ਕੇ ਚੰਗੇ ਕੰਮ ਨਹੀਂ ਕੀਤੇ, ਕੁਰਾਨ ਦੇ ਬਚਨਾਂ ਅਨੁਸਾਰ ਆਪਣਾ ਜੀਵਨ ਬਤੀਤ ਨਹੀਂ ਕੀਤਾ ਤਾਂ ਮਰਨ ਮਗਰੋਂ ਉਸ ਦੀ ਕਬਰ ਉੱਤੇ ਕੁਰਾਨ ਦੀ ਆਇਤ ਲਿਖ ਦਿੱਤੀ ਜਾਵੇ। ਅਕਸਰ ਕਬਰਾਂ ਉੱਤੇ ਕੁੱਤੇ ਪਿਸ਼ਾਬ ਕਰ ਜਾਂਦੇ ਹਨ। ਕੁਝ ਸਮੇਂ ਬਾਅਦ ਲੋਕਾਂ ਦੇ ਪੈਰ ਵੀ ਉਸ ਉੱਤੇ ਆਉਣਗੇ। ਸੋ ਕਬਰਾਂ 'ਤੇ ਧਾਰਮਿਕ

ਬਚਨ ਲਿਖਣ ਦੀ ਥਾਂ ਜਿਉਂਦੇ ਜੀਅ ਧਾਰਮਿਕ ਗ੍ਰੰਥਾਂ ਦੇ ਬਚਨਾਂ ਦੀ ਕਮਾਈ ਕਰਨੀ ਚਾਹੀਦੀ ਹੈ। ਅਜਿਹੇ ਪੁਰਖ ਮਰਨ ਮਗਰੋਂ ਰੱਬ ਦੇ ਮਿਲਾਪ ਦੀ ਆਸ ਨਹੀਂ ਰੱਖਦੇ ਸਗੋਂ ਉਨ੍ਹਾਂ ਨੂੰ ਹਰ ਥਾਂ 'ਤੇ ਰੱਬ ਦਿੱਸਦਾ ਹੈ ਅਤੇ ਉਹ ਜਿਉਂਦੇ ਜੀਅ ਰੱਬ ਨਾਲ ਜੁੜੇ ਰਹਿੰਦੇ ਹਨ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਅਸੀਸਾਂ ਨਾਲ ਆਪਣੇ ਅੰਦਰ ਨੂੰ ਗੁਰੂ ਪਿਆਰ ਨਾਲ ਰੰਗਣ ਵਾਲੇ ਪਰਮ ਸੇਵਕ ਜਿਨ੍ਹਾਂ ਦੀ ਕਲਮ ਨੇ ਗੁਰੂ ਮਹਿਮਾ ਨੂੰ ਗਾਇਆ ਹੈ, ਭਾਵ ਭਾਈ ਨੰਦ ਲਾਲ ਸਿੰਘ ਜੀ, ਉਨਾਂ ਨੇ ਬਚਨ ਲਿਖੇ ਹਨ ਕਿ ਪਤਾ ਨਹੀਂ ਲੋਕ ਕਿਵੇਂ ਸੰਸਾਰ ਅੰਦਰ ਪਰਿਵਾਰ ਦਾ ਤਿਆਗ ਕਰਕੇ ਜੰਗਲਾਂ ਵਿਚ ਜਾਂਦੇ ਹਨ ਜਦ ਕਿ ਹੇ ਕਮਲੇ ਦਿਲ! ਤੂੰ ਜੰਗਲ ਬੇਲਿਆਂ ਵਿਚ ਕਿਉਂ ਕਮਲਾ ਹੋ ਕੇ ਭੌਂਦਾ ਫਿਰਦਾ ਹੈਂ। ਜਿਸ ਦੇ ਮਿਲਾਪ ਦੀ ਤੈਨੂੰ ਸਿੱਕ ਹੈ, ਉਸ ਨੇ ਤਾਂ ਟਿਕਾਣਾ ਹੀ ਤੇਰੀਆਂ ਅੱਖਾਂ ਵਿਚ ਕੀਤਾ ਹੋਇਆ ਹੈ। ਜਦੋਂ ਹਰ ਪਾਸੇ ਆਪਣੇ ਪਿਆਰੇ ਦੇ ਹੀ ਦੀਦਾਰ ਹੁੰਦੇ ਹਨ ਤਾਂ ਫਿਰ ਧਨ ਦੁਖਦਾਈ ਕਿਵੇਂ ਰਹਿ ਜਾਏਗਾ ? ਇਹ ਵੀ ਉਸ ਦੀ ਹੀ ਦਿੱਤੀ ਹੋਈ ਦਾਤਿ ਨਜ਼ਰ ਆਵੇਗਾ। ਭਾਈ ਸਾਹਿਬ ਜੀ ਦੇ ਬਚਨ ਹਨ :—

ਚਰਾ ਬੇਹੂਦਹ ਮੇ ਗਰਦੀ ਬ ਸਹਰਾ ਓ ਬ ਦਸਤ ਐ ਦਿਲ।
ਚੂੰ ਆਂ ਸੁਲਤਾਨਿ ਖੂਬਾਂ ਕਰਦਹ ਅੰਦਰ ਦੀਦਹ ਮੰਜ਼ਿਲਹਾ।
ਚੁ ਗ਼ੈਰ ਅਜ਼ ਜ਼ਾਤਿ ਪਾਕਸ਼ ਨੇਸਤ ਦਰ ਹਜਰਾ ਕਿ ਮੇ ਬੀਨਮ।
ਬਗੋ ਗੋਯਾ ਕੁਜਾ ਬਿਗੁਜ਼ਾਰਮ ਈਂ ਦੁਨੀਆ ਓ ਅਹਲਿਲਹਾ॥

(ਭਾਈ ਨੰਦ ਲਾਲ ਸਿੰਘ ਜੀ, ਗਜ਼ਲ ਨੰਬਰ 3)

ਜਗਤ ਅੰਦਰ ਵੱਸਦੇ ਰੱਬ ਨੂੰ ਦੇਖਣ ਦੀ ਜੁਗਤਿ ਦੱਸਦਿਆਂ ਭਾਈ ਗੁਰਦਾਸ ਜੀ ਨੇ ਬੜੀ ਕਿਰਪਾ ਕਰਕੇ ਸਮਝਾਇਆ ਹੈ ਕਿ ਇਕ ਨਿੱਕੇ ਜਿਹੇ ਬੀਜ ਦਾ ਪਰਵਾਰ ਦੇਖ ਕੇ ਹੈਰਾਨ ਹੋ ਜਾਈਦਾ ਹੈ। ਬੀਜ ਖੇਤ ਜਾਂ ਧਰਤੀ ਵਿਚ ਬੀਜਿਆ ਤਾਂ ਉਹ ਬੀਜ ਧਰਤੀ ਵਿਚ ਗਲ ਗਿਆ ਪਰ ਉਸ ਵਿਚੋਂ ਇਕ ਬ੍ਰਿਛ ਦਾ ਜਨਮ ਹੋਇਆ। ਆਮ ਬੰਦੇ ਦੀ ਨਜ਼ਰ ਫੁੱਲ, ਫਲ ਅਤੇ ਪੱਤਿਆਂ ਨੂੰ ਜਾਂ ਟਾਹਣੀਆਂ ਆਦਿਕ ਨੂੰ ਵੱਖੋ-ਵੱਖਰਾ ਦੇਖਦੀ ਹੈ ਪਰ ਸੱਚ ਹਕੀਕਤ ਇਹ ਹੈ ਕਿ ਇਹ ਸਭ ਕੁਝ ਬੀਜ ਹੀ ਹੈ। ਸਭ ਅੰਦਰ ਬੀਜ ਦਾ ਹੀ ਅਸਰ ਹੈ। ਪ੍ਰਤੱਖ ਰੂਪ ਵਿਚ ਫਲ ਦੇ ਅੰਦਰੋਂ ਉਹੋ ਬੀਜ ਫਿਰ ਲੱਭ ਜਾਂਦਾ ਹੈ। ਇਸ ਤਰ੍ਹਾਂ ਹੀ ਰੱਬ ਤੋਂ ਕੁਦਰਤਿ ਦਾ ਖਿਲਾਰਾ ਖਿਲਰਿਆ। ਦਾਨੀ ਸੋਚ ਵਾਲਾ ਸਾਰੀ ਕੁਦਰਤਿ ਅੰਦਰ ਕਾਦਰ ਨੂੰ ਹੀ ਦੇਖਦਾ ਹੈ। ਉਸ ਨੂੰ ਫਲ ਵਿਚੋਂ ਪ੍ਰਤੱਖ ਬੀਜ ਦਿੱਸਣ ਵਾਂਗੂ ਹਰ ਹਿਰਦੇ ਵਿਚ

ਰੱਬੀ ਜੋਤਿ ਹੀ ਪ੍ਰਗਟ ਹੋਈ ਦਿੱਸਦੀ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ :—

ਬਿਰਖ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।
ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।
ਪਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ।
ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।
ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੇ ਹਜਾਰਾ।
ਆਪੇ ਆਪਿ ਵਰੱਤਦਾ ਗੁਰਮੁਖਿ ਨਿਸਤਾਰਾ ॥੯॥

(ਵਾਰ ੨, ਪਉੜੀ ੯)

ਸੰਸਾਰ ਅੰਦਰ ਦੋ ਤਾਕਤਾਂ ਹਨ—ਇਕ ਵਕਤੀ ਹਾਕਮ ਦੀ ਤਾਕਤ, ਦੂਜੀ ਰੱਬ ਦੀ ਸਦੀਵ ਤਾਕਤ। ਰੱਬ ਦਾ ਪਸਾਰਾ ਸੰਸਾਰ ਅੰਦਰ ਦੇਖਣ ਵਾਲੇ ਹਮੇਸ਼ਾ ਹੀ ਰੱਬ 'ਤੇ ਟੇਕ ਅਤੇ ਭਰੋਸਾ ਰੱਖਦੇ ਹਨ। ਉਨ੍ਹਾਂ ਨੂੰ ਪ੍ਰਤੱਖ ਰੂਪ ਵਿਚ ਦਿੱਸਣ ਕਰਕੇ ਉਹ ਹਰ ਵਕਤ ਟੇਕ ਆਸਰਾ ਸੱਚੇ ਦਾ ਹੀ ਰੱਖਦੇ ਹਨ। ਇਥੋਂ ਤੱਕ ਕਿ ਅਨੇਕਾਂ ਵਾਰੀ ਰੱਬੀ ਪਿਆਰਿਆਂ ਨੂੰ ਵਕਤੀ ਹਾਕਮਾਂ ਨੇ ਆਪਣੇ ਹੀ ਹੁਕਮਾਂ ਵਿਚ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਬੇਪ੍ਰਵਾਹ ਧਰਮੀ ਪੁਰਖਾਂ ਨੇ ਹਰ ਵਾਰੀ ਰੱਬ ਦੀ ਓਟ ਤੱਕ ਕੇ ਪ੍ਰਗਟ ਕਰ ਦਿੱਤਾ ਕਿ ਹਰ ਥਾਂ ਰੱਬ ਨੂੰ ਵਸਦਾ ਵੇਖਣ ਵਾਲੇ ਕਦੇ ਸੰਸਾਰੀ ਤਾਕਤ ਤੋਂ ਨਹੀਂ ਡਰਦੇ। ਅਸਲ ਵਿਚ ਮਨੁੱਖ ਡਰਦਾ ਹੀ ਓਨਾ ਚਿਰ ਹੈ ਜਿੰਨਾ ਚਿਰ ਇਸ ਨੂੰ ਪ੍ਰਮਾਤਮਾ ਆਪਣੇ ਤੋਂ ਦੂਰ ਪ੍ਰਤੀਤ ਹੁੰਦਾ ਹੈ। ਜਿਸ ਦਿਨ ਇਹ ਪਤਾ ਲੱਗ ਜਾਵੇ ਭਾਵ ਅਹਿਸਾਸ ਹੋ ਜਾਵੇ ਕਿ ਉਹ ਹਾਜ਼ਰ ਨਾਜ਼ਰ ਹੀ ਨਹੀਂ ਬਲਕਿ ਪ੍ਰਤਿਪਾਲਕ ਵੀ ਹੈ, ਰਾਖਾ ਵੀ ਹੈ, ਔਗੁਣਾਂ ਨੂੰ ਵਿਸਾਰ ਕੇ ਬਖ਼ਸ਼ਣ ਵਾਲਾ ਵੀ ਹੈ ਤਾਂ ਸੁਭਾਵਿਕ ਹੈ ਕਿ ਰੱਬੀ ਪਿਆਰ ਵਾਲੇ ਆਪਣਾ ਆਪਾ ਆਪਣੇ ਪਿਆਰੇ ਦੇ ਹਵਾਲੇ ਕਰ ਦਿੰਦੇ ਹਨ।

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ ॥

(ਪੰਨਾ ੧੯੬)

ਆਮ ਕਰਕੇ ਮਨੁੱਖ ਨੇ ਆਪਣੀਆਂ ਬੁਰਾਈਆਂ ਧੋਣ ਲਈ ਕਦੇ ਤੀਰਥਾਂ ਦਾ ਸਹਾਰਾ ਲਿਆ ਹੈ, ਕਦੇ ਪੁੰਨ ਦਾਨ ਆਦਿਕ ਦਾ, ਪਰ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਚਾਰ ਬਹੁਤ ਹੀ ਅਹਿਮ ਨੁਕਤੇ ਬਖ਼ਸ਼ਿਸ਼ ਕੀਤੇ ਹਨ ਕਿ ਬੁਰਾਈਆਂ ਧੋਣ ਦੀ ਲੋੜ ਹੀ ਨਹੀਂ ਪਵੇਗੀ ਕਿਉਂਕਿ ਇਨ੍ਹਾਂ ਚੌਹਾਂ ਨੁਕਤਿਆਂ ਦਾ ਧਾਰਨੀ ਬੁਰਾਈ ਕਰ ਹੀ ਨਹੀਂ ਸਕੇਗਾ। ਅੰਮ੍ਰਿਤ ਬਚਨ ਹੈ—

ਭਰਮ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ॥

(ਪੰਨਾ ੬੬੩)

ਪਹਿਲਾ ਨੁਕਤਾ ਹੈ ਕਿ ਭਰਮ ਦੂਰ ਕਰੋ, ਦੂਜਾ ਨੁਕਤਾ ਹੈ ਕਿ ਗੁਰੂ ਸ਼ਰਨ ਪੈ ਕੇ ਸਚੀ ਲਿਵ ਲਾਵਹੁ, ਤੀਜਾ ਨੁਕਤਾ ਹੈ ਕਿ ਆਪਣੇ ਆਪੇ ਦੀ ਪਹਿਚਾਣ ਕਰੋ, ਚੌਥਾ ਸਭ ਤੋਂ ਜ਼ਰੂਰੀ ਨੁਕਤਾ ਹੈ ਕਿ ਪ੍ਰਮੇਸ਼ਰ ਨੂੰ ਸਦਾ ਹਾਜ਼ਰ ਨਾਜ਼ਰ ਸਮਝ ਕੇ ਵੇਖੋ। ਫਿਰ ਸਾਰਿਆਂ ਵਿਚ ਜਦੋਂ ਬ੍ਰਹਮ ਦਾ ਪਸਾਰਾ ਨਜ਼ਰ ਆਵੇਗਾ ਤਾਂ ਬੁਰਾਈ ਕਿਸ ਦੇ ਨਾਲ ਕਰਾਂਗੇ। ਦੁਕਾਨ 'ਤੇ ਸੱਚ ਦਾ ਵਪਾਰ ਹੋਵੇਗਾ। ਸੰਸਾਰ ਨਾਲ ਸੱਚ ਦਾ ਪਿਆਰ ਹੋਵੇਗਾ। ਧਾਰਮਿਕ ਅਸਥਾਨਾਂ ਉਤੇ ਸੱਚ ਦਾ ਕਿਰਦਾਰ ਹੋਵੇਗਾ। ਹਰ ਥਾਂ ਸੱਚ ਦਾ ਵਿਚਾਰ ਹੋਵੇਗਾ। ਫਿਰ ਜੀਵ ਹੀ ਮਾਨੋ ਨਿਰੰਕਾਰ ਹੋਵੇਗਾ ਭਾਵ ਹਰ ਪਾਸੇ ਰੱਬੀ ਨਜ਼ਾਰਾ ਹੀ ਹੋਵੇਗਾ।

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥

(ਪੰਨਾ ੫੯੬)

ਪੈਰਿਸ ਦਾ ਇਕ ਮਹਾਨ ਅਭਿਆਸੀ ਹੋਇਆ ਹੈ, ਜਿਸ ਦਾ ਨਾਮ ਬ੍ਰਦਰ ਲਾਰੈਂਸ ਸੀ। ਜ਼ਿੰਦਗੀ ਦੇ ਗੁਜ਼ਰਾਨ ਲਈ ਫ਼ੌਜ ਵਿਚ ਭਰਤੀ ਹੋ ਗਿਆ। ਗ਼ਰੀਬੀ ਦੀ ਅਵਸਥਾ ਸੀ ਜਿਸ ਕਰਕੇ ਬਹੁਤੀ ਉਚ-ਪੱਧਰੀ ਵਿੱਦਿਆ ਵੀ ਹਾਸਿਲ ਕਰਨ ਦਾ ਸੁਭਾਗ ਨਾ ਮਿਲ ਸਕਿਆ। ਇਕ ਚੰਗੇ ਸਰਦੇ ਪੁੱਜਦੇ ਪਰਿਵਾਰ ਵਿਚ ਰਸੋਈਏ ਦੀ ਡਿਊਟੀ ਕਰਨ ਲੱਗ ਪਿਆ। ਰੱਬੀ ਰਹਿਮਤ ਦਾ ਸਦਕਾ ਕੋਈ ਬਹੁਤਾ ਚੁਸਤ ਚਲਾਕੀ ਦਾ ਵੀ ਵਲ ਛਲ ਨਹੀਂ ਆਉਂਦਾ ਸੀ। ਰਸੋਈ ਦਾ ਕੰਮ ਜਾਂ ਫ਼ੌਜ ਦਾ ਸਿਪਾਹੀ ਹੋਣ ਕਰਕੇ ਆਪਣੀ ਜ਼ਿੰਦਗੀ ਦਾ ਸਮਾਂ ਆਪਣੇ ਆਪ ਨਾਲ ਗੁਜ਼ਾਰਨ ਦਾ ਸਮਾਂ ਮਿਲ ਗਿਆ। ਸੰਸਾਰ ਅੰਦਰ ਬਹੁਤ ਲੋਕ ਐਸੇ ਹਨ ਜਿਹੜੇ ਦਿਨ ਰਾਤ ਜ਼ਿੰਦਗੀ ਤਾਂ ਗੁਜ਼ਾਰਦੇ ਹਨ ਪਰ ਆਪਣੇ ਆਪ ਨਾਲ ਬਹੁਤ ਘੱਟ ਸਮਾਂ ਗੁਜ਼ਾਰਦੇ ਹਨ। ਕੋਈ ਆਪਣੇ ਵਪਾਰ ਵਿਚ ਖਚਤ ਰਹਿੰਦਾ ਹੈ, ਕੋਈ ਵਿਸ਼ੇ ਵਿਕਾਰਾਂ ਵਿਚ, ਕੋਈ ਹਉਮੈ ਹੰਕਾਰ ਆਦਿਕ ਅੰਦਰ, ਪਰ ਕੋਈ ਵਿਰਲਾ ਹੀ ਹੈ ਜਿਹੜਾ ਆਪਣੇ ਆਪ ਨਾਲ ਰਹਿੰਦਾ ਹੈ। ਬੰਦਗੀ ਲਈ ਜਾਂ ਰੱਬੀ ਅਹਿਸਾਸ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਆਪਣੇ ਆਪ ਨਾਲ ਹੋਵੇ ਤਦ ਹੀ ਥਾਂ ਪਰ ਥਾਂ ਗੁਰਬਾਣੀ ਅੰਦਰ ਆਪਣੇ ਹੀ ਮਨ ਨੂੰ ਸੰਬੋਧਨ ਕੀਤਾ ਗਿਆ ਹੈ।

ਇਹ ਲਾਰੈਂਸ ਆਪਣੇ ਆਪ ਨਾਲ ਰਹਿੰਦਾ ਰਹਿੰਦਾ ਆਖ਼ਿਰ ਰੱਬੀ ਹੋਂਦ ਨੂੰ

ਆਪਣੇ ਆਪ ਨਾਲ ਅਹਿਸਾਸ ਕਰਨ ਲੱਗ ਪਿਆ। ਇਹ ਅਭਿਆਸ ਦਿਨ ਰਾਤ ਵੱਧਦਾ ਚਲਾ ਗਿਆ। ਇਸ ਅਹਿਸਾਸ ਵਿਚੋਂ ਹੀ ਰੱਬੀ ਗੁਣਾਂ ਦਾ ਵੀ ਅਹਿਸਾਸ ਹੋਣ ਲੱਗ ਪਿਆ। ਆਖ਼ਿਰ ਇਸ ਲਾਰੇਂਸ ਨੇ ਆਪਣਾ ਆਪਾ ਹੀ ਰੱਬ ਦੇ ਹਵਾਲੇ ਕਰ ਦਿੱਤਾ। ਉਸ ਦੀ ਮੌਜ ਵਿਚ ਰਾਜ਼ੀ ਰਹਿਣਾ ਸ਼ੁਰੂ ਕਰ ਦਿੱਤਾ। ਇਸ ਨੂੰ ਹਰ ਪਲ ਖ਼ੁਸ਼ੀਆਂ ਅਤੇ ਆਨੰਦ ਭਰਿਆ ਮਹਿਸੂਸ ਹੋਣ ਲੱਗ ਪਿਆ। ਹਰ ਜ਼ੱਰੇ ਜ਼ੱਰੇ ਅੰਦਰ ਰੱਬ ਦਾ ਹੀ ਪ੍ਰਤੱਖ ਜਲਵਾ ਨਜ਼ਰ ਆਉਂਦਾ ਸੀ। ਹਰ ਪਾਸੇ ਇਕੋ ਨੂਰ ਦਾ ਪ੍ਰਕਾਸ਼ ਸੀ। ਅਸਲ ਵਿਚ ਇਹੋ ਹੀ ਹੈ ਰੱਬ ਵਿਚ ਅਭੇਦਤਾ। ਜਿਹੜਾ ਇਥੇ ਹੀ ਰੱਬ ਨਾਲ ਮਿਲ ਗਿਆ ਤਾਂ ਉਸ ਨੇ ਆਖ਼ਰੀ ਸਵਾਸ ਨਾਲ ਤਾਂ ਕੇਵਲ ਸਰੀਰਕ ਚੋਲਾ ਹੀ ਤਿਆਗਣਾ ਹੈ। ਮਿਲਿਆ ਤਾਂ ਉਹ ਪਹਿਲਾਂ ਹੀ ਹੁੰਦਾ ਹੈ। ਇਸ ਗੱਲ ਦਾ ਪਤਾ ਹਾਲਾਂਕਿ ਉਸ ਦੇ ਸੰਸਾਰਿਕ ਚਲਾਣੇ ਤੋਂ ਬਾਅਦ ਹੀ ਲੱਗਾ, ਕਿਉਂਕਿ ਉਹ ਆਪਣੇ ਜੀਵਨ ਦੇ ਅਨੁਭਵ ਆਪਣੇ ਪਾਦਰੀ ਜੋਜ਼ਫ਼ ਨਾਲ ਸਾਂਝੇ ਕਰਦਾ ਸੀ। ਕਦੇ ਕਦਾਈਂ ਚਿੱਠੀਆਂ ਲਿਖ ਦਿੰਦਾ ਸੀ। ਪਾਦਰੀ ਨੇ ਉਹ ਚਿੱਠੀਆਂ ਸੰਭਾਲ ਕੇ ਰੱਖੀਆਂ ਸਨ ਅਤੇ ਮਗਰੋਂ ਉਸ ਨੂੰ ਕਿਤਾਬ ਰੂਪ ਵਿਚ ਛਾਪਿਆ ਗਿਆ ਸੀ। ਧਰਮੀ ਉਹੋ ਹੀ ਹੈ ਜਿਸ ਨੇ ਸੰਸਾਰ ਅੰਦਰ ਨਿਰੰਕਾਰ ਨੂੰ ਦੇਖਿਆ ਹੈ।

(ਸਦਾ ਬਿਗਾਸ-ਜਸਵੰਤ ਸਿੰਘ ਨੇਕੀ)

ਬਾਹਰਲੀ ਰਹਿਤ ਬਹਿਤ ਵੱਲ ਦੇਖੀਏ ਤਾਂ ਹਿੰਦੂ ਵੀਰ ਇਸ ਦਾ ਕਾਫ਼ੀ ਹੱਦ ਤੱਕ ਧਾਰਨੀ ਨਜ਼ਰ ਆਉਂਦਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਰੱਬ ਦਾ ਨਿਵਾਸ ਇਸ ਨੇ ਵੀ ਮੰਦਿਰ ਵਿਚ ਹੀ ਮੰਨਿਆ ਹੈ। ਜੇਕਰ ਸਮੁੱਚੀ ਲੁਕਾਈ ਅੰਦਰ ਰੱਬ ਦਿੱਸਦਾ ਤਾਂ ਸ਼ਾਇਦ ਸ਼ੂਦਰ ਨਾਲ ਅਜਿਹਾ ਵਿਹਾਰ ਨਾ ਹੁੰਦਾ। ਕਈ ਸਦੀਆਂ ਲੰਘ ਗਈਆਂ ਹਨ, ਪਰ ਹਾਲੇ ਤੱਕ ਵੀ ਸ਼ੂਦਰ ਲਈ ਜਨੇਊ ਨਹੀਂ ਬਣਿਆ, ਮੰਦਿਰ ਭਾਵੇਂ ਅਨੇਕਾਂ ਬਣਾ ਲਏ। ਹੈਰਾਨ ਹੋ ਜਾਈਦਾ ਹੈ ਕਿ ਪੱਥਰ ਨੂੰ ਤਾਂ ਰੱਬ ਬਣਾ ਕੇ ਪੂਜਣ ਲੱਗ ਪਏ ਹਨ, ਪਰ ਸ਼ੂਦਰ ਦੀ ਮੰਦਿਰ ਅੰਦਰ ਆਮਦ 'ਤੇ ਵੀ ਪਾਬੰਦੀ ਹੈ। ਸ਼ੂਦਰ ਲਈ ਉਹ ਦ੍ਰਿਸ਼ਟੀ ਨਾ ਬਣੀ ਜਿਸ ਨਾਲ ਇਹ ਵੀ ਰੱਬ ਦਾ ਮੰਦਿਰ ਨਜ਼ਰ ਆਉਂਦਾ। ਸ਼ਾਇਦ ਇਸ ਕਰਕੇ ਹੀ ਹੋਵੇਗਾ ਕਿ ਜਦੋਂ ਧੰਨ ਗੁਰੂ ਨਾਨਕ ਸਾਹਿਬ ਜੀ ਮੱਕੇ ਗਏ ਸਨ ਤਾਂ ਹਰ ਪਾਸੇ ਰੱਬ ਵੱਸਦਾ ਹੈ, ਦਾ ਉਪਦੇਸ਼ ਦਿੱਤਾ ਸੀ। ਭਗਤ ਨਾਮਦੇਵ ਜੀ ਨੇ ਵੀ ਮੰਦਿਰ ਤੋਂ ਬਾਹਰ ਵੀ ਉਸ ਦਾ ਪਸਾਰਾ ਹੈ, ਦੀ ਸੋਝੀ ਕਰਵਾਈ ਸੀ। ਘਟਨਾ ਹੈ ਕਿ ਭਗਤ ਨਾਮਦੇਵ ਜੀ ਮੰਦਿਰ ਵਿਚ ਬੈਠ ਕੇ ਰੱਬ ਦੀ ਬੰਦਗੀ ਕਰਨ ਲੱਗ ਪਏ ਪਰ ਪੱਥਰਾਂ ਵਿਚ ਰੱਬ ਮੰਨਣ ਵਾਲਿਆਂ ਨੂੰ ਰੱਬ ਦੀ ਬੰਦਗੀ ਕਰਨ ਵਾਲੇ ਵਿਚੋਂ ਰੱਬ ਨਾ ਦਿਸਿਆ। ਭਗਤ ਨਾਮਦੇਵ ਜੀ

ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਜਗਤ 'ਤੇ ਕਿਰਪਾ ਕਰਕੇ ਸਾਰੀ ਕਾਇਨਾਤ ਵਿਚ ਪ੍ਰਮੇਸ਼ਰ ਦੇ ਵਾਸੇ ਦਾ ਅਹਿਸਾਸ ਕਰਵਾਇਆ ਅਤੇ ਭਗਤ ਨਾਮਦੇਵ ਜੀ ਨੇ ਹਿੰਦੂ ਧਰਮ ਦੇ ਅੰਦਰ ਪੈਦਾ ਹੋਏ ਭਰਮ ਨੂੰ ਤੋੜਿਆ ਸੀ ਕਿ ਰੱਬ ਕੇਵਲ ਮੰਦਿਰ ਵਿਚ ਹੀ ਹੈ।

ਸਤਿਗੁਰੂ ਜੀ ਨੇ ਕੇਵਲ ਮੁਸਲਮਾਨ ਅਤੇ ਹਿੰਦੂ ਲਈ ਹੀ ਅਜਿਹਾ ਵਿਹਾਰ ਨਹੀਂ ਕੀਤਾ ਸਗੋਂ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਭਟਕਦੇ ਜੋਗੀਆਂ ਨੂੰ ਵੀ ਅੰਜਨ ਵਿਚ ਰਹਿ ਕੇ ਹੀ ਨਿਰੰਜਨ ਦੀ ਪ੍ਰਾਪਤੀ ਦਾ ਰਾਹ ਦਿਖਾਇਆ ਸੀ। ਜਿਹੜਾ ਕਾਦਰ ਜੰਗਲਾਂ ਅੰਦਰ ਹੈ, ਉਹ ਹਰ ਜੀਵ ਅੰਦਰ ਵੀ ਹੈ ਪਰ ਆਪਣੇ ਆਪੇ ਨੂੰ ਸੁਧਾਰਨ ਦੀ ਲੋੜ ਸੀ। ਸਿੱਖੀ ਅਕੀਦੇ ਮੁਤਾਬਿਕ ਰੱਬ ਦਾ ਵਾਸਾ ਕੇਵਲ ਹਰਿਮੰਦਰ ਸਾਹਿਬ ਅੰਦਰ ਹੀ ਨਹੀਂ, ਹਾਲਾਂਕਿ ਸਿੱਖੀ ਦੀ ਤਾਲੀਮ ਦਾ ਗੁਰੂ ਪਾਤਿਸ਼ਾਹ ਜੀ ਨੇ ਕੇਂਦਰ ਸਥਾਪਿਤ ਕੀਤਾ ਹੈ ਪਰ ਰੱਬੀ ਨਿਵਾਸ ਹਰ ਪਾਸੇ, ਹਰ ਜ਼ੱਰੇ ਅੰਦਰ ਮੰਨਿਆ ਹੈ।

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥

(ਪੰਨਾ ੬੧੭)

ਧਾਰਮਿਕ ਦੁਨੀਆਂ ਅੰਦਰ ਰੱਬ ਦੀ ਪ੍ਰਸੰਨਤਾ ਹਾਸਿਲ ਕਰਨ ਲਈ ਰੱਬ ਦੇ ਨਾਮ 'ਤੇ ਕੁਰਬਾਨੀ, ਬਲੀ ਦਿੱਤੀ ਜਾਂਦੀ ਹੈ। ਮੁਸਲਮਾਨ ਧਰਮ ਅੰਦਰ ਬੱਕਰੇ ਦੀ ਬਲੀ, ਗਾਂ ਦੀ ਬਲੀ, ਊਠ ਦੀ ਬਲੀ, ਪਹਿਲਾਂ ਪਹਿਲਾਂ ਤਾਂ ਬੰਦੇ ਦੀ ਵੀ ਬਲੀ ਦਿੱਤੀ ਜਾਂਦੀ ਸੀ। ਹਿੰਦੂ ਧਰਮ ਅੰਦਰ ਵੀ ਹੋਮ ਜੱਗ, ਅਸ੍ਵਮੇਧ ਜੱਗ, ਗਊਮੇਧ ਜੱਗ ਆਦਿਕ ਬਲੀ ਜਾਂ ਕੁਰਬਾਨੀ ਦੇ ਸਾਧਨ ਮੰਨੇ ਜਾਂਦੇ ਸਨ। ਸਤਿਗੁਰੂ ਜੀ ਨੇ ਕਿਰਪਾ ਕਰਕੇ ਇਸ ਦੀ ਥਾਂ ਤੇ ਗੁਰਮਤਿ ਜੁਗਤਿ ਬਖ਼ਸ਼ੀ ਕਿ ਭਾਈ, ਰੱਬ ਦੀ ਹੀ ਦਾਤਿ ਨੂੰ ਜੀਵਨ ਤੋਂ ਮੌਤ ਵਿਚ ਬਦਲ ਕੇ ਰੱਬ ਅੱਗੇ ਭੇਟਾ ਕਰਨ ਨਾਲ ਰੱਬੀ ਪ੍ਰਸੰਨਤਾ ਹਾਸਿਲ ਨਹੀਂ ਹੁੰਦੀ। ਅਸਲ ਖ਼ੁਸ਼ੀ ਤਾਂ ਉਸ ਦੀ ਮਖ਼ਲੂਕ ਨੂੰ ਉਸ ਦਾ ਹੀ ਰੂਪ ਜਾਣ ਕੇ ਚੰਗਾ ਵਿਹਾਰ ਕਰਦਿਆਂ ਪ੍ਰਾਪਤ ਹੁੰਦੀ ਹੈ। ਗੁਰੂ ਇਤਿਹਾਸ ਨੇ ਤਾਂ ਇਥੋਂ ਤੱਕ ਕਿਰਪਾ ਕੀਤੀ ਹੈ ਕਿ ਕਿਸੇ ਦੀ ਕੁਰਬਾਨੀ ਦੇਣ ਦੀ ਥਾਂ ਕਿਸੇ ਦੇ ਲੋੜ ਵੇਲੇ ਕੰਮ ਆਉਣ ਵਾਲੇ ਨੂੰ ਆਪਣੀ ਜਾਨ ਵੀ ਕੁਰਬਾਨ ਕਿਉਂ ਨਾ ਕਰਨੀ ਪਵੇ ਤਾਂ ਸੰਕੋਚ ਨਹੀਂ ਕਰਨਾ। ਕਿਸੇ ਦਾ ਕਾਰਜ ਰਾਸ ਕਰਨ ਲਈ ਆਪਣੇ ਆਪ

ਦੀ ਕੁਰਬਾਨੀ ਸ਼ਹਾਦਤ ਅਖਵਾਉਂਦੀ ਹੈ ਪਰ ਰੱਬ ਦੇ ਨਾਮ 'ਤੇ ਰੱਬ ਦੇ ਜੀਆਂ ਦਾ ਕਤਲ ਕਰਨਾ ਪਾਪ ਹੀ ਹੋਵੇਗਾ, ਕਿਉਂਕਿ ਉਸ ਨੂੰ ਹਰ ਥਾਂ 'ਤੇ ਤੱਕਣ ਵਾਲੇ, ਸਾਰਾ ਪਸਾਰਾ ਬ੍ਰਹਮ ਦਾ ਹੀ ਜਾਨਣ ਵਾਲੇ ਫਿਰ ਕਿਸੇ ਜੀਵ ਦੀ ਨਹੀਂ, ਬਲਕਿ ਬ੍ਰਹਮ ਹੱਤਿਆ ਹੀ ਸਮਝਦੇ ਹਨ।

ਸੋ ਗੁਰੂ ਪਾਤਿਸ਼ਾਹ ਜੀ ਦੀ ਰਹਿਮਤ ਦਾ ਭੋਜਨ ਲੈ ਕੇ ਸਤ, ਸੰਤੋਖ ਦਾ ਧਾਰਨੀ ਹੋਣ ਵਾਲਾ ਵਿਕਾਰੀ ਬ੍ਰਿਤੀਆਂ ਉੱਤੇ ਕਾਬੂ ਕਰ ਲੈਂਦਾ ਹੈ, ਫਿਰ ਨਾਮ ਦੀ ਕਮਾਈ ਇਸ ਨੂੰ ਤਮ ਸੰਸਾਰ ਵਿਚੋਂ ਕੱਢ ਕੇ ਗੁਰੂ ਚਰਨਾਂ ਨਾਲ ਜੋੜ ਕੇ ਹਰ ਪਾਸੇ ਵਸਦਾ ਰੱਬ ਦਿਖਾ ਦਿੰਦੀ ਹੈ। ਰੱਬ ਦੀ ਭਾਲ ਵਿਚ ਅਜਿਹੇ ਪੁਰਖ ਨੂੰ ਕਿਸੇ ਵੱਖਰੇ ਥਾਂ ਖੋਜਣ ਦੀ ਲੋੜ ਨਹੀਂ ਪੈਂਦੀ। ਉਹ ਜਿਥੇ ਵੀ ਬੈਠ ਕੇ ਰੱਬ ਦੀ ਬੰਦਗੀ ਕਰਦੇ ਹਨ, ਉਥੇ ਹੀ ਥਾਂ ਪਵਿੱਤਰ ਹੋ ਜਾਂਦਾ ਹੈ।

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥

(ਪੰਨਾ ੩੧੯)

ਕਵੀ ਸੰਤੋਖ ਸਿੰਘ ਜੀ ਨੇ ਛੇਵੇਂ ਪਾਤਿਸ਼ਾਹ ਜੀ ਦੇ ਜੀਵਨ ਦੀ ਇਕ ਗਾਥਾ ਬਹੁਤ ਪਿਆਰੀ ਲਿਖੀ ਹੈ। ਆਗਰੇ ਦੀ ਧਰਤੀ ਉੱਤੇ ਸਤਿਗੁਰੂ ਜੀ ਨੇ ਜਿਥੇ ਘਾਹੀ ਸਿੱਖ ਦਾ ਲੋਕ ਪ੍ਰਲੋਕ ਸੁਹੇਲਾ ਕੀਤਾ ਸੀ, ਉਥੇ ਹੀ ਇਹ ਵੀ ਗਾਥਾ ਲਿਖੀ ਹੈ ਕਿ ਇਕ ਸਿੱਖ ਦੀ ਬੱਚੀ ਗ਼ਲਤੀ ਨਾਲ ਕਿਸੇ ਹੋਰ ਅਨਮਤੀਏ ਦੇ ਘਰ ਵਿਆਹੀ ਗਈ। ਉਨ੍ਹਾਂ ਦੇ ਘਰ ਦੀਆਂ ਰਹੁ ਰੀਤਾਂ ਕੁਝ ਹੋਰ ਢੰਗ ਤਰੀਕੇ ਦੀਆਂ ਸਨ। ਬੱਚੀ ਦਿਨ ਰਾਤ ਪ੍ਰੇਸ਼ਾਨ ਰਹਿਣ ਲੱਗ ਪਈ ਕਿ ਜੇ ਉਹ ਰਹੁ ਰੀਤਾਂ ਸਹੁਰੇ ਪਰਿਵਾਰ ਦੀਆਂ ਕ੍ਰਦੀ ਹੈ ਤਾਂ ਗੁਰੂ ਚਰਨਾਂ ਦਾ ਪਿਆਰ ਉਸ ਨੂੰ ਅਜਿਹਾ ਨਹੀਂ ਕਰਨ ਦਿੰਦਾ। ਜੇ ਉਹ ਨਹੀਂ ਕਰਦੀ ਤਾਂ ਉਹ ਆਪਣੇ ਮਾਤਾ ਪਿਤਾ ਦੇ ਬੋਲਾਂ ਦੀ ਕਮਾਈ ਨਹੀਂ ਕਰ ਸਕਦੀ। ਸਿੱਖੀ ਵਿਚਾਰ ਅਨੁਸਾਰ ਕੁਦਰਤਿ ਵਿਚੋਂ ਕਾਦਰ ਨੂੰ ਦੇਖਣ ਵਾਲੇ ਤਾਂ ਕਾਦਰ ਤੱਕ ਪਹੁੰਚ ਜਾਂਦੇ ਹਨ ਪਰ ਕੁਦਰਤਿ ਦੀ ਪੂਜਾ ਕਰਨ ਵਾਲੇ ਕਰਤੇ ਦਾ ਰੂਪ ਨਹੀਂ ਬਲਕਿ ਕਿਰਤ ਦਾ ਰੂਪ ਹੀ ਰਹਿ ਜਾਂਦੇ ਹਨ। ਸੋ ਉਸ ਲੜਕੀ ਦੀ ਮੁਸ਼ਕਲ ਨੇ ਇਕ ਹੱਲ ਲੱਭਿਆ ਕਿ ਸਤਿਗੁਰੂ ਜੀ ਤਾਂ ਹਮੇਸ਼ਾ ਹੀ ਦਿਲ ਦੀਆਂ ਅਰਦਾਸਾਂ ਸੁਣਦੇ ਹਨ। ਇਹ ਅਰਦਾਸਾਂ ਭਾਵੇਂ ਕੋਈ ਹਜ਼ੂਰੀ ਵਿਚ ਹਾਜ਼ਰ ਹੋ ਕੇ ਕਰੇ ਤੇ ਭਾਵੇਂ ਕੋਈ ਦੂਰ ਬੈਠਾ ਪੁਕਾਰਦਾ ਹੋਵੇ। ਉਸ ਬੀਬੀ ਨੇ ਅਰਦਾਸਾਂ ਕਰਨੀਆਂ ਕਿ ਹੇ ਮਿਹਰਾਂ ਦੇ ਦਾਤੇ! ਮੇਰੇ ਉੱਤੇ ਕਿਰਪਾ ਕਰੋ। ਆਪਣੇ

ਦਰਸ਼ਨ ਦੇ ਕੇ ਇਨ੍ਹਾਂ ਮੇਰੇ ਸਹੁਰੇ ਪਰਿਵਾਰ ਨੂੰ ਉਹ ਅੱਖ ਦੇਵੋ ਜਿਸ ਨਾਲ ਹਰ ਪਾਸੇ ਹੀ ਰੱਬ ਦੇ ਦੀਦਾਰ ਹੋਵਣ। ਕਵੀ ਜੀ ਦੇ ਬੋਲ-

ਜੇ ਸਾਚੇ ਗੁਰ ਅੰਤਰਜਾਮੀ॥ ਪੂਰਹਿ ਕਾਮਨਾ ਮਗ ਜਗ ਸਵਾਮੀ॥
ਈਹਾਂ ਆਇ ਦਰਸ਼ਨ ਦਿਖਰਾਵਹਿ॥ ਮੁਖ ਮੰਡਲ ਦੁਤਿ ਸਦਨ ਸੁਹਾਵਹਿ॥

(ਸੂਰਜ ਪ੍ਰਕਾਸ਼ ਪੰਨਾ-੨੪੬੭)

ਗੁਰੂ ਪਾਤਿਸ਼ਾਹ ਜੀ ਦੇ ਘਰ ਅਰਜ਼ੋਈ ਕਬੂਲ ਹੀ ਨਹੀਂ ਹੋਈ ਬਲਕਿ ਸਤਿਗੁਰੂ ਜੀ ਨੇ ਕਿਰਪਾ ਕਰਕੇ ਦਰਸ਼ਨ ਦੀਦਾਰ ਵੀ ਬਖ਼ਸ਼ਿਸ਼ ਕੀਤੇ। ਸਾਰਾ ਪਰਿਵਾਰ ਨਮਸਕਾਰ ਕਰਕੇ ਗੁਰੂ-ਚਰਨਾਂ ਨਾਲ ਲੱਗਿਆ। ਸਤਿਗੁਰੂ ਜੀ ਨੇ ਮਿਹਰ ਦੀ ਨਿਗ੍ਹਾ ਕਰਕੇ ਸੱਚ ਦਾ ਉਪਦੇਸ਼ ਬਖ਼ਸ਼ਿਸ਼ ਕੀਤਾ ਜਿਸ ਦੀ ਕਮਾਈ ਨੇ ਸਾਰੇ ਪਰਿਵਾਰ ਦੀ ਦ੍ਰਿਸ਼ਟੀ ਬਦਲ ਦਿੱਤੀ। ਹੁਣ ਹਰ ਪਾਸੇ ਬ੍ਰਹਮ ਦਾ ਹੀ ਪਸਾਰਾ ਨਜ਼ਰ ਆਵੇ। ਪਸਾਰਾ ਹੀ ਨਜ਼ਾਰਾ ਬਣ ਗਿਆ ਅਤੇ "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇ" ਦੇ ਧਾਰਨੀ ਹੋ ਗਏ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

(ਪੰਨਾ ੮੪੬)

ਹਰ ਪਾਸੇ ਬ੍ਰਹਮ ਦੇ ਦੀਦਾਰ ਕਰਨ ਵਾਲਾ ਜਿਸ ਨੂੰ ਹਰ ਵਕਤ, ਹਰ ਥਾਂ ਤੋਂ, ਹਰ ਇਕ ਵਿਚੋਂ ਰੱਬ ਦੇ ਦਰਸ਼ਨ ਹੁੰਦੇ ਹੋਵਣ, ਉਸ ਦੀ ਬੰਦਗੀ ਵਿਚ ਕਦੇ ਖ਼ਲੋਤ ਨਹੀਂ ਆ ਸਕਦੀ। ਉਹ ਹੀ ਦਿਨ ਰਾਤ ਮਾਲਿਕ ਦੀ ਇਬਾਦਤ ਕਰ ਸਕਦਾ ਹੈ। ਇਬਾਦਤ ਦਾ ਅਸਲ ਮਕਸਦ ਹੀ ਇਹ ਹੈ ਕਿ ਮੇਰੀ ਆਤਮਾਂ ਪ੍ਰਮਾਤਮਾ ਦਾ ਰੂਪ ਭਾਵ ਉਸ ਵਿਚ ਅਭੇਦ ਹੋ ਸਕੇ। ਹਰ ਥਾਂ ਰੱਬੀ ਹੋਂਦ ਦੇ ਅਹਿਸਾਸ ਵਿਚ ਜਿਊਣ ਵਾਲਾ, ਹਰ ਥਾਂ ਬ੍ਰਹਮ ਦਾ ਪਸਾਰਾ ਜਾਨਣ ਵਾਲਾ ਇਕ ਦਿਨ ਇਸ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ ਜਿਸ ਨੂੰ ਗੁਰਬਾਣੀ ਅੰਦਰ ਸਮਝਾਇਆ ਗਿਆ ਹੈ ਕਿ—

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀ ਕਛੁ ਭਰਮੁ॥

(ਪੰਨਾ ੨੮੭)

ਰੱਬ ਸਤਿ ਚਿਤ ਅਨੰਦ ਹੈ। ਰੱਬ ਰੂਪ ਜੀਵ ਵੀ ਜ਼ਿੰਦਗੀ ਭਰ ਸਤ ਚਿਤ

ਅਨੰਦ ਹੀ ਰਹਿੰਦਾ ਹੈ। ਨਾ ਰੱਬ ਦਾ ਜਨਮ ਮਰਨ ਹੁੰਦਾ ਹੈ ਅਤੇ ਨਾ ਹੀ ਅਜਿਹੀ ਰੰਗ ਰਤੜੀ ਰੂਹ ਦਾ ਜਨਮ ਮਰਨ ਹੁੰਦਾ ਹੈ।

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥

(ਪੰਨਾ ੧੩)

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥

(ਪੰਨਾ ੨੭੮)



ਲਾਹੌਰ ਬੁੱਕ ਸ਼ਾਪ

ਲੁਧਿਆਣਾ

ISBN 978-81-7647-251-7